# ਕੁਝ ਕੁ ਛਾਵਾਂ ਰੱਖਿਓ

*ਲੇਖਕ: ਗੁਰਚਰਨ ਸਿੰਘ ਨੂਰਪੁਰ*

*ਪ੍ਰਕਾਸ਼ਕ:*

***ਡਾ. ਇੰਦਰਜੀਤ ਕੌਰ***

*ਪ੍ਰਧਾਨ,*

***ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੁਸਾਇਟੀ(ਰਜਿ.)***

*ਅੰਮ੍ਰਿਤਸਰ ।*



**ਮਾਰਚ 2019 ਨੂੰ ਪਹਿਲੀ ਵਾਰ ਛਪੀ 10,000**

### *ਜ਼ਰੂਰੀ ਸੂਚਨਾ*

1. ਪਿੰਗਲਵਾੜਾ ਸੰਸਥਾ ਨੂੰ ਭੇਜੇ ਹੋਏ ਦਾਨ ਉੱਪਰ ਇਨਕਮ ਟੈਕਸ ਐਕਟ, **1961** ਦੇ ਸੈਕਸ਼ਨ **80**-ਜੀ ਅਧੀਨ ਟੈਕਸ ਤੋਂ ਛੋਟ ਪ੍ਰਾਪਤ ਹੈ।
2. ਕੈਸ਼ ਵਿੱਚ ਦਿੱਤੇ ਦਾਨ ਉੱਪਰ ਇਹ ਛੋਟ ਸਿਰਫ਼ **2000/-** ਰੁਪਏ ਤਕ ਹੀ ਮਿਲ ਸਕੇਗੀ ।

1. The donations made to Pingalwara are exempted from Income Tax U/S 80-G, of I.T. Act 1961.
2. In the case of donations made in cash, such exemption would be available on Rs. 2000/- only.

**ਮੁਫ਼ਤ ਭੇਟਾ**

**ਪ੍ਰਕਾਸ਼ਕ: ਡਾ. ਇੰਦਰਜੀਤ ਕੌਰ, ਪ੍ਰਧਾਨ**

ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੋਸਾਇਟੀ (ਰਜਿ:), ਅੰਮ੍ਰਿਤਸਰ ।

**ਛਾਪਕ: ਪੂਰਨ ਪ੍ਰਿੰਟਿੰਗ ਪ੍ਰੈਸ,**

ਪਿੰਗਲਵਾੜਾ ਬਿਲਡਿੰਗਜ (ਮਾਨਾਂਵਾਲਾ ਕੰਪਲੈਕਸ) ਜੀ. ਟੀ. ਰੋਡ, ਅੰਮ੍ਰਿਤਸਰ।

ਫ਼ੋਨ: 0183-2584586, 2584713

website:www. pingalwara.org E-mail: pingalwara57@gmail.com

# ਤਤਕਰਾ


| ਕ੍ਰਮ-ਅੰਕ | ਲੇਖਾਂ ਦਾ ਨਾਂ | ਪੰਨਾ |
|---|---|---|
| 1. | ਭੂਮਿਕਾ -ਡਾ: ਇੰਦਰਜੀਤ ਕੌਰ | 5 |
| 2. | ਪਿੰਗਲਵਾੜਾ ਦੇ ਅੰਗ ਸੰਗ ਵਿਚਰਦਿਆਂ -ਲੇਖਕ | 7 |
| 3. | ਪਿੰਗਲਵਾੜਾ ਅੰਮ੍ਰਿਤਸਰ ਵੱਲੋਂ ਆਇਆ ਪੈਗ਼ਾਮ | 8 |
| 4. | ਅੰਬਰ ਨਾਲ ਸਾਡੀ ਸਾਂਝ | 12 |
| 5. | ਪੰਜਾਬ ਦੀ ਧਰਤੀ ਨੂੰ ਕਿਉਂ ਛੱਡ ਰਹੇ ਹਨ ਪੰਜਾਬ ਦੇ ਲੋਕ | 17 |
| 6. | ਕੀ ਅਦਿੱਖ ਗ਼ੁਲਾਮੀ ਵੱਲ ਵਧ ਰਹੀ ਹੈ ਦੁਨੀਆਂ? | 21 |
| 7. | ਸਦਮਿਆਂ ਦੀ ਪ੍ਰਯੋਗਸ਼ਾਲਾ ਤਾਂ ਨਹੀਂ ਬਣ ਗਿਆ ਪੰਜਾਬ | 26 |
| 8. | ਕਦਰਾਂ-ਕੀਮਤਾਂ ਵੱਲੋਂ ਕੰਗਾਲ ਹੋ ਰਿਹਾ ਸਾਡਾ ਸਮਾਜ | 30 |
| 9. | ਕਰ ਗਏ ਹਿਜਰਤ ਪਰਿੰਦੇ | 33 |
| 10. | ਕਰਜ਼ੇ ਵਿੱਚ ਡੁੱਬੀ ਕਿਰਸਾਨੀ ਅਤੇ ਸਰਕਾਰੀ ਮੁਆਵਜ਼ੇ ਦਾ ਸੱਚ | 36 |
| 11. | ਕਿਸ ਤਰ੍ਹਾਂ ਦਾ ਸਿਰਜਿਆ ਜਾ ਰਿਹਾ ਹੈ ਸਾਡਾ ਭਵਿੱਖ? | 40 |
| 12. | ਕੀ ਅਵਾਮ ਹੁਣ ਕਾਰਪੋਰੇਟ ਕੰਪਨੀਆਂ ਦੇ ਰਹਿਮੋ ਕਰਮ ’ਤੇ? | 44 |
| 13. | ਕੁਦਰਤ, ਮਨੁੱਖ ਅਤੇ ਜ਼ਿੰਦਗੀ ਦੀ ਕਲਾ | 48 |
| 14. | ਖੇਤੀ ਦੀ ਬੇਬਸੀ ਅਤੇ ਸਰਕਾਰਾਂ ਦੀ ਸੰਵੇਦਨਸ਼ੀਲਤਾ | 52 |
| 15. | ਮਨੁੱਖ ਲਈ ਸੰਕਟ ਬਣ ਰਿਹਾ ਹੈ ਇਹ ਅਖੌਤੀ ਵਿਕਾਸ | 56 |
| 16. | ਵਿਕਾਸ ਦੀਆਂ ਹਨੇਰੀਆਂ ਅਤੇ ਜੜ੍ਹੋਂ ਉੱਖੜੇ ਲੋਕ | 60 |
| 17. | ਤਕਨੀਕੀ ਵਿਕਾਸ ਅਤੇ ਬਜ਼ਾਰ ਦਾ ਚੱਕਰਵਿਊ | 64 |
| 18. | ਤਬਹਾਕੁਨ ਸਾਬਤ ਹੋਵੇਗਾ ਦੇਸ਼ ਲਈ ਅਖੌਤੀ ਵਿਕਾਸ | 68 |
| 19. | ਵਿਕਾਸ-ਏ-ਦੌਰ ਕੇ ਆਲਮ ਹੀ ਨਿਰਾਲੇ ਹੈਂ | 72 |
| 20. | ਵਿਕਾਸ ਦੇ ਭਰਮ ਦੀ ਸਿਰਜਣਾ ਦਾ ਦੌਰ | 77 |
| 21. | ਵਿਕਾਸ ਨਹੀਂ ਹੈ ਜੀਵਨ ਦੇ ਬੁਨਿਆਦੀ ਤੱਤਾਂ ਦੀ ਤਬਾਹੀ | 81 |
| 22. | ਜੀਵਨ ਲਈ ਗੰਭੀਰ ਖ਼ਤਰੇ ਸਹੇੜ ਰਿਹਾ ਹੈ ਮਨੁੱਖ | 84 |
| 23. | ਦਰਿਆਵਾਂ ਵਿੱਚ ਘੁਲਦਾ ਜ਼ਹਿਰ ਅਤੇ ਸਾਡੀ ਚੁੱਪ ਦੇ ਅਰਥ | 88 |
| 24. | ਧਰਤੀ ਦੀ ਹਰ ਨੁਕਰੇ ਕਬਜ਼ਾ... | 92 |
| 25. | ਧੀਮੀ ਮੌਤ ਦਾ ਸੁਨੇਹਾ ਹੈ ਪ੍ਰਦੂਸ਼ਣ ਦਾ ਪ੍ਰਕੋਪ | 95 |
| 26. | ਨਹੀਂ ਵੱਸਦਾ ਹੁਣ ਪੰਜਾਬ ਦੇ ਪਿੰਡਾਂ ਵਿੱਚ ਰੱਬ | 99 |
| 27. | ਖ਼ੁਦਕੁਸ਼ੀਆਂ ਨਹੀਂ ਸਗੋਂ ਸੰਗਰਾਮਾਂ ਦਾ ਪਿੜ ਰਹੀ ਹੈ ਪੰਜਾਬ ਦੀ ਧਰਤੀ | 103 |
| 28. | ਬਜ਼ਾਰ ਦਾ ਵਿਸਥਾਰ ਅਤੇ ਖਪਤ ਸੱਭਿਆਚਾਰ | 107 |
| 29. | ਬਜ਼ਾਰ ਦੇ ਗ਼ਲਬੇ ਵਿੱਚ ਗਵਾਚ ਰਹੇ ਹਨ ਮਨੁੱਖੀ ਅਜ਼ਾਦੀ ਦੇ ਅਰਥ | 111 |
| 30. | ਮਨਫ਼ੀ ਹੋ ਰਿਹਾ ਕਿਰਤ ਸਭਿਆਚਾਰ ਅਤੇ ਵਧ ਰਹੇ ਮਾਨਸਿਕ ਵਿਕਾਰ | 115 |
| 31. | ਮਨੁੱਖੀ ਮਨ ਦੀ ਭਟਕਣਾ ਅਤੇ ਵਸਤਾਂ ਦੇ ਜੰਗਲ ਦਾ ਵਿਸਥਾਰ | 119 |
| 32. | ਰੈਡੀਮੇਡ ਵਸਤਾਂ ਅਤੇ ਰੈਡੀਮੇਡ ਵਿਹਾਰ | 123 |
| 33. | ਦੇਸ਼ ਨੂੰ ਕਿਸ ਪਾਸੇ ਲੈ ਜਾਵੇਗੀ ਵਕਤੀ ਰਾਹਤਾਂ ਦੀ ਰਾਜਨੀਤੀ | 127 |
| 34. | ਵੱਖ-ਵੱਖ ਤਰ੍ਹਾਂ ਦੇ ਸੰਕਟਾਂ ਦੇ ਮੁਹਾਣ ’ਤੇ ਖੜ੍ਹੀ ਦੁਨੀਆਂ | 131 |
| 35. | ਵੱਡੇ ਹਸਪਤਾਲਾਂ ਦਾ ਰੂਪ ਧਾਰਨ ਕਰ ਰਹੀ ਹੈ ਪੰਜਾਬ ਦੀ ਧਰਤੀ | 135 |
| 36. | ਕੀ ਮਾਫ਼ੀਆ ਪ੍ਰਬੰਧ ਵੱਲ ਵਧ ਰਿਹਾ ਹੈ ਦੇਸ਼ | 139 |
| 37. | ਪਿੰਗਲਵਾੜਾ ਸੰਸਥਾ ਵੱਲੋਂ ਕੀਤੇ ਜਾ ਰਹੇ ਕਾਰਜ | 143 |

# ਭੂਮਿਕਾ

ਜੀਵਨ ਦਾ ਆਧਾਰ ਹਵਾ, ਪਾਣੀ ਅਤੇ ਧਰਤੀ ਹੈ। ਸਾਹ ਬਿਨਾਂ ਅਸੀਂ ਕੁਝ ਕੁ ਮਿੰਟ ਵੀ ਨਹੀਂ ਜੀਅ ਸਕਦੇ। ਪਾਣੀ ਬਿਨਾਂ ਵੱਧ ਤੋਂ ਵੱਧ ਤਿੰਨ ਜਾਂ ਚਾਰ ਦਿਨ ਹੀ ਜੀਅ ਸਕਦੇ ਹਾਂ ਅਤੇ ਧਰਤੀ ਮਾਤਾ ਦੀ ਉਪਜ ਬਿਨਾਂ ਅਸੀਂ ਕੁਝ ਕੁ ਦਿਨ ਹੀ ਜੀਅ ਸਕਦੇ ਹਾਂ। ਹਰ ਜੀਵ ਜਿਊਣਾ ਲੋੜਦਾ ਹੈ, ਕੋਈ ਵੀ ਜੀਵ ਮਰਨਾ ਨਹੀਂ ਚਾਹੁੰਦਾ। ਹਰ ਜੀਵ ਆਪਣੇ ਆਪ ਨੂੰ ਬਚਾਉਂਦਾ ਰਹਿੰਦਾ ਹੈ। ਬਾਕੀ ਸਾਰੇ ਜੀਵ ਕੁਦਰਤ ਨਾਲ ਇਕਮਿੱਕ ਹੋ ਕੇ ਜਿਊਂਦੇ ਹਨ, ਪਰ ਇਨਸਾਨ ਜਿਸ ਨੂੰ ਅਕਾਲ ਪੁਰਖ ਨੇ ਸਰੇਸ਼ਟ ਬੁੱਧੀ ਬਖ਼ਸ਼ੀ ਹੈ, ਉਹ ਹੀ ਪਵਣ, ਪਾਣੀ ਅਤੇ ਧਰਤੀ ਦੀ ਮਹਤੱਤਾ ਨੂੰ ਭੁੱਲਿਆ ਫਿਰਦਾ ਹੈ।

ਗੁਰੂ ਨਾਨਕ ਪਾਤਸ਼ਾਹ ਆਪਣੀ ਬਾਣੀ ਵਿਚ ਫ਼ਰਮਾਉਂਦੇ ਹਨ :-

**ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ॥**
**ਦਿਵਸੁ ਰਾਤਿ ਦੁਇ ਦਾਈ ਦਾਇਆ ਖੇਲੈ ਸਗਲ ਜਗਤੁ॥**
**ਚੰਗਿਆਈਆ ਬੁਰਿਆਈਆ ਵਾਚੈ ਧਰਮੁ ਹਦੂਰਿ॥**
**ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ॥**
**ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ॥**
**ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ॥**

ਇਹ ਉੱਪਰਲਾ ਸਲੋਕ ਮੰਤਰ ਵਾਂਙੂ ਪੜ੍ਹਿਆ ਜਾਂਦਾ ਹੈ। ਇਸ ਸਲੋਕ ਨੂੰ ਡੂੰਘਾਈ ਨਾਲ ਵਾਚਿਆ, ਸਮਝਿਆ ਅਤੇ ਬੜੇ ਹੀ ਵਿਚਾਰ ਨਾਲ, ਇਸਦਾ ਅਰਥ ਸਮਝਿਆ ਜਾਣਾ ਚਾਹੀਦਾ ਸੀ; ਪਰ ਇੰਵ ਨਹੀਂ ਹੋਇਆ, ਜਿਸ ਕਾਰਨ ਲੋਕਾਈ ਨੇ ਹਵਾ, ਪਾਣੀ ਅਤੇ ਧਰਤੀ ਨੂੰ ਕੁਦਰਤ ਦੀਆਂ ਦਾਤਾਂ ਸਮਝ ਕੇ ਇਨ੍ਹਾਂ ਦਾ ਸਤਿਕਾਰ ਨਹੀਂ ਕੀਤਾ, ਸਗੋਂ ਪਲੀਤ ਕਰਕੇ ਰੱਖ ਦਿੱਤਾ ਹੈ।

ਸਾਡੇ ਪੁਰਖਿਆਂ ਨੇ ਆਮ ਲੋਕਾਈ ਨੂੰ ਸਮਝਾਉਣ ਲਈ ਧਰਮ ਨਾਲ ਜੋੜ ਦਿੱਤਾ। ਹਵਾ ਲਈ ਦਰਖੱਤਾਂ ਦੀ ਪੂਜਾ ਲਈ ਸਮਝਾਇਆ, ਪਾਣੀ ਲਈ ਗੰਗਾ ਦੀ ਪੂਜਾ ਕਰਨਾ ਦੱਸਿਆ ਅਤੇ ਧਰਤੀ ਨੂੰ ਮਾਤਾ ਕਹਿ ਕੇ ਸਤਿਕਾਰਿਆ। ਫਿਰ ਵੀ ਲਾਲਚੀ ਅਤੇ ਸਵਾਰਥੀ ਲੋਕ ਪੂਜਾ ਤਾਂ ਕਰਨ ਲੱਗ ਪਏ ਪਰ ਇਨ੍ਹਾਂ ਨੂੰ ਸੰਭਾਲਿਆ ਫਿਰ ਵੀ ਨਹੀਂ।

ਗੁਰਚਰਨ ਸਿੰਘ ਨੂਰਪੁਰ ਚੇਤੰਨ ਵਿਅਕਤੀ ਹਨ। ਉਨ੍ਹਾਂ ਨੂੰ ਪੰਜਾਬ ਦਾ ਬਹੁਤ ਫ਼ਿਕਰ ਹੈ। ਅਖ਼ਬਾਰਾਂ ਵਿੱਚ ਵੀ ਲੇਖ ਲਿਖਦੇ ਰਹਿੰਦੇ ਹਨ। ਪੰਜਾਬ ਦੀ ਧਰਤੀ, ਹਵਾ ਅਤੇ ਪਾਣੀ ਪ੍ਰਦੂਸ਼ਿਤ ਹੋ ਚੁੱਕੇ ਹਨ, ਬੀਮਾਰੀਆਂ ਦਾ ਘਰ ਬਣ ਗਿਆ ਹੈ ਪੰਜਾਬ। ਕੀਟਨਾਸ਼ਕ ਅਤੇ ਨਦੀਨ-ਨਾਸ਼ਕ ਕਰਕੇ ਅਪੰਗ ਬੱਚੇ ਪੈਦਾ ਹੋ ਰਹੇ ਹਨ। ਪੰਜਾਬੀਆਂ ਦੀਆਂ ਜਿਹੜੀਆਂ ਗੱਲਾਂ ਉੱਤੇ ਸਾਨੂੰ ਮਾਣ ਸੀ, ਉਹ ਖੁੱਸ ਗਈਆਂ ਹਨ।

ਇਸ ਕਿਤਾਬ '**ਕੁਝ ਕੁ ਛਾਵਾਂ ਰੱਖਿਓ**' ਵਿੱਚ ਇਕ ਲੇਖ ਜੋ ਹਿਰਦੇ ਨੂੰ



ਟੁੰਬਦਾ ਹੈ ਅਤੇ ਦੁੱਖਦਾਈ ਵੀ ਲਗਦਾ ਹੈ। ਲੇਖ ਹੈ—

**'ਖ਼ੁਦਕੁਸ਼ੀਆਂ ਨਹੀਂ ਸਗੋਂ ਸੰਗਰਾਮਾਂ ਦਾ ਪਿੜ ਰਹੀ ਹੈ ਪੰਜਾਬ ਦੀ ਧਰਤੀ'**। ਪੰਜਾਬ ਦਾ ਇਤਿਹਾਸ ਡਾਢਿਆਂ ਨਾਲ ਆਢਾ ਲਾਉਣ ਵਾਲਾ ਸੀ। ਅੱਜ ਸਰਕਾਰ ਦੀਆਂ ਗ਼ਲਤ ਨੀਤੀਆਂ ਕਰਕੇ ਵਿਗਾੜ ਪੈਦਾ ਹੋਇਆ ਹੈ। ਬਾਜ਼ਾਰ ਦੀ ਸੱਤਾ ਨਾਲ ਭਾਈਵਾਲੀ ਇਸ ਦੀ ਜ਼ਿੰਮੇਵਾਰ ਹੈ। ਇਸ ਨੇ ਖਪਤ ਸਭਿਆਚਾਰ ਨੂੰ ਜਨਮ ਦਿੱਤਾ ਹੈ। ਕਰਜ਼ੇ ਲੈ ਕੇ ਵਾਧੂ ਚੀਜ਼ਾਂ ਖ਼ਰੀਦਣ ਦੀ ਹੋੜ, ਵਿਖਾਵਾ ਅਤੇ ਫ਼ਜ਼ੂਲ ਖ਼ਰਚਿਆਂ ਨੇ ਪੰਜਾਬ ਦਾ ਬੁਰਾ ਹਾਲ ਕੀਤਾ ਹੈ। ਕਿਰਤ ਸਭਿਆਚਾਰ ਨੂੰ ਵੀ ਖ਼ਤਮ ਕਰਨ ਲਈ ਸਰਕਾਰ ਦੋਸ਼ੀ ਹੈ।

ਕਿਰਤ ਨਾ ਕਰਨ ਕਰਕੇ ਅਤੇ ਖਪਤ ਸਭਿਆਚਾਰ ਨੇ ਜਵਾਨੀ ਨਸ਼ੇ 'ਤੇ ਲਾ ਦਿੱਤੀ ਹੈ। ਅੱਜ ਹਾਲਾਤ ਇਹ ਹਨ ਕਿ ਹਰ ਕਿਸੇ ਚੀਜ਼ ਦਾ ਵਪਾਰੀਕਰਨ ਹੋ ਗਿਆ ਹੈ; ਜਿਵੇਂ ਕਿ ਵਿੱਦਿਆ ਦਾ ਵਪਾਰ, ਧਰਮ ਦਾ ਵਪਾਰ, ਸਿਹਤ ਸਹੂਲਤਾਂ ਅਤੇ ਦਵਾਈਆਂ ਦਾ ਵਪਾਰ ।

ਦਲਾਈਲਾਮਾ ਜੀ ਨੇ ਪੈਸੇ ਦੀ ਦੌੜ ਵਿੱਚ ਲੱਗਿਆਂ ਇਹੋ ਜਿਹੇ ਇਨਸਾਨਾਂ ਲਈ ਬਹੁਤ ਵਧੀਆ ਲਿਖਿਆ ਹੈ:-

**"ਇਨਸਾਨ ਪਹਿਲਾਂ ਪੈਸੇ ਬਨਾਉਣ ਲਈ ਆਪਣੀ ਸਿਹਤ ਕੁਰਬਾਨ ਕਰ ਦਿੰਦਾ ਹੈ, ਫਿਰ ਸਿਹਤ ਨੂੰ ਠੀਕ ਕਰਨ ਲਈ ਪੈਸੇ ਖ਼ਰਚਦਾ ਹੈ। ਉਹ ਆਪਣੇ ਭਵਿੱਖ ਬਾਰੇ ਐਨਾ ਸੋਚਦਾ ਹੈ ਕਿ ਉਹ ਵਰਤਮਾਨ ਨੂੰ ਨਹੀਂ ਮਾਣਦਾ। ਨਤੀਜਾ ਇਹ ਹੁੰਦਾ ਹੈ ਕਿ ਨਾ ਉਹ ਵਰਤਮਾਨ ਵਿੱਚ ਨਾ ਹੀ ਭਵਿੱਖ ਵਿੱਚ ਜਿਊਂਦਾ ਹੈ। ਇਹ ਇਸ ਤਰ੍ਹਾਂ ਜਿਊਂਦਾ ਹੈ ਕਿ ਉਸਨੇ ਮਰਨਾ ਹੀ ਨਹੀਂ ਅਤੇ ਫਿਰ ਉਹ ਬਿਨਾਂ ਅਸਲ ਜਿਊਣ ਦੇ ਹੀ ਮਰ ਜਾਂਦਾ ਹੈ।"**

ਇਹ ਕਿਤਾਬ ਲਿਖ ਕੇ ਗੁਰਚਰਨ ਸਿੰਘ ਨੂਰਪੁਰ ਨੇ ਲੋਕਾਂ ਦੀਆਂ ਆਤਮਾਵਾਂ ਨੂੰ ਹਲੂਣਨ ਦੀ ਅਤੇ ਜਾਗਰਿਤ ਕਰਨ ਦੀ ਅਣਥੱਕ ਕੋਸ਼ਿਸ਼ ਕੀਤੀ ਹੈ। ਉਹ ਵਧਾਈ ਦੇ ਪਾਤਰ ਹਨ। ਸਤਿਕਾਰਯੋਗ ਭਗਤ ਪੂਰਨ ਸਿੰਘ ਜੀ ਦਹਾਕਿਆਂ ਤੋਂ ਵਾਤਾਵਰਨ ਅਤੇ ਪੇਂਡੂ ਸਭਿਆਚਾਰ ਬਾਰੇ ਲੋਕਾਈ ਨੂੰ ਜਾਗਰੂਕ ਕਰਦੇ ਰਹੇ। ਹੁਣ ਵੀ ਪਿੰਗਲਵਾੜਾ ਸੰਸਥਾ ਉਨ੍ਹਾਂ ਦੇ ਅਤੇ ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ 'ਤੇ ਚੱਲਣ ਦਾ ਨਿਮਾਣਾ ਜਿਹਾ ਯਤਨ ਕਰ ਰਹੀ ਹੈ। ਇਸ ਲਈ ਹੀ ਇਹ ਪੁਸਤਕ ਛਾਪੀ ਜਾ ਰਹੀ ਹੈ। ਆਸ ਹੈ ਸੰਗਤਾਂ ਇਹੋ ਜਿਹੇ ਉਪਰਾਲਿਆਂ ਲਈ ਆਸ਼ੀਰਵਾਦ ਅਤੇ ਸਹਿਯੋਗ ਦੇਂਦੀਆਂ ਰਹਿਣਗੀਆਂ।

**ਡਾ. ਇੰਦਰਜੀਤ ਕੌਰ,**
**ਮੁੱਖ ਸੇਵਾਦਾਰ**
**ਪਿੰਗਲਵਾੜਾ, ਅੰਮ੍ਰਿਤਸਰ।**

# ਪਿੰਗਲਵਾੜਾ ਦੇ ਅੰਗ ਸੰਗ ਵਿਚਰਦਿਆਂ

**'ਪਿੰਗਲਵਾੜਾ'** ਅੰਮ੍ਰਿਤਸਰ, ਬਾਨੀ ਭਗਤ ਪੂਰਨ ਸਿੰਘ ਪੰਜਾਬ ਜਾਂ ਭਾਰਤ ਨਹੀਂ ਬਲਕਿ ਦੁਨੀਆਂ ਦੀ ਇੱਕ ਅਜਿਹੀ ਸੰਸਥਾ ਹੈ ਜੋ ਉਨ੍ਹਾਂ ਅਪਾਹਿਜਾਂ, ਰੋਗੀਆਂ ਅਤੇ ਬੇਸਹਾਰਿਆਂ ਦਾ ਸਹਾਰਾ ਬਣਦੀ ਹੈ ਜਿਨ੍ਹਾਂ ਦਾ ਸਾਥ ਉਨ੍ਹਾਂ ਦੇ ਕਰੀਬੀ ਵੀ ਛੱਡ ਜਾਂਦੇ ਹਨ। ਸਾਨੂੰ ਪੰਜਾਬੀਆਂ ਨੂੰ ਮਾਣ ਹੈ ਕਿ ਪੰਜਾਬ ਦੀ ਧਰਤੀ 'ਤੇ ਭਗਤ ਪੂਰਨ ਸਿੰਘ ਜੀ ਦੇ ਨਾਮ ਵਾਲਾ ਅਜਿਹਾ ਦੇਵਤਾ ਵੀ ਕਿਸੇ ਪੰਜਾਬਣ ਮਾਂ ਨੇ ਜੰਮਿਆ ਜਿਸਦੇ ਵਿਲੱਖਣ ਕਾਰਜਾਂ ਅੱਗੇ ਸਿਰ ਝੁਕ ਜਾਂਦਾ ਹੈ। ਭਗਤ ਜੀ ਦਾ ਫ਼ਿਕਰ ਕੇਵਲ ਮਾਨਸਿਕ ਰੋਗੀਆਂ, ਪਿੰਗਲਿਆਂ ਤਕ ਹੀ ਸੀਮਿਤ ਨਹੀਂ ਸੀ ਬਲਕਿ ਉਹਨਾਂ ਦੇ ਫ਼ਿਕਰ ਦਾ ਦਾਇਰਾ ਇਸ ਧਰਤੀ 'ਤੇ ਰਹਿਣ ਵਾਲੇ ਜੀਵਾਂ ਤੋਂ ਲੈ ਕੇ ਇਸ ਦੀ ਮਿੱਟੀ, ਪਾਣੀ ਅਤੇ ਹਵਾ ਤਕ ਫੈਲਿਆ ਹੋਇਆ ਸੀ। ਉਨ੍ਹਾਂ ਦੇ ਇਸ ਫ਼ਿਕਰ ਨੂੰ ਪੰਜਾਬ ਦੀ ਜਾਈ ਧੀ ਡਾ. ਇੰਦਰਜੀਤ ਕੌਰ ਨੇ ਉਸੇ ਰੂਪ ਵਿੱਚ ਆਪਣੀ ਸੋਚ ਦਾ ਹਿੱਸਾ ਬਣਾਇਆ ਜਿਵੇਂ ਭਗਤ ਜੀ ਨੇ ਚਿਤਵਿਆ ਸੀ। ਡਾ. ਇੰਦਰਜੀਤ ਕੌਰ ਜੀ ਦੀ ਰਹਿਨੁਮਾਈ ਹੇਠ ਅੱਜ ਪਿੰਗਲਵਾੜਾ ਸਾਡੇ ਸਮਾਜ ਦੇ ਹਰ ਕੋਝ ਨੂੰ ਧੋਣ ਲਈ ਯਤਨਸ਼ੀਲ ਹੈ। ਭਗਤ ਜੀ ਵਾਂਗ ਇਨ੍ਹਾਂ ਦਾ ਫ਼ਿਕਰ ਮਾਨਵਤਾ ਦੀ ਸੇਵਾ ਦੇ ਨਾਲ-ਨਾਲ ਪੰਜਾਬ ਦੀ ਗੰਧਲੀ ਹੋ ਰਹੀ ਹਵਾ, ਪਲੀਤ ਹੋ ਰਹੇ ਪਾਣੀ ਅਤੇ ਜ਼ਹਿਰ ਪੈਦਾ ਕਰ ਰਹੀ ਮਿੱਟੀ ਲਈ ਵੀ ਹੈ। ਪੰਜਾਬ ਜਿਸ ਨੂੰ ਅਸੀਂ 'ਪੰਜਾਬ ਵੱਸਦਾ ਗੁਰਾਂ ਦੇ ਨਾਮ ਉੱਤੇ' ਆਖ ਮਾਣ ਮਹਿਸੂਸ ਕਰਦੇ ਸਾਂ, ਅੱਜ ਉਹ ਪੰਜਾਬ ਨਹੀਂ ਜੋ ਅੱਜ ਤੋਂ ਪੰਜਾਹ ਸੱਠ ਸਾਲ ਪਹਿਲਾਂ ਦਾ ਪੰਜਾਬ ਸੀ। ਇਸ ਪੁਸਤਕ ਵਿੱਚ ਪੰਜਾਬ ਦੇ ਲੋਕਾਂ ਅਤੇ ਇੱਥੋਂ ਦੀ ਆਬੋ ਹਵਾ ਦੀ ਫ਼ਿਕਰਮੰਦੀ ਨੂੰ ਜ਼ਾਹਿਰ ਕੀਤਾ ਗਿਆ ਹੈ। ਪਿੰਗਲਵਾੜਾ ਸੰਸਥਾ ਵੱਲੋਂ ਮੇਰੇ ਸ਼ਬਦਾਂ ਨੂੰ ਮਾਣ ਦੇਣਾ, ਮੇਰੇ ਲਈ ਬਹੁਤ ਵੱਡਾ ਸਨਮਾਨ ਹੈ। ਇਹ ਸਭ ਕੁਝ ਬੀਬੀ ਜੀ ਦੀ ਯੋਗ ਅਗਵਾਈ ਸਦਕਾ ਸੰਭਵ ਹੋ ਸਕਿਆ ਹੈ। ਬੀਬੀ ਡਾ. ਇੰਦਰਜੀਤ ਕੌਰ ਜੀ ਦਾ ਮੈਂ ਦਿਲ ਦੀਆਂ ਗਹਿਰਾਈਆਂ ਤੋਂ ਧੰਨਵਾਦ ਕਰਦਾ ਹਾਂ, ਜਿਨ੍ਹਾਂ ਨੇ ਆਪਣੀ ਰਹਿਨੁਮਾਈ ਹੇਠ ਮੇਰੀਆਂ ਲਿਖਤਾਂ ਨੂੰ ਪੁਸਤਕ ਦੇ ਰੂਪ ਵਿੱਚ ਤੁਹਾਡੇ ਤਕ ਪਹੁੰਚਾਉਣ ਦਾ ਯਤਨ ਕੀਤਾ ਹੈ।

**-ਗੁਰਚਰਨ ਸਿੰਘ ਨੂਰਪੁਰ**



# ਪਿੰਗਲਵਾੜਾ ਸ੍ਰੀ ਅੰਮ੍ਰਿਤਸਰ ਵੱਲੋਂ ਆਇਆ ਪੈਗ਼ਾਮ

ਅੱਜ ਜਦੋਂ ਦੁਨੀਆਂ ਨੂੰ ਚਲਾਉਣ ਵਾਲੀਆਂ ਕਾਰਪੋਰੇਟ ਤਾਕਤਾਂ ਅਤੇ ਦੁਨੀਆਂ ਭਰ ਦੇ ਦੇਸ਼ ਇਸ ਦੌੜ ਵਿੱਚ ਹਨ ਕਿ ਹਰ ਹਰਬਾ ਵਰਤ ਕੇ ਇੱਕ ਦੂਜੇ ਤੋਂ ਵੱਧ ਤਾਕਤ ਹਾਸਲ ਕੀਤੀ ਜਾਵੇ। ਹਰ ਦੇਸ਼ ਵੱਧ ਤੋਂ ਵੱਧ ਧਨ ਦੌਲਤ ਅਤੇ ਦੂਜੇ ਦੇਸ਼ਾਂ ਤੋਂ ਵੱਧ ਸ਼ਕਤੀ ਵਾਲੇ ਮਾਰੂ ਹਥਿਆਰ ਈਜ਼ਾਦ ਕਰਨ ਲਈ ਅੱਡੀ ਚੋਟੀ ਦਾ ਜ਼ੋਰ ਲਾ ਰਿਹਾ ਹੈ। ਦੁਨੀਆਂ ਦੇ ਹਰ ਘਰ ਅਤੇ ਹਰ ਵਿਅਕਤੀ ਦੀ ਵੀ ਇਹੋ ਇੱਛਾ ਹੈ ਕਿ ਵੱਧ ਤੋਂ ਵੱਧ ਤਾਕਤ ਅਤੇ ਧਨ ਦੌਲਤ ਇਕੱਠੀ ਕਰ ਲਈ ਜਾਵੇ। ਇੱਥੇ ਸਵਾਲ ਪੈਦਾ ਹੁੰਦਾ ਹੈ ਕਿ ਕੀ ਮਨੁੱਖੀ ਜ਼ਿੰਦਗੀ ਦਾ ਇਹੋ ਹੀ ਇੱਕੋ-ਇੱਕ ਮਨੋਰਥ ਹੈ? ਸ਼ਾਇਦ ਨਹੀਂ, ਮਨੁੱਖ ਦੀ ਜ਼ਿੰਦਗੀ ਵਿੱਚ ਜਿਉਣ ਜਿਹਾ ਬਹੁਤ ਕੁਝ ਹੁੰਦਾ ਹੈ, ਜਿਸ ਨੂੰ ਅਸੀਂ ਘੋੜ-ਦੌੜ ਵਿੱਚ ਅਜਾਈਂ ਗਵਾ ਰਹੇ ਹਾਂ ਅਤੇ ਮਨੁੱਖੀ ਸ਼ਕਤੀ ਦਾ ਵੱਡਾ ਹਿੱਸਾ ਬੇਅਰਥ ਕੰਮਾਂ 'ਤੇ ਖ਼ਰਚ ਹੋ ਰਿਹਾ ਹੈ।

ਇਸ ਜ਼ਿਮੀਂ 'ਤੇ ਕੁਝ ਕੁ ਆਟੇ ਵਿੱਚ ਲੂਣ ਦੇ ਬਰਾਬਰ ਅਜਿਹੀਆਂ ਸੰਸਥਾਵਾਂ ਹਨ ਜੋ ਮਨੁੱਖ ਨੂੰ ਜ਼ਿੰਦਗੀ ਦੀ ਘੋੜ-ਦੌੜ ਤੋਂ ਸੁਚੇਤ ਕਰਕੇ ਉਸ ਨੂੰ ਉਸ ਦੇ ਆਪੇ ਨਾਲ ਹੀ ਨਹੀਂ ਜੋੜਦੀਆਂ ਬਲਕਿ ਜ਼ਿੰਦਗੀ ਦਾ ਮਨੋਰਥ ਸਮਝਾਉਣ ਦੀ ਵੀ ਕੋਸ਼ਿਸ਼ ਕਰਦੀਆਂ ਹਨ। ਅਜਿਹੀ ਹੀ ਇਕ ਸੰਸਥਾ ਹੈ **'ਪਿੰਗਲਵਾੜਾ'** ਸ੍ਰੀ ਅੰਮ੍ਰਿਤਸਰ। ਪਿੰਗਲਵਾੜਾ ਦੀ ਸ਼ੁਰੂਆਤ ਉੱਤਰੀ ਭਾਰਤ ਦੀ ਇਕ ਮਹਾਨ ਸ਼ਖ਼ਸੀਅਤ ਸੇਵਾ ਦੇ ਪੁੰਜ ਭਗਤ ਪੂਰਨ ਸਿੰਘ ਜੀ ਨੇ ਕੀਤੀ। ਜਦੋਂ ਉਹਨਾਂ ਪਿੰਗਲਵਾੜੇ ਦੀ ਸ਼ੁਰੂਆਤ ਕੀਤੀ ਤਾਂ ਉਹਨਾਂ ਕੋਲ ਘਰ ਦੀ ਛੱਤ ਵੀ ਨਹੀਂ ਸੀ, ਤਨ 'ਤੇ ਕੇਵਲ ਤਿੰਨ ਕੱਪੜੇ ਸਨ। ਭੁੱਖਾਂ ਤ੍ਰੇਹਾਂ ਨੂੰ ਜਰਦਾ ਮਾੜਚੂ ਜਿਹਾ ਸਰੀਰ ਅਤੇ ਇਸ ਵਜੂਦ ਵਿੱਚ ਇਕ ਵੱਡਾ ਸਾਰਾ ਦਿਲ ਜੋ ਧਰਮ ਕਰਮ ਦੀਆਂ ਵਲਗਣਾਂ ਤੋਂ ਉੱਪਰ ਉੱਠ ਮਜ਼ਲੂਮਾਂ, ਪਿੰਗਲਿਆਂ, ਕੋਹੜੀਆਂ, ਲਾਵਾਰਸਾਂ, ਲੰਗੜੇ-ਲੂਲ੍ਹਿਆਂ, ਜਿਨ੍ਹਾਂ ਨੂੰ ਸਮਾਜ ਦੀਆਂ ਸਿਆਣਪਾਂ ਨੇ ਦੁਰਕਾਰ ਦਿੱਤਾ ਸੀ ਲਈ ਧੜਕਦਾ ਸੀ। ਦਿਲ ਵਿੱਚ ਮਾਨਵਤਾ ਲਈ ਜਜ਼ਬਾ ਰੱਖਣ ਵਾਲੇ ਨਿਸ਼ਕਾਮ ਸੇਵਾ ਕਰਨ ਵਾਲੇ ਅਜਿਹੇ ਮਹਾਨ ਮਨੁੱਖ ਧਰਤੀ 'ਤੇ ਬਹੁਤ ਘੱਟ ਤੇ ਵਿਰਲੇ ਹੀ ਪੈਦਾ ਹੁੰਦੇ ਹਨ।

ਭਗਤ ਪੂਰਨ ਸਿੰਘ ਜੀ ਦੇ ਨਿਸ਼ਕਾਮ ਸੇਵਾ ਦੇ ਸੰਕਲਪ ਦੀ ਵਿਰਾਸਤ ਨੂੰ ਅੱਜਕੱਲ੍ਹ ਬੀਬੀ ਡਾ. ਇੰਦਰਜੀਤ ਕੌਰ ਜੀ ਭਗਤ ਜੀ ਦੇ ਪਦ ਚਿੰਨ੍ਹਾਂ 'ਤੇ ਚੱਲ ਕੇ ਬਾਖੂਬੀ ਨਿਭਾਅ ਰਹੇ ਹਨ। ਅਕਸਰ ਵੇਖਿਆ ਗਿਆ ਹੈ ਕਿ ਬਹੁਤ ਸਾਰੀਆਂ ਸੰਸਥਾਵਾਂ ਜਿਨ੍ਹਾਂ ਦੀ ਸ਼ੁਰੂਆਤ ਕਰਨ ਵਾਲੇ ਮਹਾਨ ਇਨਸਾਨ ਹੁੰਦੇ ਹਨ, ਉਹ ਜਦੋਂ ਅਗਲੀ ਪੀੜ੍ਹੀ ਦੇ ਹੱਥਾਂ ਵਿੱਚ ਜਾਂਦੀਆਂ ਹਨ ਇਨ੍ਹਾਂ ਵਿੱਚ ਲੋਭ ਲਾਲਚ ਦਾ ਪਸਾਰਾ ਵਧ ਜਾਂਦਾ ਹੈ। ਪਰ ਇਸ ਸੰਸਥਾ ਵਿੱਚ ਅਜਿਹਾ ਕੁਝ ਵੇਖਣ ਨੂੰ ਨਹੀਂ ਮਿਲਦਾ, ਸਭ ਕੁਝ ਖੁੱਲ੍ਹੀ ਕਿਤਾਬ ਵਾਂਗ ਹੈ। ਇਸ ਵਾਰ ਸੰਸਥਾ ਵੱਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਜਨਮ ਦਿਨ 'ਤੇ ਭਾਈ ਲਾਲੋ ਜੀ ਨੂੰ ਸਮਰਪਿਤ ਕਿਰਤ ਮੇਲਾ ਲਾਇਆ ਗਿਆ। ਅਰਬਨ ਹਾਟ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਲਾਇਆ ਇਹ

ਕਿਰਤ ਮੇਲਾ ਆਪਣੇ ਆਪ ਵਿੱਚ ਵਿਲੱਖਣ ਸੀ। ਇਕ ਪੂਰਾ ਦਿਨ ਇਸ ਮੇਲੇ ਨੂੰ ਨੇੜਿਉਂ ਦੇਖਣ ਦਾ ਸਬੱਬ ਬਣਿਆ। ਮੇਲੇ ਵਿੱਚ ਬਹੁਤ ਕੁਝ ਸਿੱਖਣ ਵੇਖਣ ਵਾਲਾ ਸੀ। ਪਿੰਗਲਵਾੜੇ ਤੋਂ ਮਿਲਿਆ ਪੈਗ਼ਾਮ, ਜੋ ਮੈਂ ਸਮਝਦਾ ਹਾਂ ਪੰਜਾਬ ਅਤੇ ਭਾਰਤ ਨੂੰ ਹੀ ਨਹੀਂ ਬਲਕਿ ਪੂਰੀ ਦੁਨੀਆਂ ਨੂੰ ਦੇਣ ਦੀ ਲੋੜ ਹੈ। ਇਹ ਸੁਨੇਹਾ ਲੋਕਾਂ ਦੀ ਸ਼ਰਧਾ ਤੋਂ ਕਮਾਈਆਂ ਕਰਨ ਵਾਲੇ ਸ਼ਹਿਨਸ਼ਾਹਾਂ ਵਾਲਾ ਜੀਵਨ ਬਤੀਤ ਕਰਨ ਵਾਲੇ ਅਖੌਤੀ ਸਾਧਾਂ ਸੰਤਾਂ ਲਈ ਵੀ ਹੈ ਅਤੇ ਰਾਜਨੀਤਕ ਤਾਕਤ ਸਿਰੋਂ ਵੱਧ ਤੋਂ ਵੱਧ ਮਾਇਆ ਇਕੱਠੀ ਕਰਕੇ ਘਰ ਭਰਨ ਵਾਲਿਆਂ ਲਈ ਵੀ ਹੈ।

ਅੱਜ ਦੇ ਸੰਵੇਦਨਹੀਣ ਹੋ ਰਹੇ ਸਮਾਜ ਲਈ ਪਿੰਗਲਵਾੜਾ ਦਾ ਪਹਿਲਾ ਸੁਨੇਹਾ ਇਹ ਹੈ ਕਿ ਮਨੁੱਖ ਨੇ ਕੇਵਲ ਆਪਣੇ ਆਪ ਲਈ ਹੀ ਨਹੀਂ ਜਿਊਣਾ ਸਗੋਂ ਦੀਨ-ਦੁਖੀਆਂ, ਬੇਸਹਾਰਾ, ਨਿਆਸਰਿਆਂ ਲਈ ਆਸਰਾ ਬਣਨਾ ਹੁੰਦਾ ਹੈ। ਲਾਵਾਰਸ, ਬਿਮਾਰਾਂ, ਅਪਾਹਿਜਾਂ, ਮੰਦਬੁੱਧੀ ਬੱਚਿਆਂ ਦੀ ਸੇਵਾ ਕਰਨ ਦੀ ਆਪਣੀ ਵਿਰਾਸਤ ਨੂੰ ਪਿੰਗਲਵਾੜਾ ਸੰਸਥਾ ਬੜੀ ਸੁਹਿਰਦਤਾ ਨਾਲ ਅੱਗੇ ਵਧਾ ਰਹੀ ਹੈ। ਸਮਾਗਮ ਦੌਰਾਨ ਸ਼ਾਮ ਨੂੰ ਚੱਲਦੇ ਸਟੇਜ ਪ੍ਰੋਗਰਾਮ ਵਿੱਚ ਪਿੰਗਲੇ ਬੱਚੇ ਜਿਨ੍ਹਾਂ 'ਚੋਂ ਕੁਝ ਨੂੰ ਚੁੱਕ ਕੇ ਸਟੇਜ 'ਤੇ ਲਿਆਂਦਾ ਗਿਆ, ਨੇ ਇਕ ਸਮੂਹ ਗਾਣ ਗਾਇਆ। ਸਰੀਰਕ ਪੱਖੋਂ ਅਪਾਹਿਜ ਇਹ ਬੱਚੇ ਗੀਤ ਗਾਉਂਦਿਆਂ ਮੁਸਕਰਾ ਰਹੇ ਸਨ। ਇਨ੍ਹਾਂ ਦੇ ਚਿਹਰਿਆਂ 'ਤੇ ਇਹ ਮੁਸਕਾਨ ਸਜਾਉਣ ਦਾ ਕਾਰਜ ਕਰਕੇ ਪਿੰਗਲਵਾੜਾ ਮਨੁੱਖਤਾ ਪ੍ਰਤੀ ਆਪਣਾ ਬਹੁਤ ਵੱਡਾ ਫ਼ਰਜ਼ ਅਦਾ ਕਰ ਰਿਹਾ ਹੈ। ਉਹ ਬੱਚੇ ਜਿਨ੍ਹਾਂ ਨੂੰ ਘਰ ਪਰਿਵਾਰ ਦੇ ਜੀਅ ਵੀ ਸੰਭਾਲਣ ਤੋਂ ਕਿਨਾਰਾ ਕਰ ਗਏ, ਜਿਨ੍ਹਾਂ ਨੂੰ ਜਨਮ ਤੋਂ ਬਾਅਦ ਉਜਾੜ ਥਾਵਾਂ ਜਾਂ ਗੁਰਦੁਆਰਿਆਂ ਦੀਆਂ ਚਾਰ ਦੀਵਾਰੀਆਂ ਵਿੱਚ ਛੱਡ ਦਿੱਤਾ ਜਾਂਦਾ ਹੈ, ਉਨ੍ਹਾਂ ਨੂੰ ਸੰਭਾਲਣ ਦਾ ਵੱਡਾ ਕਾਰਜ ਪਿੰਗਲਵਾੜਾ ਸੰਸਥਾ ਕਰ ਰਹੀ ਹੈ। ਇਸ ਪਿੰਗਲਵਾੜਾ ਪਰਿਵਾਰ ਵਿੱਚ ਇਹ ਬੱਚੇ ਪਲੇ, ਵੱਡੇ ਹੋਏ, ਪੜ੍ਹੇ ਲਿਖੇ ਅਤੇ ਕਈਆਂ ਨੇ ਤਾਂ ਵੱਖ-ਵੱਖ ਖੇਤਰਾਂ ਵਿੱਚ ਵੱਡੀਆਂ ਮੱਲਾਂ ਵੀ ਮਾਰੀਆਂ। ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਪ੍ਰੋਗਰਾਮਾਂ/ਖੇਡਾਂ ਵਿੱਚ ਭਾਗ ਲੈ ਕੇ ਵੱਡੀਆਂ ਪ੍ਰਾਪਤੀਆਂ ਕੀਤੀਆਂ। ਪਿੰਗਲਵਾੜੇ ਵਿੱਚ ਰਹਿਣ ਵਾਲੇ ਹਰ ਬੱਚੇ, ਹਰ ਔਰਤ ਅਤੇ ਹਰ ਬਜ਼ੁਰਗ ਦੀ ਵੱਖਰੀ-ਵੱਖਰੀ ਕਹਾਣੀ ਹੈ, ਜੋ ਸਾਡੇ ਸਮਾਜ ਦੇ ਚਿਹਰੇ ਦਾ ਪਰਦਾ ਲਾਹ ਕੇ ਸਾਨੂੰ ਹਕੀਕਤ ਦੇ ਰੂ-ਬ-ਰੂ ਕਰਦੀ ਹੈ।

ਪਿੰਗਲਵਾੜਾ ਸੰਸਥਾ ਦਾ ਦੂਜਾ ਪੈਗ਼ਾਮ ਇਹ ਹੈ ਕਿ ਅਸੀਂ ਆਪਣੇ ਆਲੇ-ਦੁਆਲੇ ਨੂੰ ਲਗਾਤਾਰ ਪਲੀਤ ਕਰਦੇ ਜਾ ਰਹੇ ਹਾਂ। ਇਸ ਪ੍ਰਤੀ ਭਗਤ ਪੂਰਨ ਸਿੰਘ ਜੀ ਵੀ ਲੋਕਾਂ ਨੂੰ ਆਪਣੇ ਹੱਥੀਂ ਲਿਖਤਾਂ ਲਿਖ ਕੇ ਸੁਚੇਤ ਕਰਿਆ ਕਰਦੇ ਸਨ। ਇਸ ਕਾਰਜ ਨੂੰ ਅੱਗੇ ਵਧਾਉਂਦਿਆਂ ਪਿੰਗਲਵਾੜਾ ਸੰਸਥਾ ਵਾਤਾਵਰਨ ਨੂੰ ਬਚਾਉਣ ਲਈ ਕੀਟ-ਨਾਸ਼ਕਾਂ ਅਤੇ ਰਸਾਇਣਾਂ ਰਹਿਤ ਕੁਦਰਤੀ ਖੇਤੀ ਕਰਨ ਅਤੇ ਇਸ ਨੂੰ ਉਤਸ਼ਾਹਿਤ ਕਰਨ ਲਈ ਯਤਨਸ਼ੀਲ ਹੈ। ਇਸ ਵਿੱਚ ਖੇਤੀ ਦੇ ਖ਼ਰਚਿਆਂ ਨੂੰ ਕਿਵੇਂ ਘਟਾਇਆ ਜਾ ਸਕਦਾ ਹੈ ਅਤੇ ਕਿਵੇਂ ਇੱਕੋ ਸਮੇਂ ਇਕ ਤੋਂ ਵੱਧ ਫ਼ਸਲਾਂ ਲੈ ਕੇ ਖੇਤਾਂ ਤੋਂ ਵੱਧ ਤੋਂ ਵੱਧ ਆਮਦਨ ਲਈ ਜਾ ਸਕਦੀ ਹੈ ਅਤੇ ਮਿੱਟੀ ਦੀ ਗੁਣਵਤਾ ਅਤੇ



ਪਾਣੀ ਦੀ ਵੀ ਵੱਧ ਤੋਂ ਵੱਧ ਬਚਤ ਕੀਤੀ ਜਾ ਸਕਦੀ ਹੈ, ਆਦਿ ਸਭ ਕੁਝ ਦੱਸਿਆ ਜਾਂਦਾ ਹੈ। ਪਿੰਗਲਵਾੜਾ ਦਾ ਆਪਣਾ ਵੀ ਇਕ ਫਾਰਮ ਹੈ, ਜਿਸ ਨੂੰ ਬਹੁਤ ਹੀ ਸਮਰਪਿਤ ਦੀ ਭਾਵਨਾ ਰੱਖਣ ਵਾਲੇ ਮਾ: ਰਾਜਵੀਰ ਸਿੰਘ ਚਲਾਉਂਦੇ ਹਨ। ਇਸ ਵਿੱਚ ਹਰ ਤਰ੍ਹਾਂ ਦੀਆਂ ਜ਼ਹਿਰਾਂ ਤੋਂ ਮੁਕਤ ਖੇਤੀ ਹੁੰਦੀ ਹੈ, ਜਿਸ ਨੂੰ ਲੋਕ ਦੂਰ-ਦੂਰ ਤੋਂ ਵੇਖਣ ਆਉਂਦੇ ਹਨ। ਇਹ ਖੇਤੀ ਦਾ ਇਕ ਵਿਲੱਖਣ ਮਾਡਲ ਹੈ ਜੋ ਦਿਨੋਂ ਦਿਨ ਗਹਿਰੇ ਹੁੰਦੇ ਜਾ ਰਹੇ ਖੇਤੀ ਸੰਕਟ ਨੂੰ ਰੋਕਣ ਲਈ ਸਹਾਈ ਹੋ ਸਕਦਾ ਹੈ।

ਪਿੰਗਲਵਾੜਾ ਦਾ ਤੀਜਾ ਸੁਨੇਹਾ ਦਿਨੋਂ-ਦਿਨ ਵਧ ਰਹੇ ਪ੍ਰਦੂਸ਼ਣ ਪ੍ਰਤੀ ਹੈ। ਵਾਤਾਵਰਨ ਪ੍ਰਤੀ ਸੁਚੇਤ ਕਰਨ ਵਾਲਾ ਬਹੁਤ ਸਾਰਾ ਸਾਹਿਤ ਪਿੰਗਲਵਾੜਾ ਦੀ ਪ੍ਰੈੱਸ ਤੋਂ ਹੀ ਪ੍ਰਕਾਸ਼ਿਤ ਹੁੰਦਾ ਹੈ ਅਤੇ ਲੋਕਾਂ ਵਿੱਚ ਵੰਡਿਆ ਜਾਂਦਾ ਹੈ। ਉਹ ਸਾਹਿਤ ਜਿਸ ਵਿੱਚ ਸਾਡੇ ਭਵਿੱਖ ਦੀ ਚਿੰਤਾ ਹੈ। ਪਾਣੀ, ਹਵਾ, ਮਿੱਟੀ ਦੇ ਪਲੀਤ ਹੋ ਜਾਣ ਦਾ ਫ਼ਿਕਰ ਹੈ। ਜ਼ਹਿਰਾਂ ਰਸਾਇਣਾਂ, ਰੁੱਖਾਂ ਦੀ ਕਟਾਈ, ਪਾਣੀ ਦੇ ਪ੍ਰਦੂਸ਼ਣ ਵਰਗੀਆਂ ਅਲਾਮਤਾਂ ਤੋਂ ਸੁਚੇਤ ਕਰਦੀਆਂ ਵਿਦਵਾਨ ਲੇਖਕਾਂ ਦੀਆਂ ਕਿਤਾਬਾਂ ਵੱਡੀ ਗਿਣਤੀ ਵਿੱਚ ਛਾਪ ਕੇ ਲੋਕਾਂ ਨੂੰ ਮੁਫ਼ਤ ਮੁਹੱਈਆ ਕਰਵਾਈਆਂ ਜਾਂਦੀਆਂ ਹਨ। ਕਿਰਤ ਮੇਲੇ ਵਿੱਚ ਲੱਗੇ ਸਟਾਲ ਤੇ ਹਰ ਤਰ੍ਹਾਂ ਦੀਆਂ ਕਿਤਾਬਾਂ ਮੁਫ਼ਤ ਵੰਡੀਆਂ ਜਾ ਰਹੀਆਂ ਸਨ। ਜੇਕਰ ਕੋਈ ਪੁਸਤਕ ਪ੍ਰੇਮੀ 5-6 ਜਾਂ ਇਸ ਤੋਂ ਵੱਧ ਕਿਤਾਬਾਂ ਚੁਣ ਲੈਂਦਾ ਸੀ ਤਾਂ ਸੇਵਾਦਾਰਾਂ ਵੱਲੋਂ ਉਸ ਨੂੰ ਕੱਪੜੇ ਦਾ ਬਣਿਆ ਇਕ ਥੈਲਾ ਵੀ ਮੁਫ਼ਤ ਦਿੱਤਾ ਜਾਂਦਾ ਸੀ। ਪੰਜਾਬ ਵਿੱਚ ਸ਼ਾਇਦ ਹੀ ਕੋਈ ਅਜਿਹੀ ਸੰਸਥਾ ਹੋਵੇ ਜੋ ਪਿੰਗਲਵਾੜੇ ਵਾਂਗ ਆਪਣੇ ਬਜਟ ਦਾ ਵੱਡਾ ਹਿੱਸਾ ਉਸਾਰੂ ਸਾਹਿਤ ਦਾ ਪ੍ਰਕਾਸ਼ਨ ਕਰਨ 'ਤੇ ਖ਼ਰਚ ਕਰਦੀ ਹੋਵੇ। ਕਿਸੇ ਵੀ ਸਮਾਜ ਦਾ ਸਾਹਿਤ ਤੋਂ ਟੁੱਟ ਜਾਣਾ ਇਕ ਤਰ੍ਹਾਂ ਨਾਲ ਬੌਧਿਕ ਦੀਵਾਲੀਏਪਣ ਦੀ ਨਿਸ਼ਾਨੀ ਹੁੰਦਾ ਹੈ। ਪਿੰਗਲਵਾੜਾ ਸੰਸਥਾ ਇਸ ਗੱਲ ਨੂੰ ਚੰਗੀ ਤਰ੍ਹਾਂ ਸਮਝਦੀ ਹੈ। ਉਸਾਰੂ ਸਾਹਿਤ ਨੂੰ ਪ੍ਰਕਾਸ਼ਿਤ ਕਰਨਾ ਅਤੇ ਲੋਕਾਂ ਵਿੱਚ ਵੰਡਣਾ ਇਕ ਬਹੁਤ ਵੱਡਾ ਕਾਰਜ ਹੈ, ਜਿਸ ਪ੍ਰਤੀ ਪਿੰਗਲਵਾੜਾ ਵਰਗੀ ਸੰਸਥਾ ਹੀ ਸੁਹਿਰਦ ਹੋ ਸਕਦੀ ਹੈ। ਜਿੱਥੇ ਅੱਜ ਸਾਡੇ ਪੰਜਾਬੀ ਸਮਾਜ ਦੀ ਬਹੁਗਿਣਤੀ ਨੇ ਇੱਟਾਂ ਪੱਥਰਾਂ ਦੀਆਂ ਬਿਲਡਿੰਗਾਂ ਬਣਾਉਣ ਨੂੰ ਹੀ ਸੇਵਾ, ਕਾਰ-ਸੇਵਾ ਸਮਝ ਲਿਆ ਹੈ ਉੱਥੇ ਪਿੰਗਲਵਾੜਾ ਸੰਸਥਾ ਉਨ੍ਹਾਂ ਤਰਜੀਹਾਂ 'ਤੇ ਕੰਮ ਕਰ ਰਹੀ ਹੈ ਜਿਸ 'ਤੇ ਚਲਦਿਆਂ ਸਾਡੇ ਆਲੇ-ਦੁਆਲੇ (ਵਾਤਾਵਰਨ) ਨੂੰ ਬਚਾਇਆ ਜਾ ਸਕਦਾ ਹੈ। ਅੱਜ ਆਪੋ-ਧਾਪੀ ਦੇ ਇਸ ਦੌਰ ਵਿੱਚ ਵੀ ਸਮਾਜ ਨੂੰ ਉਸਾਰੂ ਸਾਹਿਤ ਨਾਲ ਜੋੜ ਕੇ ਸਰੀਰਕ ਅਤੇ ਮਾਨਸਿਕ ਪੱਖੋਂ ਨਰੋਆ ਬਣਾਉਣ ਦਾ ਬੜਾ ਵੱਡਾ ਕਾਰਜ ਪਿੰਗਲਵਾੜਾ ਸੰਸਥਾ ਵੱਲੋਂ ਕੀਤਾ ਜਾ ਰਿਹਾ ਹੈ।

ਜਿਵੇਂ ਸਾਡਾ ਸਮਾਜ ਕਿਰਤ ਤੋਂ ਟੁੱਟ ਗਿਆ ਹੈ ਅਤੇ ਦਿਨੋਂ-ਦਿਨ ਟੁੱਟ ਰਿਹਾ ਹੈ, ਇਸ ਪ੍ਰਤੀ ਸੁਚੇਤ ਕਰਨ ਲਈ ਭਾਈ ਲਾਲੋ ਜੀ ਨੂੰ ਸਮਰਪਿਤ ਪੰਜ ਰੋਜ਼ਾ ਕਿਰਤੀ ਮੇਲੇ ਦੌਰਾਨ ਕਿਰਤ ਨਾਲ ਜੁੜਨ ਦਾ ਚੌਥਾ ਸੁਨੇਹਾ ਪਿੰਗਲਵਾੜਾ ਸੰਸਥਾ ਵੱਲੋਂ ਦਿੱਤਾ ਗਿਆ ਹੈ। ਵੱਖ-ਵੱਖ ਖੇਤਰਾਂ ਦੇ ਕਿਰਤੀਆਂ, ਕਲਾਕਾਰਾਂ ਜੋ ਬਾਂਸ, ਲੱਕੜੀ, ਮਿੱਟੀ, ਧਾਤਾਂ ਤੋਂ ਬਰਤਨ ਅਤੇ ਕਲਾਕ੍ਰਿਤੀਆਂ ਬਣਾਉਂਦੇ ਹਨ ਤੋਂ ਇਲਾਵਾ

ਚਾਦਰਾਂ, ਸੂਤੀ ਕੱਪੜਾ, ਗ਼ਲੀਚੇ ਬਣਾਉਣ ਵਾਲਿਆਂ ਨੂੰ ਆਪਣੀ ਕਲਾ ਵਿਖਾਉਣ ਦਾ ਮਾਣ ਦਿੱਤਾ ਗਿਆ। ਕੋਈ ਵੀ ਸਮਾਜ ਜਦੋਂ ਕਲਾ ਅਤੇ ਕਿਰਤ ਨਾਲੋਂ ਟੁੱਟ ਜਾਂਦਾ ਹੈ ਤਾਂ ਉਹ ਕਈ ਤਰ੍ਹਾਂ ਦੀਆਂ ਮੁਸ਼ਕਲਾਂ, ਸਮੱਸਿਆਵਾਂ ਅਤੇ ਬੁਰਾਈਆਂ ਦਾ ਸ਼ਿਕਾਰ ਹੋ ਜਾਂਦਾ ਹੈ। ਕਿਰਤ ਨਾਲੋਂ ਟੁੱਟੇ ਲੋਕ ਸਰੀਰਕ ਅਤੇ ਮਾਨਸਿਕ ਕਈ ਤਰ੍ਹਾਂ ਦੇ ਵਿਕਾਰਾਂ ਦੇ ਸ਼ਿਕਾਰ ਹੋ ਜਾਂਦੇ ਹਨ। ਅੱਜ ਸਾਡੇ ਪੰਜਾਬੀ ਸਮਾਜ ਦਾ ਵੀ ਇਹੋ ਹਾਲ ਹੈ। ਸਾਢੇ ਪੰਜ ਸੌ ਸਾਲ ਪਹਿਲਾਂ, ਸਾਡੇ ਗੁਰੂ ਬਾਬੇ ਨਾਨਕ ਨੇ ਇੱਥੇ ਸਾਨੂੰ ਕਿਰਤ ਕਰਨ ਦਾ ਉਪਦੇਸ਼ ਦਿੱਤਾ ਸੀ। ਅਸੀਂ ਗੁਰਦੁਆਰਿਆਂ ਵਿੱਚ ਜਾ ਕੇ ਮੱਥੇ ਬੇਸ਼ੱਕ ਟੇਕਦੇ ਹਾਂ, ਪਰ ਗੁਰੂ ਜੀ ਦੀ ਕਿਰਤ ਕਰਨ ਵਾਲੀ ਸਿੱਖਿਆ ਸਾਨੂੰ ਪਸੰਦ ਨਹੀਂ। ਅੱਜ ਨਾ ਤਾਂ ਅਸੀਂ ਆਪ ਕਿਰਤ ਕਰਕੇ ਰਾਜ਼ੀ ਹਾਂ ਅਤੇ ਨਾ ਹੀ ਅਸੀਂ ਕਿਰਤ ਕਰਨ ਵਾਲਿਆਂ ਨੂੰ ਸਨਮਾਨ ਦਿੰਦੇ ਹਾਂ। ਪਿੰਗਲਵਾੜਾ ਸੰਸਥਾ ਨੇ ਗੁਰੂ ਨਾਨਕ ਦੇਵ ਜੀ ਦਾ 550ਵਾਂ ਗੁਰਪੁਰਬ ਕਿਰਤੀ ਲੋਕਾਂ ਨੂੰ ਸਮਰਪਿਤ ਕਰਕੇ ਇਕ ਬਹੁਤ ਵੱਡਾ ਸੁਨੇਹਾ ਸਾਡੇ ਸਮਾਜ ਨੂੰ ਦਿੱਤਾ ਹੈ ਕਿ ਸਾਨੂੰ ਕਿਰਤ ਨਾਲ ਜੁੜਨਾ ਪਵੇਗਾ, ਕਿਰਤ ਤੋਂ ਬਗੈਰ ਸਮਾਜ ਦਾ ਪਾਰ-ਉਤਾਰਾ ਨਹੀਂ ਹੋ ਸਕਦਾ।

ਪੰਜਵੀਂ ਗੱਲ ਜੋ ਪਿੰਗਲਵਾੜਾ ਦੇ ਇਸ ਪ੍ਰੋਗਰਾਮ ਵਿੱਚ ਵੇਖਣ ਨੂੰ ਮਿਲੀ ਉਹ ਇਹ ਸੀ ਕਿ ਇੱਥੇ ਕਿਸੇ ਨਾਲ ਭੇਦਭਾਵ ਨਹੀਂ ਸੀ। ਪਤਾ ਨਹੀਂ, ਸ਼ਾਇਦ ਭਗਤ ਪੂਰਨ ਸਿੰਘ ਜੀ ਦੀ ਇਹ ਸਿੱਖਿਆ ਹੋਵੇ ਕਿ ਇਕ ਵੱਖ-ਵੱਖ ਡਿਊਟੀਆਂ ਕਰਨ ਵਾਲੇ ਪਿੰਗਲਵਾੜਾ ਨੂੰ ਆਪਣਾ ਪਰਿਵਾਰ ਮੰਨਦੇ ਹਨ। ਵੱਖ-ਵੱਖ ਡਿਊਟੀਆਂ ਨਿਭਾਉਣ ਵਾਲੇ ਅਧਿਆਪਕ, ਕਢਾਈ ਸਿਲਾਈ ਕਰਨ ਵਾਲੀਆਂ ਔਰਤਾਂ, ਖਾਣਾ ਤਿਆਰ ਕਰਨ ਵਾਲੇ ਹਲਵਾਈ, ਇੱਥੋਂ ਤਕ ਕਿ ਭੱਠੀ ’ਤੇ ਦਾਣੇ ਭੁੰਨਣ ਵਾਲੀਆਂ ਔਰਤਾਂ ਸਭ ਨਾਲ ਬੀਬੀ ਜੀ ਗੱਲਬਾਤ ਕਰਦੇ ਅਤੇ ਸਭ ਨੂੰ ਸਾਡਾ ਪਿੰਗਲਵਾੜੇ ਦਾ ਪਰਿਵਾਰ ਦੱਸਦੇ। ਵੱਖ-ਵੱਖ ਥਾਵਾਂ, ਪਰਿਵਾਰਾਂ, ਵੱਖ-ਵੱਖ ਧਰਮਾਂ, ਜਾਤਾਂ ਤੋਂ ਆਏ ਲਾਵਾਰਸ ਬੱਚੇ ਬਜ਼ੁਰਗ ਔਰਤਾਂ ਕਿਵੇਂ ਇਕ ਪਰਿਵਾਰ ਹੋ ਸਕਦੇ ਹਨ, ਕਿਵੇਂ ਇਕ ਦੂਜੇ ਦੇ ਸਾਹੀਂ ਸਾਹ ਲੈਂਦੇ ਹਨ, ਇਕ ਦੂਜੇ ਦਾ ਆਸਰਾ ਬਣਦੇ ਹਨ, ਇਹ ਸਭ ਕੁਝ ਵੇਖ ਕੇ ਅਸਚਰਜ ਜਿਹਾ ਹੁੰਦਾ ਹੈ। ਅੱਜ ਜਦੋਂ ਦੁਨੀਆਂ ਦਾ ਹਰ ਦੇਸ਼ ਵਿਸ਼ੇਸ਼ ਤਾਕਤ ਹਾਸਲ ਕਰਕੇ ਦੂਜੇ ਨੂੰ ਦਬਾਉਣ ਦੀ ਕੋਸ਼ਿਸ਼ ਵਿੱਚ ਹੈ ਤਾਂ ਧਰਮਾਂ ਜਾਤਾਂ ਦੇ ਨਾਮ ਤੇ ਦੁਨੀਆਂ ਵਿੱਚ ਵਖਰੇਵੇਂ ਵਧ ਰਹੇ ਹਨ, ਦੰਗੇ ਫ਼ਸਾਦ, ਕਤਲੋਗਾਰਤ ਅਤੇ ਬਲਾਤਕਾਰ ਵਰਗੀਆਂ ਘਿਣੌਨੀਆਂ ਹਰਕਤਾਂ ਹੁੰਦੀਆਂ ਹਨ। ਇਸ ਦੌਰ ਵਿੱਚ ਪਿੰਗਲਵਾੜਾ ਸੰਸਥਾ ਸਾਨੂੰ ਬਹੁਤ ਵੱਡਾ ਮਾਨਵਤਾ ਦਾ ਪੈਗ਼ਾਮ ਦਿੰਦੀ ਹੈ ਕਿ ਅਸੀਂ ਵੱਖ-ਵੱਖ ਜਾਤਾਂ, ਮਜਹਬਾਂ ਧਰਮਾਂ ਦੇ ਹੋ ਕੇ ਇਕ ਧਰਤੀ ਤੇ ਇਕ ਛੱਤ ਹੇਠ ਇਕੱਠੇ ਰਹਿ ਸਕਦੇ ਹਾਂ। ਇਹ ਪੈਗ਼ਾਮ ਸ਼ਾਇਦ ਦੁਨੀਆਂ ਦੇ ਹਰ ਵਿਅਕਤੀ, ਹਰ ਦੇਸ਼ ਅਤੇ ਧਰਮ ਕਰਮ ਦੇ ਨਾਮ ’ਤੇ ਦੂਜਿਆਂ ਦੀ ਰੱਤ ਡੋਲ੍ਹਣ ਵਾਲਿਆਂ ਨੂੰ ਸਮਝਣ ਦੀ ਲੋੜ ਹੈ।



# ਅੰਬਰ ਨਾਲ ਸਾਡੀ ਸਾਂਝ

ਆਕਾਸ਼ ਨਾਲ ਸਾਡਾ ਰਿਸ਼ਤਾ ਹੁਣ ਉਹ ਨਹੀਂ ਰਿਹਾ ਜੋ ਕਦੇ ਹੋਇਆ ਕਰਦਾ ਸੀ। ਅਰਬਾਂ ਖ਼ਰਬਾਂ ਮੀਲ ਦੂਰ ਰਾਤ ਨੂੰ ਚਮਕਦੇ ਤਾਰਿਆਂ ਨਾਲ ਸਾਡੀ ਕਾਲਪਨਿਕ ਜਾਣ-ਪਹਿਚਾਣ ਸੀ। ਚੰਨ, ਧ੍ਰੂ-ਤਾਰਾ, ਤਿੰਗੜ ਤਾਰੇ, ਸਪਤਰਿਸ਼ੀ, ਮੰਜੀ, ਪੂਛਲ ਤਾਰਾ, ਖਿੱਤੀਆਂ ਆਦਿ ਅਤੇ ਇਨ੍ਹਾਂ ਨਾਲ ਜੁੜੀਆਂ ਕਈ ਕਾਲਪਨਿਕ ਕਹਾਣੀਆਂ ਮਨੁੱਖ ਦੇ ਜ਼ਿਹਨ ਦਾ ਹਿੱਸਾ ਹੋਇਆ ਕਰਦੀਆਂ ਸਨ। ਚੰਦ, ਸੂਰਜ, ਤਾਰਿਆਂ ਨਾਲ ਸੰਬੰਧਿਤ ਅਨੇਕਾਂ ਬਾਤਾਂ/ਕਹਾਣੀਆਂ ਸਾਡੀ ਸੰਸਕ੍ਰਿਤੀ ਦਾ ਹਿੱਸਾ ਹਨ ਜੋ ਰਾਤ ਵੇਲੇ ਪਾਈਆਂ ਜਾਂਦੀਆਂ ਸਨ। ਚੰਨ ਦੇ ਦਾਗ਼ ਜੋ ਹਕੀਕਤ ਵਿੱਚ ਡੂੰਘੀਆਂ ਖਾਈਆਂ ਹਨ, ਸਾਨੂੰ ਧਰਤੀ ਵਾਸੀਆਂ ਨੂੰ ਚਰਖਾ ਕੱਤਦੀ ਬੁੱਢੀ ਮਾਈ ਦੀ ਆਕ੍ਰਿਤੀ ਲੱਗਦੇ ਹਨ। ਇਹਨਾਂ ਡੂੰਘੀਆਂ ਖਾਈਆਂ ਤੋਂ ਬਣਦੀ ਆਕ੍ਰਿਤੀ ਨੂੰ ਗੌਤਮ ਰਿਸ਼ੀ ਦੀ ਕਥਾ ਨਾਲ ਵੀ ਜੋੜਿਆ ਜਾਂਦਾ ਹੈ। ਦੁਨੀਆਂ ਦੇ ਵੱਖ-ਵੱਖ ਦੇਸ਼ਾਂ ਵਿੱਚ ਸੂਰਜ, ਚੰਨ ਅਤੇ ਤਾਰਿਆਂ ਨਾਲ ਵੱਖ-ਵੱਖ ਅਜਿਹੀਆਂ ਅਨੇਕ ਕਹਾਣੀਆਂ ਪ੍ਰਚੱਲਿਤ ਹਨ। ਇਹ ਕਾਲਪਨਿਕ ਕਥਾ ਕਹਾਣੀਆਂ ਸਾਡੀ ਆਕਾਸ਼ ਨਾਲ ਸਾਂਝ ਦੀਆਂ ਪ੍ਰਤੀਕ ਸਨ ਜੋ ਹੌਲੀ-ਹੌਲੀ ਹੁਣ ਮਨੁੱਖ ਦੇ ਜ਼ਿਹਨ ’ਚੋਂ ਮਨਫ਼ੀ ਹੋ ਰਹੀਆਂ ਹਨ। ਇਸ ਦਾ ਕਾਰਨ ਇਹ ਹੈ ਕਿ ਅੰਬਰਾਂ ਨਾਲ ਮਨੁੱਖ ਦੀ ਸਾਂਝ ਹੁਣ ਹੌਲੀ-ਹੌਲੀ ਪੇਤਲੀ ਪੈਣ ਲੱਗ ਪਈ ਹੈ।

ਗੁਫ਼ਾਵਾਂ ’ਚੋਂ ਨਿਕਲ ਕੇ ਮਨੁੱਖ ਟੱਪਰੀਵਾਸਾਂ ਵਾਲਾ ਜੀਵਨ ਜਿਊਣ ਲੱਗਾ ਤੇ ਫਿਰ ਹੌਲੀ-ਹੌਲੀ ਕੱਚੇ ਘਰ ਬਣਾ ਕੇ ਰਹਿਣ ਲੱਗ ਪਿਆ। ਕੱਚੇ ਘਰਾਂ ਤੋਂ ਪੱਕੇ ਕਮਰੇ—ਤੇ ਹੁਣ ਕੋਠੀਆਂ ਬਣਾ ਕੇ ਰਹਿਣ ਲੱਗ ਪਿਆ ਹੈ। ਘਰਾਂ ’ਚੋਂ ਘਰਾਂ ਦੇ ਵਿਹੜੇ ਗ਼ਾਇਬ ਹੋ ਗਏ। ਘਰ ਪਾਉਣ ਲਈ ਦਸ ਮਰਲੇ ਜ਼ਮੀਨ ’ਚੋਂ ਸਾਢੇ ਨੌਂ ਮਰਲੇ ਜ਼ਮੀਨ ਤਿੰਨ ਮੰਜ਼ਲੇ ਮਕਾਨ ਨੇ ਘੇਰ ਲਈ, ਰਾਤ ਨੂੰ ਸੌਣ ਲਈ ਅਸੀਂ ਬਿਜਲੀ ’ਤੇ ਨਿਰਭਰ ਹੋ ਗਏ ਅਤੇ ਆਕਾਸ਼ ਨਾਲੋਂ ਸਾਡਾ ਰਾਬਤਾ ਵੀ ਟੁੱਟ ਗਿਆ। ਸਾਡੇ ਪੁਰਖੇ ਸਦੀਆਂ ਤੋਂ ਰਾਤ ਵੇਲੇ ਤਾਰਿਆਂ ਅਤੇ ਦਿਨ ਵੇਲੇ ਸੂਰਜ ਦੀ ਸਥਿਤੀ ਨੂੰ ਵੇਖ ਕੇ ਵਕਤ ਦਾ ਅੰਦਾਜ਼ਾ ਕਰਦੇ ਆਏ ਹਨ। ਵਕਤ ਵੇਖਣ ਲਈ ਹੁਣ ਗੁੱਟ-ਘੜੀ ਅਤੇ ਮੋਬਾਇਲ ਸਾਡੇ ਪਾਸ ਹਨ। ਸਾਡੀ ਧੌਣ ਹੁਣ ਵਕਤ ਦਾ ਅੰਦਾਜ਼ਾ ਕਰਨ ਲਈ ਉੱਪਰ ਵੱਲ ਜਾਣ ਦੀ ਬਜਾਏ ਹੇਠ ਵੱਲ ਝੁੱਕਦੀ ਹੈ। ਪਹਿਲਾਂ ਮਨੁੱਖ ਕੁਦਰਤ ਨਾਲ ਇਕਮਿੱਕ ਸੀ, ਆਪਣੇ ਆਲੇ-ਦੁਆਲੇ ਕੁਦਰਤ ਦੇ ਪਸਾਰੇ ਨੂੰ ਦੇਖਦਾ ਸੀ, ਹੁਣ ਕੁਝ ਨਵਾਂ ਜਾਣਨ ਦਾ ਮਾਧਿਅਮ ਟੀ.ਵੀ., ਕੰਪਿਊਟਰ ਅਤੇ ਮੋਬਾਇਲ ਬਣ ਗਏ ਹਨ। ਪਹਿਲਾਂ ਮਨੁੱਖ ਪੈਦਲ ਤੁਰਦਿਆਂ, ਕੰਮ ਕਰਦਿਆਂ ਆਕਾਸ਼ ਵਿੱਚ ਉੱਡਦੇ ਪੰਛੀਆਂ ਨੂੰ ਦੇਖਦਾ। ਆਕਾਸ਼ ਵੱਲ ਵਧਦੇ ਰੁੱਖਾਂ ਵਣਾਂ ਨੂੰ ਦੇਖਦਾ, ਜੀਵਨ

ਨਿਰਬਾਹ ਦੀਆਂ ਕੁਝ ਜ਼ਰੂਰੀ ਲੋੜਾਂ ਲਈ ਮਨੁੱਖ ਨੂੰ ਅਕਸਰ ਰੁੱਖਾਂ 'ਤੇ ਚੜ੍ਹਨਾ ਵੀ ਪੈਂਦਾ ਸੀ। ਦਰਿਆਵਾਂ ਨਦੀਆਂ ਨੂੰ ਤੈਰ ਕੇ ਪਾਰ ਕਰਨਾ ਪੈਂਦਾ ਸੀ। ਇਨ੍ਹਾਂ ਕੰਮਾਂ ਦੌਰਾਨ ਉਸ ਦੀ ਧੌਣ ਦਾ ਰੁਖ਼ ਅੰਬਰ ਵੱਲ ਰਹਿੰਦਾ ਸੀ; ਪਰ ਵਿਗਿਆਨਿਕ ਤਕਨੀਕ ਨੇ ਮਨੁੱਖ ਨੂੰ ਉਤਾਂਹ ਅੰਬਰ ਵੱਲ ਵੇਖਣ ਦੀ ਬਜਾਏ ਉਸ ਦੀ ਸਾਰੀ ਸਰਗਰਮੀ ਨੂੰ ਹੇਠਾਂ ਵੱਲ ਮਸ਼ੀਨ ਅਤੇ ਸਕਰੀਨ ਵਿੱਚੋਂ ਦੀ ਖੁਲ੍ਹਦੀ ਦੁਨੀਆਂ ਨਾਲ ਜੋੜ ਦਿੱਤਾ। ਮਨੁੱਖ ਦੇ ਸਰੀਰਕ ਢਾਂਚੇ ਦੀ ਬਣਤਰ ਇਸ ਦੀ ਇਜਾਜ਼ਤ ਨਹੀਂ ਦਿੰਦੀ ਕਿ ਉਹ ਘੰਟਿਆਂ ਬੱਧੀ ਟਿਕ-ਟਿਕੀ ਲਾ ਕੇ ਸਕਰੀਨ ਨਾਲ ਜੁੜਿਆ ਰਹੇ। ਇਹੋ ਕਾਰਨ ਹੈ ਕਿ ਦੁਨੀਆਂ ਵਿੱਚ ਮਨੁੱਖਾਂ ਦੀ ਵੱਡੀ ਗਿਣਤੀ ਸਰਵਾਈਕਲ ਅਤੇ ਹੱਡੀਆਂ ਦੇ ਹੋਰ ਰੋਗਾਂ ਤੋਂ ਪੀੜਿਤ ਹੋ ਰਹੀ ਹੈ।

ਆਕਾਸ਼ ਵਿੱਚ ਚਮਕਦੇ ਤਾਰਿਆਂ, ਚੰਨ, ਸੂਰਜਾਂ ਅਤੇ ਬੱਦਲਾਂ ਵਿੱਚ ਲਿਸ਼ਕਦੀ ਬਿਜਲੀ ਦੇ ਅਲੌਕਿਕ ਵਰਤਾਰਿਆਂ ਨੇ ਕਾਲਪਨਿਕ ਕਹਾਣੀਆਂ ਦੇ ਨਾਲ-ਨਾਲ ਕਈ ਤਰ੍ਹਾਂ ਦੇ ਵਹਿਮਾਂ-ਭਰਮਾਂ ਨੂੰ ਵੀ ਜਨਮ ਦਿੱਤਾ। ਇਨ੍ਹਾਂ ਕਾਲਪਨਿਕ ਵਿਸ਼ਵਾਸਾਂ 'ਚੋਂ ਹੀ ਜੋਤਸ਼ ਦਾ ਜਨਮ ਹੋਇਆ। ਜਿਵੇਂ ਪਹਿਲਾਂ ਦੱਸਿਆ ਗਿਆ ਹੈ ਕਿ ਮਨੁੱਖ ਗ੍ਰਹਿਾਂ ਤਾਰਿਆਂ ਦੀ ਸਥਿਤੀ ਨੂੰ ਵੇਖ ਕੇ ਸਫ਼ਰਾਂ 'ਤੇ ਜਾਂਦਾ ਸੀ। ਸਮੁੰਦਰੀ ਸਫ਼ਰ ਲਈ ਚੰਦ ਤਾਰਿਆਂ ਤੋਂ ਸੇਧ ਲੈਣ ਦੀ ਤਾਂ ਹੋਰ ਵੀ ਜ਼ਿਆਦਾ ਜ਼ਰੂਰਤ ਹੁੰਦੀ ਸੀ। ਸਮੁੰਦਰੀ ਸਫ਼ਰ ਪੈਦਲ ਸਫ਼ਰ ਦੇ ਮੁਕਾਬਲੇ ਵਧੇਰੇ ਜ਼ੋਖਮ ਭਰਿਆ ਹੁੰਦਾ ਸੀ। ਸਮੁੰਦਰ ਵਿੱਚ ਉੱਠਦੇ ਤੁਫ਼ਾਨ, ਜਵਾਰ-ਭਾਟਿਆਂ ਵਿੱਚ ਅਕਸਰ ਅਨੇਕਾਂ ਲੋਕਾਂ ਦੀਆਂ ਜਾਨਾਂ ਚਲੀਆਂ ਜਾਂਦੀਆਂ ਸਨ। ਇਸ ਤਰ੍ਹਾਂ ਕੁਝ ਸਿਆਣੇ ਬੰਦਿਆਂ ਨੇ ਚੰਨ ਦੀ ਸਥਿਤੀ, ਜਵਾਰ-ਭਾਟਾ ਆਉਣ ਅਤੇ ਮਨੁੱਖ ਦੇ ਸਮੁੰਦਰੀ ਸਫ਼ਰ 'ਤੇ ਤੁਰਨ ਜਾਂ ਨਾ ਤੁਰਨ ਨੂੰ ਆਕਾਸ਼ੀ ਵਰਤਾਰਿਆਂ ਨਾਲ ਜੋੜਿਆ। ਇਹ ਜੋਤਿਸ਼ ਦੀ ਸ਼ੁਰੂਆਤ ਸੀ। ਲੰਬੇ ਸਫ਼ਰ 'ਤੇ ਗਏ ਯਾਤਰੀ ਜਦੋਂ ਕਦੇ ਤੁਫ਼ਾਨਾਂ ਦੀ ਲਪੇਟ ਵਿੱਚ ਆ ਕੇ ਆਪਣੀ ਜਾਨ ਗੁਆ ਬੈਠਦੇ ਸਨ ਤਾਂ ਮੰਨਿਆ ਜਾਂਦਾ ਸੀ ਕਿ ਉਹਨਾਂ ਦੇ ਸਫ਼ਰ 'ਤੇ ਤੁਰਨ ਦਾ ਸਮਾਂ ਸਹੀ ਨਹੀਂ ਸੀ। ਇਸ ਤਰ੍ਹਾਂ ਆਕਾਸ਼ ਵਿੱਚ ਚੰਨ ਤਾਰਿਆਂ ਦੀ ਸਥਿਤੀ ਨੂੰ ਮਨੁੱਖ ਦੀ ਕਿਸਮਤ ਨਾਲ ਜੋੜਿਆ ਗਿਆ। ਬਹੁਤ ਮਗਰੋਂ ਆ ਕੇ ਮਨੁੱਖ ਨੇ ਆਕਾਸ਼ ਵਿੱਚ ਬਣਦੀਆਂ ਤਾਰਿਆਂ ਦੀਆਂ ਅਕ੍ਰਿਤੀਆਂ ਨੂੰ ਬਾਰਾਂ ਰਾਸ਼ੀਆਂ ਦਾ ਨਾਮ ਦਿੱਤਾ ਅਤੇ ਇਹ ਸਮਝਿਆ ਕਿ ਆਕਾਸ਼ ਦੇ ਇਹ ਤਾਰੇ ਧਰਤੀ ਦੁਆਲੇ ਘੁੰਮਦੇ ਹਨ। ਰਾਸ਼ੀਆਂ ਆਪਣੀ ਸਥਿਤੀ ਬਦਲਦੀਆਂ ਹਨ। ਜਿਵੇਂ ਪੁਰਾਣੇ ਵੇਲਿਆਂ ਵਿੱਚ ਸਫ਼ਰ 'ਤੇ ਤੁਰਨ ਦਾ ਸਮਾਂ, ਆਕਾਸ਼ ਵਿੱਚ ਗ੍ਰਹਿਾਂ, ਤਾਰਿਆਂ ਦੀ ਸਥਿਤੀ ਅਤੇ ਮਨੁੱਖੀ ਭਵਿੱਖ ਨੂੰ ਆਪਸ ਵਿੱਚ ਰਲ-ਗੱਡ ਕੀਤਾ ਗਿਆ ਬਿਲਕੁਲ ਇਸੇ ਅਨੁਸਾਰ ਜੋਤਸ਼ ਅੱਜ ਵੀ ਚੰਨ, ਤਾਰਿਆਂ ਅਤੇ ਸੂਰਜ ਨੂੰ ਚਲਦਾ ਸਮਝ ਕੇ ਰਾਸ਼ੀਆਂ, ਸਮਾਂ ਅਤੇ ਜਨਮ ਸਥਾਨ ਅਨੁਸਾਰ ਕਿਸੇ ਵੀ ਮਨੁੱਖ ਦੀ ਕੁੰਡਲੀ ਤਿਆਰ ਕਰਦਾ ਹੈ। ਮਨੁੱਖ ਦੇ ਭਵਿੱਖ ਦਾ ਖ਼ਾਕਾ ਤਿਆਰ ਕਰਦਾ ਹੈ। ਪਰ, ਸਗੋਂ ਜੋਤਸ਼



ਦੇ ਗ੍ਰੰਥਾਂ, ਸ਼ਾਸਤਰਾਂ ਤੋਂ ਉਲਟ ਧਰਤੀ ਸੂਰਜ ਦੁਆਲੇ ਘੁੰਮਦੀ ਹੈ ਨਾ ਕਿ ਸੂਰਜ। ਧਰਤੀ ਦਾ ਆਪਣੀ ਧੁਰੀ ਦੁਆਲੇ ਚੱਕਰ 24 ਘੰਟਿਆਂ ਵਿੱਚ ਪੂਰਾ ਹੁੰਦਾ ਹੈ ਜਿਸ ਨਾਲ ਦਿਨ ਅਤੇ ਰਾਤ ਬਣਦੇ ਹਨ। ਸੂਰਜ ਦੁਆਲੇ ਚੱਕਰ ਇਕ ਸਾਲ ਵਿੱਚ ਪੂਰਾ ਹੁੰਦਾ ਹੈ, ਜਿਸ ਨਾਲ ਰੁੱਤਾਂ ਬਦਲਦੀਆਂ ਹਨ। ਇਸ ਤਰ੍ਹਾਂ 'ਜੋਤਸ਼' ਜੋ ਧਰਤੀ ਨੂੰ ਸਥਿਰ ਮੰਨਦਾ ਹੈ ਦਾ ਮਨੁੱਖ ਦੀ ਕਿਸਮਤ ਨੂੰ ਗ੍ਰਹਿਾਂ ਰਾਸ਼ੀਆਂ ਨਾਲ ਜੋੜਨਾ ਮੂਲੋਂ ਹੀ ਗ਼ਲਤ ਹੈ। ਅਫ਼ਸੋਸ ਦੀ ਗੱਲ ਇਹ ਹੈ ਕਿ ਅਜੋਕੇ ਗਿਆਨ ਵਿਗਿਆਨ ਦੇ ਇਸ ਯੁੱਗ ਵਿੱਚ ਜੋਤਸ਼ ਦਾ ਧੰਦਾ ਇਕ ਬਹੁਤ ਵੱਡਾ ਕਾਰੋਬਾਰ ਬਣ ਗਿਆ ਹੈ। ਇਹ ਧੰਦਾ ਬੜੀ ਤੇਜ਼ੀ ਨਾਲ ਫਲ ਫੂਲ ਰਿਹਾ ਹੈ, ਪਰ ਇਹ ਸੱਚਾਈ ਤੋਂ ਕੋਹਾਂ ਦੂਰ ਹੈ। ਇਹ ਸਿਰਫ਼ ਤੀਰ ਤੁੱਕੇ ਦਾ ਗਿਆਨ ਹੈ।

ਜਿਉਨਾਰਦੋ ਬਰੂਨੋ ਅਤੇ ਗਲੈਲੀਓ ਵਰਗੇ ਖਗੋਲ ਵਿਗਿਆਨੀਆਂ ਨੇ ਧਰਤੀ, ਆਕਸ਼ ਅਤੇ ਸੂਰਜ ਸੰਬੰਧੀ ਖੋਜਾਂ ਕਰਕੇ ਦੱਸਿਆ ਕਿ ਸੂਰਜ ਨਹੀਂ ਬਲਕਿ ਧਰਤੀ ਸੂਰਜ ਦੁਆਲੇ ਘੁੰਮਦੀ ਹੈ। ਜਦੋਂ ਸਾਰੀ ਦੁਨੀਆਂ ਕਾਲਪਨਿਕ ਗਿਆਨ ਨੂੰ ਸੱਚ ਮੰਨ ਕੇ ਚੱਲ ਰਹੀ ਹੋਵੇ ਤਾਂ ਅੱਜ ਤੋਂ 500 ਸਾਲ ਪਹਿਲਾਂ ਅਜਿਹੀ ਗੱਲ ਕਹਿਣੀ ਆਪਣੀ ਮੌਤ ਨੂੰ ਆਪ ਸੱਦਾ ਦੇਣ ਵਾਲੀ ਗੱਲ ਸੀ। **ਕਿਉਂਕਿ ਬਾਈਬਲ ਵਿੱਚ ਇਹ ਦਰਜ ਹੈ ਕਿ ਸੂਰਜ ਧਰਤੀ ਦੁਆਲੇ ਚੱਕਰ ਕੱਢਦਾ ਹੈ। ਸੋ, ਆਪਣੇ ਗ੍ਰੰਥਾਂ ਦੀਆਂ ਰੂੜੀਵਾਦੀ ਧਾਰਨਾਵਾਂ ਗ਼ਲਤ ਸਾਬਤ ਹੁੰਦੀਆਂ ਵੇਖ ਕੇ ਗਲੈਲੀਓ ਵਰਗੇ ਮਹਾਨ ਵਿਗਿਆਨੀਆਂ ਨੂੰ ਘੋਰ ਤਸੀਹੇ ਦੇ ਕੇ ਸ਼ਹੀਦ ਕੀਤਾ ਗਿਆ। ਭੀੜਾਂ ਕੋਲ ਸੱਚ ਕੱਲ੍ਹ ਵੀ ਨਹੀਂ ਸੀ ਅੱਜ ਵੀ ਨਹੀਂ ਹੈ। ਆਕਾਸ਼ ਵਿੱਚ ਵਾਪਰਦੇ ਵਰਤਾਰਿਆਂ ਸੰਬੰਧੀ ਅੱਜ ਜੋ ਗਿਆਨ ਸਾਨੂੰ ਹਾਸਲ ਹੋਇਆ ਹੈ ਉਸ ਨੂੰ ਸਾਡੇ ਤਕ ਪੁੱਜਦਾ ਕਰਨ ਲਈ ਕਈ ਮਹਾਨ ਸ਼ਖ਼ਸੀਅਤਾਂ ਨੂੰ ਵੱਡੀਆਂ ਕੁਰਬਾਨੀਆਂ ਕਰਨੀਆਂ ਪਈਆਂ।** ਸਾਡੀ ਧਰਤੀ ਵੀ ਦੂਜੇ 8 ਗ੍ਰਹਿਾਂ ਵਰਗਾ ਹੀ ਇਕ ਗ੍ਰਹਿ ਹੈ, ਪਰ ਇਹ ਕੁਝ ਹਾਲਤਾਂ ਵਿੱਚ ਧਰਤੀ ਵੀ ਦੂਜਿਆਂ ਤੋਂ ਭਿੰਨ ਹੈ। ਇਸ ਦੁਆਲੇ ਹਵਾਵਾਂ ਦਾ ਇਕ ਗਿਲਾਫ਼ ਚੜ੍ਹਿਆ ਹੋਇਆ ਹੈ ਜੋ ਸੂਰਜ ਦੀਆਂ ਖ਼ਤਰਨਾਕ ਪਰਾਵੈਂਗਣੀ ਕਿਰਨਾਂ ਨੂੰ ਧਰਤੀ 'ਤੇ ਆਉਣ ਤੋਂ ਰੋਕਦਾ ਹੈ। ਦੂਜੇ ਗ੍ਰਹਿ ਬੁੱਧ, ਸ਼ੁੱਕਰ ਜੋ ਸੂਰਜ ਦੇ ਨੇੜੇ ਹਨ ਉਹਨਾਂ 'ਤੇ ਗਰਮੀ ਬਹੁਤ ਜ਼ਿਆਦਾ ਹੈ ਅਤੇ ਜੋ ਸੂਰਜ ਤੋਂ ਦੂਰ ਹਨ ਉਹ ਠੰਢੇ ਯੱਖ ਹਨ। ਧਰਤੀ ਜੋ ਸੂਰਜ ਦੀ ਪਰਿਕਰਮਾ ਵਿੱਚ ਤੀਜੇ ਸਥਾਨ 'ਤੇ ਹੈ ਦੁਆਲੇ ਵਾਯੂਮੰਡਲ ਹੋਣ ਕਰਕੇ ਹੀ ਇੱਥੇ ਜੀਵਨ ਸੰਭਵ ਹੋ ਸਕਿਆ ਹੈ। ਇਹ ਵਾਯੂਮੰਡਲ ਹਵਾਵਾਂ ਦਾ ਗਿਲਾਫ਼ ਸਾਨੂੰ ਧਰਤੀ ਵਾਸੀਆਂ ਨੂੰ ਨੀਲਾ ਅੰਬਰ, ਨੀਲੀ ਛਤਰੀ ਪ੍ਰਤੀਤ ਹੁੰਦਾ ਹੈ। ਧਰਤੀ ਨੂੰ ਧਰਤੀ ਦੇ ਬਾਹਰੋਂ ਵੇਖਿਆਂ ਇਹ ਫਿੱਕੇ ਸਲੇਟੀ ਬੱਦਲਾਂ ਵਿੱਚ ਲਿਪਟੀ ਨਜ਼ਰ ਆਉਂਦੀ ਹੈ। ਵਾਯੂਮੰਡਲ ਤੋਂ ਅਗਾਂਹ ਖ਼ਾਲੀ ਥਾਂ (ਸਪੇਸ) ਨੂੰ ਅਸੀਂ ਪੁਲਾੜ ਆਖਦੇ ਹਾਂ।

ਆਕਾਸ਼ ਤੋਂ ਅਸੀਂ ਬਹੁਤ ਕੁਝ ਸਿੱਖਿਆ, ਆਕਾਸ਼ ਵਿੱਚ ਮੀਲਾਂ ਦੂਰ ਉੱਡ ਕੇ ਜਾਂਦੇ ਪੰਛੀਆਂ ਨੂੰ ਵੇਖ ਕੇ ਮਨੁੱਖ ਦੇ ਮਨ ਵਿੱਚ ਵੀ ਉੱਡਣ ਦਾ ਖ਼ਿਆਲ ਹੈ। ਕਈ ਸਾਲਾਂ ਦੀ ਲੰਮੀ ਘਾਲਣਾ ਅਤੇ ਕਈ ਪੜਾਵਾਂ ਤੋਂ ਗੁਜ਼ਰ ਕੇ ਅਮਰੀਕਾ ਦੇ ਰਾਈਟ ਭਰਾਵਾਂ ਨੇ ਹਵਾਈ ਜਹਾਜ਼ ਦੀ ਖੋਜ ਕੀਤੀ ਅਤੇ ਮਨੁੱਖ ਪੰਛੀਆਂ ਵਾਂਗ ਹਵਾ ਵਿੱਚ ਉੱਡਣ ਦੇ ਸਮਰੱਥ ਹੋ ਸਕਿਆ।

ਆਕਾਸ਼ ਵਿੱਚ ਵਾਪਰਦੇ ਵਰਤਾਰਿਆਂ ਤੋਂ ਹੀ ਮਨੁੱਖ ਨੇ ਹੁਣ ਤਕ ਦੀ ਸਭ ਤੋਂ ਵੱਡੀ ਖੋਜ ਬਿਜਲੀ ਦੀ ਖੋਜ ਕੀਤੀ। ਕਿਆਸ ਕਰੋ, ਜੇ ਬਿਜਲੀ ਨਾ ਹੁੰਦੀ ਤਾਂ ਜੀਵਨ ਕਿਹੋ ਜਿਹਾ ਹੁੰਦਾ। ਮਨੁੱਖ ਨੇ ਕਿੰਨੀਆਂ ਹੀ ਸਹੂਲਤਾਂ ਤੋਂ ਵਾਂਝਾ ਹੋਣਾ ਸੀ। ਦਿਨ-ਰਾਤ, ਚੰਨ ਦੇ ਵਧਦੇ ਘਟਦੇ ਆਕਾਰ (ਮੱਸਿਆ ਪੁੰਨਿਆ) ਅਤੇ ਮੌਸਮਾਂ ਆਦਿ ਦੀਆਂ ਤਬਦੀਲੀਆਂ ਨੂੰ ਵੇਖ ਕੇ ਮਨੁੱਖ ਨੂੰ ਸਮਾਂ ਅਤੇ ਸਮੇਂ ਦੀ ਵੰਡ ਕਰਨ ਦਾ ਖ਼ਿਆਲ ਆਇਆ। ਆਕਾਸ਼ ਦੇ ਤਾਰਿਆਂ ਅਤੇ ਚੰਨ ਤੋਂ ਪਰਿਵਰਤਿਤ ਹੋ ਕੇ ਆ ਰਹੇ ਸੂਰਜੀ ਪ੍ਰਕਾਸ਼ ਤੋਂ ਹੀ ਮਨੁੱਖ ਨੂੰ ਹਨੇਰੇ ਵਿੱਚ ਚਾਨਣ ਕਰਨ ਅਤੇ ਦੀਵਾ ਬਣਾਉਣ ਦਾ ਖ਼ਿਆਲ ਆਇਆ। ਸਾਨੂੰ ਧਰਤੀ ਵਾਸੀਆਂ ਨੂੰ ਆਕਾਸ਼ ਦਾ ਰੰਗ ਨੀਲਾ ਨਜ਼ਰ ਆਉਂਦਾ ਹੈ। ਜੇ ਸਾਨੂੰ ਅੰਬਰ ਨੀਲਾ ਨਜ਼ਰ ਨਾ ਆਉਂਦਾ ਤਾਂ ਸਾਨੂੰ ਚਿੱਟੇ ਬੱਦਲ ਵੀ ਇੰਨੇ ਸੋਹਣੇ ਨਹੀਂ ਸੀ ਲੱਗਣੇ। ਜੇ ਆਕਾਸ਼ ਵਿੱਚ ਚੰਦ ਤਾਰੇ ਨਾ ਹੁੰਦੇ ਤਾਂ ਸਾਡੀ ਜ਼ਿੰਦਗੀ ਵਿੱਚ ਵੀ ਇੰਨੀ ਚਮਕ ਦਮਕ ਨਹੀਂ ਹੋਣੀ ਸੀ। ਜੇ ਆਕਾਸ਼ ਵਿੱਚ ਕਾਲੀਆਂ ਘਟਾਵਾਂ ਨਾ ਚੜ੍ਹਦੀਆਂ, ਬਿਜਲੀਆਂ ਨਾ ਲਿਸ਼ਕਦੀਆਂ, ਬੱਦਲ ਨਾ ਬਰਸਦੇ ਤਾਂ ਧਰਤੀ ਵੀ ਇੰਨੀ ਹਰੀ ਭਰੀ ਨਹੀਂ ਹੋਣੀ ਸੀ; ਧਰਤੀ ਬੜੀ ਉਦਾਸ ਅਤੇ ਮੈਲੀ ਹੋਣੀ ਸੀ।

ਧਰਤੀ ਸਾਡੀ ਮਾਂ ਹੈ ਅਸੀਂ ਇਸ 'ਚੋਂ ਪੈਦਾ ਹੋਏ ਅਤੇ ਇਸ ਦੀ ਬੁੱਕਲ ਵਿੱਚ ਹੀ ਇਕ ਨਾ ਇਕ ਦਿਨ ਸਮਾਅ ਜਾਣਾ ਹੁੰਦਾ ਹੈ। ਧਰਤੀ ਸਾਡੀ ਪਾਲਕ ਹੈ, ਸਾਨੂੰ ਰਿਜ਼ਕ ਦਿੰਦੀ ਹੈ, ਸਾਡੀ ਸੰਭਾਲ ਕਰਦੀ ਹੈ; ਪਰ ਧਰਤੀ ਦੁਆਲੇ ਹਵਾਵਾਂ ਦਾ ਗਿਲਾਫ਼ ਜਿਸ ਨੂੰ ਅਸੀਂ ਅੰਬਰ ਆਖਦੇ ਹਾਂ ਜੇ ਨਾ ਹੁੰਦਾ ਤਾਂ ਧਰਤੀ ਵੀ ਵੀਰਾਨ ਹੋਣੀ ਸੀ। ਆਕਾਸ਼ ਦੀ ਨੀਲੀ ਛਤਰੀ ਕਾਰਨ ਹੀ ਧਰਤੀ 'ਤੇ ਵੱਖ-ਵੱਖ ਤਰ੍ਹਾਂ ਦਾ ਜਨ ਜੀਵਨ, ਰੁੱਖ, ਵਣ, ਬਨਸਪਤੀਆਂ ਸੰਭਵ ਹੋ ਸਕੀਆਂ। ਸਾਡਾ ਅੱਜ ਦਾ ਸਮਾਜ ਜਿਸ ਵਿੱਚ ਹਰ ਦਿਨ ਨਿੱਜਵਾਦ ਭਾਰੂ ਹੋ ਰਿਹਾ ਹੈ। ਹਰ ਦਿਨ ਅਸੀਂ ਧਰਤੀ ਨੂੰ ਹੀ ਨਹੀਂ ਬਲਕਿ ਆਕਾਸ਼ ਦੀ ਨੀਲੱਤਣ ਨੂੰ ਵੀ ਪ੍ਰਦੂਸ਼ਣ ਦੀ ਕਾਲਖ ਨਾਲ ਗੰਦਾ ਕਰਨ ਲੱਗੇ ਹੋਏ ਹਾਂ। ਜੀਵਨ ਰੱਖਿਅਕ ਓਜ਼ੋਨ ਪਰਤ ਵਿੱਚ ਮਘੋਰੇ ਬਣ ਰਹੇ ਹਨ, ਜਿਸ ਕਾਰਨ ਸਾਡੀ ਧਰਤੀ 'ਤੇ ਰਹਿਣ ਵਾਲੇ ਜੀਵ-ਜੰਤੂਆਂ ਨੂੰ ਖ਼ਤਰਾ ਪੈਦਾ ਹੋ ਗਿਆ ਹੈ। ਪੰਛੀਆਂ ਦੀਆਂ ਕਈ ਨਸਲਾਂ ਦਾ ਖ਼ਾਤਮਾ ਹੋ ਚੁੱਕਿਆ ਹੈ, ਕਈ ਨਸਲਾਂ ਖ਼ਤਮ ਹੋਣ ਦੀ ਕਗਾਰ 'ਤੇ ਹਨ। ਇਹ ਸਭ ਕੁਝ ਮਨੁੱਖ ਨਾਮ ਦੇ ਜੀਵ ਜਿਸ ਨੂੰ



ਗ੍ਰੰਥਾਂ, ਸ਼ਾਸਤਰਾਂ ਅਨੁਸਾਰ ਸਭ ਤੋਂ ਉੱਤਮ ਜੀਵ ਹੋਣ ਦਾ ਮਾਣ ਹਾਸਲ ਹੈ, ਦੀ ਮਿਹਰਬਾਨੀ ਸਦਕਾ ਹੈ।

ਮਨੁੱਖ ਦਾ ਧਰਤੀ 'ਤੇ ਰਹਿਣਾ ਅਤੇ ਉਸ ਦੀ ਹਰ ਸਰਗਰਮੀ ਸਿਰਫ਼ ਤੇ ਸਿਰਫ਼ ਪੈਸੇ ਲਈ ਹੀ ਨਹੀਂ ਹੈ ਸਗੋਂ ਮਨੁੱਖ ਨੇ ਆਪਣੇ ਆਪ ਤੋਂ ਇਲਾਵਾ ਘਰ ਪਰਿਵਾਰ, ਸਮਾਜ ਅਤੇ ਇਸ ਪਿਆਰੀ ਧਰਤੀ ਅਤੇ ਇਸ ਦੇ ਜਲਵਾਯੂ ਲਈ ਵੀ ਜਿਊਣਾ ਹੁੰਦਾ ਹੈ। ਅੱਜ ਦਾ ਮਨੁੱਖ ਜੋ ਧਰਤੀ ਨੂੰ ਮਾਂ ਮੰਨਦਾ ਹੈ ਪਰ ਇਸ ਦੀ ਮਿੱਟੀ, ਪਾਣੀ ਅਤੇ ਹਵਾ ਨੂੰ ਬਰਬਾਦ ਕਰਕੇ ਆਪਣੀਆਂ ਤਿਜੌਰੀਆਂ ਭਰਨ ਵਿੱਚ ਲੱਗਾ ਹੋਇਆ ਹੈ। ਧਰਮਾਂ ਮਜ਼ਹਬਾਂ ਦੇ ਨਾਮ 'ਤੇ ਲੜ ਰਿਹਾ ਹੈ। ਇਸ ਨੇ ਧਰਤੀ 'ਤੇ ਇੰਨਾ ਬਾਰੂਦ ਇਕੱਠਾ ਕਰ ਲਿਆ ਹੈ ਕਿ ਇਸ ਧਰਤੀ ਜਿਹੀਆਂ ਪੱਚੀ ਹੋਰ ਧਰਤੀਆਂ ਤੋਂ ਜੀਵਨ ਦੀ ਹੋਂਦ ਨੂੰ ਨੇਸਤੋ ਨਾਬੂਦ ਕੀਤਾ ਜਾ ਸਕਦਾ ਹੈ। ਮਨੁੱਖ ਨੂੰ ਧਰਤੀ ਦਾ ਭਾਵੇਂ ਸਭ ਤੋਂ ਸ੍ਰੇਸ਼ਠ ਜੀਵ ਮੰਨਿਆ ਜਾਂਦਾ ਹੈ। ਇਹ ਸੱਚ ਹੈ ਕਿ ਮਨੁੱਖ ਨੇ ਸਿਆਣਪਾਂ ਨਾਲ ਨਵੇਂ ਦਿਸਹੱਦੇ ਸਿਰਜੇ ਹਨ, ਪਰ ਸਥਿਤੀ ਦੂਜੇ ਪਾਸੇ ਇਹ ਹੈ ਕਿ ਅੱਜ ਦੇ ਕੰਪਿਊਟਰ ਯੁੱਗ ਵਿੱਚ ਵੀ ਮਨੁੱਖ ਦੀਆਂ ਬੇਹੂਦਗੀਆਂ ਦਾ ਵੀ ਕੋਈ ਪਾਰਾਵਾਰ ਨਹੀਂ ਹੈ। ਅੱਜ ਸਮੇਂ ਦੀ ਲੋੜ ਹੈ ਕਿ ਅਸੀਂ ਆਪਣੇ ਆਪ ਤੋਂ ਇਲਾਵਾ ਇਸ ਸਮਾਜ ਅਤੇ ਵਾਤਾਵਰਨ ਨੂੰ ਸਵੱਛ ਬਣਾਉਣ ਲਈ ਜੀਵੀਏ, ਤਾਂ ਕਿ ਮਨੁੱਖ ਸਮੇਤ ਦੂਜੀਆਂ ਜੀਵ ਜਾਤੀਆਂ ਦੀ ਹੋਂਦ ਬਰਕਰਾਰ ਰਹੇ ਅਤੇ ਅੰਬਰ ਦੀ ਨੀਲੱਤਣ ਵੀ ਨਿੱਖਰੀ-ਨਿੱਖਰੀ ਬਣੀ ਰਹੇ।

# ਪੰਜਾਬ ਦੀ ਧਰਤੀ ਨੂੰ ਕਿਉਂ ਛੱਡ ਰਹੇ ਹਨ ਪੰਜਾਬ ਦੇ ਲੋਕ

ਪੰਜਾਬ ਦੀ ਜ਼ਰਖੇਜ਼ ਮਿੱਟੀ ਨੂੰ ਮਹਾਨ ਵਿਦਵਾਨ, ਗੁਰੂ, ਯੋਧੇ ਅਤੇ ਕੁਰਬਾਨੀਆਂ ਦੇ ਮੁਜੱਸਮੇਂ ਪੈਦਾ ਕਰਨ ਦਾ ਮਾਣ ਹਾਸਲ ਹੈ। ਪੰਜਾਬ ਦੇ ਜਾਏ ਕਿਰਤੀ, ਕਮਾਊ ਪੁੱਤਰਾਂ ਵਜੋਂ ਜਾਣੇ ਜਾਂਦੇ ਰਹੇ ਹਨ। ਇੱਥੇ ਦੂਜਿਆਂ ਦੇ ਦੁੱਖਾਂ ਦਰਦਾਂ ਲਈ ਕੁਰਬਾਨੀਆਂ ਦੇਣ ਦੀ ਰਵਾਇਤ ਰਹੀ ਹੈ। ਪੰਜਾਬ ਦੀ ਧਰਤੀ ਦੀਆਂ ਮਾਵਾਂ ਦੂਜਿਆਂ ਦੀਆਂ ਧੀਆਂ ਭੈਣਾਂ ਦੀ ਇੱਜ਼ਤ ਦੀ ਰਾਖੀ ਲਈ ਜਾਨ ਦੀ ਬਾਜ਼ੀ ਲਾਉਣ ਵਾਲੇ ਦੁੱਲੇ ਜੰਮਦੀਆਂ ਰਹੀਆਂ ਹਨ।

ਪੰਜਾਬ ਦੇ ਲੋਕ ਕਦੇ ਦੂਜਿਆਂ ਦੀਆਂ ਧੀਆਂ-ਭੈਣਾਂ ਦੇ ਰਾਖਿਆਂ ਵਜੋਂ ਜਾਣੇ ਜਾਂਦੇ ਸਨ, ਪਰ ਅੱਜ ਹਾਲਾਤ ਇਹ ਹਨ ਕਿ ਇੱਥੋਂ ਦੀਆਂ ਧੀਆਂ-ਭੈਣਾਂ ਆਪਣੀ ਹੀ ਧਰਤੀ ’ਤੇ ਮਹਿਫੂਜ਼ ਨਹੀਂ ਹਨ। ਕਦੇ ਕਿਸੇ ਨੇ ਸੋਚਿਆ ਵੀ ਨਹੀਂ ਸੀ ਕਿ ਪੰਜਾਬ ਦੀ ਧਰਤੀ ਦਿਨ ਦੀਵੀ ਅਜਿਹੀਆਂ ਘਿਨੌਣੀਆਂ ਵਾਰਦਾਤਾਂ ਦਾ ਇਲਾਕਾ ਬਣ ਜਾਵੇਗੀ, ਜਿਨ੍ਹਾਂ ਨੂੰ ਦੇਖ ਪੜ੍ਹ ਕੇ ਪੰਜਾਬ ਦੇ ਮਾਣ-ਮੱਤੇ ਇਤਿਹਾਸ ਨੂੰ ਵੱਟਾ ਲੱਗੇਗਾ। ਪਿਛਲੇ ਕੁਝ ਅਰਸੇ ਤੋਂ ਪੰਜਾਬੀ ਸਮਾਜ ਕਈ ਤਰ੍ਹਾਂ ਦੇ ਸੰਕਟਾਂ ਦਾ ਸ਼ਿਕਾਰ ਹੋਇਆ ਨਜ਼ਰ ਆਉਂਦਾ ਹੈ। ਬੇਰੁਜ਼ਗਾਰ ਫਿਰ ਰਹੀ ਜਵਾਨੀ ਨੂੰ ਆਹਰੇ ਨਹੀਂ ਲਾਇਆ ਜਾ ਸਕਿਆ। ਇਸ ਕਾਰਨ ਇੱਥੇ ਛੋਟੇ ਵੱਡੇ ਕਈ ਗੈਂਗ ਪੈਦਾ ਹੋ ਗਏ ਹਨ ਜੋ ਆਪਸ ਵਿੱਚ ਵੀ ਆਏ ਦਿਨ ਲੜਦੇ ਹਨ ਅਤੇ ਸਮਾਜ ਦੀ ਸ਼ਾਂਤੀ ਲਈ ਵੀ ਖ਼ਤਰਾ ਬਣਦੇ ਜਾ ਰਹੇ ਹਨ। ਲੁੱਟਾਂ, ਖੋਹਾਂ, ਧੱਕੇ-ਸ਼ਾਹੀਆਂ ਅਤੇ ਛੋਟੇ-ਮੋਟੇ ਝਗੜਿਆਂ ਤੋਂ ਹੁੰਦੇ ਕਤਲਾਂ ਦੀਆਂ ਖ਼ਬਰਾਂ ਆਮ ਹੋ ਗਈਆਂ ਹਨ। ਲੋਕ ਧਰਮਾਂ, ਮਜ਼ਹਬਾਂ, ਜ਼ਾਤਾਂ ਅਤੇ ਡੇਰਿਆਂ ਦੇ ਨਾਮ ’ਤੇ ਲੜ ਰਹੇ ਹਨ। ਸੌੜੀ ਰਾਜਨੀਤੀ ਦੀ ਬਦੌਲਤ ਪੇਂਡੂ ਭਾਈਚਾਰਾ ਖੇਰੂੰ-ਖੇਰੂੰ ਹੋ ਗਿਆ ਹੈ। ਆਪਣੀ ਹਉਮੈਂ ਨੂੰ ਵੱਧ ਤੋਂ ਵੱਧ ਪੱਠੇ ਪਾਉਣ ਦੀ ਮਨੋਬਿਰਤੀ ਵਧ ਰਹੀ ਹੈ। ਪੰਜਾਬ ਦੇ ਹਰ ਪਿੰਡ ਦੇ ਕੁਝ ਕੁ ਪਰਿਵਾਰ ਅਜਿਹੇ ਮਿਲ ਜਾਣਗੇ ਜੋ ਪਿਛਲੇ ੧੦-੧੫ ਸਾਲਾਂ ਵਿੱਚ ਜ਼ਮੀਨਾਂ ਤੋਂ ਵਾਂਝੇ ਹੋ ਗਏ ਹਨ ਅਤੇ ਰੋਟੀ ਦੇ ਜੁਗਾੜ ਲਈ ਇਹ ਲੋਕ ਸ਼ਹਿਰਾਂ ਵਿੱਚ ਮਜ਼ਦੂਰੀ ਜਾਂ ਹੋਰ ਛੋਟੇ ਮੋਟੇ ਧੰਦੇ ਕਰਨ ਲਈ ਮਜਬੂਰ ਹੋ ਗਏ ਹਨ। ਦੂਜੇ ਪਾਸੇ ਪੜ੍ਹੇ ਲਿਖੇ ਨੌਜਵਾਨ ਜਿਨ੍ਹਾਂ ਦੀ ਬਹੁ-ਗਿਣਤੀ ਬੀ.ਐਡ., ਐਮ.ਐਡ., ਐਮ.ਐਸ.ਸੀ. ਅਤੇ ਐਮ.ਟੈਕ. ਵਰਗੀਆਂ ਡਿਗਰੀਆਂ ਲਈ ਸੜਕਾਂ ’ਤੇ ਰੁਲ ਰਹੇ ਹਨ। ਹਰ ਮਹਿਕਮੇ ਵਿੱਚ ਮੰਦੀ ਦਾ ਆਲਮ ਹੈ, ਹਰ ਪਾਸੇ ਹੜਤਾਲਾਂ, ਰੋਸ ਮੁਜ਼ਾਹਰੇ ਅਤੇ ਭੁੱਖ ਹੜਤਾਲਾਂ ਵਰਗੇ ਵਰਤਾਰੇ ਵਧ ਰਹੇ ਹਨ। ਹਰ ਪਾਸੇ ਅਸ਼ਾਂਤੀ ਅਤੇ ਅਸੰਤੁਸ਼ਟੀ ਦਾ ਮਾਹੌਲ ਹੈ, ਪਰ ਸਰਕਾਰ ਸ਼ਾਂਤ ਹੈ। ਕੁਝ ਅਰਸੇ ਤੋਂ ਪੰਜਾਬ ਦੀ ਧਰਤੀ ’ਤੇ ਘਿਨੌਣੀਆਂ ਘਟਨਾਵਾਂ ਲਗਾਤਾਰ ਵਾਪਰ ਰਹੀਆਂ ਹਨ ਜਿਨ੍ਹਾਂ ਨਾਲ ਪੰਜਾਬ ਅਤੇ ਪੰਜਾਬੀਅਤ ਦੇ ਵਕਾਰ ਨੂੰ ਧੱਕਾ ਲੱਗਾ ਹੈ।

ਪੰਜਾਬ ਦੀ ਧਰਤੀ ਜਿਸ ਨੂੰ ਮਾਣ ਨਾਲ ਪੰਜ ਪਾਣੀਆਂ ਦੀ ਧਰਤੀ



ਕਹਿੰਦੇ ਹਾਂ ਦੀ ਹਵਾ, ਮਿੱਟੀ, ਪਾਣੀ ਬਰਬਾਦ ਹੋ ਗਏ ਹਨ। 50 ਪ੍ਰਤੀਸ਼ਤ ਲੋਕ ਦੂਸ਼ਿਤ ਪਾਣੀ ਪੀ ਰਹੇ ਹਨ। ਵੱਡੀ ਗਿਣਤੀ ’ਚ ਲੋਕ ਵੱਖ-ਵੱਖ ਤਰ੍ਹਾਂ ਦੀਆਂ ਭਿਆਨਕ ਬਿਮਾਰੀਆਂ ਦਾ ਸ਼ਿਕਾਰ ਹੋ ਰਹੇ ਹਨ। ਮਾਨਸਿਕ ਤਣਾਅ ਕਰਕੇ ਮਾਨਸਿਕ ਰੋਗੀਆਂ ਦੀ ਗਿਣਤੀ ਬੜੀ ਤੇਜ਼ੀ ਨਾਲ ਵਧਣੀ ਸ਼ੁਰੂ ਹੋ ਗਈ ਹੈ। ਸਮਾਜਿਕ ਅਸੰਤੋਸ਼, ਅਨਿਆਂ, ਨਸ਼ਿਆਂ, ਬੇਕਾਰੀ ਅਤੇ ਅਨਿਆਂ ਤੋਂ ਪੈਦਾ ਹੋਈਆਂ ਸਮੱਸਿਆਵਾਂ ਦਾ ਸ਼ਿਕਾਰ ਹੋਏ ਲੋਕ ਵੱਖ-ਵੱਖ ਤਰ੍ਹਾਂ ਦੇ ਮਨੋਵਿਕਾਰਾਂ ਦਾ ਸ਼ਿਕਾਰ ਬਣ ਰਹੇ ਹਨ। ਕੋਈ ਵੀ ਸਮਾਜ ਜਦੋਂ ਵੱਖ-ਵੱਖ ਤਰ੍ਹਾਂ ਦੇ ਸੰਕਟਾਂ ਦਾ ਸ਼ਿਕਾਰ ਹੁੰਦਾ ਹੈ ਤਾਂ ਉਸ ਸਮਾਜ ਵਿੱਚ ਅੰਧ-ਵਿਸ਼ਵਾਸਾਂ ਲਈ ਜ਼ਮੀਨ ਤਿਆਰ ਹੁੰਦੀ ਹੈ। ਸਮਾਜ ਦੀ ਸਦਮਾਜਨਕ ਸਥਿਤੀ ਉਨ੍ਹਾਂ ਲੋਕਾਂ ਦੇ ਬੜੀ ਅਨੁਕੂਲ ਬੈਠਦੀ ਹੈ ਜਿਨ੍ਹਾਂ ਨੇ ਇਸ ਤੋਂ ਮੋਟੀਆਂ ਕਮਾਈਆਂ ਕਰਨੀਆਂ ਹੁੰਦੀਆਂ ਹਨ। ਇਹੋ ਕਾਰਨ ਹੈ ਕਿ ਇੱਥੇ ਡੇਰਾਵਾਦ, ਮਿਜ਼ਾਰਵਾਦ ਅਤੇ ਹੋਰ ਅੰਧ-ਵਿਸ਼ਵਾਸੀ ਰਹੁਰੀਤਾਂ ਬੜੀ ਤੇਜ਼ੀ ਨਾਲ ਫਲ-ਫੁਲ ਰਹੀਆਂ ਹਨ। ਆਪਣੇ ਦੁੱਖਾਂ ਦਰਦਾਂ ਤੋਂ ਕਿਸੇ ਕਰਾਮਾਤੀ ਵਿਧੀ ਨਾਲ ਨਿਜ਼ਾਤ ਪਾਉਣ ਲਈ ਟਰੱਕਾਂ ਟਰਾਲੀਆਂ ’ਤੇ ਡੇਰਿਆਂ ਅਤੇ ਧਰਮ ਅਸਥਾਨਾਂ ਵੱਲ ਸੜਕਾਂ ’ਤੇ ਨਿਕਲੀਆਂ ਲੋਕਾਂ ਦੀਆਂ ਭੀੜਾਂ ਨੂੰ ਪੰਜਾਬ ਦੀ ਹਰ ਸੜਕ ’ਤੇ ਆਮ ਵੇਖਿਆ ਜਾ ਸਕਦਾ ਹੈ। ਲੋਕ ਅਜਿਹੇ ਕੰਮਾਂ ਵਿੱਚ ਕੀਮਤੀ ਸਮਾਂ ਅਤੇ ਪੈਸਾ ਬਰਬਾਦ ਕਰ ਰਹੇ ਹਨ। ਹਰ ਛੋਟੇ ਵੱਡੇ ਸ਼ਹਿਰ ਵਿੱਚ ਜੋਤਸ਼, ਨਗਾਂ, ਮੁੰਦਰੀਆਂ ਅਤੇ ਕਾਲੇ ਇਲਮਾਂ ਨਾਲ ਮਨੁੱਖ ਦੇ ਸਿਤਾਰਿਆਂ ਦੀ ਮਿੰਟਾਂ ਸਕਿੰਟਾਂ ਵਿੱਚ ਦਿਸ਼ਾ ਬਦਲਣ ਵਾਲੇ ਵੱਡੇ-ਵੱਡੇ ਹੋਰਡਿੰਗ ਬੋਰਡ ਸਾਡੇ ਸਮਾਜ ਦੇ ਬੌਧਿਕ ਪੱਖੋਂ ਕੰਗਾਲ ਅਤੇ ਵੱਖ-ਵੱਖ ਕਈ ਸਮੱਸਿਆਵਾਂ ਵਿੱਚ ਫਸੇ ਹੋਣ ਦੇ ਗਵਾਹ ਹਨ। ਇਸ ਤੋਂ ਇਲਾਵਾ ਅਸ਼ਲੀਲ ਗੀਤ ਲਿਖਣ ਗਾਉਣ ਵਾਲਿਆਂ ਅਤੇ ਅਸ਼ਲੀਲ ਫ਼ਿਲਮਾਂ ਬਣਾਉਣ ਵਾਲੇ ਲਗਾਤਾਰ ਮੁਲਕ ਦੀ ਨੌਜਵਾਨੀ ਦਾ ਬੇੜਾ ਗਰਕ ਕਰਨ ਲਈ ਯਤਨਸ਼ੀਲ ਹਨ। ਪੰਜਾਬ ਦੀ ਕਿਸੇ ਵੀ ਬੱਸ ’ਤੇ ਚੜ੍ਹੋ ਅਸ਼ਲੀਲ ਗਾਣਿਆਂ ਦੀਆਂ ਟੇਪਾਂ ਵੱਜ ਰਹੀਆਂ ਹਨ। ਹਰ ਵਰਗ ਦੇ ਲੋਕ ਚੁੱਪ-ਚਾਪ ਸੁਣ ਰਹੇ ਹੁੰਦੇ ਹਨ। ਕਿਸੇ ਦੀ ਹਿੰਮਤ ਨਹੀਂ ਕਿ ਅਜਿਹਾ ਕੁਝ ਬੰਦ ਕਰਨ ਬਾਬਤ ਕੁਝ ਕਹਿਣ।

ਪੰਜਾਬ ਦੇ ਜ਼ਿਆਦਾਤਰ ਲੋਕ ਸਿੱਧੇ ਜਾਂ ਅਸਿੱਧੇ ਤੌਰ ’ਤੇ ਕਿਰਸਾਨੀ ਨਾਲ ਜੁੜੇ ਹੋਏ ਹਨ। ਪਿਛਲੇ ਲੰਮੇ ਸਮੇਂ ਤੋਂ ਵੱਖ-ਵੱਖ ਸਰਕਾਰਾਂ ਦਾ ਕਿਸਾਨਾਂ ਪ੍ਰਤੀ ਰਵੱਈਆ ਬੜਾ ਨਾਕਾਰਾਤਮਿਕ ਰਿਹਾ ਹੈ। ਕਣਕ ਝੋਨੇ ਦੇ ਫ਼ਸਲੀ ਚੱਕਰ ’ਚੋਂ ਕੱਢਣ ਲਈ ਕੋਈ ਵੀ ਸਾਰਥਿਕ ਉਪਰਾਲੇ ਨਹੀਂ ਕੀਤੇ ਗਏ। ਕਿਸਾਨਾਂ ਦਾ ਭਵਿੱਖ ਲਗਾਤਾਰ ਬਲ ਰਿਹਾ ਹੈ ਅਤੇ ਸਾਡੇ ਨੇਤਾ ਲੰਮੇ ਸਮੇਂ ਤੋਂ ਇਸ ’ਤੇ ਆਪਣੀਆਂ ਸਿਆਸੀ ਰੋਟੀਆਂ ਸੇਕਦੇ ਆ ਰਹੇ ਹਨ। ਚਾਹੀਦਾ ਤਾਂ ਇਹ ਸੀ ਕਿ ਕਿਰਸਾਨੀ ਦੇ ਕਿੱਤੇ ਨੂੰ ਦੁਨੀਆਂ ਦੇ ਹਾਣ ਦਾ ਬਣਾਉਣ ਲਈ ਇਸ ਦਾ ਸਾਰਥਿਕ ਵਿਕਾਸ ਹੁੰਦਾ। ਖੇਤੀ ਵਿੱਚ ਆਈ ਖੜੋਤ ਨੂੰ ਤੋੜਨ ਅਤੇ ਖੇਤੀ ਨੂੰ ਲਾਹੇਵੰਦ ਧੰਦਾ ਬਣਾਉਣ, ਅਨਾਜ ਅਤੇ ਹੋਰ ਫ਼ਸਲਾਂ ਤੋਂ ਬਣਦੇ ਪ੍ਰੋਡਕਟ ਬਣਾਉਣ ਲਈ ਅੱਗੇ ਵਧਿਆ ਜਾਂਦਾ, ਪਰ ਹੋਇਆ ਇਸ ਤੋਂ ਉਲਟ। ਅਜਿਹਾ ਕੁਝ ਜੇ ਹੈ ਵੀ ਸੀ ਤਾਂ ਉਸ ਦਾ ਭੋਗ ਪਾ

ਦਿੱਤਾ ਗਿਆ। ਖੰਡ ਮਿੱਲਾਂ ਦੀ ਮਿਸਾਲ ਇੱਥੇ ਸਾਡੇ ਸਾਹਮਣੇ ਹੈ ਕਿ ਕਿਵੇਂ ਇਹ ਸਰਕਾਰਾਂ ਦੀ ਬੇਰੁਖ਼ੀ ਦਾ ਸ਼ਿਕਾਰ ਹੋ ਕੇ ਰਹਿ ਗਈਆਂ ਅਤੇ ਪੰਜਾਬ ਵਿੱਚ ਇਨ੍ਹਾਂ ਦਾ ਭੱਠਾ ਹੀ ਬਹਿ ਗਿਆ। ਇਹਦੇ ਉਲਟ ਇੱਥੋਂ ਦੇ ਸਮਾਜ ਅਤੇ ਵਾਤਾਵਰਨ ਦੀ ਬਰਬਾਦੀ ਲਈ ਸ਼ਰਾਬ ਫੈਕਟਰੀਆਂ ਦੀ ਭਰਮਾਰ ਹੋ ਗਈ ਹੈ। ਠੇਕਿਆਂ ਦੀ ਗਿਣਤੀ ਹਰ ਸਾਲ ਵਧ ਰਹੀ ਹੈ। ਉਹ ਸਰਕਾਰੀ ਮਹਿਕਮੇ ਜਿਨ੍ਹਾਂ ਵਿੱਚ ਘੱਟ ਪੜ੍ਹੇ ਲਿਖੇ ਲੋਕਾਂ ਨੂੰ ਵੀ ਰੋਜ਼ਗਾਰ ਮਿਲ ਜਾਂਦਾ ਸੀ ਹੁਣ ਆਪਣੇ ਆਖਰੀ ਸਾਹਾਂ ’ਤੇ ਹਨ। ਨਹਿਰੀ ਵਿਭਾਗ, ਰੋਡਵੇਜ਼, ਸੜਕਾਂ, ਬਿਜਲੀ ਬੋਰਡ, ਜੰਗਲਾਤ ਵਿਭਾਗ ਆਦਿ ਮਹਿਕਮਿਆਂ ਵਿੱਚ ਸੱਤਰ ਅੱਸੀਵੇਂ ਦੇ ਦਹਾਕੇ ਵਿੱਚ ਤਾਂ ਭਰਤੀ ਹੋ ਸਕਦੀ ਸੀ, ਪਰ ਅੱਜ ਨਹੀਂ। ਸਵਾਲ ਪੈਦਾ ਹੁੰਦਾ ਹੈ ਕਿ ਅੱਜ ਨਹਿਰਾਂ ਦਾ ਆਕਾਰ ਛੋਟਾ ਹੋ ਗਿਆ ਹੈ ਜਾਂ ਸੜਕਾਂ ਘਟ ਗਈਆਂ ਹਨ? ਕੀ ਜੰਗਲਾਤ ਮਹਿਕਮੇ ਲਈ ਕੰਮ ਕਰਨ ਵਾਲੇ ਕਰਮਚਾਰੀਆਂ ਦੀ ਹੁਣ ਲੋੜ ਨਹੀਂ? ਇਸ ਸਭ ਕੁਝ ਦਾ ਕਾਰਨ ਇਹ ਹੈ ਕਿ ਰੋਜ਼ਗਾਰ ਲੋਕਾਂ ਤੋਂ ਖੋਹ ਕੇ ਕੁਝ ਕੁ ਧਨਾਢ ਹੱਥਾਂ ਵਿੱਚ ਦਿੱਤੇ ਜਾ ਰਹੇ ਹਨ। ਲੋਕ ਸੇਵਾਵਾਂ ਤੋਂ ਕਮਾਈਆਂ ਕਰਨ ਦੇ ਨਾਲ ਉਹ ਢੰਗ ਵੀ ਖੋਜੇ ਜਾ ਰਹੇ ਹਨ ਕਿ ਲੋਕਾਂ ਦੀ ਕਿਸ ਦੁਖਦੀ ਰਗ ’ਤੇ ਹੱਥ ਰੱਖ ਕੇ ਉਹਨਾਂ ਨੂੰ ਹੋਰ ਅਸਾਨੀ ਨਾਲ ਨਿਚੋੜਿਆ ਜਾ ਸਕਦਾ ਹੈ। ਸਮਝ ਨਹੀਂ ਆਉਂਦੀ ਕਿ ਅਸੀਂ ਵਿਕਾਸ ਵੱਲ ਵਧ ਰਹੇ ਜਾਂ ਵਿਨਾਸ਼ ਵੱਲ। ਦੋ ਦਹਾਕੇ ਪਹਿਲਾਂ ਵੱਖ-ਵੱਖ ਮਹਿਕਮਿਆਂ ਵਿੱਚ ਲੋਕਾਂ ਦੀ ਭਰਤੀ ਕੀਤੀ ਜਾ ਸਕਦੀ ਸੀ, ਪਰ ਅੱਜ ਕਿਉਂ ਨਹੀਂ? ਅੱਜ ਹਾਲਾਤ ਇੰਨੇ ਬਦਹਾਲ ਹੋ ਗਏ ਹਨ ਕਿ ਚਪੜਾਸੀ ਦੀ ਨੌਕਰੀ ਲਈ ਪੀ.ਐਚ.ਡੀ. ਪਾਸ ਲੋਕ ਲਾਈਨ ਵਿੱਚ ਖੜ੍ਹੇ ਹਨ। ਇਸ ਤੋਂ ਵੱਡੀ ਤਰਾਸਦੀ ਹੋਰ ਕੀ ਹੋ ਸਕਦੀ ਹੈ ਭਲਾ?

ਸਿਹਤ ਸਹੂਲਤਾਂ ਅਤੇ ਸਿੱਖਿਆ ਦਾ ਬੁਰਾ ਹਾਲ ਹੈ। ਆਏ ਦਿਨ ਸਰਕਾਰੀ ਡਾਕਟਰ ਅਤੇ ਅਧਿਆਪਕ ਤਨਖ਼ਾਹਾਂ ਨਾ ਮਿਲਣ ਕਾਰਨ ਹੜਤਾਲਾਂ ਕਰ ਰਹੇ ਹਨ। ਅਜਿਹੀਆਂ ਸਭ ਤਰ੍ਹਾਂ ਦੀਆਂ ਸਰਕਾਰੀ ਨਾਕਾਮੀਆਂ ਦਾ ਖ਼ਮਿਆਜ਼ਾ ਆਮ ਲੋਕਾਂ ਨੂੰ ਭੁਗਤਣਾ ਪੈਂਦਾ ਹੈ। ਲੋਕਾਂ ਦੀ ਕਮਾਈ ਦਾ ਵੱਡਾ ਹਿੱਸਾ ਬੱਚਿਆਂ ਦੀ ਪੜ੍ਹਾਈ ’ਤੇ ਖ਼ਰਚ ਹੋ ਰਿਹਾ ਹੈ। ਸਰਕਾਰੀ ਸਕੂਲਾਂ ਨੂੰ ਇਕ ਤਰ੍ਹਾਂ ਸਿੱਖਿਆ ਦੀਆਂ ਪ੍ਰਯੋਗਸ਼ਾਲਾਵਾਂ ਬਣਾ ਕੇ ਰੱਖ ਦਿੱਤਾ ਗਿਆ ਹੈ, ਜਿੱਥੇ ਹੁੰਦੇ ਨਿੱਤ ਨਵੇਂ ਪ੍ਰਯੋਗ ਬੱਚਿਆਂ ਦੀ ਸਮਝ ਤਾਂ ਕੀ ਆਉਣੇ ਹਨ ਅਧਿਆਪਕਾਂ ਦੀ ਸਮਝ ਵਿੱਚ ਵੀ ਨਹੀਂ ਆਉਂਦੇ। ਪਿਛਲੇ ਲੰਮੇ ਅਰਸੇ ਤੋਂ ਵੱਖ-ਵੱਖ ਸਰਕਾਰਾਂ ਵੱਲੋਂ ਜਾਣ-ਬੁੱਝ ਕੇ ਅਜਿਹੇ ਹਾਲਾਤ ਪੈਦਾ ਕੀਤੇ ਗਏ ਕਿ ਬਹੁਗਿਣਤੀ ਲੋਕ ਔਖੇ ਹੋ ਕੇ ਵੀ ਪ੍ਰਾਈਵੇਟ ਸਕੂਲਾਂ ਨੂੰ ਤਰਜੀਹ ਦੇਣ ਲੱਗ ਪਏ ਹਨ।

ਨੌਜਵਾਨ ਮੁੰਡੇ-ਕੁੜੀਆਂ ਵਿਦੇਸ਼ਾਂ ਨੂੰ ਭੱਜ ਰਹੇ ਹਨ। ਉਨ੍ਹਾਂ ਦੀ ਪੜ੍ਹਾਈ ਅਤੇ ਹੁਨਰ ਦੀ ਇੱਥੇ ਕੋਈ ਕਦਰ ਨਹੀਂ ਹੈ। ਜੇਕਰ ਬਾਹਰਲੇ ਮੁਲਕਾਂ ਵਿੱਚ ਉਨ੍ਹਾਂ ਲਈ ਰੋਜ਼ਗਾਰ ਦੇ ਮੌਕੇ ਹੋ ਸਕਦੇ ਹਨ ਤਾਂ ਇੱਥੇ ਅਜਿਹਾ ਮਾਹੌਲ ਪੈਦਾ ਕਿਉਂ ਨਹੀਂ ਕੀਤਾ ਜਾ ਸਕਿਆ? ਅੱਤਵਾਦ ਵੇਲੇ ਪੰਜਾਬ ਦੇ ਖ਼ਰਾਬ ਹਾਲਾਤ ਕਾਰਨ ਵੀ ਬਹੁਤ ਸਾਰੇ ਪੜ੍ਹੇ ਲਿਖੇ ਲੋਕ ਕੈਨੇਡਾ, ਅਮਰੀਕਾ ਅਤੇ ਇੰਗਲੈਂਡ ਵਰਗੇ ਮੁਲਕਾਂ ਵਿੱਚ ਜਾ



ਕੇ ਵੱਸ ਗਏ। ਬੇਕਾਰੀ ਦੇ ਆਲਮ ਅਤੇ ਅਸ਼ਾਂਤ ਮਾਹੌਲ ਨੇ ਇਕ ਵਾਰ ਫਿਰ ਸਾਡੇ ਹੁਨਰ ਨੂੰ ਬਾਹਰ ਦਾ ਰਸਤਾ ਵਿਖਾ ਦਿੱਤਾ ਹੈ। ਪਾਸਪੋਰਟ ਦਫ਼ਤਰਾਂ ਅੱਗੇ ਲੱਗੀਆਂ ਲਾਈਨਾਂ ਦੱਸਦੀਆਂ ਹਨ ਕਿ ਨੌਜਵਾਨ ਮੁੰਡੇ-ਕੁੜੀਆਂ ਦੇ ਬਾਹਰ ਜਾਣ ਦੇ ਅਮਲ ਵਿੱਚ ਇਕ ਫਿਰ ਤੇਜ਼ੀ ਆ ਗਈ ਹੈ। ਬੜੇ ਦੁੱਖ ਦੀ ਗੱਲ ਹੈ ਕਿ ਉਹ ਧਰਤੀ ਜਿਸ ਨੂੰ ਅਸੀਂ ਗੁਰੂਆਂ ਪੀਰਾਂ ਦੀ ਧਰਤੀ ਆਖਦੇ ਹਾਂ, ਦਾ ਹਰ ਸੋਚਵਾਨ ਮਨੁੱਖ ਇਹ ਚਾਹੁੰਦਾ ਹੈ ਕਿ ਉਹਦੀ ਔਲਾਦ ਇੱਥੇ ਨਾ ਰਹੇ, ਕਿਵੇਂ ਨਾ ਕਿਵੇਂ ਬਾਹਰ ਕਿਸੇ ਹੋਰ ਦੇਸ਼ ਚਲੀ ਜਾਵੇ ਜਿੱਥੇ ਉਸ ਦਾ ਭਵਿੱਖ ਸੁਰੱਖਿਅਤ ਰਹਿ ਸਕੇ। ਇਸ ਰੁਝਾਨ ਦੀ ਵਿਆਖਿਆ ਇੱਥੋਂ ਤਕ ਹੀ ਸੀਮਿਤ ਨਹੀਂ ਹੋ ਜਾਂਦੀ, ਸਗੋਂ ਵਿਚਾਰਨ ਵਾਲੀ ਗੱਲ ਇਹ ਹੈ ਕਿ ਜੇਕਰ ਪੜ੍ਹੇ ਲਿਖੇ ਨੌਜਵਾਨ ਪੰਜਾਬ ਦੀ ਧਰਤੀ ਤੋਂ ਤੇਜ਼ੀ ਨਾਲ ਹਿਜਰਤ ਕਰਦੇ ਹਨ ਅਤੇ ਇੱਥੇ ਉਨ੍ਹਾਂ ਦੀ ਸੂਝ ਅਤੇ ਹੁਨਰ ਨੇ ਜੋ ਚੰਗਾ ਸਿਰਜਣਾ ਸੀ ਉਹਦੀ ਸਿਰਜਣ ਹੁਣ ਉਹ ਬਾਹਰਲੇ ਕਿਸੇ ਮੁਲਕ ਵਿੱਚ ਕਰਨਗੇ। ਕਿਸੇ ਵੀ ਦੇਸ਼ ਲਈ ਆਪਣੇ ਨੌਜਵਾਨਾਂ ਦੇ ਹੁਨਰ ਨੂੰ ਨਾ ਪਹਿਚਾਣਨਾ ਅਤੇ ਨੌਜਵਾਨਾਂ ਨੂੰ ਆਹਰੇ ਨਾ ਲਾਉਣਾ, ਇਹ ਸਾਬਤ ਕਰਦਾ ਹੈ ਕਿ ਅਸੀਂ ਭਵਿੱਖੀ ਯੋਜਨਾਵਾਂ ਦਾ ਭੋਗ ਪਾ ਰਹੇ ਹਾਂ। ਅਜਿਹੇ ਕਈ ਕਾਰਨ ਹਨ ਕਿ ਪੰਜਾਬ ਦੇ ਲੋਕ ਬੜੀ ਤੇਜ਼ੀ ਨਾਲ ਪੰਜਾਬ ਦੀ ਧਰਤੀ ਤੋਂ ਬਾਹਰਲੇ ਮੁਲਕਾਂ ਵੱਲ ਹਿਜਰਤ ਕਰ ਰਹੇ ਹਨ। ਪੰਜਾਬੀ ਲੋਕ ਪਹਿਲਾਂ ਵੀ ਭਾਰਤ ਦੇ ਦੂਜੇ ਸੂਬਿਆਂ ਦੇ ਮੁਕਾਬਲੇ ਵੱਧ ਵਿਦੇਸ਼ਾਂ ਵਿੱਚ ਜਾਂਦੇ ਸਨ। ਇਨ੍ਹਾਂ ’ਚੋਂ ਬਾਹਲੇ ਕਮਾਈ ਕਰਕੇ ਵਾਪਸ ਪਰਤਦੇ ਸਨ; ਪਰ ਹੁਣ ਇਸ ਤੋਂ ਉਲਟ ਪੰਜਾਬ ਦੇ ਲੋਕ ਇੱਧਰੋਂ ਛੱਲੀ ਪੂਣੀ ਵੇਚ ਕੇ ਬਾਹਰ ਸਥਾਪਤ ਹੋਣ ਨੂੰ ਤਰਜੀਹ ਦੇਣ ਲੱਗੇ ਹਨ। ਪਹਿਲਾਂ ਬਾਹਰੋਂ ਪੈਸਾ ਆਉਂਦਾ ਸੀ ਹੁਣ ਜਾਣ ਲੱਗ ਪਿਆ ਹੈ। ਬਾਹਰ ਜਾਣ ਵਾਲਿਆਂ ਦੀ ਗਿਣਤੀ ਬੜੀ ਤੇਜ਼ੀ ਨਾਲ ਵਧ ਰਹੀ ਹੈ।

ਅੱਜ ਸੌੜੀ ਅਤੇ ਆਪਣੇ ਹਿੱਤਾਂ ਤਕ ਸੀਮਿਤ ਰਾਜਨੀਤੀ ਨੂੰ ਤਿਆਗ ਕੇ ਪੰਜਾਬ ਨੂੰ ਬਚਾਉਣ ਲਈ ਵੱਡੀਆਂ ਭਵਿੱਖਮੁੱਖੀ ਯੋਜਨਾਵਾਂ ਉਲੀਕਣ ਦੀ ਲੋੜ ਹੈ। ਵਾਤਾਵਰਣ ਦੀ ਬਦਹਾਲੀ, ਨਸ਼ਿਆਂ ਦੀ ਸਮੱਸਿਆ, ਬਿਮਾਰੀਆਂ, ਦੁਸ਼ਵਾਰੀਆਂ, ਕਿਸਾਨਾਂ ਦੀਆਂ ਆਤਮ-ਹੱਤਿਆਵਾਂ, ਬੇਰੁਜ਼ਗਾਰੀ, ਭ੍ਰਿਸ਼ਟਾਚਾਰ, ਅਨਪੜ੍ਹਤਾ, ਮਹਿੰਗੀ ਸਿੱਖਿਆ, ਗੁੰਡਾਗਰਦੀ ਅਤੇ ਮਾਰਧਾੜ ਵਰਗੀਆਂ ਅਲਾਮਤਾਂ ਤੋਂ ਅਵਾਮ ਨੂੰ ਨਿਜ਼ਾਤ ਦਿਵਾਉਣ ਲਈ ਤੁਰੰਤ ਕੁਝ ਸਖ਼ਤ ਅਤੇ ਲੋਕ-ਪੱਖੀ ਫ਼ੈਸਲੇ ਲੈਣ ਦੀ ਲੋੜ ਹੈ। ਵੱਖ-ਵੱਖ ਤਰ੍ਹਾਂ ਦੀਆਂ ਮੁਸ਼ਕਲਾਂ ਦਾ ਸ਼ਿਕਾਰ ਹੋ ਰਹੇ ਪੰਜਾਬੀ ਸਮਾਜ ਨੂੰ ਇਸ ਜਿਲ੍ਹਣ ’ਚੋਂ ਉਭਾਰਨ ਲਈ ਲੋਕਾਂ ਨਾਲ ਸਿੱਧਾ ਰਾਬਤਾ ਕਰਨ ਦੀ ਲੋੜ ਹੈ। ਲੋਕਾਂ ਨਾਲ ਰਾਬਤਾ ਕਰਕੇ ਹੀ ਲੋਕ ਪੱਖੀ ਠੋਸ ਫ਼ੈਸਲੇ ਲੈਣ ਨਾਲ ਆਮ ਲੋਕਾਂ ਦੀਆਂ ਸਮੱਸਿਆਵਾਂ ਦੇ ਸਾਰਥਿਕ ਹੱਲ ਲੱਭੇ ਜਾ ਸਕਦੇ ਹਨ। ਆਮ ਲੋਕਾਂ ਨੂੰ ਵੀ ਰਾਜਸੀ ਪਾਰਟੀਆਂ ਦੀਆਂ ਛੋਟੀਆਂ-ਛੋਟੀਆਂ ਵਕਤੀ ਰਾਹਤਾਂ, ਖ਼ੈਰਾਤਾਂ ਅਤੇ ਲੋਕ-ਲੁਭਾਊ ਨਾਹਰਿਆਂ/ਏਜੰਡਿਆਂ ਪਿੱਛੇ ਛੁਪੀਆਂ ਭਾਵਨਾਵਾਂ ਨੂੰ ਸਮਝਣ ਦੀ ਲੋੜ ਹੈ।

# ਕੀ ਅਦਿੱਖ ਗ਼ੁਲਾਮੀ ਵੱਲ ਵਧ ਰਹੀ ਹੈ ਦੁਨੀਆਂ?

ਪ੍ਰਸਿੱਧ ਲੇਖਕ ਐਲੈਕਸ ਹੈਲੀ ਦਾ ਨਾਵਲ 'ਰੂਟਸ' ਦੁਨੀਆਂ ਦਾ ਵੱਡ ਅਕਾਰੀ ਇਕ ਮਸ਼ਹੂਰ ਨਾਵਲ ਹੈ, ਜਿਸ ਵਿੱਚ ਉਸ ਨੇ ਗ਼ੁਲਾਮਾਂ ਦੇ ਦੁੱਖ ਦਰਦਾਂ ਦੇ ਨਾਲ-ਨਾਲ ਉਨ੍ਹਾਂ ਦੀ ਮਾਨਸਿਕ ਅਵਸਥਾ ਦਾ ਬੜਾ ਬਾਰੀਕੀ ਨਾਲ ਚਿਤਰਨ ਕੀਤਾ ਹੈ। ਨਾਵਲ ਵਿੱਚ ਅਫਰੀਕੀ ਦੇਸ਼ਾਂ ਤੋਂ ਫੜ ਕੇ ਲਿਆਂਦੇ ਕਾਲੇ ਗ਼ੁਲਾਮਾਂ ਨੂੰ ਯੂਰੋਪ ਦੀਆਂ ਮੰਡੀਆਂ ਵਿੱਚ ਸਬਜ਼ੀ ਵਾਂਗ ਬੋਲੀ ਲਾ ਕੇ ਮੰਡੀਆਂ ਵਿੱਚ ਵੇਚਿਆ ਜਾਂਦਾ ਹੈ। ਅਫਰੀਕੀ ਦੇਸ਼ਾਂ 'ਚੋਂ ਗ਼ੁਲਾਮਾਂ ਨੂੰ ਸਮੁੰਦਰੀ ਜਹਾਜ਼ਾਂ ਦੇ ਕੰਟੇਨਰਾਂ ਵਿੱਚ ਜਾਨਵਰਾਂ ਦੀ ਤਰ੍ਹਾਂ ਭਰ ਕੇ ਲਿਆਂਦਾ ਜਾਂਦਾ। ਇਨ੍ਹਾਂ ਕੰਟੇਨਰਾਂ ਦੇ ਮੋਰਿਆਂ ਵਿੱਚੋਂ ਹੀ ਇਨ੍ਹਾਂ ਲਈ ਖਾਣਾ ਸੁੱਟਿਆ ਜਾਂਦਾ, ਇਕ ਕਮਰੇ ਜਿੱਡੇ ਕੰਟੇਨਰ ਵਿੱਚ ਸੌ ਤੋਂ ਵੱਧ ਗ਼ੁਲਾਮਾਂ ਨੂੰ ਰੱਖਿਆ ਜਾਂਦਾ, ਕਈ ਦਿਨਾਂ ਦੇ ਸਮੁੰਦਰੀ ਸਫ਼ਰ ਦੌਰਾਨ ਇਹ ਗ਼ੁਲਾਮ ਉੱਥੇ ਹੀ ਮਲ ਤਿਆਗ ਕਰਦੇ ਅਤੇ ਉਸੇ ਗੰਦੀ ਫ਼ਰਸ਼ 'ਤੇ ਹੀ ਮੋਰਿਆਂ 'ਚੋਂ ਡਿੱਗਦਾ ਖਾਣਾ ਖਾਂਦੇ। ਲੰਮੇ ਸਫ਼ਰ ਦੌਰਾਨ ਕੋਈ ਬਿਮਾਰ ਹੋਇਆ ਗ਼ੁਲਾਮ ਜੇਕਰ ਮਰ ਜਾਂਦਾ ਤਾਂ ਉਸ ਨੂੰ ਬਾਹਰ ਸਮੁੰਦਰ ਵਿੱਚ ਸੁੱਟ ਦਿੱਤਾ ਜਾਂਦਾ। ਕਈ-ਕਈ ਦਿਨ ਤਾਂ ਉਹਦੀ ਲਾਸ਼ ਹੀ ਜਿਉਂਦੇ ਬੰਦਿਆਂ ਦੇ ਨਾਲ ਸਫ਼ਰ ਕਰਦੀ ਰਹਿੰਦੀ। ਮਿੱਥੇ ਟਿਕਾਣੇ 'ਤੇ ਪਹੁੰਚ ਕੇ ਇਨ੍ਹਾਂ ਗ਼ੁਲਾਮਾਂ ਨੂੰ ਸਮੁੰਦਰ ਦੇ ਪਾਣੀ ਨਾਲ ਨੁਹਾਇਆ ਜਾਂਦਾ। ਕਈ-ਕਈ ਫੁੱਟ ਲੰਮੇ ਬੁਰਸ਼ਾਂ ਨਾਲ ਦੂਰੋਂ ਇਨ੍ਹਾਂ ਦੇ ਪਿੰਡਿਆਂ ਤੋਂ ਗ਼ੰਦਗੀ ਸਾਫ਼ ਕੀਤੀ ਜਾਂਦੀ। ਇਹ ਬੈਂਤਾਂ ਦੀ ਮਾਰ ਖਾ-ਖਾ ਕੇ ਜ਼ਖ਼ਮਾਂ ਦੀ ਦਰਦ ਨਾਲ ਚੀਕਾਂ ਮਾਰਦੇ। ਸਫ਼ਾਈ ਤੋਂ ਬਾਅਦ ਇਨ੍ਹਾਂ ਨੂੰ ਵੇਚਣ ਲਈ ਮੰਡੀ ਵਿੱਚ ਲਿਆ ਖੜ੍ਹਾ ਕੀਤਾ ਜਾਂਦਾ। ਜਿਵੇਂ ਰੋਂਦੇ ਕੁਰਲਾਉਂਦੇ ਵਸਤ ਬਣ ਗਏ ਇਨਸਾਨ, ਜੇਕਰ ਗ਼ੁਲਾਮੀ ਤੋਂ ਛੁਟਕਾਰਾ ਪਾਉਣ ਲਈ ਰਾਤ ਬਰਾਤੇ ਭੱਜਦੇ ਤਾਂ ਉਨ੍ਹਾਂ ਨੂੰ ਲੱਭਣ ਲਈ ਵਿਸ਼ੇਸ਼ ਦਸਤੇ ਨਿਯੁਕਤ ਕੀਤੇ ਜਾਂਦੇ। ਲੇਖਕ ਇਨ੍ਹਾਂ ਦਸਤਿਆਂ ਨੂੰ ਟੂਆਬ ਟੀਮਾਂ ਕਹਿੰਦਾ ਹੈ। ਇਹ ਟੀਮਾਂ ਖੂੰਖ਼ਾਰ ਕੁੱਤਿਆਂ, ਰੱਸਿਆਂ, ਅਤੇ ਹਥਿਆਰਾਂ ਨਾਲ ਲੈੱਸ ਹੁੰਦੀਆਂ। ਗ਼ੁਲਾਮਾਂ ਨੂੰ ਫੜ ਕੇ ਇਨ੍ਹਾਂ ਨੂੰ ਦਿਲ ਦਹਿਲਾ ਦੇਣ ਵਾਲੇ ਤਸੀਹੇ ਦਿੰਦੇ। ਫੜੇ ਹੋਏ ਗ਼ੁਲਾਮ ਦੁਬਾਰਾ ਨਾ ਭੱਜਣ ਇਸ ਲਈ ਇਨ੍ਹਾਂ ਦਾ ਇਕ ਪੈਰ ਕੱਟ ਦਿੱਤਾ ਜਾਂਦਾ ਜਾਂ ਇਨ੍ਹਾਂ ਦੇ ਕੰਨ ਕੱਟ ਕੇ ਇਨ੍ਹਾਂ ਨੂੰ ਖੁਆਏ ਜਾਂਦੇ। ਅੰਗ ਕੱਟਦਿਆਂ ਇਸ ਗੱਲ ਦਾ ਖ਼ਿਆਲ ਰੱਖਿਆ ਜਾਂਦਾ ਕਿ ਗ਼ੁਲਾਮ ਕੰਮ ਵੱਲੋਂ ਨਕਾਰਾ ਨਾ ਹੋਵੇ। ਬੈਂਤ ਮਾਰ-ਮਾਰ ਕੇ ਚਮੜੀ ਉਧੇੜ ਦਿੱਤੀ ਜਾਂਦੀ। ਇਸੇ ਤਰ੍ਹਾਂ ਗ਼ੁਲਾਮ ਜੋੜਿਆਂ ਤੋਂ ਪੈਦਾ ਹੋਏ ਬੱਚਿਆਂ ਨੂੰ ਜਦੋਂ ਉਨ੍ਹਾਂ ਦੇ ਸਾਹਮਣੇ ਹੀ ਅਗਾਂਹ ਵੇਚ ਦਿੱਤਾ ਜਾਂਦਾ ਤਾਂ ਇਹ ਵਿਚਾਰੇ ਸਰੀਰਕ ਤੌਰ 'ਤੇ ਟੁੱਟਣ ਨਾਲ ਮਾਨਸਿਕ ਤੌਰ 'ਤੇ ਵੀ ਟੁੱਟ ਜਾਂਦੇ। ਅਜਿਹੀ ਸਥਿਤੀ ਵਿੱਚ ਗ਼ੁਲਾਮ ਆਪਣੀ ਪਛਾਣ ਵੀ ਗਵਾ ਲੈਂਦੇ। ਉਨ੍ਹਾਂ ਨੂੰ ਪਤਾ ਹੀ ਨਾ ਲੱਗਦਾ ਕਿ ਕੌਣ ਕਿੱਥੋਂ ਆਇਆ ਅਤੇ ਕੌਣ ਕਿਸ ਦੀ ਸੰਤਾਨ ਹੈ। ਨਾਵਲ ਵਿੱਚ ਹੈਲੀ ਨੇ ਗ਼ੁਲਾਮਾਂ ਦੀ



ਦਿਲ ਨੂੰ ਦਹਿਲਾ ਦੇਣ ਵਾਲੀ ਵੇਦਨਾ ਨੂੰ ਬੜੇ ਕਰੁਣਾਮਈ ਢੰਗ ਨਾਲ ਪੇਸ਼ ਕੀਤਾ ਹੈ। ਇਹ ਗ਼ੁਲਾਮ ਜੋ ਜਾਣਦੇ ਸਨ ਕਿ ਉਹ ਗ਼ੁਲਾਮ ਹਨ ਬਗ਼ਾਵਤਾਂ ਵੀ ਕਰਦੇ। ਕਈ ਥਾਈਂ ਵੱਡੀਆਂ ਇਤਿਹਾਸਿਕ ਬਗ਼ਾਵਤਾਂ ਵੀ ਹੋਈਆਂ ਅਤੇ ਹੌਲੀ-ਹੌਲੀ ਇਹ ਕਰੂਰ ਵਰਤਾਰਾ ਕੁਝ ਘੱਟ ਹੋ ਗਿਆ।

ਅਸੀਂ ਅਜਿਹਾ ਕੁਝ ਪੜ੍ਹ ਕੇ ਇਹ ਸੋਚਦੇ ਹਾਂ ਕਿ ਇਹ ਕਰੂਰਤਾ ਭਰਿਆ ਸਮਾਂ ਸੀ ਜੋ ਸਮਾਪਤ ਹੋ ਗਿਆ। ਪਰ ਅਜਿਹਾ ਨਹੀਂ ਹੈ, ਗ਼ੁਲਾਮੀ ਦਾ ਇਹ ਦੌਰ ਅੱਜ ਵੀ ਜਾਰੀ ਹੈ। ਇਸ ਦੇ ਤੌਰ ਤਰੀਕੇ ਬਦਲ ਗਏ ਹਨ। ਪੁਰਾਣੇ ਵੇਲਿਆਂ ਵਿੱਚ ਇਕ ਦੇਸ਼ ਦੂਜੇ ਦੇਸ਼ 'ਤੇ ਹਮਲਾ ਕਰਕੇ, ਦੂਜੇ ਹਾਰੇ ਹੋਏ ਦੇਸ਼ ਦੇ ਲੋਕਾਂ ਦੀਆਂ ਔਰਤਾਂ ਅਤੇ ਮਾਲ ਅਸਬਾਬ 'ਤੇ ਕਬਜ਼ਾ ਕਰ ਲੈਂਦਾ ਸੀ, ਇਹ ਦੌਰ ਵੀ ਉੱਪਰੀ ਨਜ਼ਰੇ ਵੇਖਿਆ ਸਮਾਪਤ ਹੋ ਗਿਆ, ਪਰ ਹਕੀਕਤ ਇਸ ਤੋਂ ਉਲਟ ਹੈ। ਅੱਜ ਅਜਿਹਾ ਕਰਨ ਦੀ ਲੋੜ ਨਹੀਂ। ਅੱਜ ਵੀ ਇਹ ਸਭ ਕੁਝ ਜਾਰੀ ਹੈ। ਪਰ ਵਿਵਸਥਾ ਅਜਿਹੀ ਬਣਾ ਦਿੱਤੀ ਗਈ ਹੈ ਕਿ ਹੁਣ ਦੂਜੇ ਦੇਸ਼ਾਂ 'ਤੇ ਕਬਜ਼ਿਆਂ ਦੀ ਲੋੜ ਨਹੀਂ, ਹੁਣ ਦੂਜੇ ਦੇਸ਼ਾਂ ਨੂੰ ਜਿੱਤਣ ਅਤੇ ਲੁੱਟਣ ਲਈ ਹੁਣ ਜੰਗਾਂ ਯੁੱਧਾਂ ਦੀ ਲੋੜ ਨਹੀਂ। ਨਿੱਜੀਕਰਨ ਦੀਆਂ ਨੀਤੀਆਂ ਅਧੀਨ ਹੁਣ ਦੁਨੀਆਂ ਨੂੰ ਚਲਾਉਣ ਵਾਲੀਆਂ ਤਾਕਤਾਂ ਨੇ ਦੁਨੀਆਂ ਨੂੰ ਖੁੱਲ੍ਹੀ ਮੰਡੀ ਬਣਾ ਦਿੱਤਾ ਹੈ। ਮਨੁੱਖ ਦੀਆਂ ਬੁਨਿਆਦੀ ਲੋੜਾਂ ਤੇ ਕਾਬਜ਼ ਹੋ ਕੇ ਦੂਜੇ ਦੇਸ਼ਾਂ ਨੂੰ ਅਧੀਨ ਕਰਨਾ ਬੜਾ ਆਸਾਨ ਹੋ ਗਿਆ ਹੈ। ਇਸ ਵਿਵਸਥਾ ਵਿੱਚ ਹੁਣ ਗ਼ੁਲਾਮਾਂ ਨੂੰ ਜ਼ਬਰਦਸਤੀ ਫੜ ਕੇ ਲਿਆਉਣ ਦੀ ਲੋੜ ਨਹੀਂ ਰਹੀ। ਵਿਵਸਥਾ ਹੀ ਅਜਿਹੀ ਬਣਾ ਦਿੱਤੀ ਗਈ ਹੈ ਕਿ ਕਾਮੇ ਹੁਣ ਕੋਲੋਂ ਪੈਸੇ ਖ਼ਰਚ ਕੇ ਗ਼ੁਲਾਮ ਹੋਣ ਲਈ ਤਿਆਰ ਹਨ। ਗ਼ੁਲਾਮਾਂ ਦੀਆਂ ਮੰਡੀਆਂ ਭਾਵੇਂ ਹੁਣ ਨਹੀਂ ਲੱਗਦੀਆਂ, ਪਰ ਇਹਦਾ ਬਦਲਿਆ ਰੂਪ ਰੋਜ਼ਗਾਰ ਮੇਲਿਆਂ ਵਿੱਚ ਹੁਣ ਵੇਖਿਆ ਜਾ ਸਕਦਾ ਹੈ ਜਿੱਥੇ ਮਲਟੀਨੈਸ਼ਨਲ ਕੰਪਨੀਆਂ ਆਪਣੀ ਮਨ-ਪਸੰਦ ਦੇ ਲੋੜ ਅਨੁਸਾਰ ਮੁੰਡੇ-ਕੁੜੀਆਂ ਦੀ ਚੋਣ ਕਰਦੇ ਹਨ ਅਤੇ ਫਿਰ ਇਨ੍ਹਾਂ ਨੂੰ ਤੁਸ਼ ਜਿਹੀਆਂ ਉਜਰਤਾਂ 'ਤੇ ਜਿਸ ਨਾਲ ਉਹਨਾਂ ਦੀਆਂ ਰੋਟੀ ਕੱਪੜਾ ਤਕ ਦੀਆਂ ਲੋੜਾਂ ਹੀ ਪੂਰੀਆਂ ਹੋਣ, ਦੇ ਕੇ ਰੱਖ ਲਿਆ ਜਾਂਦਾ ਹੈ, ਲੰਮਾ ਸਮਾਂ ਕਈ-ਕਈ ਘੰਟੇ ਕੰਮ ਲਿਆ ਜਾਂਦਾ ਹੈ। ਵਾਲਮਾਰਟ ਅਤੇ ਇਸ ਵਰਗੀਆਂ ਕੁਝ ਹੋਰ ਮਲਟੀਨੈਸ਼ਨਲ ਕੰਪਨੀਆਂ ਜੋ ਸੰਸਾਰ ਦੀ ਆਰਥਿਕਤਾ 'ਤੇ ਕਾਬਜ਼ ਹਨ, ਆਪਣੇ ਇਨ੍ਹਾਂ ਕਾਮਿਆਂ ਦੀ ਕਿਰਤ-ਸ਼ਕਤੀ ਦੀ ਰੱਜ ਕੇ ਲੁੱਟ ਕਰਦੀਆਂ ਹਨ। ਇਹ ਕਾਮੇ ਗ਼ੁਲਾਮਾਂ ਵਾਂਗ ਹੜਤਾਲ ਜਾਂ ਰੋਸ ਮੁਜ਼ਾਹਰਾ (Rally) ਨਹੀਂ ਕਰ ਸਕਦੇ, ਇਕੱਠੇ ਹੋ ਆਪਣੇ ਹੱਕਾਂ ਦੀ ਮੰਗ ਨਹੀਂ ਕਰ ਸਕਦੇ। ਜੇਕਰ ਕੋਈ ਅਜਿਹਾ ਕਰਦਾ ਹੈ ਤਾਂ ਉਸ ਨੂੰ ਹੋਰ ਸਖ਼ਤ ਕੰਮ ਲੈਣ ਦੀ ਸਜ਼ਾ ਦਿੱਤੀ ਜਾਂਦੀ ਹੈ ਜਾਂ ਕੰਮ ਤੋਂ ਕੱਢ ਦਿੱਤਾ ਜਾਂਦਾ ਹੈ। ਇਸ ਦੇ ਕੰਮ ਤੋਂ ਨਿਕਲਦਿਆਂ ਹੀ ਹੋਰ ਕਾਮਿਆਂ ਦੀ ਲਾਈਨ ਕੰਪਨੀ ਦੇ ਗੇਟ ਅੱਗੇ ਲੱਗੀ ਹੁੰਦੀ ਹੈ ਜੋ ਉਸ ਕੰਮ ਨੂੰ ਉਸ ਤੋਂ ਘੱਟ ਪੈਸਿਆਂ ਵਿੱਚ ਹੀ ਕਰਨ ਲਈ ਤਿਆਰ

ਹੈ। ਅਜਿਹੀ ਵਿਵਸਥਾ ਇਕ ਦਿਨ ਵਿੱਚ ਪੈਦਾ ਨਹੀਂ ਹੋਈ, ਬਲਕਿ ਸਰਕਾਰਾਂ ਨੂੰ ਅਜਿਹੀ ਵਿਵਸਥਾ ਦੀ ਸਿਰਜਣਾ ਕਰਨ ਲਈ ਹੌਲੀ-ਹੌਲੀ ਤਿਆਰ ਕੀਤਾ ਗਿਆ। ਦੁਨੀਆਂ ਨੂੰ ਚਲਾਉਣ ਵਾਲੀਆਂ ਤਾਕਤਾਂ ਵੱਲੋਂ ਸਰਕਾਰਾਂ ਨੂੰ ਆਦੇਸ਼ ਦਿੱਤੇ ਗਏ ਕਿ ਜਨਤਕ ਅਦਾਰਿਆਂ ਦਾ ਜਿੰਨੀ ਵੀ ਜਲਦੀ ਹੋ ਸਕਦਾ ਹੈ ਭੋਗ ਪਾ ਦਿੱਤਾ ਜਾਵੇ। ਜਨਤਕ ਅਦਾਰਿਆਂ ਦਾ ਭੋਗ ਪਾਉਣ ਲਈ ਇਹ ਬੜਾ ਜ਼ਰੂਰੀ ਸੀ ਕਿ ਸਭ ਤੋਂ ਪਹਿਲਾਂ ਇਨ੍ਹਾਂ ਦੀ ਦਸ਼ਾ ਇੰਨੀ ਮਾੜੀ ਬਣਾ ਦਿੱਤੀ ਜਾਵੇ ਕਿ ਲੋਕਾਂ ਦਾ ਇਨ੍ਹਾਂ ਤੋਂ ਮੋਹ ਭੰਗ ਹੋ ਜਾਵੇ। ਜਨਤਕ ਅਦਾਰਿਆਂ ਦਾ ਖ਼ਾਤਮਾ ਕਰਨ ਲਈ ਜਾਣ-ਬੁੱਝ ਕੇ ਇਨ੍ਹਾਂ ਵਿੱਚ ਲੋਕਾਂ ਦੀ ਖੱਜਲ ਖੁਆਰੀ ਨੂੰ ਵਧਾਇਆ ਗਿਆ। ਇੱਥੇ ਇਕ ਨਹੀਂ ਕਈ ਅਦਾਰਿਆਂ ਦੀਆਂ ਮਿਸਾਲਾਂ ਦਿੱਤੀਆਂ ਜਾ ਸਕਦੀਆਂ ਹਨ ਜਿਨ੍ਹਾਂ ਨੂੰ ਬੜੇ ਸੋਚੇ ਸਮਝੇ ਢੰਗ ਨਾਲ ਖ਼ਤਮ ਕਰਕੇ ਨਿੱਜੀ ਹੱਥਾਂ ਵਿੱਚ ਦੇ ਦਿੱਤਾ ਗਿਆ। ਸਿੱਖਿਆ, ਸਿਹਤ ਸਹੂਲਤਾਂ, ਬੀਮਾ ਕੰਪਨੀਆਂ, ਡਾਕ-ਵਿਭਾਗ, ਬਿਜਲੀ, ਸੜਕਾਂ ਅਤੇ ਸੜਕ ਮਹਿਕਮੇ, ਬੈਂਕ ਸੇਵਾਵਾਂ, ਯੂਨੀਵਰਸਿਟੀਆਂ, ਹਵਾਈ ਸੇਵਾ, ਪਾਸਪੋਰਟ ਦਫ਼ਤਰਾਂ, ਰੋਡਵੇਜ਼, ਰੇਲਵੇ ਆਦਿ ਸਭ ਤਰ੍ਹਾਂ ਦੀਆਂ ਸੇਵਾਵਾਂ 'ਚੋਂ ਜਨਤਕ ਅਜਾਰੇਦਾਰੀ ਖ਼ਤਮ ਕਰਕੇ ਇਨ੍ਹਾਂ ਨੂੰ ਨਿੱਜੀ ਹੱਥਾਂ ਵਿੱਚ ਦੇਣ ਦੀ ਕਵਾਇਦ ਨੇ ਜਿੱਥੇ ਬਹੁਤਗਿਣਤੀ ਨੂੰ ਬੇਰੁਜ਼ਗਾਰੀ ਵੱਲ ਧੱਕਿਆ ਹੈ ਉੱਥੇ ਗ਼ਰੀਬੀ ਅਮੀਰੀ ਦੇ ਫ਼ਾਸਲੇ ਪਹਿਲਾਂ ਨਾਲੋਂ ਕਿਤੇ ਵੱਧ ਤੇਜ਼ੀ ਨਾਲ ਵਧਣੇ ਸ਼ੁਰੂ ਹੋ ਗਏ ਹਨ। ਇਹ ਸਭ ਕੁਝ ਦੁਨੀਆਂ ਦੇ ਬਹੁਗਿਣਤੀ ਦੇਸ਼ਾਂ ਵਿੱਚ ਵਾਪਰ ਰਿਹਾ ਹੈ। ਹੁਣ ਇੱਥੇ ਸਵਾਲ ਪੈਦਾ ਹੁੰਦਾ ਹੈ ਕਿ ਜੇਕਰ ਸਭ ਤਰ੍ਹਾਂ ਦੀਆਂ ਜਨਤਕ ਲੋੜਾਂ/ਸੇਵਾਵਾਂ ਨੂੰ ਪ੍ਰਾਈਵੇਟ ਹੱਥਾਂ ਵਿੱਚ ਹੀ ਦੇ ਦੇਣਾ ਹੈ ਤਾਂ ਸਰਕਾਰਾਂ ਨੇ ਕੀ ਕਰਨਾ ਹੈ? ਇੱਥੇ ਅਸੀਂ ਕਹਿ ਸਕਦੇ ਹਾਂ ਕਿ ਹੁਣ ਸਰਕਾਰਾਂ ਦੀ ਭੂਮਿਕਾ ਲੋਕਾਂ ਅਤੇ ਮਲਟੀਨੈਸ਼ਨਲ ਕੰਪਨੀਆਂ ਦਰਮਿਆਨ ਵਿਚੋਲਗਿਰੀ ਦਾ ਰੋਲ ਅਦਾ ਕਰਨ ਵਾਲੀ ਹੈ। ਨਿੱਜੀਕਰਨ ਦਾ ਕੁਹਾੜਾ ਹਰ ਥਾਂ, ਹਰ ਸਮੇਂ ਜਿਵੇਂ ਮਰਜ਼ੀ ਚੱਲੇ ਇਸ ਲਈ ਕੋਈ ਰੁਕਾਵਟ ਨਾ ਬਣੇ, ਸਰਕਾਰਾਂ ਹੁਣ ਇਹ ਯਕੀਨੀ ਬਣਾਉਣ ਲੱਗੀਆਂ ਹੋਈਆਂ ਹਨ। ਦੇਸ਼ ਦੀ ਸੁਰੱਖਿਆ ਅਤੇ ਪੁਲਿਸ ਬਲ ਸਰਕਾਰਾਂ ਦੇ ਹੱਥਾਂ ਵਿੱਚ ਹੋਵੇਗਾ। ਹੁਣ ਇਹ ਪ੍ਰਤੱਖ ਵੇਖਿਆ ਜਾ ਸਕਦਾ ਹੈ ਕਿ ਸਰਕਾਰਾਂ ਬੇਸ਼ੱਕ ਲੋਕਾਂ ਵੱਲੋਂ ਚੁਣੀਆਂ ਜਾਂਦੀਆਂ ਹਨ ਅਤੇ ਇਹ ਲੋਕ ਸਮੱਸਿਆਵਾਂ ਅਤੇ ਨੌਜਵਾਨਾਂ ਦੇ ਰੋਜ਼ਗਾਰ ਦੀ ਗੱਲ ਕਰਦੀਆਂ ਹਨ, ਪਰ ਲੋਕਾਂ ਦੀਆਂ ਸਮੱਸਿਆਵਾਂ ਹੱਲ ਹੋਣ ਦੀ ਬਜਾਏ ਵਧ ਰਹੀਆਂ ਹਨ ਅਤੇ ਰੋਜ਼ਗਾਰ ਪੈਦਾ ਕਰਨ ਦੀ ਬਜਾਏ ਸਰਕਾਰੀ ਨੌਕਰੀਆਂ ਵਿੱਚ ਤੇਜ਼ੀ ਨਾਲ ਕਟੌਤੀ ਹੋ ਰਹੀ ਹੈ। ਹਰ ਤਰ੍ਹਾਂ ਦੇ ਨਿੱਕੇ ਵੱਡੇ ਕੰਮਾਂ ਨੂੰ ਕਰਨ ਲਈ ਪ੍ਰਾਈਵੇਟ ਬੰਦੇ ਨਿਯੁਕਤ ਕਰਕੇ ਤੇ ਫਿਰ ਉਹ ਸੰਬੰਧਿਤ ਕੰਮ ਨੂੰ ਕਰਨ ਲਈ ਬਹੁਤ ਘੱਟ ਉਜਰਤ ਵਿੱਚ ਪ੍ਰਾਈਵੇਟ ਕਾਮਿਆਂ ਤੋਂ ਕੰਮ ਕਰਵਾ ਕੇ ਦੇਵੇਗਾ। ਸਰਕਾਰਾਂ ਲੋਕਾਂ ਦੀ ਭਾਫ ਕੱਢਣ, ਉਨ੍ਹਾਂ ਨੂੰ ਭਵਿੱਖੀ ਲਾਰੇ ਲਾ ਕੇ ਪ੍ਰਚਾਅ ਕੇ ਰੱਖਣ ਅਤੇ ਲੋਕ ਰੋਹ ਨੂੰ ਦਬਾ ਕੇ ਰੱਖਣ ਵਿੱਚ,



ਸਹਿਯੋਗ ਕਰਨਗੀਆਂ। ਸਰਕਾਰਾਂ ਲੋਕਾਂ 'ਤੇ ਵੱਖ-ਵੱਖ ਤਰ੍ਹਾਂ ਦੇ ਟੈਕਸ ਲਾਉਣ ਅਤੇ ਲੋਕਾਂ ਨੂੰ ਸਿੱਧਾ ਕਰਕੇ ਰੱਖਣ ਵਾਲੀਆਂ ਟੀਮਾਂ ਦੀ ਭੂਮਿਕਾ ਨਿਭਾਉਂਦੀਆਂ ਨਜ਼ਰ ਆਉਣਗੀਆਂ। ਇਹ ਬਹੁਤ ਜ਼ਰੂਰੀ ਹੈ ਕਿ ਦੁਨੀਆਂ ਨੂੰ ਅਜਿਹੀ ਸਥਿਤੀ ਵਿੱਚ ਲਿਜਾਣ ਲਈ ਭਵਿੱਖ ਦੇ ਤਿਲਿੱਸ਼ਮੀ ਭਰਮ ਦੀ ਸਿਰਜਣਾ ਲਗਾਤਾਰ ਕੀਤੀ ਜਾਵੇ। ਇਸ ਲਈ ਗਿਆਨ, ਵਿਗਿਆਨ ਅਤੇ ਮਨੋਵਿਗਿਆਨ ਆਦਿ ਨੂੰ ਵਰਤ ਕੇ ਵੱਡੇ ਭਰਮਾਂ ਦੀ ਸਿਰਜਣਾ ਲਗਾਤਾਰ ਕੀਤੀ ਜਾਂਦੀ ਰਹੇਗੀ। ਵੱਡੇ ਝੂਠਾਂ ਦੇ ਪ੍ਰਚਾਰ ਹੋਣਗੇ, ਅਜਿਹੇ ਝੂਠ ਜੋ ਲੋਕਾਂ ਨੂੰ ਲੰਮਾ ਸਮਾਂ ਭਰਮਜਾਲ ਵਿੱਚ ਫਸਾਈ ਰੱਖਣ।

ਜਿਸ ਬੌਧਿਕਤਾ ਨੇ ਦੁਨੀਆਂ ਨੂੰ ਨਵੀਆਂ ਖੋਜਾਂ/ ਵਿਚਾਰਾਂ ਨਾਲ ਸਮਾਜ ਨੂੰ ਇਕ ਦਿਸ਼ਾ ਪ੍ਰਦਾਨ ਕਰਨੀ ਹੁੰਦੀ ਹੈ ਦੇ ਵੱਡੇ ਹਿੱਸੇ ਨੂੰ ਕਾਰਪੋਰੇਟ ਆਪਣੇ ਮੁਨਾਫ਼ੇ ਲਈ ਵਰਤ ਰਹੇ ਹਨ। ਕਾਰਪੋਰੇਟੀ ਤਾਕਤਾਂ ਸਭ ਤਰ੍ਹਾਂ ਦੀਆਂ ਮਨੁੱਖੀ ਲੋੜਾਂ ਜਿਵੇਂ ਸਿਹਤ ਸਹੂਲਤਾਂ, ਸਿੱਖਿਆ, ਅਨਾਜ, ਅਨਾਜਾਂ ਦੇ ਬੀਜ, ਕੱਪੜਾ ਸੜਕਾਂ, ਪਾਣੀ, ਜੰਗਲ, ਜ਼ਮੀਨਾਂ, ਖਣਿਜਾਂ ਆਦਿ ਅਸਾਸਿਆਂ 'ਤੇ ਇਸ ਤਰ੍ਹਾਂ ਕਾਬਜ਼ ਹੋ ਰਹੀਆਂ ਹਨ ਕਿ ਇਹ ਸਭ ਕੁਝ ਅਦਿੱਖ ਅਤੇ ਖ਼ਤਰਨਾਕ ਗ਼ੁਲਾਮੀ ਦਾ ਵਰਤਾਰਾ ਹੈ, ਜੋ ਦੁਨੀਆਂ ਦੀ ਬਹੁਗਿਣਤੀ ਨੂੰ ਆਪਣਾ ਗ਼ੁਲਾਮ ਬਣਾ ਰਿਹਾ ਹੈ। ਲੋਕਾਂ ਨੂੰ ਉਨ੍ਹਾਂ ਦੇ ਮੂਲ ਨਾਲੋਂ ਤੋੜਨ, ਉਨ੍ਹਾਂ ਤੋਂ ਉਨ੍ਹਾਂ ਦੇ ਘਰੇਲੂ ਧੰਦਿਆਂ ਨਾਲੋਂ ਤੋੜਨ, ਲਈ ਸਰਮਾਏਦਾਰੀ ਪਹਿਲਾਂ ਅਜਿਹੀ ਵਿਵਸਥਾ ਦੀ ਸਿਰਜਣਾ ਕਰਦੀ ਹੈ ਕਿ ਲੋਕ ਆਪ ਹੀ ਉਨ੍ਹਾਂ ਕਾਰੋਬਾਰਾਂ ਨੂੰ ਛੱਡਣ ਲਈ ਤਿਆਰ ਹੋ ਜਾਂਦੇ ਹਨ ਜੋ ਉਹ ਪੀੜ੍ਹੀ ਦਰ ਪੀੜ੍ਹੀ ਕਰਕੇ ਆਪਣੇ ਪਰਿਵਾਰ ਦਾ ਦਰਗੁਜ਼ਰ ਕਰਦੇ ਆ ਰਹੇ ਹੁੰਦੇ ਹਨ। ਸਾਡੇ ਦੇਸ਼ ਵਿੱਚ ਬੜੀ ਸੋਚੀ ਸਮਝੀ ਚਾਲ ਨਾਲ ਤੇਜ਼ੀ ਨਾਲ ਦਰਿਆ ਪਲੀਤ ਹੋ ਰਹੇ ਹਨ। ਸਰਕਾਰਾਂ ਦਾ ਰਵੱਈਆ ਅਜਿਹਾ ਹੈ ਕਿ ਉਨ੍ਹਾਂ ਵੱਲੋਂ ਇਹ ਸਭ ਕੁਝ ਹੋਣ ਦਿੱਤਾ ਜਾ ਰਿਹਾ ਹੈ। ਖੇਤੀਬਾੜੀ ਵਿੱਚ ਕਿਸਾਨਾਂ ਵੱਲੋਂ ਵੱਡੇ ਸੰਘਰਸ਼ ਕਰਨ ਦੇ ਬਾਵਜੂਦ ਵੀ ਇਸ ਲਈ ਜਾਣ-ਬੁੱਝ ਕੇ ਅਜਿਹਾ ਕੁਝ ਨਹੀਂ ਕੀਤਾ ਜਾ ਰਿਹਾ ਕਿ ਖੇਤੀਬਾੜੀ ਨਾਲ ਜੁੜੇ ਲੋਕ ਇੱਜ਼ਤ ਸਵੈ-ਮਾਣ ਦੀ ਰੋਟੀ ਖਾ ਸਕਣ। ਦੇਸ਼ ਦੇ ਹਰ ਵਰਗ ਨੂੰ ਪਾਲਣ ਵਾਲੇ ਸਾਲਾਂ ਤੋਂ ਖ਼ੁਦਕੁਸ਼ੀਆਂ ਕਰ ਰਹੇ ਹਨ; ਪਰ ਸਰਕਾਰਾਂ ਦੀਆਂ ਟਾਲਮਟੋਲ ਦੀਆਂ ਨੀਤੀਆਂ ਬਾਦਸਤੂਰ ਜਾਰੀ ਹਨ। ਕਾਰਨ ਇਹੋ ਹੀ ਹੈ ਕਿ ਜਿਵੇਂ ਕਿਸੇ ਅਦਾਰੇ ਨੂੰ ਪ੍ਰਾਈਵੇਟ ਹੱਥਾਂ ਵਿੱਚ ਦੇਣ ਲਈ ਜਾਣ-ਬੁੱਝ ਕੇ ਬਰਬਾਦ ਹੋਣ ਦਿੱਤਾ ਜਾਂਦਾ ਹੈ, ਬਿਲਕੁਲ ਹੁਣ ਉਸੇ ਤਰ੍ਹਾਂ ਖੇਤੀਬਾੜੀ ਨਾਲ ਕੀਤਾ ਜਾ ਰਿਹਾ ਹੈ। ਇਕ ਪਾਸੇ ਕਿਸਾਨਾਂ ਨੂੰ ਕਰਜ਼ੇ ਦੇਣ ਵਾਲੀਆਂ ਟੀਮਾਂ ਪਿੰਡਾਂ ਵਿੱਚ ਕਿਸਾਨਾਂ ਦੇ ਘਰੀਂ ਗੇੜੇ ਮਾਰਦੀਆਂ ਹਨ, ਦੂਜੇ ਪਾਸੇ ਖੇਤੀ ਦੇ ਜਿਣਸਾਂ ਦੇ ਭਾਅ ਦਾ ਹਾਲ ਇਹ ਹੈ ਕਿ ਕਿਸਾਨ ਕਦੇ ਆਲੂ, ਕਦੇ ਟਮਾਟਰ ਅਤੇ ਕਦੇ ਲਸਣ ਦੀਆਂ ਟਰਾਲੀਆਂ ਸੜਕਾਂ 'ਤੇ ਲਾਹ ਕੇ ਰੋਸ ਮੁਜ਼ਾਹਰੇ ਕਰ ਰਹੇ ਹਨ। ਫ਼ਸਲਾਂ ਦੀ ਖ਼ਰੀਦ ਕਰਨ ਵਾਲੇ ਅਦਾਰੇ ਖ਼ਰੀਦ ਕਰਨ ਤੋਂ ਅਸਮਰੱਥ ਬਣਾਏ ਜਾ ਰਹੇ ਹਨ

ਅਤੇ ਇਸ ਸਾਰੀ ਸਥਿਤੀ ਦਾ ਦੂਜਾ ਪਾਸਾ ਇਹ ਹੈ ਕਿ ਰੇਲਵੇ ਲਾਈਨਾਂ ਦੇ ਨੇੜੇ ਵੱਡੀਆਂ ਮਲਟੀਨੈਸ਼ਨਲ ਕੰਪਨੀਆਂ ਦੁਆਰਾ ਅਨਾਜ ਜਮ੍ਹਾਂ ਕਰਨ ਵਾਲੇ ਵੱਡੇ-ਵੱਡੇ ਗੁਦਾਮ ਬਣਾਏ ਜਾ ਰਹੇ ਹਨ। ਇਸ ਸਾਰੀ ਸਥਿਤੀ ਤੋਂ ਸਹਿਜੇ ਹੀ ਇਹ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਭਵਿੱਖ ਵਿੱਚ ਉਠ ਕਿਸ ਕਰਵਟ ਬੈਠਣ ਵਾਲਾ ਹੈ। ਕਿਸਾਨਾਂ ਦੀਆਂ ਜ਼ਮੀਨਾਂ ਹਥਿਆਉਣ ਦੀ ਇਹ ਸਾਰੀ ਕਵਾਇਦ ਬੜੇ ਸੋਚੇ ਸਮਝੇ ਢੰਗ ਨਾਲ ਅੱਗੇ ਵਧਾਈ ਜਾ ਰਹੀ ਹੈ।

ਦੁਨੀਆਂ ਨੂੰ ਚਲਾਉਣ ਵਾਲੀਆਂ ਤਾਕਤਾਂ ਨੇ ਅਜਿਹੀ ਸਥਿਤੀ ਦੀ ਸਿਰਜਣਾ ਕੀਤੀ ਹੈ ਕਿ ਲੋਕਾਂ ਵਿੱਚ ਸਾਹ ਚੱਲਦੇ ਰਹਿਣ, ਪਰ ਇਨ੍ਹਾਂ ਵਿੱਚ ਜ਼ਿੰਦਗੀ ਜਿਉਣ ਵਰਗੀ ਹਰ ਸ਼ੈਅ ਨੂੰ ਮਾਰ ਦਿੱਤਾ ਜਾਵੇ। ਮੌਜੂਦਾ ਦੌਰ ਵਿੱਚ ਕਿਰਤ ਦੀ ਲੁੱਟ ਪਹਿਲਾਂ ਨਾਲੋਂ ਕਈ ਗੁਣਾਂ ਵਧ ਗਈ ਹੈ ਅਤੇ ਇਹ ਵਧੀ ਕਿਰਤ ਲੁੱਟ ਧਨਾਢਾਂ ਨੂੰ ਹੋਰ ਧਨਾਢ ਅਤੇ ਆਮ ਲੋਕਾਂ ਨੂੰ ਸਾਧਨ ਹੀਣ ਬਣਾਉਣ ਦੇ ਨਾਲ-ਨਾਲ ਹੋਰ ਗ਼ਰੀਬ ਬਣਾ ਰਹੀ ਹੈ। ਇਹ ਠੀਕ ਹੈ ਕਿ ਦੁਨੀਆਂ ਦੇ ਬਹੁਗਿਣਤੀ ਲੋਕ ਕਿਰਤ ਨਾਲ ਜੁੜਨ। ਇਹ ਬੜਾ ਜ਼ਰੂਰੀ ਹੈ, ਤਾਂ ਕਿ ਉਨ੍ਹਾਂ ਦਾ ਜੀਵਨ ਖ਼ੁਸ਼ਹਾਲ ਹੋਵੇ। ਉਹ ਸਾਹਿਤ ਅਤੇ ਹੋਰ ਸਮਾਜਿਕ ਮਸਲਿਆਂ ਸੰਬੰਧੀ ਹੁੰਦੀ ਵਿਚਾਰ ਚਰਚਾ ਵਿੱਚ ਭਾਗ ਲੈਣ। ਉਨ੍ਹਾਂ ਕੋਲ ਦੁਨੀਆਂ ਨੂੰ ਜਾਣਨ ਅਤੇ ਮਾਣਨ ਦੇ ਸਾਧਨ ਹੋਣ, ਸਾਹਿਤ ਪੜ੍ਹਨ ਲਈ ਸਮਾਂ ਹੋਵੇ। ਉਹ ਜ਼ਿੰਦਗੀ ਨੂੰ ਕੇਵਲ ਜਿਉਣ ਹੀ ਨਾ ਸਗੋਂ ਜ਼ਿੰਦਗੀ ਨੂੰ ਮਾਣਨ ਵੀ; ਪਰ ਸਥਿਤੀ ਇਸ ਤੋਂ ਉਲਟ ਕਿਸੇ ਹੋਰ ਪਾਸੇ ਵੱਲ ਮੋੜਾ ਕੱਟ ਰਹੀ ਹੈ।



# ਸਦਮਿਆਂ ਦੀ ਪ੍ਰਯੋਗਸ਼ਾਲਾ ਤਾਂ ਨਹੀਂ ਬਣ ਗਿਆ ਪੰਜਾਬ

ਇਕ ਅੰਗਰੇਜ਼ ਲੇਖਕਾ ਹੈ ਨਿਓਮੀ ਕਲੇਨ, ਉਸ ਨੇ ਵੱਖ-ਵੱਖ ਦੇਸ਼ਾਂ ਵਿੱਚ ਘੁੰਮ ਕੇ, ਅਧਿਐਨ ਕਰਕੇ ਇਕ ਕਿਤਾਬ "The Shock Doctrine" (The Rise of Disaster Capitalism) ਲਿਖੀ। ਇਸ ਦਾ ਪੰਜਾਬੀ ਵਿੱਚ ਅਨੁਵਾਦ ਹੈ "ਸਦਮਾ ਸਿਧਾਂਤ" (ਤਬਾਹੀ ਪਸੰਦ ਸਰਮਾਏਦਾਰੀ ਦਾ ਉਭਾਰ)। ਤਕਰੀਬਨ 600 ਪੰਨੇ ਦੀ ਇਸ ਕਿਤਾਬ ਵਿੱਚ ਲੇਖਕਾ ਨੇ ਕਾਰਪੋਰੇਟ ਤਾਕਤਾਂ ਦੇ ਵੱਖ-ਵੱਖ ਦੇਸ਼ਾਂ ਵਿੱਚ ਕੰਮ ਕਰਨ ਦੇ ਤੌਰ ਤਰੀਕਿਆਂ ਦਾ ਅਧਿਐਨ ਕੀਤਾ। ਉਸ ਅਨੁਸਾਰ 'ਜਦੋਂ ਲੋਕ ਕੁਦਰਤੀ ਆਫ਼ਤਾਂ ਨਾਲ ਸਦਮੇ ਵਿੱਚ ਹੋਣ ਉਦੋਂ ਜਾਂ ਫਿਰ ਮਸਨੂਈ ਢੰਗ ਨਾਲ ਉਨ੍ਹਾਂ ਨੂੰ ਸਦਮੇ ਦੇ ਕੇ ਅਜਿਹੇ ਹਾਲਾਤ ਪੈਦਾ ਕੀਤੇ ਜਾਣ ਕਿ ਲੋਕਾਂ ਦੇ ਹੌਸਲੇ ਪਸਤ ਹੋ ਜਾਣ, ਲੋਕ ਜੜ੍ਹਾਂ ਤੋਂ ਹਿੱਲ ਜਾਣ, ਸਮਾਜ ਵਿੱਚ ਜਦੋਂ ਉਥੱਲ-ਪੁਥੱਲ ਅਤੇ ਬੇਵਿਸ਼ਵਾਸੀ ਦਾ ਮਾਹੌਲ ਹੋਵੇ ਤਾਂ ਇਹੀ ਸਹੀ ਸਮਾਂ ਹੁੰਦਾ ਹੈ ਜਦੋਂ ਕਾਰਪੋਰੇਸ਼ਨਾਂ ਆਪਣੀਆਂ ਮੁਨਾਫ਼ਾ ਬਟੋਰੂ ਨੀਤੀਆਂ ਨੂੰ ਬੜੀ ਆਸਾਨੀ ਨਾਲ ਅੱਗੇ ਵਧਾ ਸਕਦੀਆਂ ਹਨ।'

ਲੇਖਕਾ ਅਨੁਸਾਰ 'ਸਦਮਾ ਸਿਧਾਂਤ' ਸ਼ਿਕਾਗੋ ਦੇ ਅਰਥ-ਸ਼ਾਸਤਰੀ ਪ੍ਰੋਫ਼ੈਸਰ ਫਰਾਇਡਮੈਨ ਦੇ ਦਿਮਾਗ਼ ਦੀ ਕਾਢ ਸੀ। ਉਸ ਨੂੰ ਇਸ ਦਾ ਇਲਮ ਸੱਤਰਵਿਆਂ ਦੇ ਆਸ-ਪਾਸ ਹੋਇਆ। 16 ਨਵੰਬਰ 2006 ਨੂੰ ਫਰਾਇਡਮੈਨ ਦੀ ਮੌਤ ਹੋਈ। ਕਲੇਨ ਅਨੁਸਾਰ 'ਫਰਾਈਡਮੈਨ, ਬੀਤੀ ਅੱਧੀ ਸਦੀ ਦੌਰਾਨ, ਆਰਥਿਕ ਨੀਤੀਆਂ ਸੰਬੰਧੀ ਅਸਰ ਰਸੂਖ ਰੱਖਣ ਵਾਲਾ ਦੁਨੀਆਂ ਦਾ ਵੱਡਾ ਵਿਅਕਤੀ ਸੀ। ਅਮਰੀਕਾ ਦੇ ਕਈ ਰਾਸ਼ਟਰਪਤੀ, ਬਰਤਾਨੀਆ ਦਾ ਪ੍ਰਧਾਨ ਮੰਤਰੀ, ਰੂਸੀ ਵਿੱਤੀ ਜੁੰਡੀਆਂ ਦੇ ਸਰਦਾਰ, ਪੋਲੈਂਡ ਦਾ ਵਿੱਤ ਮੰਤਰੀ, ਤੀਜੀ ਦੁਨੀਆਂ ਦੇ ਤਾਨਾਸ਼ਾਹ ਆਦਿ ਉਸ ਦੇ ਸ਼ਾਗਿਰਦਾਂ ਵਾਂਗ ਸਨ। ਨਿੱਜੀਕਰਨ ਨੀਤੀਆਂ ਨੂੰ ਅੱਗੇ ਵਧਾਉਣ ਵਿੱਚ ਵੱਡੀ ਭੂਮਿਕਾ ਨਿਭਾਉਣ ਵਾਲੇ ਫਰਾਇਡਮੈਨ ਦਾ ਵਿਚਾਰ ਸੀ ਕਿ ਜਦੋਂ ਲੋਕ ਕੁਦਰਤੀ ਆਫ਼ਤਾਂ ਦੇ ਭੰਨੇ ਹੋਣ ਉਸ ਸਮੇਂ ਕੰਮ ਕਰਨ ਦਾ ਵਧੀਆ ਮੌਕਾ ਹੁੰਦਾ ਹੈ। ਜੇਕਰ ਕੁਦਰਤੀ ਆਫ਼ਤਾਂ ਨਹੀਂ ਤਾਂ ਅਜਿਹੇ ਹਾਲਾਤ ਪੈਦਾ ਕੀਤੇ ਜਾਣ ਕਿ ਲੋਕ ਜੰਗਾਂ-ਯੁੱਧਾਂ ਅਤੇ ਆਪਸੀ ਲੜਾਈਆਂ ਵਿੱਚ ਉਲਝ ਜਾਣ ਤਾਂ ਖ਼ੌਫ਼ ਜ਼ੁਦਾ ਹੋਏ ਲੋਕਾਂ 'ਤੇ ਪੁਲਿਸ ਜਾਂ ਫੌਜ ਦੀ ਮਦਦ ਨਾਲ ਹਰ ਤਰ੍ਹਾਂ ਦੀਆਂ ਮਨਮਰਜ਼ੀਆਂ ਥੋਪੀਆਂ ਜਾ ਸਕਦੀਆਂ ਹਨ। ਉਸ ਦਾ ਏਜੰਡਾ ਸੀ ਕਿ 'ਪਹਿਲਾਂ ਸਰਕਾਰਾਂ ਨੂੰ ਆਪਣੇ ਮੁਨਾਫ਼ੇ ਬਟੋਰਨ ਦੇ ਰਾਹ ਦਾ ਰੋੜਾ ਬਣਨ ਵਾਲੇ ਸਾਰੇ ਕਾਇਦੇ ਕਾਨੂੰਨ ਖ਼ਤਮ ਕਰਨੇ ਹੋਣਗੇ। ਦੂਜਾ ਸਰਕਾਰਾਂ ਆਪਣੇ ਪਬਲਿਕ ਸੈਕਟਰ ਦੇ ਸਾਰੇ ਅਸਾਸੇ ਵੇਚ ਦੇਣ ਤਾਂ ਜੋ ਕਾਰਪੋਰੇਸ਼ਨਾਂ ਨੂੰ ਮੁਨਾਫ਼ੇ ਹੋਣੇ ਸ਼ੁਰੂ ਹੋ ਜਾਣ। ਤੀਜਾ ਸਰਕਾਰਾਂ ਸਮਾਜਿਕ ਪ੍ਰੋਗਰਾਮਾਂ ਲਈ ਦਿੱਤੇ ਜਾਂਦੇ ਫੰਡਾਂ/ਸਬਸਿਡੀਆਂ 'ਚ ਤਿੱਖੀਆਂ ਕਟੌਤੀਆਂ ਕਰਨ। ਕਾਰਪੋਰੇਸ਼ਨਾਂ ਨੂੰ ਕਿਤੇ ਵੀ ਮਾਲ ਵੇਚਣ ਦੀ ਖੁੱਲ੍ਹ ਦਿੱਤੀ ਜਾਵੇ। ਸਰਕਾਰਾਂ ਸਥਾਨਕ ਸਨਅਤਾਂ ਜਾਂ ਸਨਅਤਕਾਰਾਂ ਨੂੰ ਬਚਾਉਣ ਦੀ ਕੋਸ਼ਿਸ਼ ਨਹੀਂ ਕਰਨਗੀਆਂ। ਮਿਹਨਤ ਦੇ ਮੁੱਲ ਸਮੇਤ ਸਾਰੀਆਂ ਕੀਮਤਾਂ ਮੰਡੀ ਤੈਅ ਕਰੇਗੀ।' ਫਰਾਇਡਮੈਨ ਨੇ

ਸਿਹਤ ਸਹੂਲਤਾਂ, ਡਾਕ ਸੇਵਾਵਾਂ, ਸਿੱਖਿਆ, ਸੇਵਾ ਮੁਕਤੀ ਪੈਨਸ਼ਨਾਂ, ਇੱਥੋਂ ਤਕ ਕਿ ਨੈਸ਼ਨਲ ਪਾਰਕ ਤਕ ਵੇਚ ਦੇਣ ਦੀ ਸਲਾਹ ਦਿੱਤੀ।

ਤੀਜੀ ਦੁਨੀਆਂ ਦੇ ਦੇਸ਼ਾਂ ਵਿੱਚ 'ਸਦਮਾ ਸਿਧਾਂਤ' ਨੂੰ ਬੜੇ ਕਾਰਗਰ ਢੰਗ ਨਾਲ ਲਾਗੂ ਕੀਤਾ ਗਿਆ। ਇਰਾਕ, ਸੀਰੀਆ, ਪੋਲੈਂਡ, ਸ੍ਰੀ ਲੰਕਾ ਆਦਿ ਦੇਸ਼ਾਂ ਵਿੱਚ ਕਾਰਪੋਰੇਟ ਤਾਕਤਾਂ ਨੂੰ ਖੁੱਲ੍ਹ ਕੇ ਖੇਡਣ ਦੀ ਆਗਿਆ ਦਿੱਤੀ ਗਈ। ਅਸੀਂ ਗਹੁ ਨਾਲ ਦੇਖਦੇ ਹਾਂ ਤਾਂ ਪਤਾ ਚਲਦਾ ਹੈ ਕਿ ਇਹ ਨੀਤੀਆਂ ਸਾਡੇ ਮੁਲਕ ਵਿੱਚ ਵੀ ਇੰਨ-ਬਿੰਨ ਲਾਗੂ ਕੀਤੀਆਂ ਜਾ ਰਹੀਆਂ ਹਨ। ਜਦੋਂ ਅਸੀਂ ਪੰਜਾਬ ਦੀ ਗੱਲ ਕਰਦੇ ਹਾਂ ਤਾਂ ਇੱਥੇ ਇੰਵ ਭਾਸਦਾ ਹੈ ਜਿਵੇਂ ਪੰਜਾਬ ਦੀ ਧਰਤੀ ਤਾਂ ਇਕ ਤਰ੍ਹਾਂ ਨਾਲ ਸਦਮਾ ਸਿਧਾਂਤ ਦੀ ਪ੍ਰਯੋਗਸ਼ਾਲਾ ਹੀ ਬਣ ਗਈ ਹੈ। ਇੱਥੇ 84 ਦੀ ਅੱਗ ਦੀਆਂ ਲਪਟਾਂ 'ਚੋਂ ਬਚੇ ਲੋਕਾਂ 'ਚੋਂ ਕੁਝ ਤਾਂ ਬਾਹਰਲੇ ਮੁਲਕਾਂ ਵਿੱਚ ਜਾ ਵੱਸੇ ਅਤੇ ਬਾਕੀ ਜਿਨ੍ਹਾਂ ਨੇ ਇਸ ਮਿੱਟੀ ਦਾ ਮੋਹ ਨਹੀਂ ਛੱਡਿਆ ਉਹ ਅਜੇ ਉਸ ਸੰਤਾਪ 'ਚੋਂ ਉੱਭਰ ਹੀ ਰਹੇ ਸਨ ਕਿ ਨਸ਼ਿਆਂ ਦੇ ਕਹਿਰ ਨੇ ਇੱਥੋਂ ਦੀ ਜਵਾਨੀ ਨੂੰ ਗਾਲਣਾ ਸ਼ੁਰੂ ਕਰ ਦਿੱਤਾ। ਘਰਾਂ ਦੇ ਘਰ ਤਬਾਹ ਹੋ ਗਏ, ਲੋਕਾਂ ਦੀ ਤਬਾਹੀ ਤੋਂ ਕਮਾਈਆਂ ਕਰਨ ਵਾਲਿਆਂ ਨੇ ਨੋਟਾਂ ਦੇ ਢੇਰ ਲਾ ਲਏ। ਪਰ ਲੱਖਾਂ ਮਾਵਾਂ ਬਹੂ ਬੇਟੀਆਂ ਜਿਨ੍ਹਾਂ ਦੇ ਪੁੱਤ, ਭਰਾ, ਸਿਰ ਦੇ ਸਾਈਂ, ਇਸ ਨਸ਼ਿਆਂ ਦੀ ਹਨੇਰੀ ਵਿੱਚ ਗਵਾਚ ਗਏ, ਉਹ ਅੱਜ ਵੀ ਡੌਰ-ਭੌਰ ਹੋਈਆਂ ਆਪਣੇ ਸਿਰ ਦੇ ਅੰਬਰ ਨੂੰ ਤਲਾਸ਼ ਰਹੀਆਂ ਹਨ। ਇਕ ਵਕਤ ਅਜਿਹਾ ਵੀ ਰਿਹਾ ਜਦੋਂ ਅਤਿਵਾਦ ਨੂੰ ਸਿਖਰ ਵੱਲ ਜਾਣ ਦਿੱਤਾ ਗਿਆ। ਫਿਰ ਸਟੇਟ ਦੀ ਤਾਕਤ ਝੋਕ ਕੇ ਕਸੂਰਵਾਰਾਂ ਦੇ ਪਰਦੇ ਹੇਠ ਹਜ਼ਾਰਾਂ ਲੋਕਾਂ ਨੂੰ ਮੌਤ ਦੇ ਘਾਟ ਉਤਾਰ ਕੇ ਅਜਿਹਾ ਮਾਹੌਲ ਸਿਰਜਿਆ ਗਿਆ ਕਿ ਹਰ ਵਰਗ ਦੇ ਲੋਕਾਂ ਦੇ ਹੌਸਲੇ ਪਸਤ ਹੋ ਜਾਣ। ਸੰਨ 1990 ਤੋਂ ਉਦਾਰਵਾਦੀ ਨੀਤੀਆਂ ਨੂੰ ਲਾਗੂ ਕਰਨ ਲਈ ਯੂ.ਪੀ.ਏ. ਅਤੇ ਐਨ.ਡੀ.ਏ. ਦੇ ਏਜੰਡੇ ਵਿੱਚ ਕੋਈ ਫ਼ਰਕ ਨਹੀਂ ਹੈ। ਹੁਣ ਹਾਲਾਤ ਇਹ ਹਨ ਕਿ ਮੁਲਕ ਦੇ ਹੁਕਮਰਾਨਾਂ ਨੇ ਕਾਰਪੋਰੇਟ ਕੰਪਨੀਆਂ ਅੱਗੇ ਇਕ ਤਰ੍ਹਾਂ ਨਾਲ ਗੋਡੇ ਹੀ ਟੇਕ ਦਿੱਤੇ ਹਨ।

ਪੰਜਾਬ ਵਿੱਚ ਇਕ ਸਮਾਂ ਉਹ ਆਇਆ ਜਦੋਂ ਇੱਥੋਂ ਦੀ ਨੌਜਵਾਨੀ ਜਿਸ ਵਿੱਚ ਪੁਲਸ ਦੇ ਨੌਜਵਾਨ ਵੀ ਸਨ ਅਤੇ ਆਮ ਘਰਾਂ ਦੇ ਨੌਜਵਾਨ ਵੀ ਸਨ, ਜੋ ਬਲਦੀ ਦੇ ਬੁੱਥੇ ਦੇ ਦਿੱਤੇ ਗਏ ਸਨ। ਇਨ੍ਹਾਂ 'ਚੋਂ ਬਹੁਤ ਸਾਰੇ ਅੱਜ ਵੀ ਅਜਿਹੇ ਹਨ ਜੋ ਜੇਲਾਂ ਦੀਆਂ ਕੋਠੜੀਆਂ ਵਿੱਚ ਬੈਠੇ ਬੁੱਢੇ ਹੋ ਗਏ ਹਨ ਅਤੇ ਤਿਲ-ਤਿਲ ਮਰ ਰਹੇ ਹਨ। ਕਿਹੜੀਆਂ ਤਾਕਤਾਂ ਹਨ ਜੋ ਸਮਾਜ ਨੂੰ ਪਹਿਲਾਂ ਬਲਦੀ ਦੇ ਬੁੱਥੇ ਦਿੰਦੀਆਂ ਹਨ ਅਤੇ ਫਿਰ ਸਮਾਜ ਦੇ ਪਿੰਡੇ 'ਤੇ ਪਈਆਂ ਲਾਸ਼ਾਂ 'ਤੇ ਟਕੋਰਾਂ ਕਰਨ ਦੇ ਖੇਖਣ ਕਰਦੀਆਂ ਹਨ। ਅੱਤਵਾਦ ਹਨੇਰੀ ਦੇ ਕੁਝ ਥੰਮ੍ਹਣ ਤੋਂ ਬਾਅਦ ਜੋ ਪੰਜਾਬ ਵਿੱਚ ਸ਼ਾਂਤੀ ਪਰਤੀ ਇਹ ਸ਼ਾਂਤੀ ਅਜਿਹੀ ਸ਼ਾਂਤੀ ਸੀ ਜਿਸ ਵਿੱਚ ਲੋਕ ਜੜ੍ਹਾਂ ਤੋਂ ਹਿੱਲੇ ਹੋਏ ਸਨ। ਬਰਬਾਦੀ ਤੋਂ ਬਾਅਦ ਸ਼ਾਇਦ ਇਹ ਨਿੱਜੀਕਰਨ ਦੀਆਂ ਲੋਕ-ਮਾਰੂ ਨੀਤੀਆਂ ਲਾਗੂ ਕਰਨ ਦਾ ਸਹੀ ਸਮਾਂ ਸੀ, ਜਦੋਂ ਬਹੁਗਿਣਤੀ ਲੋਕਾਂ ਨੂੰ ਸਾਹ ਸਤਹੀਣ ਕਰ ਦਿੱਤਾ ਗਿਆ ਸੀ। ਇਸ ਸਮੇਂ ਦੌਰਾਨ ਬਹੁਤ ਕੁਝ ਤਬਾਹ ਹੋਇਆ। ਜਨਤਕ ਜਾਇਦਾਦਾਂ ਕੌਡੀਆਂ ਦੇ ਭਾਅ ਵੇਚ ਦਿੱਤੀਆਂ ਗਈਆਂ।



ਸਰਕਾਰੀ ਮਹਿਕਮੇ ਸਿੱਖਿਆ, ਸਿਹਤ ਸਹੂਲਤਾਂ, ਖੰਡ ਮਿੱਲਾਂ, ਰੋਡਵੇਜ਼, ਬਿਜਲੀ, ਪਾਣੀ, ਸਫ਼ਾਈ ਆਦਿ ਦੇ ਪ੍ਰਬੰਧ ਨਿੱਜੀ ਹੱਥਾਂ ਵਿੱਚ ਕਰ ਦਿੱਤੇ ਗਏ। ਇਨ੍ਹਾਂ ਵਿੱਚ ਲੋਕਾਂ ਲਈ ਰੋਜ਼ਗਾਰ ਦੇ ਮੌਕਿਆਂ ਨੂੰ ਖ਼ਤਮ ਕਰ ਦਿੱਤਾ ਗਿਆ। ਸ਼ਰਾਬ ਫੈਕਟਰੀਆਂ ਵਿੱਚ ਵਾਧਾ ਹੋਇਆ। ਕੇਂਦਰ ਵੱਲੋਂ ਪੈਟਰੋਲ, ਡੀਜ਼ਲ ਆਦਿ ਤੋਂ ਵੀ ਸਰਕਾਰੀ ਕੰਟਰੋਲ ਹਟਾ ਦਿੱਤੇ ਗਏ। ਸਰਕਾਰੀ ਪ੍ਰਸ਼ਾਸਨਿਕ ਪ੍ਰਬੰਧਾਂ 'ਤੇ ਨਿੱਜੀ ਅਜਾਰੇਦਾਰੀਆਂ ਕਾਇਮ ਕੀਤੀਆਂ ਗਈਆਂ। ਜ਼ਮੀਨ, ਸ਼ਰਾਬ, ਮੀਡੀਆ, ਬੱਜਰੀ, ਰੇਤ ਆਦਿ ਨਾਲ ਸੰਬੰਧਿਤ ਕਈ ਤਰ੍ਹਾਂ ਦੇ ਮਾਫ਼ੀਏ ਪੈਦਾ ਹੋ ਗਏ। ਫਰਾਇਡਮੈਨੀ ਫਾਰਮੂਲੇ ਅਨੁਸਾਰ ਇੱਥੇ ਵੀ ਸਥਾਨਕ ਸਨਅਤਾਂ ਨੂੰ ਤਬਾਹ ਹੋਣ ਦਿੱਤਾ ਗਿਆ। ਅਜਿਹਾ ਕਰਨ ਵਿੱਚ ਕੇਂਦਰ ਦੀਆਂ ਵੱਖ-ਵੱਖ ਸਰਕਾਰਾਂ ਨੇ ਵੀ ਆਪਣੀ ਭੂਮਿਕਾ ਨਿਭਾਈ। ਬੇਰੁਜ਼ਗਾਰੀ ਬੜੀ ਤੇਜ਼ੀ ਨਾਲ ਵਧੀ, ਜਿਸ 'ਤੇ ਮਾਣ ਕਰਦਿਆਂ ਸਾਡੇ ਦੇਸ਼ ਦੇ ਹਾਕਮ ਬਾਹਰਲੇ ਮੁਲਕਾਂ ਵਿੱਚ ਜਾ ਕੇ ਹੁਣ ਹਿੱਕਾਂ ਠੋਕ ਕੇ ਆਖਣ ਲੱਗੇ ਹਨ ਕਿ ਇੱਥੇ ਲੇਬਰ ਬਹੁਤ ਸਸਤੀ ਹੈ। ਇੱਥੇ ਕਾਰੋਬਾਰ ਕਰਨ ਲਈ ਬੜਾ ਸਾਜ਼ਗਾਰ ਮਾਹੌਲ ਹੈ। ਕਿਸੇ ਦੂਜੇ ਦੇਸ਼ ਦੇ ਲੋਕਾਂ ਨੂੰ ਇਹ ਕਹਿਣਾ ਕਿ ਇੱਥੇ ਲੇਬਰ ਸਸਤੀ ਹੈ ਮਾਣ ਵਾਲੀ ਗੱਲ ਨਹੀਂ ਬਲਕਿ ਬੇਹੱਦ ਸ਼ਰਮਨਾਕ ਗੱਲ ਹੈ। ਇਹਦਾ ਅਰਥ ਇਹ ਬਣਦਾ ਹੈ ਕਿ ਇੱਥੇ ਲੋਕਾਂ ਦੀ ਹਾਲਤ ਇੰਨੀ ਪਤਲੀ ਹੋ ਗਈ ਹੈ ਕਿ ਉਹ ਕਿਸੇ ਵੀ ਕੀਮਤ 'ਤੇ ਕੰਮ ਕਰਨ ਨੂੰ ਤਿਆਰ ਹਨ। ਇਸ ਦਾ ਦੂਜਾ ਪਹਿਲੂ ਇਹ ਹੈ ਕਿ ਇੱਥੇ ਜਦੋਂ ਪੜ੍ਹੇ ਲਿਖੇ ਲੋਕ ਰੋਜ਼ਗਾਰ ਲਈ ਸੜਕਾਂ 'ਤੇ ਆਉਂਦੇ ਹਨ ਤਾਂ ਉਨ੍ਹਾਂ ਨੂੰ ਖਦੇੜਨ ਲਈ ਡਾਂਗਾਂ ਸੋਟਿਆਂ ਨਾਲ ਭੰਨਿਆ ਜਾਂਦਾ ਹੈ। ਪਾਣੀ ਦੀਆਂ ਬੁਛਾੜਾਂ ਉਨ੍ਹਾਂ 'ਤੇ ਵਰ੍ਹਾਈਆਂ ਜਾਂਦੀਆਂ ਹਨ। ਸਰਕਾਰਾਂ ਨੇ ਖੇਤੀ ਨਾਲ ਜੁੜੇ ਖ਼ਰਚਿਆਂ ਨੂੰ ਇੰਨਾ ਵਧਾ ਦਿੱਤਾ ਹੈ ਕਿ ਛੋਟੇ ਅਤੇ ਦਰਮਿਆਨੇ ਕਰਜ਼ਿਆਂ ਦੇ ਭਾਰ ਨਾ ਸਹਾਰਦਿਆਂ ਹੋਇਆਂ ਹਰ ਰੋਜ਼ ਕਿਸਾਨ ਖ਼ੁਦਕੁਸ਼ੀਆਂ ਕਰ ਰਹੇ ਹਨ। ਪੰਜਾਬ ਦੇ ਬਹੁਗਿਣਤੀ ਕਿਸਾਨ ਅਜਿਹੇ ਹਨ ਜਿਨ੍ਹਾਂ ਦੀਆਂ ਜ਼ਮੀਨਾਂ ਪ੍ਰਾਈਵੇਟ ਕੰਪਨੀਆਂ/ਬੈਂਕਾਂ ਕੋਲ ਗਿਰਵੀ ਹਨ। ਮੁਲਕ ਦੀਆਂ ਸਰਕਾਰਾਂ ਫਰਾਇਡਮੈਨ ਵਾਲੇ ਫਾਰਮੂਲੇ ਨੂੰ ਬੜੀ ਤੇਜ਼ੀ ਨਾਲ ਅੱਗੇ ਵਧਾ ਰਹੀਆਂ ਹਨ। ਕਾਰਪੋਰੇਟਰਾਂ ਲਈ ਹਰ ਰਾਹ ਪੱਧਰਾ ਕਰਨ 'ਤੇ ਤੁਲੀਆਂ ਹੋਈਆਂ ਹਨ। ਇਸ ਲਈ ਸ਼ਾਇਦ ਇਹ ਜ਼ਰੂਰੀ ਹੈ ਕਿ ਸਮਾਜ ਨੂੰ ਅਜਿਹੇ ਸਦਮੇ ਦਿੱਤੇ ਜਾਣ ਕੇ ਉਹ ਹਰ ਤਰ੍ਹਾਂ ਦੀ ਹੀਲ ਹੁੱਜਤ ਕਰਨੀ ਛੱਡ ਦੇਣ। ਅੱਜ ਲੋਕ ਗ਼ਰੀਬੀ, ਬੇਰੁਜ਼ਗਾਰੀ, ਮੰਦਹਾਲੀ ਅਤੇ ਕਰਜ਼ਿਆਂ ਦੇ ਸਤਾਏ ਹੋਏ ਹਨ। ਉਨ੍ਹਾਂ ਨੂੰ ਸਪੱਸ਼ਟ ਦਿੱਸ ਰਿਹਾ ਹੈ ਕਿ ਇਸ ਧਰਤੀ 'ਤੇ ਉਨ੍ਹਾਂ ਦੀਆਂ ਔਲਾਦਾਂ ਦਾ ਭਵਿੱਖ ਲਗਾਤਾਰ ਧੁੰਦਲਾ ਹੁੰਦਾ ਜਾ ਰਿਹਾ ਹੈ। ਜਿੱਥੇ ਇਕ ਪਾਸੇ ਕਿਸਾਨ ਮਜ਼ਦੂਰ ਰੋਸ ਮੁਜ਼ਾਹਰੇ ਕਰ ਰਹੇ ਹਨ, ਹਰ ਰੋਜ਼ ਕਰਜ਼ੇ ਕਿਸਾਨਾਂ ਦੀਆਂ ਬਲੀਆਂ ਲੈ ਰਹੇ ਹਨ, ਇਹ ਸਾਰਾ ਕੁਝ ਰਲ ਕੇ ਜਦੋਂ ਲੋਕ ਰੋਹ ਬਣਦਾ ਹੈ ਤਾਂ ਸਰਕਾਰਾਂ ਨੂੰ ਅਜਿਹੀਆਂ ਪ੍ਰਸਥਿਤੀਆਂ ਨੂੰ ਸਮਝਣਾ ਚਾਹੀਦਾ ਹੈ ਨਾ ਕਿ ਆਪਣੇ ਹੱਕਾਂ ਲਈ ਸੜਕਾਂ 'ਤੇ ਆਏ ਲੋਕਾਂ 'ਤੇ ਗੋਲੀਆਂ ਚਲਾਈਆਂ ਜਾਣ।

ਹੁਣ ਸ਼ਾਇਦ ਇਹ ਵਕਤ ਆ ਗਿਆ ਹੈ ਕਿ ਕਿਸਾਨਾਂ ਮਜ਼ਦੂਰਾਂ ਨੂੰ ਇਹ ਸਮਝਣਾ ਹੋਵੇਗਾ ਕਿ ਜੇਕਰ ਨਕਲੀ ਕੀਟ-ਨਾਸ਼ਕਾਂ ਨਾਲ ਉਨ੍ਹਾਂ ਦੀ ਫ਼ਸਲ ਬਰਬਾਦ

ਹੁੰਦੀ ਹੈ ਤਾਂ ਇਹ ਸਿਰਫ਼ ਇੱਥੋਂ ਤਕ ਹੀ ਸੀਮਿਤ ਨਹੀਂ ਕਿ ਨਕਲੀ ਕੀਟ-ਨਾਸ਼ਕਾਂ ਨੂੰ ਵੇਚ ਕੇ ਕਮਾਈ ਕਰ ਲਈ ਗਈ ਹੈ, ਬਲਕਿ ਇਹਦੇ ਪਿੱਛੇ ਉਹ ਤਾਕਤਾਂ ਵੀ ਕੰਮ ਕਰਦੀਆਂ ਹੋ ਸਕਦੀਆਂ ਹਨ ਜੋ ਕਿਸਾਨਾਂ ਤੋਂ ਜ਼ਮੀਨਾਂ ਹਥਿਆਉਣ ਲਈ ਕਾਹਲੀਆਂ ਹਨ, ਖ਼ੁਦਕੁਸ਼ੀਆਂ ਕਰ ਰਹੇ ਕਿਸਾਨਾਂ ਦੀ ਦੁਰਦਸ਼ਾ ਸੁਧਾਰਨ ਲਈ ਕੋਈ ਕਾਰਗਰ ਕਦਮ ਨਾ ਚੁੱਕੇ ਜਾਣਾ ਦੱਸਦਾ ਹੈ। ਇਸ ਅਮਲ ਨੂੰ ਅਜੇ ਹੋਰ ਅੱਗੇ ਵਧਾਇਆ ਜਾਣਾ ਬਾਕੀ ਹੈ। ਕਾਰਪੋਰੇਟ ਤਾਕਤਾਂ ਐਨਰਜੀ ਦੇ ਸਾਧਨ—ਡੀਜ਼ਲ, ਪੈਟਰੋਲ ਅਤੇ ਬਿਜਲੀ ਤੋਂ ਇਲਾਵਾ ਹੁਣ ਜੰਗਲ, ਜ਼ਮੀਨ ਅਤੇ ਪਾਣੀਆਂ ’ਤੇ ਕਾਬਜ਼ ਹੋ ਜਾਣ ਲਈ ਕਾਹਲੀਆਂ ਹਨ। ਪਿਛਲੇ ਕੁਝ ਅਰਸੇ ਤੋਂ ਉਹ ਸਾਰੀ ਪ੍ਰਕਿਰਿਆ ਨੂੰ ਜਿਸ ਵਿੱਚ ਕੁਝ ਕੁ ਘਰਾਣਿਆਂ ਦਾ ਬੇਤਹਾਸ਼ਾ ਵਿਕਾਸ ਹੋਇਆ ਅਤੇ ਅਮੀਰੀ ਗ਼ਰੀਬੀ ਦੇ ਪਾੜੇ ਦੇ ਵੀ ਲੰਗਾਰ ਲਹਿ ਗਏ ਨੂੰ ਆਮ ਲੋਕਾਂ ਦਾ ਵਿਕਾਸ ਦੱਸਿਆ ਗਿਆ। ਇਹੋ ਉਹ ਸਮਾਂ ਹੈ ਜਦੋਂ ਖੇਤੀ ਨਾਲ ਜੁੜੇ ਆਮ ਕਿਸਾਨਾਂ ਨੇ ਸ਼ਾਇਦ ਸਭ ਤੋਂ ਵੱਧ ਆਤਮ-ਹੱਤਿਆਵਾਂ ਕੀਤੀਆਂ ਅਤੇ ਕਰ ਰਹੇ ਹਨ।

ਹਾਲਾਤ ਹੁਣ ਇਹ ਹਨ ਕਿ ਪੰਜਾਬ ਸਮੇਤ ਪੂਰੇ ਮੁਲਕ ਵਿੱਚ ਲੋਕਾਂ ਦਾ ਧਿਆਨ ਅਸਲ ਮੁੱਦਿਆਂ ਤੋਂ ਭਟਕਾਉਣ ਲਈ ਫਿਰਕਾਪ੍ਰਸਤੀ, ਮਜ਼ਹਬੀ ਕੱਟੜਤਾ ਅਤੇ ਅਜਿਹੇ ਹੋਰ ਮੁੱਦਿਆਂ ਨੂੰ ਉਭਾਰਿਆ ਜਾ ਰਿਹਾ ਹੈ। ਪੰਜਾਬ ਵਿੱਚ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਕਰਕੇ ਇਕ ਵਾਰ ਫਿਰ ਇਸ ਦੇ ਪਾਣੀਆਂ ਵਿੱਚ ਜ਼ਹਿਰ ਘੋਲਣ ਦੀ ਕੋਸ਼ਿਸ਼ ਕੀਤੀ ਗਈ ਹੈ। ਪਰ ਇਹ ਕੋਸ਼ਿਸ਼ ਹੁਣ ਸ਼ਾਇਦ ਨਾਕਾਮ ਹੀ ਰਹੇਗੀ। ਉਸ ਦਾ ਕਾਰਨ ਇਹ ਹੈ ਕਿ ਪਿਛਲੇ 5-7 ਸਾਲਾਂ ਤੋਂ ਦੁਨੀਆਂ ਬੜੀ ਤੇਜ਼ੀ ਨਾਲ ਬਦਲੀ ਹੈ। ਰਾਜ ਕਰਦੀਆਂ ਸ਼ਕਤੀਆਂ ਨੂੰ ਇਹ ਕੰਧ ’ਤੇ ਲਿਖਿਆ ਪੜ੍ਹ ਲੈਣਾ ਚਾਹੀਦਾ ਹੈ ਕਿ ਪੁਰਾਣੇ ਢੰਗ ਦੀਆਂ ਕੂਟਨੀਤੀਆਂ ਹੁਣ ਕੰਮ ਨਹੀਂ ਕਰਨਗੀਆਂ। ਉਹ ਮੀਡੀਆ ਜਿਸ ਦੇ ਇਕ ਵੱਡੇ ਹਿੱਸੇ ’ਤੇ ਕਾਬਜ਼ ਹੋ ਕੇ ਕੁਝ ਸਮੇਂ ਲਈ ਲੋਕਾਂ ਨੂੰ ਵਰਗਲਾ ਕੇ ਰੱਖਿਆ ਜਾਂਦਾ ਰਿਹਾ ਸੀ, ਦੀ ਪੋਲ ਹੁਣ ਖੁੱਲ੍ਹਣ ਲੱਗ ਪਈ ਹੈ। ਸੋਸ਼ਲ ਮੀਡੀਏ ਦੇ ਰੂਪ ਵਿੱਚ ਲੋਕ ਵੀ ਹੁਣ ਆਪਣੀ ਗੱਲ ਕਹਿ ਸਕਦੇ ਹਨ। ਇਕ ਦੂਜੇ ਤੋਂ ਸੱਚ ਕੀ ਅਤੇ ਝੂਠ ਕੀ ਹੈ ਦਾ ਨਿਤਾਰਾ ਕਰਨ ਦੀ ਸਮਝ ਲੈ ਸਕਦੇ ਹਨ। ਹੁਣ ਵਕਤ ਹੈ ਕਿ ਪੁਰਾਣੀਆਂ ਲੀਹਾਂ ਨੂੰ ਤਿਆਗ ਕੇ ਪਾਰਦਰਸ਼ੀ ਢੰਗ ਨਾਲ ਲੋਕਾਂ ਵਿੱਚ ਵਿਚਰਿਆ ਜਾਵੇ, ਲੋਕ-ਪੱਖੀ ਨੀਤੀਆਂ ਘੜੀਆਂ ਜਾਣ। ਲੋਕ-ਲਹਿਰਾਂ ਬਣ ਕੇ ਹਵਾ ਵਿੱਚ ਉੱਠਦੇ ਹੱਕ ਮੰਗਦੇ ਹੱਥਾਂ ਨੂੰ ਡਾਂਗ ਦੇ ਜ਼ੋਰ ’ਤੇ ਭੰਨਿਆ ਜਾ ਸਕਦਾ ਹੈ ਪਰ ਹਰਾਇਆ ਨਹੀਂ ਜਾ ਸਕਦਾ। ਸੱਚ ਇਹ ਵੀ ਹੈ ਕਿ ਬਾਹਲਾ ਚਿਰ ਕੋਈ ਵੀ ਲੋਕਾਂ ’ਤੇ ਆਪਣੀ ਮਰਜ਼ੀ ਦੀਆਂ ਘੜੀਆਂ ਨੀਤੀਆਂ ਨੂੰ ਠੋਸ ਨਹੀਂ ਸਕਦਾ।



# ਕਦਰਾਂ-ਕੀਮਤਾਂ ਵੱਲੋਂ ਕੰਗਾਲ ਹੋ ਰਿਹਾ ਸਾਡਾ ਸਮਾਜ

ਪੰਜਾਬ ਦੀ ਧਰਤੀ ਉਨ੍ਹਾਂ ਮਹਾਨ ਮਹਾਂਪੁਰਸ਼ਾਂ ਦੀ ਧਰਤੀ ਹੈ ਜਿਨ੍ਹਾਂ ਆਪਣੀ ਬੌਧਿਕਤਾ ਨਾਲ ਸਾਰੀ ਦੁਨੀਆਂ ਨੂੰ ਪ੍ਰਭਾਵਿਤ ਕੀਤਾ। ਗੁਰੂ ਨਾਨਕ ਦੇਵ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਤਕ ਸਾਡੇ ਦਸ ਗੁਰੂ ਸਾਹਿਬਾਨ ਇਸ ਧਰਤੀ ’ਤੇ ਵਿਚਰੇ ਅਤੇ ਆਪਣੀ ਵਿਚਾਰਧਾਰਾ ਰਾਹੀਂ ਸਮਾਜ ਨੂੰ ਬੜੀ ਵੱਡੀ ਦੇਣ ਦਿੱਤੀ। ਜੋ ਕਿਹਾ ਉਹ ਸਿਰਫ਼ ਕਿਹਾ ਹੀ ਨਹੀਂ ਬਲਕਿ ਕਰ ਕੇ ਵਿਖਾਇਆ। ਭਾਈ ਘਨੱਈਆ ਜੀ ਅਤੇ ਭਗਤ ਪੂਰਨ ਸਿੰਘ ਵਰਗੇ ਮਨੁੱਖਤਾ ਦੀ ਸੇਵਾ ਦੇ ਦੂਤ ਵੀ ਇਸੇ ਧਰਤੀ ਦੇ ਲੋਕ ਸਨ। ਗਊ ਗ਼ਰੀਬ ਦੀ ਰੱਖਿਆ ਕਰਨ ਵਾਲੇ ਅਤੇ ਹਕੂਮਤਾਂ ਦੇ ਜ਼ਬਰ ਨਾਲ ਆਢਾ ਲਾਉਣ ਵਾਲੇ ਦੁੱਲੇ ਭੱਟੀ ਜਿਹੇ ਕਿਰਦਾਰ ਵੀ ਇਸ ਧਰਤੀ ’ਤੇ ਪੈਦਾ ਹੋਏ। ਧਰਮਾਂ ਮਜ਼ਹਬਾਂ ਤੋਂ ਉੱਪਰ ਉੱਠ ਕੇ ਮਾਨਵਵਾਦੀ ਵਿਚਾਰਧਾਰਾ ਰੱਖਣ ਵਾਲੇ ਅਤੇ ਛੋਟੀ ਉਮਰ ਵਿੱਚ ਵੱਡੇ ਕਾਰਨਾਮੇ ਕਰਨ ਵਾਲੇ ਭਗਤ ਸਿੰਘ, ਕਰਤਾਰ ਸਿੰਘ ਸਰਾਭਾ ਅਤੇ ਸ਼ਹੀਦ ਊਧਮ ਸਿੰਘ ਜਿਹੇ ਸੂਰਮੇ ਵੀ ਇਸ ਧਰਤੀ ਨੇ ਜੰਮੇ।

ਸਾਡੇ ਪੰਜਾਬੀ ਸਮਾਜ ਦੀ ਇਹ ਬਦਕਿਸਮਤੀ ਹੈ ਕਿ ਸਾਡੇ ਚੇਤਿਆਂ ’ਚੋਂ ਚੰਗੇ ਕਿਰਦਾਰ ਲਗਾਤਾਰ ਵਿਸਰ ਰਹੇ ਹਨ। ਜੇਕਰ ਕਦੇ ਅਸੀਂ ਮਹਾਨ ਲੋਕਾਂ ਨੂੰ ਯਾਦ ਕਰਦੇ ਵੀ ਹਾਂ ਤਾਂ ਇਹ ਸਮਾਗਮ ਸਿਰਫ਼ ਆਪਣੀ ਹਉਮੈਂ ਨੂੰ ਪੱਠੇ ਪਾਉਣ ਤਕ ਹੀ ਸੀਮਿਤ ਹੋ ਕੇ ਰਹਿ ਜਾਂਦੇ ਹਨ। ਅਸੀਂ ਬੌਧਿਕ ਪੱਖੋਂ ਕੰਗਾਲ ਹੋ ਰਹੇ ਹਾਂ। ਇਸਦੇ ਕਈ ਕਾਰਨ ਹਨ, ਪੰਜਾਬੀ ਸਮਾਜ ਵਿੱਚ ਪੜ੍ਹਨ ਦੀ ਰੁਚੀ ਦਾ ਘੱਟ ਹੋਣਾ, ਟੀ.ਵੀ. ਚੈਨਲਾਂ ’ਤੇ ਅੰਧ-ਵਿਸ਼ਵਾਸੀ ਪ੍ਰੋਗਰਾਮਾਂ ਦਾ ਪ੍ਰਸਾਰਿਤ ਹੋਣਾ ਅਤੇ ਮਸ਼ੀਨੀ ਕਲਚਰ ਦਾ ਵਿਕਾਸ ਆਦਿ। ਬਹੁਤ ਸਾਰੇ ਪੰਜਾਬੀ ਪੜ੍ਹੇ ਲਿਖੇ ਹੋਣ ਦੇ ਬਾਵਜੂਦ ਅਖ਼ਬਾਰ ਤਕ ਨਹੀਂ ਪੜ੍ਹਦੇ ਕਿਤਾਬਾਂ ਪੜ੍ਹਨੀਆਂ ਦੂਰ ਦੀ ਗੱਲ ਹੈ। ਸਾਡੇ ਲੋਕ ਮੋਬਾਈਲ ’ਤੇ ਟਿਊਨਾਂ ਲਗਵਾ ਕੇ ਫ਼ਜ਼ੂਲ ਹੀ ਕਿਸੇ ਨਾਲ ਗੱਲਾਂ ਕਰਕੇ ਦਸ ਪੰਦਰਾਂ ਰੁਪਏ ਬਰਬਾਦ ਕਰ ਦੇਣਗੇ, ਪਰ 2-3 ਰੁਪਏ ਦਾ ਅਖ਼ਬਾਰ ਖ਼ਰੀਦਣਾ ਫ਼ਜ਼ੂਲ ਖ਼ਰਚੀ ਲੱਗਦਾ ਹੈ। ਧਨਾਢ ਲੋਕ ਘਰ ਬਣਾਉਂਦਿਆਂ ਵੇਖਾ-ਵੇਖੀ ਘਰਾਂ ਵਿੱਚ ਪੂਜਾ ਰੂਮ ਤਾਂ ਬਣਾ ਲੈਣਗੇ ਪਰ ਕਿਤਾਬਾਂ ਲਈ ਘਰਾਂ ਵਿੱਚ ਕੋਈ ਥਾਂ ਨਹੀਂ ਹੁੰਦੀ। ਲੋਕ-ਦਿਖਾਵਾ ਕਰਨ, ਫੋਕੀਆਂ ਰਸਮਾਂ, ਵਿਆਹਾਂ-ਸ਼ਾਦੀਆਂ ’ਤੇ ਬੇਤਹਾਸ਼ਾ ਕਰਜ਼ਾ ਚੁੱਕ-ਚੁੱਕ ਕੇ ਪੈਸਾ ਲਾਉਣ, ਉੱਚੇ ਮਹਿੰਗੇ ਘਰ ਉਸਾਰਨ ਅਤੇ ਮਹਿੰਗੀਆਂ ਗੱਡੀਆਂ ਖ਼ਰੀਦਣ ਵਿੱਚ ਸਾਡੇ ਲੋਕ ਇਕ ਦੂਜੇ ਤੋਂ ਵਧ ਕੇ, ਔਖੇ ਹੋ ਕੇ ਵੀ ਪੈਸਾ ਲਾਉਣ ਲਈ ਤਿਆਰ ਰਹਿੰਦੇ ਹਨ। ਅਜਿਹੇ ਹੋਰ ਵੀ ਕਈ ਕੰਮ ਕਰਨ ਵਿੱਚ ਅਸੀਂ ਹਿੰਦੁਸਤਾਨ ਵਿੱਚੋਂ ਪਹਿਲੇ ਨੰਬਰ ’ਤੇ ਹਾਂ। ਪਰ ਬਹੁਗਿਣਤੀ ਲੋਕਾਂ ਦਾ ਕਿਤਾਬਾਂ ਦਾ ਬੱਜਟ ਜ਼ੀਰੋ% ਹੁੰਦਾ ਹੈ। ਅਖੌਤੀ ਬਾਬਿਆਂ, ਡੇਰਿਆਂ, ਜੋਤਸ਼ੀਆਂ, ਵਾਸਤੂ ਸ਼ਾਸਤਰੀਆਂ ਦਾ ਕਾਰੋਬਾਰ ਵੀ ਪੰਜਾਬ ਵਿੱਚ ਭਾਰਤ ਦੇ ਦੂਜੇ ਸੂਬਿਆਂ ਦੇ ਮੁਕਾਬਲੇ ਜ਼ਿਆਦਾ ਚਮਕ ਰਿਹਾ ਹੈ। ਸਗੋਂ ਦੂਜਿਆਂ ਸੂਬਿਆਂ ਖ਼ਾਸ ਕਰਕੇ ਬੰਗਾਲ

ਤੋਂ ਅਖੌਤੀ ਕਾਲੇ ਇਲਮ ਦੇ ਮਾਹਰ ਇੱਥੇ ਆ ਕੇ ਆਪਣੀਆਂ ਸੇਵਾਵਾਂ ਦੇ ਰਹੇ ਹਨ। ਭਾਵ ਪੰਜਾਬੀ ਲੋਕ ਆਪਣੀ ਲੁੱਟ ਕਰਵਾ ਕੇ ਉਨ੍ਹਾਂ ਨੂੰ ਮਾਲਾ-ਮਾਲ ਕਰ ਰਹੇ ਹਨ।

ਹਰੀ-ਕ੍ਰਾਂਤੀ ਆਉਣ ਨਾਲ ਖੇਤੀ ਵਿੱਚ ਮਸ਼ੀਨੀ ਕਲਚਰ ਵਧ ਗਿਆ, ਜਿਸ ਦੇ ਸਿੱਟੇ ਵਜੋਂ ਮਨੁੱਖ ਦੀ ਮਨੁੱਖ 'ਤੇ ਨਿਰਭਰਤਾ ਘਟਣੀ ਸ਼ੁਰੂ ਹੋ ਗਈ। ਮਸ਼ੀਨੀ ਕਲਚਰ ਨਾਲ ਕੰਮ ਦੀ ਰਫ਼ਤਾਰ ਵੀ ਤੇਜ਼ ਹੋਈ ਅਤੇ ਸਾਡੇ ਅੰਦਰੋਂ ਸਹਿਜਤਾ ਹੌਲੀ-ਹੌਲੀ ਖ਼ਤਮ ਹੋਣ ਲੱਗ ਪਈ। ਇਕ ਪੀੜ੍ਹੀ ਵੱਲੋਂ ਦੂਜੀ ਪੀੜ੍ਹੀ ਤਕ ਜਾਂਦੇ ਗਿਆਨ ਜਾਂ ਉਸਾਰੂ ਕਦਰਾਂ-ਕੀਮਤਾਂ ਦੀ ਲੈਅ ਲਗਭਗ ਟੁੱਟ ਹੀ ਗਈ। ਇਸੇ ਸਮੇਂ ਦੌਰਾਨ ਟੈਲੀਵਿਜ਼ਨ 'ਤੇ ਚਲਦੇ ਦੋ ਤਿੰਨ ਚੈਨਲਾਂ ਦੀ ਥਾਂ ਸੈਂਕੜੇ ਟੀ.ਵੀ. ਚੈਨਲ ਸਾਡੇ ਘਰਾਂ ਵਿੱਚ ਆਣ ਹਾਜ਼ਰ ਹੋਏ ਅਤੇ ਗੀਤ ਸੰਗੀਤ ਸੁਣਨ ਦੀ ਬਜਾਏ ਵੇਖਣ ਦੀ ਕਲਾ ਬਣੇ। ਸਾਡੇ ਪੰਜਾਬੀ ਗਾਇਕਾਂ ਦਾ ਵਿਰਸਾ ਸੱਥਾਂ ਵਿੱਚ ਪੰਜਾਬੀ ਲੋਕ-ਗੀਤ, ਲੋਕ-ਗਾਥਾਵਾਂ, ਕਲੀਆਂ ਗਾਉਣ ਦਾ ਰਿਹਾ ਹੈ। ਟੀ.ਵੀ. ਚੈਨਲਾਂ ਦੀ ਭਰਮਾਰ ਨਾਲ ਇਹ ਸਭ ਕੁਝ ਇਕ ਦਮ ਹੀ ਬਦਲ ਗਿਆ। ਕਦੇ ਸਾਡੇ ਨੌਜੁਆਨ, ਗਾਇਕਾਂ ਤੋਂ ਦੁੱਲਾ ਭੱਟੀ, ਪੂਰਨ ਭਗਤ, ਜੈਮਲ ਫੱਤਾ, ਸ਼ਹੀਦ ਭਗਤ ਸਿੰਘ ਦੀਆਂ ਗਾਥਾਵਾਂ ਸੁਣਦੇ ਸਨ। ਇਨ੍ਹਾਂ ਲੋਕ-ਗਾਥਾਵਾਂ ਦੇ ਪਾਤਰ ਸਾਡੇ ਲੋਕ ਨਾਇਕ ਹੋਇਆ ਕਰਦੇ ਸਨ। ਪਰ ਟੀ.ਵੀ. ਚੈਨਲਾਂ 'ਤੇ ਸ਼ੁਰੂ ਹੋਈ ਲੱਚਰ ਅਤੇ ਅਸ਼ਲੀਲ ਗਾਇਕੀ ਨੇ ਨਸ਼ੱਈਆਂ, ਵੈਲੀਆਂ, ਕਾਤਲਾਂ, ਵਿਹਲੜਾਂ, ਲੜਾਈਆਂ ਮੁੱਲ ਲੈਣ ਵਾਲਿਆਂ, ਥਾਣਿਆਂ ਵਿੱਚ ਜਾ ਕੇ ਭੜਥੂ ਪਾਉਣ ਵਾਲਿਆਂ, ਸੋਚ ਵਿਚਾਰ ਅਤੇ ਕਦਰਾਂ-ਕੀਮਤਾਂ ਤੋਂ ਰਹਿਤ ਨੌਜਵਾਨ ਮਾਡਲ ਮੁੰਡਿਆਂ ਨੂੰ ਰੋਲ ਮਾਡਲ ਬਣਾ ਕੇ ਸਾਡੀ ਨੌਜਵਾਨ ਪੀੜ੍ਹੀ ਅੱਗੇ ਪ੍ਰੋਸਿਆ। ਇੱਥੇ ਇਕ ਗੀਤ ਦਾ ਮੁੱਖੜਾ ਵੇਖੋ 'ਜਿਹੜਾ ਸੋਚ ਵਿਚਾਰ ਕਰੇ ਉਹ ਕਾਹਦਾ ਜੱਟ ਬਈ।' ਇਸ ਤਰ੍ਹਾਂ ਸੋਚ ਵਿਚਾਰ ਪੱਖੋਂ ਕੰਗਾਲ ਜਿਹੀ ਗਾਇਕੀ, ਗੀਤਕਾਰੀ ਅਤੇ ਅਸ਼ਲੀਲ ਫ਼ਿਲਮਾਂਕਣ ਸਾਡੀ ਨੌਜਵਾਨ ਪੀੜ੍ਹੀ ਅੱਗੇ ਪਰੋਸੇ ਜਾਣ ਲੱਗੇ।

ਅਸੀਂ ਕਹਿ ਸਕਦੇ ਹਾਂ ਪਿਛਲੇ ਦਿਨੀਂ ਪੰਜਾਬ ਵਿੱਚ ਵਾਪਰੀਆਂ ਫ਼ਰੀਦਕੋਟ ਵਿੱਚ ਲੜਕੀ ਦਾ ਅਗਵਾ ਕਾਂਡ ਅਤੇ ਅੰਮ੍ਰਿਤਸਰ ਵਿੱਚ ਆਪਣੀ ਧੀ ਦੀ ਇੱਜ਼ਤ ਦੀ ਰੱਖਿਆ ਕਰਦਿਆਂ ਪਿਤਾ ਦਾ ਕਤਲ ਕਰ ਦਿੱਤਾ ਜਾਣਾ ਆਦਿ ਘਟਨਾਵਾਂ ਦਾ ਸੰਬੰਧ ਕਿਤੇ ਨਾ ਕਿਤੇ ਅਸਿੱਧੇ ਢੰਗ ਨਾਲ ਸਾਡੀ ਅਜੋਕੀ ਗਾਇਕੀ ਨਾਲ ਵੀ ਜਾ ਜੁੜਦਾ ਹੈ। ਦੂਜਿਆਂ ਦੀਆਂ ਧੀਆਂ-ਭੈਣਾਂ ਦੀਆਂ ਇੱਜ਼ਤਾਂ ਦੀ ਰਾਖੀ ਕਰਨ ਵਾਲੇ ਪੰਜਾਬੀ ਲੋਕ, ਅੱਜ ਕਿਸ ਦਿਸ਼ਾ ਵੱਲ ਜਾ ਰਹੇ ਹਨ ਇਹ ਸਾਡੇ ਵਿਚਾਰਨ ਵਾਲੀ ਗੱਲ ਹੈ। ਸਾਡੀਆਂ ਮਾਨਵਵਾਦੀ ਸੋਚਾਂ ਮਰਦੀਆਂ ਕਿਉਂ ਜਾ ਰਹੀਆਂ ਹਨ?

ਅੱਜ ਸਾਡੀ ਨੌਜਵਾਨ ਪੀੜ੍ਹੀ ਸਾਹਮਣੇ ਰੋਲ ਮਾਡਲ ਦਾ ਬੜਾ ਵੱਡਾ ਸੰਕਟ ਖੜ੍ਹਾ ਹੋ ਗਿਆ ਹੈ। ਰਾਜਨੀਤਕ ਪੱਖ ਤੋਂ ਜੇਕਰ ਵੇਖਿਆ ਜਾਵੇ ਤਾਂ ਸਾਡੇ ਨੇਤਾ ਅੱਜਕੱਲ੍ਹ ਜਲਸੇ ਜਲੂਸਾਂ ਵਿੱਚ ਵਿਰੋਧੀਆਂ ਨੂੰ ਭੰਡਣ ਲਈ ਕਈ ਵਾਰ ਬੜੀ ਘਟੀਆ ਸ਼ਬਦਾਵਲੀ ਦੀ ਵਰਤੋਂ ਕਰਦੇ ਹਨ। ਪਾਰਲੀਮੈਂਟ ਹਾਊਸ ਅਤੇ ਵਿਧਾਨ ਸਭਾਵਾਂ ਵਿੱਚ ਵੀ ਇਕ ਦੂਜੇ ਦੇ ਖ਼ਿਲਾਫ਼ ਗਾਲੀ-ਗਲੋਚ ਕਰਨ ਅਤੇ ਹੱਥੋ-ਪਾਈ ਹੋਣ ਤਕ



ਚਲੇ ਜਾਂਦੇ ਹਨ। ਰਾਜਨੀਤੀ ਵਿੱਚ ਇਕ ਦੂਜੇ ਤੋਂ ਅਗਾਂਹ ਲੰਘਣ ਲਈ ਫ਼ਿਲਮੀ ਹੀਰੋ, ਹੀਰੋਇਨਾਂ ਅਤੇ ਗਾਇਕਾਂ ਦਾ ਸਹਾਰਾ ਲਿਆ ਜਾਂਦਾ ਹੈ। ਸੰਤਾਂ ਭਗਤਾਂ, ਬਾਬਾ ਫ਼ਰੀਦ ਅਤੇ ਕਰਤਾਰ ਸਿੰਘ ਸਰਾਭਾ ਵਰਗਿਆਂ ਦੇ ਜਨਮ ਦਿਨ ਮਨਾਉਣ ਲਈ ਵੀ ਗੰਦੇ ਗੀਤਾਂ ਦੇ ਅਖਾੜੇ ਲੱਗਣੇ ਸ਼ੁਰੂ ਹੋ ਗਏ ਹਨ। ਇਹ ਇਕ ਤਰ੍ਹਾਂ ਨਾਲ ਉਨ੍ਹਾਂ ਮਹਾਨ ਲੋਕਾਂ ਦਾ ਸਨਮਾਨ ਨਹੀਂ ਸਗੋਂ ਉਨ੍ਹਾਂ ਦੀ ਸੋਚ ਦੇ ਉਲਟ ਜਾ ਕੇ ਉਨ੍ਹਾਂ ਦਾ ਅਪਮਾਨ ਕਰਨ ਦੇ ਤੁਲ ਹੈ। ਉਹ ਗਾਇਕ ਜਿਨ੍ਹਾਂ ਦੇ ਗੀਤ ਅਸੀਂ ਪਰਿਵਾਰ ਵਿੱਚ ਬਹਿ ਕੇ ਸੁਣ ਨਹੀਂ ਸਕਦੇ ਉਹ ਹੁਣ ਲੜਕੇ/ਲੜਕੀਆਂ ਦੇ ਕਾਲਜਾਂ ਵਿੱਚ ਜਾ ਕੇ ਆਪਣੀਆਂ ਫ਼ਿਲਮਾਂ, ਕੈਸਟਾਂ ਦਾ ਪ੍ਰਚਾਰ ਕਰਨ ਲੱਗ ਪਏ ਹਨ। ਕਾਲਜਾਂ ਸਕੂਲਾਂ ਦੇ ਨੌਜਵਾਨ ਲੜਕੇ/ਲੜਕੀਆਂ ਜਿਨ੍ਹਾਂ ਨੂੰ ਜ਼ਿੰਦਗੀ ਦੀਆਂ ਉਸਾਰੂ ਕਦਰਾਂ-ਕੀਮਤਾਂ ਸਿੱਖਣ ਦੀ ਲੋੜ ਹੁੰਦੀ ਹੈ ਅਜਿਹੇ ਅਖੌਤੀ ਗਾਇਕਾਂ ਤੋਂ ਕੀ ਸਿੱਖਿਆ ਲੈਂਦੇ ਹੋਣਗੇ? ਸਗੋਂ ਉਨ੍ਹਾਂ ਨੂੰ ਤਾਂ ਦੱਸਣ ਦੀ ਲੋੜ ਹੈ ਕਿ ਕਚਹਿਰੀਆਂ ਨੂੰ ਮੇਲੇ ਦੱਸਣ ਵਾਲੇ, ਬੰਦੂਕਾਂ, ਪਿਸਟਲਾਂ, ਜੀਪਾਂ, ਮੋਟਰਸਾਈਕਲਾਂ 'ਤੇ ਬਜ਼ਾਰਾਂ ਦੇ ਗੇੜੇ ਲਾਉਣ ਵਾਲੇ ਸਾਡੇ ਨਾਇਕ ਨਹੀਂ ਹਨ, ਬਲਕਿ ਸਾਡੇ ਲੋਕਨਾਇਕ ਉਹ ਹਨ ਜਿਨ੍ਹਾਂ ਨੇ ਆਪਣੀ ਸਰਜ਼ਮੀਂ ਲਈ ਵੱਡੀਆਂ-ਵੱਡੀਆਂ ਕੁਰਬਾਨੀਆਂ ਕੀਤੀਆਂ। ਸਾਡੀਆਂ ਸਿਲੇਬਸ ਦੀਆਂ ਕਿਤਾਬਾਂ ਦੇ ਪਾਠ-ਕ੍ਰਮ ਵਿੱਚ ਸਾਨੂੰ ਵੱਡੀਆਂ ਤਬਦੀਲੀਆਂ ਕਰਨ ਦੀ ਲੋੜ ਹੈ। ਸਾਡੀ ਅਜੋਕੀ ਵਿਦਿਆ ਮਨੁੱਖ ਨੂੰ ਪੂਰਨ ਮਨੁੱਖ ਨਹੀਂ ਬਣਾਉਂਦੀ। ਕਿੱਤਾ-ਮੁਖੀ ਸਿੱਖਿਆ ਤੋਂ ਵੀ ਜ਼ਿਆਦਾ ਜ਼ਰੂਰਤ ਇਸ ਗੱਲ ਦੀ ਹੈ ਕਿ ਸਿੱਖਿਆ ਮਨੁੱਖ ਨੂੰ ਪੂਰਨ ਮਨੁੱਖ ਬਣਾਉਣ ਦਾ ਦਰਜਾ ਰੱਖਦੀ ਹੋਵੇ। ਸਾਡੇ ਸਮਾਜ ਨੂੰ ਅੱਜ ਸਭ ਤੋਂ ਵੱਧ ਚੰਗੇ ਇਨਸਾਨਾਂ ਦੀ ਲੋੜ ਹੈ। ਜਾਗਦੀਆਂ ਜ਼ਮੀਰਾਂ ਵਾਲੇ ਲੋਕ ਆਪਣੇ ਰੁਜ਼ਗਾਰ, ਰਾਜਨੀਤਕ ਅਤੇ ਉਸਾਰੂ ਸੱਭਿਆਚਾਰ ਦੇ ਪ੍ਰਬੰਧ ਨੂੰ ਬਿਹਤਰ ਬਣਾਉਣ ਦੇ ਵਧੇਰੇ ਸਮਰੱਥ ਹੁੰਦੇ ਹਨ।

ਗੁਰਬਾਣੀ ਦਾ ਪਾਠ ਕਰਨ ਤੋਂ ਬਾਅਦ ਜਦੋਂ ਅਸੀਂ ਅਰਦਾਸ ਕਰਦੇ ਹਾਂ ਤਾਂ ਉਸ ਵਿੱਚ ਬਿਬੇਕ ਦਾਨ ਮੰਗਦੇ ਹਾਂ। ਜਿਸ ਦਾ ਭਾਵ ਹੈ ਸਾਡੀ ਸੋਚ ਵਿਚਾਰ ਕਰਨ ਦੀ ਸ਼ਕਤੀ ਵਧੇ। ਪਰ ਇਸ ਲਈ ਅਸੀਂ ਆਪ ਬਹੁਤ ਘੱਟ ਜ਼ਹਿਮਤ ਕਰਦੇ ਹਾਂ। ਚੰਗੀਆਂ ਅਖ਼ਬਾਰਾਂ, ਚੰਗੀਆਂ ਕਿਤਾਬਾਂ ਇਸ ਵਿੱਚ ਸਾਡੀਆਂ ਸਭ ਤੋਂ ਵੱਧ ਸਹਾਈ ਹੋ ਸਕਦੀਆਂ ਹਨ। ਇਸ ਤੋਂ ਇਲਾਵਾ ਚੰਗੀ ਸੋਚ ਰੱਖਣ ਵਾਲੇ ਚੰਗੇ ਸਾਹਿਤਕਾਰਾਂ, ਲੇਖਕਾਂ, ਵਿਦਵਾਨਾਂ, ਚਿੰਤਕਾਂ ਦੇ ਸਕੂਲਾਂ ਕਾਲਜਾਂ ਵਿੱਚ ਸੈਮੀਨਾਰ ਕਰਵਾਉਣੇ ਚਾਹੀਦੇ ਹਨ। ਸੋਚ ਵਿਚਾਰ ਦਾ ਵਿਕਾਸ ਅਤੇ ਆਪਣੇ ਇਤਿਹਾਸ, ਵਿਰਸੇ ਦੇ ਮਹਾਨ ਲੋਕਾਂ ਦੀਆਂ ਨਿੱਗਰ ਕਦਰਾਂ-ਕੀਮਤਾਂ ਗ੍ਰਹਿਣ ਕਰਕੇ ਅਸੀਂ ਬੌਧਿਕ ਪੱਖ ਤੋਂ ਅੱਗੇ ਵਧ ਸਕਦੇ ਹਾਂ।

# ਕਰ ਗਏ ਹਿਜਰਤ ਪਰਿੰਦੇ

ਕੁਦਰਤ ਰਾਣੀ ਪ੍ਰਤੀ ਜੇਕਰ ਮਨੁੱਖ ਦੀਆਂ ਆਪ-ਹੁਦਰੀਆਂ ਇਸੇ ਤਰ੍ਹਾਂ ਹੀ ਜਾਰੀ ਰਹੀਆਂ ਤਾਂ ਉਹ ਦਿਨ ਦੂਰ ਨਹੀਂ ਜਦੋਂ ਆਪਣੇ ਆਲੇ-ਦੁਆਲੇ ਵੰਨ-ਸੁਵੰਨੀਆਂ ਬੋਲੀਆਂ ਬੋਲਦੇ ਪੰਛੀਆਂ ਦੀਆਂ ਤਸਵੀਰਾਂ ਸਿਰਫ਼ ਕਿਤਾਬਾਂ ਵਿੱਚ ਹੀ ਵੇਖਿਆ ਕਰਾਂਗੇ।

ਜਦੋਂ ਤਕ ਇਸ ਧਰਤੀ 'ਤੇ ਵੰਨ-ਸੁਵੰਨਤਾ ਬਣੀ ਰਹੇਗੀ ਉਦੋਂ ਤਕ ਸਾਡੀ ਜ਼ਿੰਦਗੀ ਵੀ ਬਹੁਰੰਗੀ ਬਣੀ ਰਹੇਗੀ। ਕੁਦਰਤੀ ਵੰਨ-ਸੁਵੰਨਤਾ ਦੇ ਖ਼ਤਮ ਹੁੰਦਿਆਂ ਹੀ ਸਾਡੀ ਜ਼ਿੰਦਗੀ ਦੇ ਰੰਗ ਵੀ ਫਿੱਕੇ ਪੈਣ ਲੱਗ ਪੈਣਗੇ।

ਸ਼ੀਸ਼ੇ ਦੇ ਮਰਤਬਾਨਾਂ ਵਿੱਚ ਤਾੜ ਕੇ ਰੱਖੀਆਂ ਮੱਛੀਆਂ ਤੋਂ ਅਸੀਂ ਦਰਿਆਵਾਂ, ਸਮੁੰਦਰਾਂ, ਨਦੀਆਂ ਦੀ ਵਿਸ਼ਾਲਤਾ ਦੇ ਦਰਸ਼ਨ ਨਹੀਂ ਕਰ ਸਕਦੇ। ਗੱਡੀਆਂ ਵਿੱਚ ਟੰਗੀਆਂ ਬਣਾਉਟੀ ਚਿੜੀਆਂ, ਤੋਤੇ, ਗਟਾਰਾਂ ਸਾਡੇ ਮਨਾਂ ਨੂੰ ਸੰਗੀਤਕ ਹੁਲਾਰੇ ਨਹੀਂ ਦੇ ਸਕਦੀਆਂ।

ਅਸੀਂ ਕੁਦਰਤੀ ਬਨਸਪਤੀ ਅਤੇ ਜੰਗਲਾਂ ਨੂੰ ਸਾਫ਼ ਕਰਕੇ ਧਰਤੀ ਨੂੰ ਜਾਂ ਤਾਂ ਪਲਾਟਾਂ ਦਾ ਰੂਪ ਦੇ ਦਿੱਤਾ ਜਾਂ ਫਿਰ ਉਸ ਥਾਂ 'ਤੇ ਕੰਕਰੀਟ ਦੇ ਜੰਗਲ ਉਸਾਰ ਲਏ। ਸਾਡੇ ਵੱਡੇ-ਵਡੇਰਿਆਂ ਵੱਲੋਂ ਖੂਹਾਂ ਦੇ ਮੌਣਾਂ (ਮਣਾਂ) 'ਤੇ ਲਗਾਏ ਰੁੱਖਾਂ ਦੇ ਝੁੰਡ ਫ਼ਰਨੀਚਰ ਦੇ ਰੂਪ ਵਿੱਚ ਸਾਡੇ ਘਰਾਂ ਦਾ ਸ਼ਿੰਗਾਰ ਬਣ ਗਏ। ਸੀਮੈਂਟ ਦੀਆਂ ਬਣੀਆਂ ਛੱਤਾਂ ਅਤੇ ਸ਼ੀਸ਼ੇ ਦੀਆਂ ਬਾਰੀਆਂ ਵਾਲੇ ਘਰ ਉਸਾਰ ਕੇ ਅਸੀਂ ਉਨ੍ਹਾਂ ਪੰਛੀਆਂ ਤੋਂ ਸਦਾ ਲਈ ਵਿਛੜ ਗਏ ਜੋ ਕਦੇ ਸਾਡੇ ਘਰਾਂ ਵਿੱਚ ਮਹਿਮਾਨ ਬਣ ਕੇ ਸਾਡੇ ਨਾਲ ਰਹਿੰਦੇ ਸਨ। ਕੁਝ ਦਹਾਕੇ ਪਹਿਲਾਂ ਦੇ ਸਾਡੇ ਪਿੰਡਾਂ ਵਿੱਚ ਕੁਝ ਸਾਂਝੀਆਂ ਥਾਵਾਂ ਹੁੰਦੀਆਂ ਸਨ ਜਿੱਥੇ ਇਕ ਦੋ ਵੱਡੇ ਰੁੱਖ ਪਿੱਪਲ ਜਾਂ ਬੋਹੜ ਦੇ ਹੁੰਦੇ ਸਨ। ਉੱਚਾ ਉੱਡਣ ਵਾਲੇ ਕੁਝ ਪੰਛੀ ਇਨ੍ਹਾਂ ਰੁੱਖਾਂ 'ਤੇ ਆਲ੍ਹਣੇ ਬਣਾਉਂਦੇ ਅਤੇ ਅੰਡੇ ਦਿੰਦੇ ਸਨ। ਕੱਚੀਆਂ ਕੰਧਾਂ, ਪੁਰਾਣੇ ਰੁੱਖ, ਖੁੱਡਾਂ, ਖੋਲੇ, ਹੁਣ ਕਿਤੇ ਨਹੀਂ ਬਚੇ। ਸਾਡੇ ਉਹ ਪੰਛੀ ਚਿੜੀਆਂ, ਤੋਤੇ, ਗਟਾਰਾਂ ਜੋ ਅਜਿਹੀਆਂ ਥਾਵਾਂ 'ਤੇ ਆਲ੍ਹਣੇ ਪਾਉਂਦੇ ਸਨ, ਉਹ ਹੁਣ ਆਲ੍ਹਣੇ ਪਾਉਣ ਤੇ ਪਾਉਣ ਕਿੱਥੇ?

ਪਦਾਰਥਕ ਵਸਤਾਂ ਦੀ ਹਵਸ ਦਾ ਸ਼ਿਕਾਰ ਹੋਇਆ ਮਨੁੱਖ ਕੁਦਰਤੀ ਵਰਤਾਰਿਆਂ ਵਿੱਚ ਹੱਦੋਂ ਵੱਧ ਦਖ਼ਲ-ਅੰਦਾਜ਼ੀ ਕਰਨ ਲੱਗ ਪਿਆ ਹੈ। ਦਿਖਾਵੇ ਦੇ ਇਸ ਯੁੱਗ ਵਿੱਚ ਇੱਛਾਵਾਂ ਅਤੇ ਲਾਲਸਾਵਾਂ ਦਾ ਵਰਗਲਾਇਆ ਮਨੁੱਖ ਕੁਦਰਤੀ ਜੰਗਲਾਂ ਅਤੇ ਬਨਸਪਤੀ ਦਾ ਖ਼ਾਤਮਾ ਕਰਨ 'ਤੇ ਤੁਲਿਆ ਹੋਇਆ ਹੈ, ਜਿਸ ਨਾਲ ਵਾਤਾਵਰਨ ਵਿੱਚ ਕਈ ਤਰ੍ਹਾਂ ਦੇ ਵਿਗਾੜ ਪੈਦਾ ਹੋਣ ਲੱਗ ਪਏ ਹਨ। ਇਸ ਨਾਲ, ਸਾਡੇ ਆਲੇ-ਦੁਆਲੇ ਵੰਨ-ਸੁਵੰਨੀਆਂ ਬੋਲੀਆਂ ਬੋਲਦੇ ਪੰਛੀਆਂ ਦੀਆਂ ਨਸਲਾਂ ਬੜੀ



ਬੁਰੀ ਤਰ੍ਹਾਂ ਪ੍ਰਭਾਵਿਤ ਹੋਈਆਂ ਹਨ।

ਬਰਤਾਨੀਆ ਦੇ ਸੁਰੱਖਿਆ ਜੰਗਲਾਤ ਲਾਈਫ਼ ਇੰਟਰਨੈਸ਼ਨਲ ਵੱਲੋਂ ਜਾਰੀ ਇਕ ਰਿਪੋਰਟ ਜਿਸ ਵਿੱਚ ਮਾਹਰਾਂ ਦੀ ਇਕ ਟੀਮ ਵੱਲੋਂ ਕਿਹਾ ਗਿਆ ਹੈ ਕਿ ਸੰਨ 1701 ਤੋਂ 2000 ਤਕ ਭਾਵ ਤਿੰਨ ਸੌ ਸਾਲਾਂ ਵਿੱਚ ਪੰਛੀਆਂ ਦੀਆਂ 134 ਪ੍ਰਜਾਤੀਆਂ ਅਲੋਪ ਹੋ ਗਈਆਂ ਹਨ। ਰਿਪੋਰਟ 'ਚ ਕਿਹਾ ਗਿਆ ਕਿ 1226 ਪ੍ਰਜਾਤੀਆਂ ਜਾਂ ਪ੍ਰਜਾਤੀਆਂ ਦਾ 12 ਫ਼ੀਸਦੀ ਅਲੋਪ ਹੋਣ ਦੇ ਕਰੀਬ ਹਨ, ਜਿਨ੍ਹਾਂ ਵਿੱਚ ਫਿਸ਼ ਆਊਲ ਤੇ ਅਮਾਮੀ ਵੁਡਕਾਕ ਵਰਗੀਆਂ ਜਪਾਨੀ ਜਾਤੀਆਂ ਸ਼ਾਮਲ ਹਨ। ਦੁਖਦਾਈ ਗੱਲ ਇਹ ਹੈ ਕਿ ਅਠਾਰਵੀਂ ਸਦੀ ਵਿੱਚ ਕੁਝ ਘੱਟ, ਉਨੀਂਵੀ ਸਦੀ ਵਿੱਚ ਉਸ ਤੋਂ ਜ਼ਿਆਦਾ ਅਤੇ ਵੀਹਵੀਂ ਸਦੀ ਇਨ੍ਹਾਂ ਦੋਹਾਂ ਸਦੀਆਂ ਨਾਲੋਂ ਵੀ ਜ਼ਿਆਦਾ ਗਿਣਤੀ ਵਿੱਚ ਜਾਤੀਆਂ ਲੁਪਤ ਹੋਈਆਂ ਹਨ। ਇਹ ਤਾਂ ਇਕ ਸੰਸਥਾ ਦੀ ਰਿਪੋਰਟ ਸੀ, ਪਰ ਜ਼ਮੀਨੀ ਪੱਧਰ 'ਤੇ ਜੋ ਕੁਝ ਵਾਪਰ ਰਿਹਾ ਹੈ ਜਿਸ ਦਾ ਵਿਸ਼ਲੇਸ਼ਣ ਆਉਣ 'ਤੇ ਕੁਦਰਤ ਨਾਲ ਥੋੜ੍ਹਾ ਬਹੁਤ ਲਗਾਓ ਰੱਖਣ ਵਾਲਿਆਂ ਲਈ ਬੜਾ ਨਿਰਾਸ਼ ਕਰਨ ਵਾਲਾ ਹੋਵੇਗਾ।

ਇਕ ਕਲਪਤ ਕਥਾ ਅਨੁਸਾਰ ਰੱਬ ਨੇ ਇਹ ਸ੍ਰਿਸ਼ਟੀ ਸਾਜਣ ਸਮੇਂ ਇਕ ਬੰਦੇ ਅਤੇ ਇਕ ਔਰਤ ਨੂੰ ਪੈਦਾ ਕੀਤਾ ਅਤੇ ਫਿਰ ਉਨ੍ਹਾਂ ਦਾ ਦਿਲ ਬਹਿਲਾਉਣ ਲਈ ਬਾਕੀ ਜੀਵ-ਜੰਤੂਆਂ ਅਤੇ ਵੰਨ-ਸੁਵੰਨੀ ਬਨਸਪਤੀ ਦਾ ਸੰਸਾਰ ਸਿਰਜ ਦਿੱਤਾ। ਬਾਈਬਲ ਦੀ ਅੰਮਾਂ ਹਵਾ ਅਤੇ ਆਦਮ ਵਾਲੀ ਕਥਾ ਵੀ ਲਗਭਗ ਅਜਿਹੀ ਹੀ ਕਥਾ ਹੈ। ਇਨ੍ਹਾਂ ਕਥਾਵਾਂ ਦਾ ਸਾਰ-ਅੰਸ਼ ਇਹ ਹੈ ਕਿ ਮਨੁੱਖ ਇਕ ਮਾਤਰ ਸਭ ਤੋਂ ਉੱਤਮ ਜੀਵ ਹੈ ਅਤੇ ਇਸ ਦੇ ਆਲੇ-ਦੁਆਲੇ ਦੇ ਪੇੜ ਪੌਦੇ, ਜੀਵ-ਜੰਤੂ ਇਸ ਦੇ ਮਨ-ਪ੍ਰਚਾਵੇ ਅਤੇ ਇਸ ਦੀ ਜ਼ਿੰਦਗੀ ਦੇ ਵਸੀਲੇ ਮਾਤਰ ਹਨ। ਲਗਭਗ ਹਰ ਇਕ ਧਾਰਮਿਕ ਗ੍ਰੰਥ ਵਿੱਚ ਕਈ ਥਾਈਂ ਅਜਿਹਾ ਜ਼ਿਕਰ ਆਉਂਦਾ ਹੈ ਕਿ ਮਨੁੱਖ ਧਰਤੀ ਦਾ ਸਭ ਤੋਂ ਉੱਤਮ ਜੀਵ ਹੈ। ਪਰ ਇਸ ਕਥਨ ਨੂੰ ਜ਼ਰਾ ਕੁਦਰਤੀ ਇਖ਼ਲਾਕੀ ਪੱਖ ਤੋਂ ਅਤੇ ਦੂਜੇ ਜਾਨਵਰਾਂ ਦੇ ਨਜ਼ਰੀਏ ਤੋਂ ਵੇਖੋ।

ਅੱਜ ਇਹ ਮਨੁੱਖ ਨਾਮ ਦਾ ਜੀਵ ਇਸ ਧਰਤੀ 'ਤੇ ਦੂਜੇ ਸਭ ਜੀਵਾਂ ਵਾਸਤੇ ਬਹੁਤ ਭਿਆਨਕ ਸਾਬਤ ਹੋ ਰਿਹਾ ਹੈ। ਇਸ ਧਰਤੀ 'ਤੇ ਰਹਿਣ ਦਾ ਬਾਕੀ ਜੀਵਾਂ ਦਾ ਵੀ ਉਨਾ ਹੀ ਅਧਿਕਾਰ ਹੈ ਜਿੰਨਾ ਕਿ ਮਨੁੱਖ ਦਾ; ਸਗੋਂ ਇਹ ਕਹਿ ਸਕਦੇ ਹਾਂ ਕਿ ਇਸ ਧਰਤੀ 'ਤੇ ਜੇ ਸਿਰਫ਼ ਮਨੁੱਖ ਹੀ ਨਾ ਹੋਵੇ ਤਾਂ ਬਾਕੀ ਜੀਵ-ਜੰਤੂ ਬੜੇ ਅਰਾਮ ਨਾਲ ਸੁਖੀ ਜ਼ਿੰਦਗੀ ਬਤੀਤ ਕਰਨ।

ਮਨੁੱਖ ਆਪਣਾ ਮੁਨਾਫ਼ਾ ਕਮਾਊ ਰਵੱਈਏ ਨੂੰ ਹਰ ਹਾਲਤ ਵਿੱਚ ਹਰ ਥਾਂ 'ਤੇ ਬਿਨਾਂ ਕਿਸੇ ਦੀ ਪ੍ਰਵਾਹ ਕੀਤਿਆਂ ਲਾਗੂ ਕਰਦਾ ਆਇਆ ਹੈ। ਮਨੁੱਖ ਦੀ ਕੁਦਰਤੀ ਨਿਯਮਾਂ, ਵਰਤਾਰਿਆਂ ਵਿੱਚ ਹੱਦੋਂ ਵੱਧ ਦਖ਼ਲ-ਅੰਦਾਜ਼ੀ ਕਰਨ ਦੀ ਆਦਤ ਨਾਲ ਪਿਛਲੇ ਕੁਝ ਅਰਸੇ ਤੋਂ ਹੀ ਕੁਝ ਜੀਵਾਂ ਦੀਆਂ ਨਸਲਾਂ ਬੜੀ ਤੇਜ਼ੀ ਨਾਲ ਖ਼ਤਮ ਹੋਣੀਆਂ ਸ਼ੁਰੂ ਹੋ ਗਈਆਂ ਹਨ ਅਤੇ ਕੁਝ ਜੀਵ-ਜਾਤੀਆਂ ਅਜਿਹੀਆਂ

ਵੀ ਹਨ ਜਿਨ੍ਹਾਂ ਦਾ ਮਨੁੱਖ ਦੁਆਰਾ ਸਫ਼ਾਇਆ ਹੀ ਹੋ ਗਿਆ ਹੈ।

ਮਨੁੱਖ ਆਪਣੇ ਲਈ ਦੌਲਤ ਦੇ ਅੰਬਾਰ ਲਗਾ ਲੈਣ ਲਈ ਹਾਬੜਿਆ ਫਿਰਦਾ ਹੈ। ਦੁਨਿਆਵੀ ਪਦਾਰਥਾਂ ਨੂੰ ਇਕੱਠਾ ਕਰਨ ਦੀ ਹਵਸ ਕਾਰਨ ਮਨੁੱਖ ਆਪਣੇ ਕੁਦਰਤੀ ਵਸੀਲਿਆਂ ਨੂੰ ਲਗਾਤਾਰ ਨਸ਼ਟ ਕਰਦਾ ਜਾ ਰਿਹਾ ਹੈ। ਮੋਟਰ-ਗੱਡੀਆਂ, ਹਵਾਈ ਜਹਾਜ਼ਾਂ, ਰਾਕਟਾਂ, ਮਿਜ਼ਾਇਲਾਂ, ਕਾਰਖ਼ਾਨਿਆਂ, ਫ਼ੈਕਟਰੀਆਂ ਤੋਂ ਇਲਾਵਾ ਖੇਤੀ ਤੋਂ ਬਚੀ ਰਹਿੰਦ-ਖੂੰਦ ਨੂੰ ਸਾੜਨ ਤੋਂ ਪੈਦਾ ਹੋਏ ਜ਼ਹਿਰੀਲੇ ਧੂੰਏਂ ਨੇ ਵਾਤਾਵਰਨ ਨੂੰ ਪਲੀਤ ਕਰ ਦਿੱਤਾ ਹੈ। ਖ਼ਪਤ ਦੇ ਵਧਣ ਨਾਲ ਫ਼ੈਕਟਰੀਆਂ, ਕਾਰਖ਼ਾਨੇ ਵਧ ਰਹੇ ਹਨ। ਦਰਿਆਵਾਂ, ਨਦੀਆਂ ਦੇ ਪਾਣੀਆਂ ਦੀ ਸਵੱਛਤਾ ਖ਼ਤਮ ਹੋ ਗਈ ਹੈ। ਦਰਿਆ ਗੰਦੇ ਨਾਲਿਆਂ ਦਾ ਰੂਪ ਧਾਰਨ ਕਰਦੇ ਜਾ ਰਹੇ ਹਨ। ਇਨ੍ਹਾਂ ਦੇ ਪਾਣੀਆਂ 'ਤੇ ਨਿਰਭਰ ਰਹਿਣ ਵਾਲੇ ਪੰਛੀਆਂ ਦੀਆਂ ਨਸਲਾਂ ਬੁਰੀ ਤਰ੍ਹਾਂ ਪ੍ਰਭਾਵਿਤ ਹੋਈਆਂ ਹਨ। ਪਰਵਾਸੀ ਪੰਛੀ ਜੋ ਸਰਦ ਰੁੱਤ ਵਿੱਚ ਸਾਡੇ ਮਹਿਮਾਨ ਬਣਕੇ ਦਰਿਆਵਾਂ ਝੀਲਾਂ 'ਤੇ ਆਉਂਦੇ ਸਨ ਦੀ ਗਿਣਤੀ ਘੱਟ ਹੋਣੀ ਅਰੰਭ ਹੋ ਗਈ ਹੈ।

ਧਰਤੀ 'ਤੇ ਰਹਿਣ ਵਾਲੇ ਸਾਰੇ ਜੀਵਾਂ ਦੇ ਸੁਭਾਅ ਦਾ ਜੇ ਲੇਖਾ-ਜੋਖਾ ਕਰੀਏ ਤਾਂ ਤੁਹਾਨੂੰ ਇੱਕੋ-ਇੱਕ ਇਹ ਮਨੁੱਖ ਨਾਮ ਦਾ ਜਾਨਵਰ ਹੀ ਸਭ ਜੀਵਾਂ ਤੋਂ ਭ੍ਰਿਸ਼ਟ ਨਜ਼ਰ ਆਵੇਗਾ। ਅਸੀਂ ਕਿਸ ਮੂੰਹ ਨਾਲ ਕਹਿੰਦੇ ਹਾਂ ਕਿ ਇਹ ਆਦਮੀ ਨਾਮ ਦਾ ਜੀਵ ਸਭ ਜੀਵਾਂ ਤੋਂ ਉੱਤਮ ਜੀਵ ਹੈ। ਇਹ ਆਦਮੀ ਹੀ ਹੈ ਜਿਸ ਦੀ ਹੋਂਦ ਨੇ ਦੂਜੇ ਜੀਵਾਂ ਦੀ ਹੋਂਦ ਨੂੰ ਖ਼ਤਮ ਕਰਨ ਦਾ ਤਹੱਈਆ ਕਰ ਲਿਆ ਹੈ। ਆਪਣੀਆਂ ਜਿਨ੍ਹਾਂ ਨਸਲਾਂ ਲਈ ਅਸੀਂ ਬੇਸ਼ੁਮਾਰ ਜਾਇਦਾਦ ਅਤੇ ਪੈਸੇ ਦੇ ਅੰਬਾਰ ਲਾ ਲੈਣ ਦੀ ਕੋਸ਼ਿਸ਼ 'ਚ ਹਾਂ, ਕੀ ਇਸ ਧਰਤੀ ਨੂੰ ਉਨ੍ਹਾਂ ਦੇ ਰਹਿਣਯੋਗ ਨਹੀਂ ਰਹਿਣ ਦੇਣਾ ਚਾਹੀਦਾ? ਇਹ ਸੁਆਲ ਧਰਤੀ 'ਤੇ ਰਹਿਣ ਵਾਲੇ ਹਰ ਸ਼ਖ਼ਸ ਅੱਗੇ ਹੈ। ਅੰਤ 'ਤੇ ਇਕ ਸ਼ੇਅਰ ਅਰਜ਼ ਕਰਨਾ ਚਾਹੁੰਦਾ ਹਾਂ:-

***ਕਰ ਗਏ ਹਿਜਰਤ ਪਰਿੰਦੇ ਉਦਾਸ ਜਿਹੇ ਹੋ ਕੇ,***

***ਜ਼ਹਿਰੀਲੀ ਫ਼ਿਜ਼ਾ ਸੀ ਆਖ਼ਿਰ ਕੀ ਕਰਦੇ ਵਿਚਾਰੇ?***



# ਕਰਜ਼ੇ ਵਿੱਚ ਡੁੱਬੀ ਕਿਰਸਾਨੀ ਅਤੇ ਸਰਕਾਰੀ ਮੁਆਵਜ਼ੇ ਦਾ ਸੱਚ

ਅਸੀਂ ਉਸ ਦੌਰ 'ਚੋਂ ਗੁਜ਼ਰ ਰਹੇ ਹਾਂ ਜਿੱਥੇ ਵਿਵਸਥਾ ਤੋਂ ਤੰਗ ਆ ਕੇ ਮਰਨ ਵਾਲਿਆਂ ਦੇ ਵਾਰਸਾਂ ਨੂੰ ਕੁਝ ਕੁ ਮੁਆਵਜ਼ਾ ਤਾਂ ਦਿੱਤਾ ਜਾ ਸਕਦਾ ਹੈ, ਪਰ ਮਰਨ ਵਾਲਾ ਕਿਉਂ ਮਰਦਾ ਹੈ ਇਸ ਲਈ ਚਿੰਤਨ ਕਰਨ ਦੀ ਲੋੜ ਨਹੀਂ ਸਮਝੀ ਜਾ ਰਹੀ।

ਅੱਜ ਸਾਡੇ ਖੇਤ ਉਦਾਸ ਹਨ ਅਤੇ ਖੇਤਾਂ ਦੇ ਵਾਰਸ ਨਿਰਾਸ਼ ਹਨ। ਖੇਤ ਬੜੀ ਕਾਹਲੀ ਨਾਲ ਬਿਗ਼ਾਨੇ ਹੋ ਰਹੇ ਹਨ। ਖੇਤਾਂ ਦੀ ਬੇਬਸੀ ਨੂੰ ਬਹੁਤ ਪਹਿਲਾਂ ਸਮਝਿਆ ਜਾਣਾ ਚਾਹੀਦਾ ਸੀ। ਸਾਰੀ ਦੁਨੀਆਂ ਵਿੱਚ ਕਿਸਾਨ ਹੀ ਇੱਕੋ-ਇੱਕ ਅਜਿਹੀ ਧਿਰ ਹੈ ਜਿਸ ਨੂੰ ਆਪਣੀ ਪੈਦਾਵਾਰ ਵੇਚਣ ਲਈ ਵੀ ਧਰਨੇ ਮੁਜ਼ਾਹਰੇ ਕਰਨੇ ਪੈਂਦੇ ਹਨ। ਪੈਦਾਵਾਰ ਦਾ ਸਹੀ ਰੇਟ ਅਤੇ ਬਣਦੀ ਰਕਮ ਲੈਣਾ ਤਾਂ ਬਾਅਦ ਦੀਆਂ ਗੱਲਾਂ ਹਨ, ਦੇਸ਼ ਦੇ ਹਰ ਨਾਗਰਿਕ ਤੋਂ ਲੈ ਕੇ ਅਮੀਰਾਂ, ਵਜ਼ੀਰਾਂ, ਅਧਿਕਾਰੀਆਂ, ਡਾਕਟਰਾਂ, ਵਕੀਲਾਂ, ਵਿਗਿਆਨੀਆਂ ਤਕ ਹਰ ਇੱਕ ਨੂੰ ਕਿਸਾਨ ਦਾ ਅਹਿਸਾਨਮੰਦ ਹੋਣਾ ਚਾਹੀਦਾ ਹੈ, ਕਿਉਂਕਿ ਉਨ੍ਹਾਂ ਦੀ ਰਸੋਈ ਵਿੱਚ ਰੋਜ਼ ਜੋ ਕੁਝ ਰਿੱਝਦਾ ਪੱਕਦਾ ਹੈ ਉਸ ਨੂੰ ਪੈਦਾ ਕਰਨ ਵਾਲਾ ਕਿਸਾਨ ਹੈ। ਕੁਝ ਦਹਾਕੇ ਪਹਿਲਾਂ ਜਦੋਂ ਦੇਸ਼ ਅੰਨ ਪੱਖੋਂ ਆਤਮ ਨਿਰਭਰ ਨਹੀਂ ਸੀ ਹਰ ਸਾਲ ਲੱਖਾਂ ਲੋਕ ਭੁੱਖ ਨਾਲ ਵਿਲਕ-ਵਿਲਕ ਮਰ ਜਾਂਦੇ ਸਨ। ਨਵੀਆਂ ਤਕਨੀਕਾਂ, ਚੰਗੀਆਂ ਖਾਦਾਂ, ਬੀਜਾਂ ਦੇ ਨਾਲ-ਨਾਲ ਦੇਸ਼ ਦੇ ਕਿਸਾਨ ਦੀ ਕਰੜੀ ਮਿਹਨਤ ਰੰਗ ਲਿਆਈ ਅਤੇ ਦੇਸ਼ ਅਨਾਜ ਪੱਖੋਂ ਆਤਮ-ਨਿਰਭਰ ਹੋ ਗਿਆ। ਪਰ ਅਫ਼ਸੋਸ ਦੇਸ਼ ਦੀਆਂ ਰਾਜਗੱਦੀਆਂ ਅਤੇ ਵਜ਼ੀਰੀਆਂ ਮਾਣਨ ਵਾਲੇ ਲੋਕਾਂ ਦਾ ਕਿਸਾਨ ਪ੍ਰਤੀ ਰਵੱਈਆ ਸਦਾ ਹੀ ਮਤਰੇਈ ਮਾਂ ਵਾਲਾ ਰਿਹਾ ਹੈ। ਵੱਖ-ਵੱਖ ਸਮੇਂ 'ਤੇ ਰਾਜ ਕਰਦੀਆਂ ਆ ਰਹੀਆਂ ਸਰਕਾਰਾਂ ਨੇ ਕਿਸਾਨਾਂ ਦੇ ਬੁਨਿਆਦੀ ਮਸਲੇ ਹੱਲ ਨਹੀਂ ਕੀਤੇ। ਕੇਵਲ ਲਾਰੇ ਲਾ ਕੇ ਵੋਟਾਂ ਬਟੋਰੀਆਂ ਹਨ। ਕਿਸਾਨੀ ਨੂੰ ਬਚਾਉਣ ਲਈ ਬਜਾਏ ਉਲਟਾ ਅਜਿਹੇ ਫ਼ੈਸਲੇ ਲਏ ਜਾ ਰਹੇ ਹਨ ਜਿਨ੍ਹਾਂ ਨਾਲ ਕਿਰਸਾਨੀ ਦੀ ਹੋਰ ਤਬਾਹੀ ਹੋਣ ਦਾ ਮੁੱਢ ਬੱਝਦਾ ਹੈ। ਇਸ ਦੀ ਤਾਜ਼ਾ ਉਦਾਹਰਣ ਕੇਂਦਰ ਸਰਕਾਰ ਦਾ ਬਾਹਰਲੇ ਮੁਲਕਾਂ 'ਚੋਂ ਮੰਗਵਾਈ ਜਾਣ ਵਾਲੀ ਕਣਕ ਨੂੰ ਟੈਕਸ ਮੁਕਤ ਕਰਨਾ ਹੈ। ਪਹਿਲਾਂ ਜਦੋਂ ਕੋਈ ਵਪਾਰੀ ਬਾਹਰੋਂ ਹੋਰ ਦੇਸ਼ਾਂ 'ਚੋਂ ਕਣਕ ਦੀ ਖ਼ਰੀਦ ਕਰਦਾ ਸੀ ਤਾਂ ਉਸ ਨੂੰ 25% ਟੈਕਸ ਸਰਕਾਰ ਨੂੰ ਅਦਾ ਕਰਨਾ ਪੈਂਦਾ ਸੀ, ਜਿਸ ਨਾਲ ਦੇਸ਼ ਦੇ ਕਿਸਾਨਾਂ ਨੂੰ ਕਣਕ ਦਾ ਚੰਗਾ ਭਾਅ ਮਿਲ ਜਾਂਦਾ ਸੀ। ਪਰ ਸਰਕਾਰ ਨੇ ਹੁਣ ਇਹ ਟੈਕਸ ਹਟਾ ਦਿੱਤਾ ਹੈ, ਜਿਸ ਨਾਲ ਦੇਸ਼ ਵਿੱਚ ਦੂਜੀਆਂ ਫ਼ਸਲਾਂ ਦੇ ਨਾਲ-ਨਾਲ ਕਣਕ ਦੀ ਵੀ ਬੇਕਦਰੀ ਹੋਰ ਵਧ ਜਾਵੇਗੀ। ਕਿਸਾਨ ਮਾਰੂ ਅਜਿਹੀਆਂ ਨੀਤੀਆਂ ਵਪਾਰੀ ਵਰਗ ਨੂੰ ਖ਼ੁਸ਼

ਕਰਨ ਲਈ ਘੜੀਆਂ ਜਾ ਰਹੀਆਂ ਹਨ। ਪਿਛਲੇ ਦਿਨੀਂ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ 2 ਲੱਖ ਹਰ ਕਿਸਾਨ ਦਾ ਕਰਜ਼ਾ ਮੁਆਫ਼ ਕਰਨ ਦਾ ਨੋਟੀਫ਼ਿਕੇਸ਼ਨ ਜਾਰੀ ਕਰ ਦਿੱਤਾ ਪਰ ਇਸ ਨਾਲ ਕਿਸਾਨਾਂ ਦੀਆਂ ਮੁਸ਼ਕਲਾਂ ਦਾ ਅੰਤ ਹੋਣ ਵਾਲਾ ਨਹੀਂ। ਕਰਜ਼ਾ ਮੁਆਫ਼ੀ ਕਿਸਾਨਾਂ ਦੀ ਸਮੱਸਿਆ ਦਾ ਹੱਲ ਨਹੀਂ, ਇਸ ਲਈ ਖੇਤੀਬਾੜੀ ਪ੍ਰਤੀ ਸਰਕਾਰੀ ਨੀਤੀਆਂ ਵਿੱਚ ਵੱਡੇ ਬਦਲਾਅ ਕਰਨ ਦੀ ਲੋੜ ਹੈ।

ਪਿਛਲੇ ਕੁਝ ਦਿਨਾਂ ਤੋਂ ਆਲੂਆਂ ਦੀ ਫ਼ਸਲ ਦੀ ਬੇਕਦਰੀ ਦੀਆਂ ਖ਼ਬਰਾਂ ਆਮ ਲੱਗ ਰਹੀਆਂ ਹਨ। ਕਿਸਾਨ ਸੜਕਾਂ 'ਤੇ ਆਲੂ ਲਾਹ ਕੇ ਰੋਸ ਵਿਖਾਵਾ ਕਰ ਰਹੇ ਹਨ। ਆਲੂਆਂ ਨੂੰ ਮੰਡੀ ਵਿੱਚ ਇਕ ਦੋ ਰੁਪਏ ਕਿੱਲੋ ਵੀ ਕੋਈ ਵਪਾਰੀ ਸਿੱਧੇ ਮੂੰਹ ਨਹੀਂ ਪੁੱਛ ਰਿਹਾ। ਆਲੂ ਅਜਿਹੀ ਪੈਦਾਵਾਰ ਹੈ ਜਿਸ ਦੀ ਦੇਸ਼ ਦੇ ਹਰ ਸ਼ਹਿਰ, ਪਿੰਡ, ਘਰ ਵਿੱਚ ਤਕਰੀਬਨ ਹਰ ਰੋਜ਼ ਲੋੜ ਹੁੰਦੀ ਹੈ। ਫਿਰ ਇਸ ਦੀ ਬੇਕਦਰੀ ਕਿਉਂ? ਦੇਸ਼ ਦੀਆਂ ਸਰਕਾਰਾਂ ਕੋਈ ਬੁੱਤ ਲਾਉਣ ਲਈ ਤਾਂ ਕਰੋੜਾਂ ਰੁਪਏ ਖ਼ਰਚ ਕਰ ਸਕਦੀਆਂ ਹਨ, ਉਹਨਾਂ ਕੋਲ ਸ਼ਹਿਰਾਂ ਨੂੰ ਸਮਾਰਟ ਬਣਾਉਣ ਲਈ ਤਾਂ ਵੱਡੇ ਬਜਟ ਹਨ ਪਰ ਕਿਸਾਨਾਂ ਦੀਆਂ ਮੁਸ਼ਕਲਾਂ ਹੱਲ ਕਰਨ ਲਈ ਉਹਨਾਂ ਕੋਲ ਕੋਈ ਪ੍ਰੋਗਰਾਮ ਨਹੀਂ ਹੈ। ਸਰਕਾਰਾਂ ਜੇਕਰ ਕਿਸਾਨਾਂ ਨੂੰ ਕੁਝ ਦੇ ਰਹੀਆਂ ਹਨ ਤਾਂ ਉਹ ਹਨ ਕਰਜ਼ੇ। ਸਰਕਾਰੀ, ਅਰਧ-ਸਰਕਾਰੀ, ਅਤੇ ਪ੍ਰਾਈਵੇਟ ਬੈਂਕ ਕਿਸਾਨਾਂ ਨੂੰ ਧੜਾਧੜ ਕਰਜ਼ੇ ਦੇ ਰਹੇ ਹਨ। ਇਸ ਵਾਰ 2017 ਦੇ ਬਜਟ ਵਿੱਚ ਵੀ ਕੇਂਦਰ ਸਰਕਾਰ ਵੱਲੋਂ ਕਿਸਾਨਾਂ ਨੂੰ ਰਾਹਤ ਦੇਣ ਲਈ ਸਸਤੇ ਕਰਜ਼ੇ ਦੇਣਾ ਸ਼ਾਮਲ ਹੈ। ਇਹ ਕਿਹੋ ਜਿਹੀ ਵਿਡੰਬਨਾ ਹੈ, ਕਿਸਾਨ ਦੀ ਫ਼ਸਲ ਦੀ ਤਾਂ ਬੇਕਦਰੀ ਹੁੰਦੀ ਹੈ, ਹਰ ਸਾਲ ਉਸ ਨੂੰ ਆਪਣੀ ਪੈਦਾਵਾਰ ਵੇਚਣ ਲਈ ਖੱਜਲ-ਖੁਆਰ ਹੋਣਾ ਪੈਂਦਾ ਹੈ। ਉਸ ਦੀ ਪੈਦਾਵਾਰ ਤਾਂ ਮੰਡੀਆਂ ਵਿੱਚ ਰੁਲਦੀ ਹੈ, ਪਰ ਜੇਕਰ ਉਹ ਕਰਜ਼ਾ ਲੈਣਾ ਚਾਹੇ ਤਾਂ ਉਹ ਉਸ ਨੂੰ ਮਿਲ ਸਕਦਾ ਹੈ। ਸਰਕਾਰਾਂ ਨੂੰ ਉਸ ਦੀ ਪੈਦਾਵਾਰ ਦੇ ਸੁਚੱਜੇ ਮੰਡੀਕਰਨ ਦੀ ਤਾਂ ਕੋਈ ਫ਼ਿਕਰ ਨਹੀਂ, ਇਸ ਦੇ ਬਾਵਜੂਦ ਵੀ ਉਸ ਨੂੰ ਖੁੱਲ੍ਹੇ ਕਰਜ਼ੇ ਦੇਣ ਵਿੱਚ ਸਰਕਾਰ ਨੂੰ ਕੋਈ ਦਿੱਕਤ ਨਹੀਂ, ਆਖ਼ਿਰ ਕਿਉਂ? ਮਤਲਬ ਸਾਫ਼ ਹੈ ਕਿ ਕਿਸਾਨਾਂ ਨੂੰ ਕਰਜ਼ੇ ਉਸ ਦੀ ਪੈਦਾਵਾਰ ਲਈ ਨਹੀਂ ਬਲਕਿ ਜ਼ਮੀਨ ਲਈ ਦਿੱਤੇ ਜਾ ਰਹੇ ਹਨ। ਕਿਸਾਨਾਂ ਨੂੰ ਇਹ ਗੱਲ ਸਮਝ ਲੈਣੀ ਚਾਹੀਦੀ ਹੈ ਕਿ ਉਹਨਾਂ ਨੂੰ ਕਰਜ਼ੇ ਦੇ ਰੂਪ ਵਿੱਚ ਦਿੱਤਾ ਜਾਣ ਵਾਲਾ ਹਰ ਰੁਪਈਆ ਉਹਨਾਂ ਦੀ ਜ਼ਮੀਨ ਲਈ ਹੈ ਨਾ ਕਿ ਪੈਦਾਵਾਰ ਲਈ। ਕੁਝ ਕੁ ਦਹਾਕੇ ਪਹਿਲਾਂ ਜਦੋਂ ਕਿਸਾਨ ਕੇਵਲ ਆੜਤੀਏ 'ਤੇ ਨਿਰਭਰ ਸੀ ਤਾਂ ਸਰਕਾਰੀ, ਗ਼ੈਰ-ਸਰਕਾਰੀ ਅਤੇ ਸਹਿਕਾਰੀ ਬੈਂਕਾਂ ਨਾਲ ਉਸ ਦਾ ਲੈਣ ਦੇਣ ਨਹੀਂ ਸੀ, ਤਾਂ ਉਸ ਸਮੇਂ ਵੀ ਕਿਸਾਨ ਦੀ ਪੈਦਾਵਾਰ ਨੂੰ ਧਿਆਨ ਵਿੱਚ ਰੱਖ ਕੇ ਉਸ ਨੂੰ ਕਰਜ਼ ਮਿਲਦਾ ਸੀ। ਕਿਸਾਨ ਵੀ ਆਪਣੇ ਵਿੱਤ ਅਨੁਸਾਰ ਕਰਜ਼ ਲੈਂਦੇ ਸਨ; ਪਰ ਹੁਣ ਅਜਿਹਾ ਨਹੀਂ ਹੈ। ਹੁਣ ਜ਼ਿਆਦਾਤਰ ਕਿਸਾਨਾਂ ਦੀ ਹਾਲਤ ਦਾਹੜੀ ਨਾਲੋਂ ਮੁੱਛਾਂ ਵਧ ਜਾਣ ਵਾਲੀ ਹੋ ਗਈ ਹੈ। ਕਿਸਾਨਾਂ ਨੂੰ ਅੱਜ ਇਹ ਗੱਲ ਚੰਗੀ ਤਰ੍ਹਾਂ ਸਮਝ ਲੈਣੀ ਚਾਹੀਦੀ ਹੈ ਕਿ ਉਹਨਾਂ ਨੂੰ ਕਰਜ਼ੇ ਦੇਣ ਵਾਲੀਆਂ ਸੰਸਥਾਵਾਂ



ਦਾ ਉਹਨਾਂ ਦੀ ਪੈਦਾਵਾਰ ਨਾਲ ਕੋਈ ਸਰੋਕਾਰ ਨਹੀਂ। ਉਹਨਾਂ ਦਾ ਕੇਵਲ ਉਸ ਦੀ ਜ਼ਮੀਨ ਨਾਲ ਸਰੋਕਾਰ ਹੈ। ਕਿਸਾਨ ਪ੍ਰਤੀ ਸਰਕਾਰੀ ਨੀਤੀਆਂ ਸੰਬੰਧੀ ਇੱਥੇ ਸਵਾਲ ਪੈਦਾ ਹੁੰਦਾ ਹੈ ਕਿ ਕਿਸਾਨ ਨੂੰ ਉਸ ਦੀ ਪੈਦਾਵਾਰ ਦਾ ਜੇਕਰ ਪੂਰਾ ਭਾਅ ਨਹੀਂ ਮਿਲਣਾ ਤਾਂ ਉਸ ਨੂੰ ਕਰਜ਼ਾ ਕਿਸ ਲਈ ਦਿੱਤਾ ਜਾ ਰਿਹਾ ਹੈ? ਉਹ ਇਹ ਕਰਜ਼ਾ ਉਤਾਰੇਗਾ ਕਿਵੇਂ? ਇਸ ਦਾ ਸਪੱਸ਼ਟ ਜਵਾਬ ਹੈ ਜ਼ਮੀਨ ਵੇਚ ਕੇ। ਕੀ ਇਹ ਸਭ ਕੁਝ ਕਿਸਾਨਾਂ ਨੂੰ ਜ਼ਮੀਨ ਵਿਹੂਣੇ ਬਣਾਉਣ ਦੀ ਕਵਾਇਦ ਨਹੀ? ਪੰਜ ਰਾਜਾਂ ਵਿੱਚ ਹੁਣ ਚੋਣਾਂ ਹੋ ਕੇ ਹਟੀਆਂ ਹਨ, ਵੱਡੇ-ਵੱਡੇ ਚੋਣ ਜੁਮਲੇ ਹਵਾ ਵਿੱਚ ਗੈਸੀ ਗੁਬਾਰਿਆਂ ਵਾਂਗ ਛੱਡੇ ਗਏ, ਪਰ ਕਿਸਾਨਾਂ ਪ੍ਰਤੀ ਕੋਈ ਵੀ ਪਾਰਟੀ ਸੁਹਿਰਦ ਨਜ਼ਰ ਨਹੀਂ ਆਈ। ਕਿਸਾਨਾਂ ਦੇ ਕਰਜ਼ੇ ਮੁਆਫ਼ ਕਰਨ ਦੇ ਵਾਅਦੇ ਤਾਂ ਹੋ ਰਹੇ ਹਨ ਪਰ ਇਹ ਕਰਜ਼ੇ ਇਨ੍ਹਾਂ ਸਿਰ ਕਿਵੇਂ ਚੜ੍ਹੇ, ਇਸ ਲਈ ਕੋਈ ਚਿੰਤਨ ਨਹੀਂ ਹੋ ਰਿਹਾ। ਕਿਸਾਨ ਹਿਤੈਸ਼ੀ ਧਿਰਾਂ ਲਈ ਅੱਜ ਇਹ ਬਹੁਤ ਵੱਡੀ ਚੁਣੌਤੀ ਹੈ ਕਿ ਬਦਹਾਲ ਹੋ ਰਹੀ ਕਿਸਾਨੀ ਨੂੰ ਇਸ ਮੰਝਧਾਰ 'ਚੋਂ ਕਿਵੇਂ ਕੱਢਿਆ ਜਾਵੇ। ਕਿਸਾਨ ਇਸ ਸਮੇਂ ਉਸ ਮੁਹਾਣ 'ਤੇ ਖੜ੍ਹਾ ਹੈ ਜਿੱਥੇ ਉਸ ਨੂੰ ਦੋਹਰੀ ਲੜਾਈ ਲੜਨੀ ਪੈ ਰਹੀ ਹੈ ਇਕ ਪਾਸੇ ਉਸ ਨੂੰ ਜ਼ਮੀਨ ਬਚਾਉਣ ਦਾ ਫ਼ਿਕਰ ਹੈ ਦੂਜੇ ਪਾਸੇ ਆਪਣੀ ਪੈਦਾਵਾਰ ਨੂੰ ਵੇਚਣ, ਉਸ ਦਾ ਭਾਅ ਲੈਣ ਅਤੇ ਬਣਦੀ ਰਕਮ ਲੈਣ ਲਈ ਵੀ ਧਰਨੇ ਮੁਜ਼ਾਹਰੇ ਕਰਨੇ ਪੈ ਰਹੇ ਹਨ।

ਇਸੇ ਸਾਲ 16 ਮਾਰਚ ਨੂੰ ਸੰਸਦ ਦੀ ਕਾਰਵਾਈ ਦੌਰਾਨ ਜਦੋਂ ਖੇਤੀਬਾੜੀ ਮੰਤਰੀ ਨੇ ਕੇਂਦਰੀ ਬਜਟ 'ਚੋਂ ਯੂ.ਪੀ. ਦੇ ਕਿਸਾਨਾਂ ਦੇ ਕਰਜ਼ੇ ਮਾਫ਼ ਕਰਨ ਦੀ ਗੱਲ ਕਹੀ ਤਾਂ ਵਿਰੋਧੀ ਧਿਰ ਨੇ ਸਵਾਲ ਕੀਤਾ ਕਿ ਦੇਸ਼ ਦੀਆਂ ਦੂਜੀਆਂ ਸਟੇਟਾਂ ਦੇ ਕਿਸਾਨਾਂ ਨੂੰ ਕਰਜ਼ਿਆਂ ਤੋਂ ਰਾਹਤ ਕਿਉਂ ਨਹੀਂ। ਇਸ ਬਾਰੇ ਕੇਂਦਰੀ ਖੇਤੀਬਾੜੀ ਮੰਤਰੀ ਨੇ ਕੋਈ ਭਰੋਸਾ ਨਹੀਂ ਦਿੱਤਾ, ਜਿਸ ਦੇ ਵਿਰੋਧ ਵਿੱਚ ਵਿਰੋਧੀ ਧਿਰ ਦੇ ਨਾਲ-ਨਾਲ ਬੀ.ਜੇ.ਪੀ. ਸਹਿਯੋਗੀ ਪਾਰਟੀ ਸ਼ਿਵ ਸੈਨਾ ਵੀ ਸਦਨ 'ਚੋਂ ਵਾਕ ਆਊਟ ਕਰ ਗਈ। ਬੀ.ਜੇ.ਪੀ. ਸਰਕਾਰ ਜੋ 'ਸਭ ਕਾ ਸਾਥ ਸਭ ਕਾ ਵਿਕਾਸ' ਦੇ ਨਾਹਰੇ ਨਾਲ ਸੱਤਾ ਵਿੱਚ ਆਈ ਸੀ, ਨੂੰ ਦੇਸ਼ ਦੇ ਸਭ ਕਿਸਾਨਾਂ ਪ੍ਰਤੀ ਇਕਸਾਰ ਨੀਤੀ ਬਣਾਉਣੀ ਚਾਹੀਦੀ ਹੈ; ਜਿਵੇਂ ਅੱਜ ਦੇਸ਼ ਵਿੱਚ ਹੋ ਰਿਹਾ ਹੈ ਕਿ ਕਿਸਾਨੀ ਨਾਲ ਜੁੜੇ ਮੁੱਦਿਆਂ ਨੂੰ ਵੋਟ ਰਾਜਨੀਤੀ ਦੀ ਐਨਕ ਰਾਹੀਂ ਵੇਖਿਆ ਜਾ ਰਿਹਾ ਹੈ ਅਜਿਹਾ ਨਹੀਂ ਹੋਣਾ ਚਾਹੀਦਾ। ਕਿਸਾਨਾਂ ਦੀਆਂ ਮੁਸ਼ਕਲਾਂ ਸਮੱਸਿਆਵਾਂ ਪ੍ਰਤੀ ਸੁਹਿਰਦ ਪਹੁੰਚ ਅਪਣਾਉਣ ਦੀ ਲੋੜ ਹੈ।

ਖੇਤੀ ਨੂੰ ਲਾਹੇਵੰਦ ਧੰਦਾ ਬਣਾਉਣ ਲਈ ਜਿਸ ਤਰ੍ਹਾਂ ਦੇ ਉਪਰਾਲੇ ਕੀਤੇ ਜਾਣੇ ਚਾਹੀਦੇ ਹਨ ਉਹ ਨਹੀਂ ਹੋ ਰਹੇ। ਕਿਸਾਨਾਂ ਨੂੰ ਇਸ ਵੇਲੇ ਮੱਛੀ ਦੇਣ ਨਹੀਂ ਬਲਕਿ ਮੱਛੀ ਫੜਨ ਦੀ ਜੁਗਤ ਨਾਲ ਜੋੜਨ ਦੀ ਲੋੜ ਹੈ। ਦੇਸ਼ ਦੀਆਂ ਸਬਜ਼ੀ ਅਤੇ ਅਨਾਜ ਮੰਡੀਆਂ ਦਾ ਇਕ ਵੱਡਾ ਆਧੁਨਿਕ ਨੈੱਟਵਰਕ ਬਣਾਏ ਜਾਣ ਦੀ ਲੋੜ ਹੈ। ਕਿਹੜੇ ਇਲਾਕਿਆਂ ਵਿੱਚ ਕਿਹੜੀ ਫ਼ਸਲ ਬੀਜੀ ਜਾਵੇ ਅਤੇ ਉਹਦਾ ਕੀ ਭਾਅ ਦਿੱਤਾ ਜਾਵੇਗਾ, ਨੂੰ ਯਕੀਨੀ ਬਣਾਇਆ ਜਾਣਾ ਚਾਹੀਦਾ ਹੈ। ਖੇਤੀਬਾੜੀ ਦੇ

ਨਾਲ-ਨਾਲ ਡੇਅਰੀ ਫਾਰਮਾਂ ਨੂੰ ਵੱਡੇ ਪੱਧਰ ’ਤੇ ਵਿਕਸਿਤ ਕਰਨ ਦੀ ਲੋੜ ਹੈ। ਵੱਖ-ਵੱਖ ਤਰ੍ਹਾਂ ਦੇ ਅਨਾਜ, ਫਲ ਅਤੇ ਸਬਜ਼ੀਆਂ ਤੋਂ ਪ੍ਰੋਡਕਟ ਬਣਾਉਣ ਵਾਲੀਆਂ ਸਨਅਤਾਂ ਨੂੰ ਉਤਸ਼ਾਹਿਤ ਕਰਕੇ ਖੇਤੀਬਾੜੀ ਨੂੰ ਰਵਾਇਤੀ ਢੰਗ ਤੋਂ ਬਾਹਰ ਅਤੇ ਅੱਗੇ ਲੈ ਕੇ ਜਾਣ ਦੀ ਵੱਡੀ ਲੋੜ ਹੈ। ਕਣਕ ਝੋਨੇ ਦੇ ਫ਼ਸਲੀ ਚੱਕਰ ਕਰਕੇ ਪੰਜਾਬ ਵਿੱਚ ਜਿੱਥੇ ਧਰਤੀ ਹੇਠਲਾ ਪਾਣੀ ਤੇਜ਼ੀ ਨਾਲ ਘਟ ਰਿਹਾ ਹੈ ਉੱਥੇ ਵਾਤਾਵਰਣ ਵੀ ਬੜੀ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਰਿਹਾ ਹੈ। ਪੰਜਾਬ ਨੂੰ ਇਸ ਫ਼ਸਲੀ ਚੱਕਰ ਤੋਂ ਨਿਜ਼ਾਤ ਦੁਆਏ ਬਿਨਾਂ ਗੁਜ਼ਾਰਾ ਨਹੀਂ। ਅਜਿਹਾ ਤਾਂ ਹੀ ਸੰਭਵ ਹੋ ਸਕਦਾ ਹੈ ਜੇਕਰ ਸਰਕਾਰਾਂ ਖੇਤੀਬਾੜੀ ਦੇ ਵਿਕਾਸ ਲਈ ਵੱਡੇ ਫ਼ੈਸਲੇ ਲੈਣ ਅਤੇ ਇਹਨਾਂ ਲਈ ਲੋੜੀਂਦੇ ਸਾਧਨ ਮੁਹੱਈਆ ਕਰਨ ਲਈ ਯਤਨਸ਼ੀਲ ਹੋਣ। ਕਿਸਾਨਾਂ ਦੇ ਪੂਰੀ ਤਰ੍ਹਾਂ ਕਰਜ਼ੇ ਮੁਆਫ਼ ਕਰਕੇ (ਜਿਸ ਦੀ ਸੰਭਾਵਨਾ ਅਜੇ ਬਹੁਤ ਘੱਟ ਹੈ) ਜਾਂ ਹੋਰ ਕਰਜ਼ੇ ਦੇ ਕੇ ਹੀ ਕਿਸਾਨੀ ਨਹੀਂ ਬਚਾਈ ਜਾ ਸਕਦੀ, ਇਸ ਲਈ ਖੇਤੀ ਨੂੰ ਰਵਾਇਤੀ ਢੰਗ ਤੋਂ ਬਾਹਰ ਲਿਆਉਣਾ ਹੋਵੇਗਾ।

ਅੱਜ ਪੂਰੇ ਦੇਸ਼ ਵਿੱਚ ਕਿਸਾਨਾਂ ਦੀ ਬਹੁਤ ਮੰਦੀ ਹਾਲਤ ਹੈ। ਮੱਧਪ੍ਰਦੇਸ਼, ਮਹਾਰਾਸ਼ਟਰ, ਯੂ.ਪੀ. ਅਤੇ ਪੰਜਾਬ ਦੇ ਕਿਸਾਨ ਵੱਡੀ ਪੱਧਰ ’ਤੇ ਆਤਮ-ਹੱਤਿਆਵਾਂ ਕਰ ਰਹੇ ਹਨ। ਜੇਕਰ ਦੇਸ਼ ਦਾ ਖੇਤੀਬਾੜੀ ਢਾਂਚਾ ਜਰਮਰਾ ਰਿਹਾ ਹੈ ਤਾਂ ਇਹ ਵੱਡੀ ਚਿੰਤਾ ਦੀ ਗੱਲ ਹੈ। ਇਸ ਲਈ ਜਿਸ ਤਰ੍ਹਾਂ ਦੀ ਗੰਭੀਰਤਾ ਦਿਖਾਉਣ ਦੀ ਲੋੜ ਹੈ ਉਹ ਅਜੇ ਕਿਸੇ ਪਾਸੇ ਦਿਖਾਈ ਨਹੀਂ ਦੇ ਰਹੀ। ਦੂਜੇ ਪਾਸੇ ਕਿਸਾਨਾਂ ਨੂੰ ਵੀ ਅੱਜ ਖੇਤੀ ਸੰਬੰਧੀ ਬਦਲਦੀਆਂ ਪ੍ਰਸਥਿਤੀਆਂ/ਨੀਤੀਆਂ ਨੂੰ ਸਮਝਣ ਦੀ ਲੋੜ ਹੈ। ਵਾਧੂ ਕਰਜ਼ੇ ਕਰਕੇ ਕਿਤੇ ਅਜਿਹਾ ਨਾ ਹੋਵੇ ਕਿ ਕਿਸਾਨ ਆਪਣੀ ਜ਼ਮੀਨ ਦਾ ਮਾਲਕ ਹੁੰਦਾ ਹੋਇਆ ਵੀ ਪ੍ਰਾਈਵੇਟ ਕਾਰਪੋਰੇਸ਼ਨਾਂ ਦਾ ਕਰਿੰਦਾ ਬਣ ਕੇ ਨਾ ਰਹਿ ਜਾਵੇ। ਕਿਸਾਨਾਂ ਨੂੰ ਅੱਜ ਹਰ ਤਰ੍ਹਾਂ ਦੇ ਕਰਜ਼ ਨੂੰ ਸੋਚ ਵਿਚਾਰ ਕੇ ਲੈਣ ਦੀ ਲੋੜ ਹੈ। ਪਿਛਲੇ ਕੁਝ ਅਰਸੇ ਤੋਂ ਉਸ ਨੂੰ ਦਿੱਤੇ ਜਾ ਰਹੇ ਧੜਾ-ਧੜ ਕਰਜ਼ ਕਾਰਨ ਕਿਸਾਨਾਂ ਦੀ ਹਾਲਤ ਸੁਧਰੀ ਨਹੀਂ ਬਲਕਿ ਹੋਰ ਬਦਤਰ ਹੋਈ ਹੈ। ਅੱਜ ਕਿਸਾਨਾਂ ਨੂੰ ਕਿਰਤ ਨਾਲ ਜੁੜਨ ਦੇ ਨਾਲ-ਨਾਲ ਆਪਣੇ ਵਾਧੂ ਖ਼ਰਚੇ ਵੀ ਘਟਾਉਣ ਦੀ ਲੋੜ ਹੈ। ਅੱਜ ਕਿਸਾਨਾਂ ਸਾਹਮਣੇ ਆਪਣੀ ਜ਼ਮੀਨ ਨੂੰ ਬਚਾਉਣ, ਪੈਦਾਵਾਰ ਨੂੰ ਵਧਾਉਣ ਅਤੇ ਮਿੱਟੀ ਦੀ ਸਿਹਤ ਨੂੰ ਬਣਾਈ ਰੱਖਣ ਵਰਗੇ ਕਈ ਮਸਲੇ ਹਨ ਜੋ ਲਗਾਤਾਰ ਗੰਭੀਰ ਹੁੰਦੇ ਜਾ ਰਹੇ ਹਨ। ਕਿਸਾਨਾਂ ਨੂੰ ਖੇਤੀ ਦੇ ਨਾਲ-ਨਾਲ ਆਮਦਨ ਦੇ ਹੋਰ ਬਦਲਵੇਂ ਸਰੋਤ ਵੀ ਲੱਭਣੇ ਹੋਣਗੇ। ਅੱਜ ਕਿਸਾਨ ਨੂੰ ਇਹ ਸਮਝ ਲੈਣਾ ਚਾਹੀਦਾ ਹੈ ਕਿ ਘਰ ਦੀਆਂ ਲੋੜਾਂ ਲਈ ਜ਼ਮੀਨ ਗਹਿਣੇ ਧਰ ਕੇ ਬੈਂਕਾਂ ਤੋਂ ਲਿਆ ਕਰਜ਼ਾ ਉਸ ਦੀਆਂ ਸਮੱਸਿਆਵਾਂ ਦਾ ਹੱਲ ਨਹੀਂ ਬਲਕਿ ਆਪਣੇ ਆਪ ਵਿੱਚ ਇਕ ਵੱਡੀ ਸਮੱਸਿਆ ਹੈ, ਜੋ ਉਸ ਲਈ ਹੋਰ ਸਮੱਸਿਆਵਾਂ ਦਾ ਕਾਰਨ ਬਣ ਰਿਹਾ ਹੈ।



# ਕਿਸ ਤਰ੍ਹਾਂ ਦਾ ਸਿਰਜਿਆ ਜਾ ਰਿਹਾ ਹੈ ਸਾਡਾ ਭਵਿੱਖ?

ਵਰਤਮਾਨ ਸਮੇਂ ਨੂੰ ਅਸੀਂ ਵਿਗਿਆਨ ਦਾ ਯੁੱਗ ਆਖਦੇ ਹਾਂ। ਅਸੀਂ ਸਮਝਦੇ ਹਾਂ ਕਿ ਵਿਗਿਆਨ ਦੇ ਚਾਨਣ ਵਿੱਚ ਸਭ ਚੀਜ਼ਾਂ ਸਾਨੂੰ ਸਾਫ਼-ਸਾਫ਼ ਨਜ਼ਰ ਆਉਣਗੀਆਂ। ਹਕੀਕਤ ਸ਼ਾਇਦ ਇਹ ਹੈ ਕਿ ਅੱਜ ਦਾ ਯੁੱਗ ਮੰਡੀ ਅਤੇ ਬਜ਼ਾਰ ਦਾ ਯੁੱਗ ਹੈ। ਸਾਡਾ ਖਾਣ-ਪੀਣ, ਪਹਿਨਣ, ਆਵਾਜਾਈ, ਮਨੋਰੰਜਨ ਅਤੇ ਸੂਚਨਾਵਾਂ ਆਦਿ ਕਿਹੋ ਜਿਹੇ ਹੋਣ ਇਹ ਹੁਣ ਬਜ਼ਾਰ ਤੈਅ ਕਰੇਗਾ। ਮਨੁੱਖ ਨੂੰ ਜ਼ਿਹਨੀ ਤੌਰ ’ਤੇ ਗ਼ੁਲਾਮ ਬਣਾਉਣ ਲਈ ਉਸ ਦੁਆਲੇ ਕਾਲਪਨਿਕ ਇੱਛਾਵਾਂ, ਲਾਲਸਾਵਾਂ ਦੀ ਉਸਾਰੀ ਹੋ ਰਹੀ ਹੇ। ਮਨੁੱਖ ਨੂੰ ਵਸਤਾਂ ਲਈ ਜਿਊਣ ਅਤੇ ਵਸਤਾਂ ਲਈ ਮਰਨ ਦੇ ਸੰਕਲਪ ਦਿੱਤੇ ਜਾ ਰਹੇ ਹਨ। ਖਦਸ਼ਾ ਇਹ ਵੀ ਹੈ ਕਿ ਨਵੀਨਤਮ ਵਿਗਿਆਨਿਕ ਖੋਜਾਂ ਹੁਣ ਧਨਾਢ ਕਾਰਪੋਰੇਸ਼ਨਾਂ ਦੀਆਂ ਰਖੇਲ ਬਣ ਜਾਣਗੀਆਂ। ਖੋਜਾਂ ਕੀਤੀਆਂ ਜਾ ਰਹੀਆਂ ਹਨ ਕਿ ਮਨੁੱਖ ਨੂੰ ਸਮੂਹਿਕ ਤੌਰ ’ਤੇ ਉਹਨਾਂ ਸਭ ਤਰਜੀਹਾਂ ਲਈ ਕਿਵੇਂ ਤਿਆਰ ਕੀਤਾ ਜਾਵੇ ਜਿਸ ਦਾ ਉਹ ਵਿਰੋਧ ਕਰਦਾ ਹੈ। ਧਨਾਢ ਪੂੰਜੀਵਾਦੀ ਕੰਪਨੀਆਂ ਵੱਲੋਂ ਸੰਸਾਰੀਕਰਨ ਅਤੇ ਨਿੱਜੀਕਰਨ ਦੀਆਂ ਨੀਤੀਆਂ ਦਾ ਬੜੀ ਤੇਜ਼ੀ ਨਾਲ ਵਿਸਥਾਰ ਕੀਤਾ ਜਾ ਰਿਹਾ ਹੈ। ਅੱਜ ਬੜੀ ਸ਼ਿੱਦਤ ਨਾਲ ਇਹ ਵਿਚਾਰਨ ਦੀ ਲੋੜ ਹੈ ਕਿ ਅਜਿਹੀ ਵਿਵਸਥਾ ਜਿਸ ਨੂੰ ਕਾਰਪੋਰੇਟ ਜਗਤ ਸੰਚਾਲਤ ਕਰਦਾ ਉਸ ਵਿੱਚ ਆਮ ਮਨੁੱਖ ਦਾ ਭਵਿੱਖ ਕੀ ਹੋਵੇਗਾ?

ਸਾਡੇ ਮੁਲਕ ਵਿੱਚ ੧੯੯੨ ਵਿੱਚ ਨਿੱਜੀਕਰਨ ਦੀ ਸ਼ੁਰੂਆਤ ਹੋਈ। ਸਭ ਤੋਂ ਵੱਧ ਰੌਲਾ ਡਾ. ਮਨਮੋਹਨ ਸਿੰਘ ਦੀ ਸਰਕਾਰ ਵੇਲੇ ਉਦੋਂ ਪਿਆ ਜਦੋਂ ਐਫ. ਡੀ.ਆਈ. ਨੂੰ ਲਾਗੂ ਕਰਨ ਦੀ ਗੱਲ ਤੁਰੀ। ਉਸ ਸਮੇਂ ਭਾਜਪਾ ਸਮੇਤ ਹੋਰ ਵਿਰੋਧੀ ਦਲਾਂ ਨੇ ਇਸ ਦਾ ਜਮ ਕੇ ਵਿਰੋਧ ਕੀਤਾ। ਪਰ 2014 ਵਿੱਚ ਸੱਤਾ ’ਤੇ ਕਾਬਜ਼ ਹੁੰਦਿਆਂ ਹੀ ਮੋਦੀ ਸਰਕਾਰ ਨੇ ਉਹਨਾਂ ਸਭ ਨੀਤੀਆਂ ਨੂੰ ਬੜੀ ਤੇਜ਼ੀ ਨਾਲ ਅੱਗੇ ਵਧਾਉਣਾ ਸ਼ੁਰੂ ਕਰ ਦਿੱਤਾ ਜਿਸ ਦਾ ਉਹ ਆਪ ਵਿਰੋਧ ਕਰ ਰਹੇ ਸਨ। ਇਸ ਤੋਂ ਇਹ ਸਮਝਿਆ ਜਾ ਸਕਦਾ ਹੈ ਕਿ ਲੋਕਾਂ ਦਾ, ਲੋਕਾਂ ਦੁਆਰਾ, ਲੋਕਾਂ ’ਤੇ ਰਾਜ ਇਕ ਤਰ੍ਹਾਂ ਨਾਲ ਵਿਖਾਵਾ ਮਾਤਰ ਹੈ। ਰਾਜ ਸੱਤਾ ਨੂੰ ਸੰਚਾਲਿਤ ਕਰਦੀਆਂ ਤਾਕਤਾਂ ਕੋਈ ਹੋਰ ਹੁੰਦੀਆਂ ਹਨ। ਰਾਜਸੀ ਪਾਰਟੀ ਭਾਵੇਂ ਬਦਲ ਜਾਵੇ ਪਰ ਬਾਜ਼ੀ ਇਹਨਾਂ ਕਾਰਪੋਰੇਟ ਤਾਕਤਾਂ ਦੇ ਹੱਥ ਰਹਿਣੀ ਹੁੰਦੀ ਹੈ।

ਕੇਵਲ ਇਕ ਦਰਜਨ ਕਾਰਪੋਰੇਟ ਕੰਪਨੀਆਂ ਹਨ ਜੋ ਦੁਨੀਆਂ ਦੀ ਅਰਥਵਿਵਸਥਾ ਨੂੰ ਆਪਣੇ ਢੰਗ ਨਾਲ ਚਲਾਉਂਦੀਆਂ/ਤੈਅ ਕਰਦੀਆਂ ਹਨ। ਦੇਸ਼ ਵਿੱਚ ਵਾਲਮਾਰਟ, ਮੈਂਨਸੈਂਟੋ, ਐਪਲ ਅਤੇ ਅਮੇਜ਼ਨ ਵਰਗੀਆਂ ਵਿਦੇਸ਼ੀ ਕੰਪਨੀਆਂ ਨੂੰ ਦੇਸ਼ ਵਿੱਚ ਕੰਮ ਕਰਨ ਦੀਆਂ ਖੁੱਲ੍ਹਾਂ ਦੇ ਦਿੱਤੀਆਂ ਗਈਆਂ ਹਨ। ਇਹਨਾਂ ’ਚੋਂ ਕੁਝ ਬਾਰੇ ਕਿਹਾ ਜਾਂਦਾ ਹੈ ਕਿ ਉਹ ਕਿਸੇ ਵੀ ਦੇਸ਼ ’ਤੇ ਪ੍ਰਸ਼ਾਸਨਿਕ ਤੰਤਰ

ਨੂੰ ਭ੍ਰਿਸ਼ਟ ਕਰਨ ਦੀ ਸਮਰੱਥਾ ਰੱਖਦੀਆਂ ਹਨ। ਕਾਰਪੋਰੇਸ਼ਨਾਂ ਵੱਲੋਂ ਅਜਿਹੇ ਹੱਥਕੰਡੇ ਅਪਣਾਏ ਜਾਂਦੇ ਹਨ ਕਿ ਸਰਕਾਰਾਂ, ਨੌਕਰਸ਼ਾਹੀ, ਸਿਆਸੀ ਜਮਾਤਾਂ, ਲੋਕ ਹਿੱਤਾਂ ਨੂੰ ਤਿਆਗ ਕੇ ਇਹਨਾਂ ਕਾਰਪੋਰੇਸ਼ਨਾਂ ਅਨੁਸਾਰ ਕੰਮ ਕਰਨ ਲੱਗਦੇ ਹਨ। ਭਾਰਤ ਵਰਗੇ ਦੇਸ਼ ਵਿੱਚ ਜਿੱਥੇ ਸਰਕਾਰਾਂ ਨੇ ਅਜਿਹੀਆਂ ਨੀਤੀਆਂ ਲਾਗੂ ਕਰਨ ਲਈ ਸਾਜ਼ਗਾਰ ਮਾਹੌਲ ਤਿਆਰ ਕੀਤਾ ਹੈ, ਉੱਥੇ ਬੇਸ਼ੱਕ ਲੋਕਾਂ ਨੂੰ ਅੱਜ ਚੰਗੇ ਦਿਨਾਂ ਦੇ ਸੁਪਨੇ ਵੇਚੇ ਜਾ ਰਹੇ ਹਨ ਪਰ ਹਕੀਕਤਾਂ ਇਸ ਤੋਂ ਕਿਤੇ ਉਲਟ ਹਨ। ਸਾਨੂੰ ਵਿਕਸਿਤ ਮੁਲਕਾਂ ਦੇ ਮਾਡਲ ਵਿਖਾ ਕੇ ਦੱਸਿਆ ਜਾ ਰਿਹਾ ਹੈ ਕਿ ਹੁਣ ਬਾਹਰਲੇ ਮੁਲਕਾਂ ਦੀਆਂ ਕਾਰਪੋਰੇਸ਼ਨਾਂ ਇੱਥੇ ਪੂੰਜੀ ਨਿਵੇਸ਼ ਕਰਨਗੀਆਂ, ਰੁਜ਼ਗਾਰ ਦੇ ਮੌਕੇ ਪੈਦਾ ਹੋਣਗੇ ਅਤੇ ਸਾਰੇ ਧੋਣੇ ਧੋਤੇ ਜਾਣਗੇ; ਪਰ ਇਹਨਾਂ ਕਾਰਪੋਰੇਸ਼ਨਾਂ ਦਾ ਇਤਿਹਾਸਕ ਪਿਛੋਕੜ ਅਤੇ ਕੰਮ ਕਰਨ ਦੇ ਢੰਗ ਬਾਰੇ ਲੋਕਾਂ ਨੂੰ ਹਰਗਿਜ਼ ਨਹੀਂ ਦੱਸਿਆ ਜਾਂਦਾ। ਇਹ ਕਾਰਪੋਰੇਸ਼ਨਾਂ ਆਪਣੇ ਮੁਨਾਫ਼ਿਆਂ ਲਈ ਕੰਮ ਕਰਦੀਆਂ ਹਨ ਨਾ ਕਿ ਕਿਸੇ ਦੇਸ਼ ਦੇ ਵਿਕਾਸ ਲਈ। ਕੇਂਦਰ ਦੀ ਭਾਜਪਾ ਸਰਕਾਰ ਨੇ ਪੂੰਜੀਵਾਦੀ ਤਾਕਤਾਂ ਅੱਗੇ ਗੋਡੇ ਟੇਕਦਿਆਂ ਹੁਣ ਉਹ ਸਭ ਵਲਗਣਾਂ ਤੋੜ ਦਿੱਤੀਆਂ ਹਨ ਜਿਨ੍ਹਾਂ ਬਾਰੇ ਅਸੀਂ ਹੁਣ ਤਕ ਸੁਚੇਤ ਰਹਿੰਦੇ ਆਏ ਹਾਂ। ਹੁਣ ਸੁਰੱਖਿਆ ਖੇਤਰ, ਤੇਲ, ਦਵਾਈਆਂ ਅਤੇ ਮੀਡੀਆ ਦੇ ਖੇਤਰਾਂ ਵਿੱਚ ਵੀ ਇਹ ਬਾਹਰਲੀਆਂ ਕੰਪਨੀਆਂ ਹਿੱਸੇਦਾਰ ਬਣ ਸਕਦੀਆਂ ਹਨ। ਇਸ ਨੂੰ ਦੇਸ਼ ਦੀ ਸੁਰੱਖਿਆ ਲਈ ਵੱਡਾ ਖ਼ਤਰਾ ਮੰਨਿਆ ਜਾ ਰਿਹਾ ਹੈ। ਇਸ ਸਮੇਂ ਜਦੋਂ ਸਾਡੇ ਆਪਣੇ ਗੁਆਂਢ ਚੀਨ ਅਤੇ ਪਾਕਿਸਤਾਨ ਨਾਲ ਕੋਈ ਚੰਗੇ ਸੰਬੰਧ ਨਹੀਂ ਹਨ ਤਾਂ ਸਾਨੂੰ ਹਰ ਸਮੇਂ ਸੁਚੇਤ ਰਹਿਣ ਦੀ ਲੋੜ ਹੈ। ਜੇਕਰ ਕੱਲ੍ਹ ਨੂੰ ਕਿਸੇ ਦੇਸ਼ ਨਾਲ ਸਾਡੀ ਫ਼ੌਜ ਨੂੰ ਲੜਨਾ ਪੈਂਦਾ ਹੈ ਤਾਂ ਦੇਸ਼ ਨੂੰ ਬਚਾਉਣ ਦਾ ਨਿਰਣਾ ਸਾਡੀਆਂ ਸੁਰੱਖਿਆ ਫ਼ੌਜਾਂ ਨਹੀਂ ਬਲਕਿ ਉਹਨਾਂ ਤੇਲ ਕਾਰਪੋਰੇਸ਼ਨਾਂ ਦੇ ਹੱਥ ਹੋਵੇਗਾ ਜਿਨ੍ਹਾਂ ਤੋਂ ਤੇਲ ਲੈਣ ਦੀ ਨਿਰਭਰਤਾ ਬਣਦੀ ਹੈ। ਦੇਸ਼ ਦੇ ਮੀਡੀਆ, ਤੇਲ ਅਤੇ ਸੁਰੱਖਿਆ ਮਾਮਲਿਆਂ ਵਿੱਚ ਦਖ਼ਲ ਦੀ ਖੁੱਲ੍ਹ ਦਿੰਦਿਆਂ ਸਰਕਾਰ ਨੂੰ ਉਹਨਾਂ ਸਭ ਦੇਸ਼ਾਂ ਦਾ ਮੁਲਾਂਕਣ ਕਰਨਾ ਚਾਹੀਦਾ ਸੀ ਜਿੱਥੇ ਇਹਨਾਂ ਧਨਾਢ ਕੰਪਨੀਆਂ ਨੇ ਲੋਕਾਂ ਦੇ ਵਿਕਾਸ ਦੇ ਨਾਮ 'ਤੇ ਲੁੱਟ ਮਚਾਈ ਹੈ। ਇੱਥੇ ਚਿੱਲੀ, ਪਨਾਮਾ ਅਤੇ ਇਰਾਕ ਵਰਗੇ ਦੇਸ਼ਾਂ ਦੀਆਂ ਉਦਾਹਰਣਾਂ ਸਾਡੇ ਸਾਹਮਣੇ ਹਨ। ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਨੇ ਵਿਦੇਸ਼ੀ ਨਿਵੇਸ਼ ਨੂੰ ਥੋਕ ਰੂਪ ਵਿੱਚ ਖੁੱਲ੍ਹਾਂ ਦੇ ਕੇ ਹੁਣ ਤਕ ਦੇ ਸਾਰੇ ਰਿਕਾਰਡ ਤੋੜ ਦਿੱਤੇ ਹਨ। ਇਕੋ ਵਾਰ ਸਭ ਕਸਰਾਂ ਕੱਢ ਦਿੱਤੀਆਂ ਹਨ।

ਪਿਛਲੇ ਕੁਝ ਅਰਸੇ ਤੋਂ ਆਰਥਿਕ ਸੰਕਟ ਨਾਲ ਜੂਝਦੇ ਵਿਕਸਿਤ ਮੁਲਕਾਂ ਨੂੰ ਆਪਣਾ ਕਾਰੋਬਾਰ ਕਰਨ ਅਤੇ ਮਾਲ ਅਸਬਾਬ ਵੇਚਣ ਲਈ ਰੋਕਾਂ ਰਹਿਤ ਮੰਡੀਆਂ ਚਾਹੀਦੀਆਂ ਹਨ। ਮਾਲ ਦੇ ਖ਼ਰੀਦਦਾਰਾਂ ਦੀ ਲੋੜ ਹੈ ਜਿਨ੍ਹਾਂ ਨੂੰ ਆਪਣਾ ਮਾਲ ਵੇਚ ਕੇ ਆਪਣੇ ਆਰਥਿਕ ਸੰਕਟ ਦੂਰ ਕਰ ਸਕਣ। ਕਾਰਪੋਰੇਸ਼ਨਾਂ ਨੂੰ 'ਸਭ ਕਾ ਸਾਥ ਸਭ ਕਾ ਵਿਕਾਸ' ਨਹੀਂ, ਬਲਕਿ ਆਪਣੇ ਵਿਕਾਸ ਲਈ ਰਾਹ ਪੱਧਰੇ



ਚਾਹੀਦੇ ਹਨ। ਕੰਪਨੀਆਂ ਲਈ ਕੰਮ ਕਰਨ ਲਈ ਸਸਤੇ ਭਾਅ 'ਤੇ ਕਰਿੰਦੇ ਚਾਹੀਦੇ ਹਨ। ਸਸਤੇ ਭਾਅ 'ਤੇ ਕੱਚਾ ਮਾਲ ਚਾਹੀਦਾ ਹੈ, ਖੁੱਲ੍ਹਾ ਪਾਣੀ, ਸਸਤੀਆਂ ਜ਼ਮੀਨਾਂ, ਜੰਗਲ ਅਤੇ ਖਣਿਜ ਪਦਾਰਥਾਂ ਦੀ ਲੋੜ ਹੈ। ਧਨਾਢ ਕਾਰਪੋਰੇਸ਼ਨਾਂ ਨੂੰ ਆਪਣੀਆਂ ਮੁਨਾਫ਼ਾ ਬਟੋਰੂ ਨੀਤੀਆਂ ਲਾਗੂ ਕਰਦਿਆਂ ਕਿਸੇ ਕਿਸਮ ਦੀ ਆਂਚ ਨਾ ਆਵੇ ਇਸ ਲਈ ਸੁਰੱਖਿਆ ਬਲ ਚਾਹੀਦੇ ਹਨ, ਪੁਲਿਸ ਦੀ ਧਾੜਾਂ ਦੀ ਲੋੜ ਹੈ। ਇਸ ਸਭ ਕੁਝ ਦੀ ਵੱਡੇ ਪੈਮਾਨੇ 'ਤੇ ਤਿਆਰੀ ਕੀਤੀ ਜਾ ਰਹੀ ਹੈ। ਲੋਕ ਹਿੱਤਾਂ ਨੂੰ ਤਿਲਾਂਜਲੀ ਦੇ ਕੇ ਪੂੰਜੀਵਾਦੀ ਵਿਕਾਸ ਮਾਡਲ ਨੂੰ ਲਾਗੂ ਕਰਨ ਲਈ ਸਭ ਰਾਹ ਪੱਧਰੇ ਕੀਤੇ ਜਾ ਰਹੇ ਹਨ ਬਿਨਾਂ ਇਹ ਸੋਚਿਆਂ ਕਿ ਸਾਡੀ ਘਰੇਲੂ ਸਨਅਤ ਜੋ ਪਹਿਲਾਂ ਹੀ ਔਖੇ ਸਾਹ ਲੈ ਰਹੀ ਹੈ ਦਾ ਹਸ਼ਰ ਕੀ ਹੋਵੇਗਾ? ਮੇਕ ਇੰਨ ਇੰਡੀਆ ਵਰਗੇ ਨਾਹਰਿਆਂ ਦੀ ਸਾਰਥਿਕਤਾ ਕੀ ਹੋਵੇਗੀ?

ਪੂੰਜੀਪਤੀ ਕਾਰਪੋਰੇਸ਼ਨਾਂ ਵੱਖ-ਵੱਖ ਖੇਤਰਾਂ ਵਿੱਚ ਲੋਕਾਂ ਦੀਆਂ ਲੋੜਾਂ 'ਤੇ ਗ਼ਲਬੇ ਪਾਉਣ ਅਤੇ ਮੁਨਾਫ਼ਾ ਕਮਾਉਣ ਦੇ ਸਿਧਾਂਤ 'ਤੇ ਕੰਮ ਕਰਦੀਆਂ ਹਨ। ਕਿਸਾਨਾਂ ਨੂੰ ਫ਼ਸਲਾਂ ਦੇ ਚਮਤਕਾਰੀ ਬੀਜ ਦੱਸ ਕੇ ਧੜਾ-ਧੜ ਮਹਿੰਗੇ ਬੀਜ ਵੇਚੇ ਜਾਂਦੇ ਹਨ। ਫਿਰ ਕੀਟ-ਨਾਸ਼ਕ ਦਵਾਈਆਂ, ਮਹਿੰਗੇ ਖੇਤੀ ਸੰਦ ਅਤੇ ਮਨ ਮਰਜ਼ੀ ਦੇ ਭਾਅ 'ਤੇ ਕਰਜ਼ੇ ਦੇ ਕੇ ਲੋਕਾਂ ਦੀ ਆਤਮਨਿਰਭਰਤਾ ਖ਼ਤਮ ਕਰ ਦਿੱਤੀ ਜਾਂਦੀ ਹੈ। ਵੇਖਣ ਵਿੱਚ ਆਇਆ ਹੈ ਕਿ ਦੁਨੀਆਂ ਭਰ ਦੇ ਉਹ ਇਲਾਕੇ ਅੱਜ ਹਰ ਪੱਖੋਂ ਵਧੇਰੇ ਬਰਬਾਦੀਆਂ ਦਾ ਸ਼ਿਕਾਰ ਹਨ ਜਿੱਥੇ-ਜਿੱਥੇ ਵੀ ਇਹ ਧਨਾਢ ਕੰਪਨੀਆਂ ਆਪਣੇ ਕਾਰੋਬਾਰ ਦਾ ਫੈਲਾਅ ਕਰਦੀਆਂ ਹਨ। ਇੱਥੇ ਵਿਚਾਰਨ ਵਾਲੀ ਗੱਲ ਇਹ ਹੈ ਕਿ ਇਸ ਮਾਮਲੇ 'ਤੇ ਸਰਕਾਰਾਂ ਕੇਵਲ ਮੂਕ ਦਰਸ਼ਕ ਹੀ ਨਹੀਂ ਹੁੰਦੀਆਂ ਬਲਕਿ ਕਾਰਪੋਰੇਸ਼ਨਾਂ ਦੇ ਕਾਰਜਾਂ ਨੂੰ ਅੱਗੇ ਵਧਾਉਣ ਲਈ ਚੰਗੇ ਸਹਾਇਕ ਵਾਲਾ ਰੋਲ ਅਦਾ ਕਰਦੀਆਂ ਹਨ। ਲੋਕ ਮਾਰੂ ਨੀਤੀਆਂ ਨੂੰ ਇਸ ਢੰਗ ਨਾਲ ਅੱਗੇ ਵਧਾਇਆ ਜਾਂਦਾ ਹੈ ਕਿ ਆਮ ਲੋਕਾਂ ਨੂੰ ਇਹਨਾਂ ਨੀਤੀਆਂ ਦੀ ਸਮਝ ਹੀ ਨਹੀਂ ਪੈਣ ਦਿੱਤੀ ਜਾਂਦੀ। ਬਜ਼ਾਰ 'ਚੋਂ ਛੋਟੇ ਕਾਰੋਬਾਰੀਆਂ ਨੂੰ ਤਬਾਹ ਕਰਨ ਲਈ ਸੰਬੰਧਿਤ ਇਲਾਕਿਆਂ ਵਿੱਚ ਵਸਤਾਂ ਦੇ ਭਾਅ ਘੱਟ ਕਰ ਦਿੱਤੇ ਜਾਂਦੇ ਹਨ। ਲੋਕਾਂ ਨੂੰ ਇਹ ਸਭ ਕੁਝ ਚੰਗਾ-ਚੰਗਾ ਲੱਗਦਾ ਹੈ। ਇਸ ਦੌਰਾਨ ਛੋਟੇ ਵਪਾਰੀ, ਕਾਰੀਗਰ, ਦੁਕਾਨਦਾਰ ਅਤੇ ਛੋਟੀਆਂ ਮੋਟੀਆਂ ਸਨਅਤਾਂ ਲਗਾ ਕੇ ਆਪਣਾ ਕੰਮ ਕਰਨ ਵਾਲੇ ਲੋਕ ਮੰਦੀ ਦਾ ਸ਼ਿਕਾਰ ਹੋ ਕੇ ਰਹਿ ਜਾਂਦੇ ਹਨ। ਇਹ ਆਮ ਕਾਰੋਬਾਰੀ ਲੋਕ, ਮਾਲਕਾਂ ਤੋਂ ਕਰਿੰਦੇ ਬਣਨ ਲੱਗਦੇ ਹਨ। ਕਾਰਪੋਰੇਸ਼ਨਾਂ ਬਜ਼ਾਰ 'ਤੇ ਪੂਰੀ ਤਰ੍ਹਾਂ ਕਾਬਜ਼ ਹੋ ਕੇ ਫਿਰ ਮਨ ਮਰਜ਼ੀ ਦੇ ਭਾਅ ਨਿਯਤ ਕਰਕੇ ਅਗਲੀਆਂ ਪਿਛਲੀਆਂ ਕਸਰਾਂ ਕੱਢਦੀਆਂ ਹਨ। ਲੋਕਾਂ ਨੂੰ ਵੇਲਣੇ ਵਿੱਚ ਪੀੜ ਕੇ ਉਹਨਾਂ 'ਚੋਂ ਰਹਿੰਦਾ-ਖੂੰਦਾ ਤੇਲ ਕੱਢਣ ਦਾ ਅਮਲ ਸ਼ੁਰੂ ਹੁੰਦਾ ਹੈ। ਜਦੋਂ ਤਕ ਇਹਨਾਂ ਸਭ ਨੀਤੀਆਂ ਦੀ ਲੋਕਾਂ ਨੂੰ ਸਮਝ ਪੈਂਦੀ ਹੈ ਉਦੋਂ ਤਕ ਚਿੜੀਆਂ ਖੇਤ ਚੁੱਗ ਚੁੱਕੀਆਂ ਹੁੰਦੀਆਂ ਹਨ। ਇਹ ਇਕ ਅਜਿਹੀ ਅਦਿੱਖ ਗ਼ੁਲਾਮੀ ਹੈ ਜਿਸ ਦਾ ਲੋਕਾਂ ਨੂੰ ਅਹਿਸਾਸ ਵੀ ਨਹੀਂ ਹੋਣ ਦਿੱਤਾ ਜਾਂਦਾ। ਇਸ ਵਿਵਸਥਾ

ਵਿੱਚ ਪੜ੍ਹੇ ਲਿਖੇ ਨੌਜੁਆਨਾਂ ਲਈ ਸਰਕਾਰੀ ਨੌਕਰੀਆਂ ਦੇ ਦਰ ਬੰਦ ਹੋਣ ਲੱਗਦੇ ਹਨ। ਬਹੁਗਿਣਤੀ ਪੜ੍ਹੇ ਲਿਖੇ ਲੋਕ ਨਿਗੁਣੀਆਂ ਤਨਖ਼ਾਹਾਂ 'ਤੇ ਕੰਮ ਕਰਨ ਲਈ ਮਜਬੂਰ ਹੁੰਦੇ ਹਨ। ਮੁਲਕ ਦਾ ਸਾਰਾ ਪ੍ਰਸ਼ਾਸਨਿਕ ਤੰਤਰ ਆਪਣੇ ਲੋਕਾਂ ਦੇ ਨਹੀਂ ਬਲਕਿ ਕਾਰਪੋਰੇਸ਼ਨਾਂ ਦੇ ਹਿੱਤਾਂ ਲਈ ਕੰਮ ਕਰਨ ਲੱਗਦਾ ਹੈ। ਜਿੱਥੇ ਕਿਤੇ ਬਰਬਾਦ ਹੋਏ ਲੋਕ ਆਪਣੇ ਹਿੱਤਾਂ ਲਈ ਅਜਿਹੀਆਂ ਲੋਕ-ਮਾਰੂ ਨੀਤੀਆਂ ਦਾ ਵਿਰੋਧ ਕਰਦੇ ਹਨ ਉੱਥੇ ਲੋਕ ਰੋਹ ਨੂੰ ਵਿਕਾਸ ਵਿਰੋਧੀ ਗਰਦਾਨ ਕੇ ਪੁਲਿਸ ਬਲ ਅਤੇ ਫੌਜ ਲਾ ਕੇ ਦਬਾ ਦਿੱਤਾ ਜਾਂਦਾ ਹੈ।

ਹੁਣ ਸਵਾਲ ਪੈਦਾ ਹੁੰਦਾ ਹੈ ਕਿ ਇਸ ਅਦਿੱਖ ਗ਼ੁਲਾਮੀ ਦੀ ਅਵਾਮ ਨੂੰ ਸਮਝ ਕਿਵੇਂ ਪਵੇ? ਸਾਡੀ ਸਿੱਖਿਆ ਜਿਸ ਨਾਲ ਮਨੁੱਖ ਨੇ ਸਿੱਖਿਅਤ ਹੋਣਾ ਹੈ ਬੜੀ ਤੇਜ਼ੀ ਨਾਲ ਪ੍ਰਾਈਵੇਟ ਸੰਸਥਾਵਾਂ ਦੇ ਹੱਥਾਂ ਵਿੱਚ ਜਾ ਰਹੀ ਹੈ। ਧਰਮ ਕਰਮ ਦੇ ਖੇਤਰਾਂ ਵਿੱਚ ਅਵਾਮ ਦੀ ਅਗਵਾਈ ਕਰਨ ਵਾਲੇ ਅਜਿਹੇ ਵਰਤਾਰਿਆਂ ਨੂੰ ਸਮਝਣ ਅਤੇ ਲੋਕ-ਹਿੱਤਾਂ ਦੀ ਗੱਲ ਕਰਨ ਦੀ ਬਜਾਏ ਸਰਮਾਇਆ ਇਕੱਠਾ ਕਰਨ ਲਈ ਕੰਮ ਕਰਨ ਲੱਗੇ ਹਨ। ਬਹੁਗਿਣਤੀ ਲੋਕ ਧਰਮ ਕਰਮ ਦੀਆਂ ਗਤੀਵਿਧੀਆਂ ਵਿੱਚ ਲੱਗੇ ਰਹਿਣ ਇਸ ਲਈ ਇਹਨਾਂ ਅਸਥਾਨਾਂ, ਡੇਰਿਆਂ 'ਤੇ ਘੱਟ ਰੇਟਾਂ 'ਤੇ ਕੋਲਡ ਡਰਿੰਕਸ ਅਤੇ ਹੋਰ ਖਾਣ-ਪੀਣ ਦੇ ਪ੍ਰੋਡਕਟ ਮੁਹੱਈਆ ਕਰਵਾਏ ਜਾਂਦੇ ਹਨ। ਅੱਜ ਸਮੇਂ ਦੀ ਇਹ ਮੰਗ ਹੈ ਕਿ ਲੋਕ ਪੂੰਜੀਵਾਦੀ ਨਿੱਜੀਕਰਨ ਅਤੇ ਸੰਸਾਰੀਕਰਨ ਦੀਆਂ ਨੀਤੀਆਂ ਪ੍ਰਤੀ ਸੁਚੇਤ ਹੋਣ। ਲੋਕ ਉਹਨਾਂ ਸਭ ਖੇਡਾਂ ਜੋ ਉਹਨਾਂ ਨੂੰ ਤਬਾਹ ਕਰਨ ਲਈ ਖੇਡੀਆਂ ਜਾ ਰਹੀਆਂ ਹਨ ਪ੍ਰਤੀ ਸਮਝ ਪੈਦਾ ਕਰਨ। ਉਹ ਵਸਤਾਂ ਜੋ ਅਸੀਂ ਰੋਜ਼ਾਨਾ ਜੀਵਨ ਵਿੱਚ ਵਰਤਦੇ ਹਾਂ ਦੀ ਪੈਦਾਵਾਰ ਆਪ ਕਰਨ ਦੀ ਕੋਸ਼ਿਸ਼ ਕੀਤੀ ਜਾਵੇ। ਸਾਨੂੰ ਕਿਰਤ ਸੱਭਿਆਚਾਰ ਨਾਲ ਜੁੜਨ ਦੀ ਲੋੜ ਹੈ। ਬਜ਼ਾਰ ਦਾ ਨਾਹਰਾ ਹੈ 'ਜ਼ਿਆਦਾ ਖ਼ਰੀਦੋ ਜ਼ਿਆਦਾ ਬਚਾਓ' ਸਾਨੂੰ ਇਸ ਪ੍ਰਤੀ ਸੁਚੇਤ ਹੋਣ ਦੀ ਲੋੜ ਹੈ। ਸਾਨੂੰ ਸਿਖਾਇਆ ਜਾ ਰਿਹਾ ਹੈ ਕਿ ਵਸਤਾਂ ਨੂੰ ਵੱਧ ਤੋਂ ਵੱਧ ਖ਼ਰੀਦੋ, ਵਰਤੋ, ਸੁੱਟੋ ਅਤੇ ਹੋਰ ਖ਼ਰੀਦੋ। ਇੰਟਰਨੈੱਟ ਦੀਆਂ ਸਾਈਟਸ ਅਤੇ ਕੁਝ ਟੀ.ਵੀ. ਚੈੱਨਲ ਸਾਨੂੰ ਹੋਕਰੇ ਮਾਰ ਰਹੇ ਹਨ 'ਆਓ ਘੱਟ ਰੇਟ 'ਤੇ ਵੱਧ ਤੋਂ ਵੱਧ ਖ਼ਰੀਦੋ' ਅਜਿਹੀਆਂ ਸਭ ਤਰ੍ਹਾਂ ਦੀਆਂ ਤਰਜੀਹਾਂ ਪ੍ਰਤੀ ਸਾਨੂੰ ਸੁਚੇਤ ਹੋਣ ਦੀ ਲੋੜ ਹੈ। ਸਾਨੂੰ ਸਭ ਤਰ੍ਹਾਂ ਦੇ ਖ਼ਰਚਿਆਂ ਨੂੰ ਘੱਟ ਕਰਨ ਦੀ ਵੀ ਲੋੜ ਹੈ। ਸਮੇਂ ਦੀ ਮੰਗ ਹੈ ਕਿ ਅਸੀਂ ਪੰਜਾਬੀ ਅਖਾਣ 'ਦੂਜੇ ਦਾ ਪੱਕਾ ਵੇਖ ਕੇ ਆਪਣਾ ਕੱਚਾ ਨਾ ਢਾਓ' 'ਤੇ ਅਮਲ ਕਰੀਏ।



# ਕੀ ਅਵਾਮ ਹੁਣ ਕਾਰਪੋਰੇਟ ਕੰਪਨੀਆਂ ਦੇ ਰਹਿਮੋ ਕਰਮ 'ਤੇ?

ਸਦੀਆਂ ਤੋਂ ਭੁੱਖ ਨੰਗ, ਗ਼ਰੀਬੀ, ਕੰਗਾਲੀ ਨਾਲ ਘੁੱਲਦੇ, ਮੰਦਹਾਲੀ ਦੀ ਜੂਨ ਭੋਗਦੇ ਲੋਕਾਂ ਨੂੰ ਇਹ ਕਹਿ ਕੇ ਪ੍ਰਚਾਇਆ ਜਾਂਦਾ ਰਿਹਾ ਹੈ ਕਿ ਇਹ ਗ਼ਰੀਬੀ ਕੰਗਾਲੀ ਸਮੇਂ ਦੇ ਹਾਕਮਾਂ ਦੇ ਕੁਸ਼ਾਸਨ ਦੀ ਦੇਣ ਨਹੀਂ ਬਲਕਿ ਤੁਹਾਡੇ ਪਿਛਲੇ ਜਨਮ ਦਾ ਫਲ ਹੈ। ਇਸ ਜਨਮ ਵਿੱਚ ਜੋ ਲੋਕ ਸੁਖ ਭੋਗਦੇ ਹਨ ਉਹ ਅਗਾਂਹ ਨਰਕਾਂ ਵਿੱਚ ਪੈਣਗੇ ਅਤੇ ਤੁਸੀਂ ਗ਼ਰੀਬ ਲੋਕ ਸਵਰਗਾਂ ਦੇ ਵਾਸੀ ਬਣ ਜਾਓਗੇ। ਲੋਕਾਂ ਨੂੰ ਸ਼ਰਧਾ ਦਾ ਪਾਠ ਪੜ੍ਹਾਉਣ ਅਤੇ ਕਿਸਮਤਵਾਦੀ ਬਣਾਉਣ ਵਾਲੇ ਅਖੌਤੀ ਧਰਮਾਤਮਾ ਅੱਜ ਵੀ ਭਾਵੇਂ ਆਧੁਨਿਕ ਤਕਨੀਕਾਂ ਨਾਲ ਆਪਣੇ ਦਕਿਆਨੂਸੀ ਅੰਧ-ਵਿਸ਼ਵਾਸੀ ਧਾਰਨਾਵਾਂ ਨੂੰ ਅੱਗੇ ਵਧਾ ਰਹੇ ਹਨ। ਹੁਣ ਵਿਵਸਥਾ ਨੂੰ ਜਿਉਂ ਦਾ ਤਿਉਂ ਬਣਾਈ ਰੱਖਣ ਲਈ ਹੋਰ ਕਈ ਤਰ੍ਹਾਂ ਦੇ ਢੰਗ ਤਰੀਕੇ ਵੀ ਖੋਜੇ ਜਾ ਰਹੇ ਹਨ।

ਨਵੇਂ ਪੇਸ਼ ਕੀਤੇ ਬਜਟ ਵਿੱਚ ਮੋਦੀ ਸਰਕਾਰ ਨੇ ਦੇਸ਼ ਦੇ ਕਿਸਾਨ ਜੋ ਵੱਡੀ ਗਿਣਤੀ ਵਿੱਚ ਆਤਮ-ਹੱਤਿਆ ਕਰ ਰਹੇ ਹਨ ਅਤੇ ਉਹਨਾਂ ਦੀਆਂ ਆਤਮ-ਹੱਤਿਆਵਾਂ ਦਾ ਕਾਰਨ ਕਰਜ਼ਾਈ ਹੋਣਾ ਹੈ ਨੂੰ ਹੋਰ ਕਰਜ਼ੇ ਦੇਣ ਦੀ ਪੇਸ਼ਕਸ਼ ਕੀਤੀ ਹੈ। ਸਰਕਾਰ ਨੇ ਇਸ ਨੂੰ ਆਪਣੀ ਪ੍ਰਾਪਤੀ ਵਾਂਗ ਪੇਸ਼ ਕੀਤਾ ਹੈ ਜਦਕਿ ਇਹ ਸਭ ਕੁਝ ਸੋਚੇ ਸਮਝੇ ਢੰਗ ਨਾਲ ਲੁਕਵੇਂ ਏਜੰਡਿਆਂ ਨੂੰ ਅੱਗੇ ਵਧਾਉਣ ਦੀਆਂ ਸ਼ਤਰੰਜੀ ਚਾਲਾਂ ਹਨ ਜਿਨ੍ਹਾਂ 'ਤੇ ਚੱਲਦਿਆਂ ਆਮ ਲੋਕਾਂ ਨੂੰ ਹੋਰ ਦੀਨ, ਹੀਣ ਅਤੇ ਸਾਧਨਹੀਣ ਬਣਾ ਦਿੱਤਾ ਜਾਵੇਗਾ। ਕਿਸੇ ਵੀ ਖਿੱਤੇ ਦੇ ਲੋਕਾਂ ਨੂੰ ਕਰਜ਼ੇ ਦੇ ਕੇ ਆਤਮ ਨਿਰਭਰ ਨਹੀਂ ਬਣਾਇਆ ਜਾ ਸਕਦਾ ਬਲਕਿ ਕਰਜ਼ਾਈ ਹੋਏ ਆਤਮ-ਹੱਤਿਆਵਾਂ ਲਈ ਜ਼ਿੰਮੇਵਾਰ ਕਾਰਨਾਂ ਦੀ ਪੜਤਾਲ ਕਰਕੇ ਉਹਨਾਂ ਨੂੰ ਦੂਰ ਕਰਕੇ ਸਥਾਈ ਹੱਲ ਕੱਢਿਆ ਜਾ ਸਕਦਾ ਹੈ। ਮੌਜੂਦਾ ਖੇਤੀਬਾੜੀ ਨੀਤੀਆਂ ਵਿੱਚ ਵੱਡੇ ਬਦਲਾਅ ਕਰਨ ਦੀ ਲੋੜ ਹੈ। ਸਰਕਾਰੀ ਅਤੇ ਗ਼ੈਰ-ਸਰਕਾਰੀ ਕਰਜ਼ੇ, ਕਰਜ਼ੇ ਨਾਲ ਮਰਨ ਵਾਲਿਆਂ ਦੀਆਂ ਸਮੱਸਿਆਵਾਂ ਦੇ ਹੱਲ ਨਹੀਂ ਹਨ। ਦੇਸ਼ ਵਿੱਚ ਬੇਰੁਜ਼ਗਾਰੀ ਅਤੇ ਆਰਥਿਕ ਪਾੜਾ ਏਨੀ ਤੇਜ਼ੀ ਨਾਲ ਵਧ ਰਹੇ ਹਨ ਕਿ ਇੱਥੇ ਖ਼ਾਨਾਜੰਗੀ ਵਾਲੇ ਹਾਲਾਤ ਪੈਦਾ ਹੋਣ ਦੀ ਸੰਭਾਵਨਾ ਬਣ ਰਹੀ ਹੈ। ਅੱਜ ਇਹ ਵਰਤਾਰਾ ਆਮ ਹੋ ਗਿਆ ਹੈ ਕਿ ਬੇਰੁਜ਼ਗਾਰ ਨੌਜੁਆਨ ਨਸ਼ਿਆਂ ਨਾਲ ਬਰਬਾਦ ਹੋ ਰਹੇ ਹਨ, ਸਮਾਜ ਵਿੱਚ ਲੁੱਟਮਾਰ, ਮਾਰਧਾੜ ਦਿਨੋ-ਦਿਨ ਵਧ ਰਹੀ ਹੈ। ਕਿਸਾਨਾਂ, ਮਜਦੂਰਾਂ ਅਤੇ ਨੌਕਰੀ ਪੇਸ਼ਾ ਲੋਕਾਂ ਦੀਆਂ ਉੱਚ ਵਿੱਦਿਆ ਹਾਸਲ ਔਲਾਦਾਂ ਹੁਣ ੮ ਤੋਂ ੧੦ ਹਜ਼ਾਰ ਪ੍ਰਤੀ ਮਹੀਨਾ 'ਤੇ ਕੰਮ ਕਰਨ ਲਈ ਮਜਬੂਰ ਹਨ। ਸਰਕਾਰੀ ਅਤੇ ਗ਼ੈਰ-ਸਰਕਾਰੀ ਬੈਂਕਾਂ ਕੋਲ ਲੋਕਾਂ ਨੂੰ ਵਾਧੂ ਕਰਜ਼ੇ ਦੇਣ ਲਈ ਬੇਤਹਾਸ਼ਾ ਪੈਸਾ ਤਾਂ ਹੈ ਪਰ ਲੋਕਾਂ ਲਈ ਰੁਜ਼ਗਾਰ ਪੈਦਾ ਕਰਨ ਲਈ ਪੈਸਾ ਨਹੀਂ ਹੈ। ਇਕ ਪਾਸੇ ਚੰਦ ਸਿੱਕਿਆਂ ਲਈ ਜਾਨ ਤੋੜਦੇ ਕਰੋੜਾਂ ਲੋਕ ਹਨ ਦੂਜੇ ਪਾਸੇ ਧਨ ਦੇ ਅੰਬਾਰ ਅਸਮਾਨ ਛੂਹਣ ਲੱਗੇ ਹਨ। ਇਕ ਪਾਸੇ ਲੋਕ

ਤੇਜ਼ੀ ਨਾਲ ਆਪਣੀਆਂ ਜ਼ਮੀਨਾਂ ਤੋਂ ਵਾਂਝੇ ਹੋ ਰਹੇ ਹਨ ਦੂਜੇ ਪਾਸੇ ਕਾਰਪੋਰੇਸ਼ਨਾਂ ਦੇ ਕਾਰੋਬਾਰਾਂ ਦਾ ਤੇਜ਼ੀ ਨਾਲ ਫੈਲਾਅ ਹੋ ਰਿਹਾ ਹੈ। ਇਕ ਪਾਸੇ ਛੋਟੇ ਦੁਕਾਨਦਾਰ, ਵਪਾਰੀ, ਕਾਰੋਬਾਰੀ, ਛੋਟੀਆਂ ਸਨਅਤਾਂ ਚਲਾਉਣ ਵਾਲੇ ਬੁਰੀ ਤਰ੍ਹਾਂ ਆਰਥਿਕ ਮੰਦੀ ਨਾਲ ਜੂਝ ਰਹੇ ਹਨ ਦੂਜੇ ਪਾਸੇ ਮਲਟੀਪਰਪਜ਼ ਵੱਡੇ-ਵੱਡੇ ਮਾਲ ਖੁੱਲ੍ਹ ਰਹੇ ਹਨ। ਇਕ ਪਾਸੇ ਗ਼ਰੀਬ ਲੋਕ ਨਿੱਕੀਆਂ-ਨਿੱਕੀਆਂ ਬਿਮਾਰੀਆਂ ਨਾਲ ਮਰ ਰਹੇ ਹਨ ਦੂਜੇ ਪਾਸੇ ਵੱਡੀਆਂ-ਵੱਡੀਆਂ ਕੰਪਨੀਆਂ ਵੱਲੋਂ ਬਿਮਾਰੀਆਂ ਦੇ ਇਲਾਜ ਅਤੇ ਟੈਸਟਾਂ ਦੇ ਪੈਕੇਜ ਦੇਣ ਵਾਲੇ ਹਸਪਤਾਲ ਖੋਲ੍ਹੇ ਜਾ ਰਹੇ ਹਨ। ਦੇਸ਼ ਵਿੱਚ ਇਕ ਪਾਸੇ ਮੁੱਠੀ ਭਰ ਲੋਕਾਂ ਕੋਲ ਬੇਤਹਾਸ਼ਾ ਦੌਲਤ ਇਕੱਠੀ ਹੋ ਰਹੀ ਹੈ ਦੂਜੇ ਪਾਸੇ ਬੇਰੁਜ਼ਗਾਰੀ ਦੀ ਸਮੱਸਿਆ ਇੰਨੀ ਭਿਆਨਕ ਬਣ ਰਹੀ ਹੈ ਕਿ ਇਕ ਚਪੜਾਸੀ ਦੀ ਨੌਕਰੀ ਪ੍ਰਾਪਤ ਕਰਨ ਲਈ ਪੀ.ਐਚ.ਡੀ. ਲੋਕ ਕਤਾਰ ਵਿੱਚ ਹਨ। ਦਸ ਅਸਾਮੀਆਂ ਲਈ ਦਸ ਹਜ਼ਾਰ ਲੋਕ ਇਕੱਠੇ ਹੋ ਜਾਂਦੇ ਹਨ। ਹਾਲਾਤ ਇਹ ਹਨ ਕਿ ਬੇਰੁਜ਼ਗਾਰਾਂ ਤੋਂ ਫਾਰਮ ਭਰਵਾ ਕੇ ਦਿਨਾਂ ਵਿੱਚ ਕਰੋੜਾਂ ਰੁਪਏ ਇਕੱਠੇ ਕਰ ਲਏ ਜਾਂਦੇ ਹਨ। ਬੇਰੁਜ਼ਗਾਰੀ ਤੋਂ ਵੀ ਕਮਾਈਆਂ ਕੀਤੀਆਂ ਜਾ ਰਹੀਆਂ ਹਨ। ਅੰਤਰ-ਰਾਸ਼ਟਰੀ ਸੰਸਥਾ ਐਕਸਫੋਮ ਦੀ ਤਾਜ਼ਾ ਰਿਪੋਰਟ ਜਿਸ ਵਿੱਚ ਭਾਰਤ ਸਮੇਤ ਦੁਨੀਆਂ ਦੇ ਹੋਰ ਦੇਸ਼ਾਂ ਦੀ ਸੰਪਤੀ ਦਾ ਖੁਲਾਸਾ ਕੀਤਾ ਗਿਆ ਹੈ, ਦੇ ਅੰਕੜੇ ਬੜੇ ਚੌਕਾਅ ਦੇਣ ਵਾਲੇ ਹਨ। ਸਮਾਜ ਦੇ ਹਿੱਤਾਂ ਲਈ ਕੰਮ ਕਰਨ ਵਾਲੀ ਇਸ ਸੰਸਥਾ ਦੀ ਪਿਛਲੇ ਸਾਲ ਦੀ ਰਿਪੋਰਟ ਅਨੁਸਾਰ ਦੁਨੀਆਂ ਦੀ ਅੱਧੀ ਦੌਲਤ 'ਤੇ ਕੇਵਲ 62 ਵਿਅਕਤੀ ਕਾਬਜ਼ ਹਨ। 2010 ਵਿੱਚ ਇਹ ਗਿਣਤੀ 255 ਸੀ। ਇਸ ਸੰਸਥਾ ਦੀ ਇਸ ਸਾਲ ਜਾਰੀ ਹੋਈ ਰਿਪੋਰਟ ਵਿੱਚ ਇਹ ਗਿਣਤੀ 62 ਤੋਂ ਘਟ ਕੇ 8 ਵਿਅਕਤੀਆਂ 'ਤੇ ਆ ਗਈ। ਇਸੇ ਸੰਸਥਾ ਅਨੁਸਾਰ ਸਾਡੇ ਦੇਸ਼ ਭਾਰਤ ਵਿੱਚ 57 ਵਿਅਕਤੀਆਂ ਕੋਲ 70% ਅਬਾਦੀ ਦੇ ਬਰਾਬਰ ਦੌਲਤ ਹੈ। ਇੱਥੋਂ ਅਸੀਂ ਇਹ ਅੰਦਾਜ਼ਾ ਲਗਾ ਸਕਦੇ ਹਾਂ ਕਿ ਆਰਥਿਕ ਪਾੜਾ ਕਿੰਨਾ ਭਿਆਨਕ ਰੂਪ ਅਖ਼ਤਿਆਰ ਕਰ ਰਿਹਾ ਹੈ। ਇਹ ਅਸਾਵਾਂਪਣ ਬੜੀ ਤੇਜ਼ੀ ਨਾਲ ਵਧ ਰਿਹਾ ਹੈ। ਇਹ ਅਸਮਾਨਤਾਵਾਂ ਜਮਹੂਰੀਅਤ ਲਈ ਬੜਾ ਵੱਡਾ ਖ਼ਤਰਾ ਹਨ ਅਤੇ ਇਹ ਆਪਣੇ ਕਿਸਮ ਦੇ ਵਿਗਾੜਾਂ ਨੂੰ ਜਨਮ ਦੇ ਰਹੀਆਂ ਹਨ। ਮੰਦਹਾਲੀ ਦੀ ਦਲਦਲ ਵਿੱਚ ਲੋਕਾਂ ਨੂੰ ਇਕਦਮ ਨਹੀਂ ਉਤਾਰ ਦਿੱਤਾ ਜਾਂਦਾ ਬਲਕਿ ਬੜੇ ਸੋਚੇ ਸਮਝੇ ਢੰਗ ਨਾਲ ਇਹਨਾਂ ਲੋਕ-ਮਾਰੂ ਨੀਤੀਆਂ ਨੂੰ ਅੱਗੇ ਵਧਾਇਆ ਜਾਂਦਾ ਹੈ। ਲੋਕਾਂ ਨੂੰ ਅਜਿਹੀ ਹਾਲਤ ਵਿੱਚ ਲੈ ਕੇ ਜਾਣ ਲਈ ਜ਼ਰੂਰੀ ਹੈ ਕਿ ਕੁਝ ਐਸੇ ਛਣਕਣਿਆਂ ਦੀ ਖੋਜ ਕੀਤੀ ਜਾਵੇ ਜੋ ਲੋਕਾਂ ਦੇ ਹੱਥਾਂ ਵਿੱਚ ਦਿੱਤੇ ਜਾ ਸਕਣ। ਇਸ ਲਈ ਲੋਕਾਂ ਲਈ ਅਖੌਤੀ ਵਿਕਾਸ ਦੇ ਭਰਮ ਸਿਰਜੇ ਜਾਂਦੇ ਹਨ। ਕਿਰਾਏ ਦੀਆਂ ਸੜਕਾਂ, ਫਲਾਈ ਓਵਰ ਮਾਰਕਾਂ, ਵਿਕਾਸ ਦੀ ਸਜਾਵਟ ਲੋਕਾਂ ਅੱਗੇ ਪੇਸ਼ ਕੀਤੀ ਜਾਂਦੀ ਹੈ। ਲੋਕਾਂ ਨੂੰ ਮੁਫ਼ਤ ਸਹੂਲਤਾਂ ਦੇ ਕੇ ਗ਼ਰੀਬੀ ਕੰਗਾਲੀ ਦੇ ਦਾਗ਼ ਧੋਣ ਦੇ ਦਾਅਵੇ ਕੀਤੇ ਜਾਂਦੇ ਹਨ।

ਇਹਨਾਂ ਲੋਕ-ਮਾਰੂ ਨੀਤੀਆਂ ਦਾ ਘਾੜਾ ਧਨਾਢ ਕੰਪਨੀਆਂ ਦੇ ਗੁਰੂਘੰਟਾਲ ਅਮਰੀਕਾ ਦੇ ਅਰਥ-ਸ਼ਾਸਤਰੀ ਫਰਾਇਡਮੈਨ ਨੂੰ ਮੰਨਿਆ ਜਾਂਦਾ ਹੈ ਜਿਸ ਦਾ



ਕਹਿਣਾ ਸੀ ਕਿ ਆਮ ਲੋਕਾਂ ਨੂੰ ਗੰਦੇ ਤੋਂ ਗੰਦੇ ਸਿਸਟਮ ਦੇ ਵੀ ਆਦੀ ਬਣਾਇਆ ਜਾ ਸਕਦਾ ਹੈ ਪਰ ਇਸ ਲਈ ਜ਼ਰੂਰੀ ਹੈ ਕਿ ਉਹਨਾਂ ਲਈ ਸਦਮਾਜਨਕ ਹਾਲਾਤ ਪੈਦਾ ਕੀਤੇ ਜਾਣ। ਬਹੁਤ ਬਰੀਕਬੀਨੀ ਨਾਲ ਜੇਕਰ ਅਸੀਂ ਵੇਖੀਏ ਤਾਂ ਇੱਥੇ ਵੀ ਉਸੇ ਫਾਰਮੂਲੇ ਨੂੰ ਅਜਮਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਜਿਸ ਵਿੱਚ ਉਹ ਕਿਹਾ ਕਰਦਾ ਸੀ ਕਿ ਦੂਜੇ ਦੇਸ਼ਾਂ ਦੇ ਅਸਾਸਿਆਂ 'ਤੇ ਕਾਬਜ਼ ਹੋਣ ਲਈ ਜ਼ਰੂਰੀ ਹੈ ਕਿ ਉਹਨਾਂ ਨੂੰ ਵਾਧੂ ਕਰਜ਼ੇ ਦਿੱਤੇ ਜਾਣ। ਇਸ ਸਮੇਂ ਪੰਜਾਬ ਦੇ ਬਹੁਗਿਣਤੀ ਕਿਸਾਨ ਹਨ ਜਿਨ੍ਹਾਂ ਦੀਆਂ ਜ਼ਮੀਨਾਂ ਪ੍ਰਾਈਵੇਟ ਕੰਪਨੀਆਂ/ਬੈਂਕਾਂ ਕੋਲ ਗਿਰਵੀ ਹਨ। ਮੁਲਕ ਦੀਆਂ ਸਰਕਾਰਾਂ ਫਰਾਇਡਮੈਨੀ ਫਾਰਮੂਲੇ ਨੂੰ ਬੜੀ ਤੇਜ਼ੀ ਨਾਲ ਅੱਗੇ ਵਧਾ ਰਹੀਆਂ ਹਨ। ਕਾਰਪੋਰੇਟਰਾਂ ਲਈ ਹਰ ਰਾਹ ਪੱਧਰਾ ਕਰਨ 'ਤੇ ਤੁਲੀਆਂ ਹੋਈਆਂ ਹਨ। ਇਹੋ ਮੋਦੀ ਸਰਕਾਰ ਸੀ ਜਿਸ ਨੇ ਕਿਸਾਨ ਵਿਰੋਧੀ ਭੂਮੀ ਅਧਿਗ੍ਰਹਿਣ ਬਿੱਲ ਪਾਸ ਕਰਨ ਲਈ ਅੱਡੀ ਚੋਟੀ ਦਾ ਜ਼ੋਰ ਲਾਇਆ ਸੀ। ਅਫ਼ਸੋਸ ਦੀ ਗੱਲ ਹੈ ਕਿ ਇਸ ਦੀ ਚਰਚਾ ਪੰਜ ਸੂਬਿਆਂ ਵਿੱਚ ਹੋਈਆਂ ਚੋਣਾਂ ਦੇ ਕਿਸੇ ਚੋਣ ਜਲਸੇ ਵਿੱਚ ਨਹੀਂ ਹੋਈ। ਸਮਾਜਿਕ ਅਸਾਵੇਂਪਣ ਅਤੇ ਮੁਨਾਫ਼ਾ ਬਟੋਰਨ ਵਾਲੀਆਂ ਨੀਤੀਆਂ ਨੂੰ ਅੱਗੇ ਵਧਾਉਣ ਲਈ ਜ਼ਰੂਰੀ ਹੈ ਕਿ ਲੋਕਾਂ ਨੂੰ ਅਖੌਤੀ ਧਾਰਮਿਕਤਾ ਦੇ ਨਾਲ-ਨਾਲ ਕੁਝ ਅਜਿਹੇ ਨਸ਼ੇ ਵੀ ਦਿੱਤੇ ਜਾਣ ਜਿਨ੍ਹਾਂ ਵਿੱਚ ਬਹੁਗਿਣਤੀ ਗਲਤਾਨ ਹੋਈ ਰਹੇ। ਦੇਸ਼ ਵਿੱਚ ਗ਼ਰੀਬੀ ਨਾਲ ਘੁਲਦੇ ਲੋਕਾਂ ਨੂੰ ਮੁਫ਼ਤ ਵਿੱਚ ਆਟਾ, ਦਾਲਾਂ, ਚਾਹ ਪੱਤੀ ਅਤੇ ਦੇਸੀ ਘਿਓ ਦੇਣ ਦੇ ਫਾਰਮੂਲੇ ਤਾਂ ਅਜਮਾਉਣ ਤੋਂ ਬਾਅਦ ਹਨ ਹੁਣ ਮੁਫ਼ਤ ਵਿੱਚ ਮੋਬਾਇਲ ਫ਼ੋਨ, ਫ੍ਰੀ ਇੰਟਰਨੈੱਟ ਸੁਵਿਧਾਵਾਂ, ਵਾਈ ਫਾਈ ਜੋਨ, ਵਾਈ ਫਾਈ ਕਾਲਜ, ਯੂਨੀਵਰਸਿਟੀਆਂ ਅਤੇ ਸਸਤੇ ਜਾਂ ਫ੍ਰੀ ਇੰਟਰਨੈੱਟ ਪੈਕ ਵਰਗੀਆਂ ਸਹੂਲਤਾਂ ਇਹਨਾਂ ਕੜੀਆਂ ਦਾ ਹੀ ਹਿੱਸਾ ਹਨ। ਇਹ ਠੀਕ ਹੈ ਸਾਨੂੰ ਨਵੀਆਂ ਤਕਨੀਕਾਂ ਨਾਲ ਲੈੱਸ ਹੋਣ ਦੀ ਲੋੜ ਹੈ ਪਰ ਜੀਵਨ ਗੁਜ਼ਾਰਨ ਲਈ ਜੇਕਰ ਚੰਗੇ ਰੁਜ਼ਗਾਰ, ਚੰਗਾ ਖਾਣ-ਪੀਣ, ਰਹਿਣ-ਸਹਿਣ ਅਤੇ ਵਾਤਾਵਰਣ ਨਹੀਂ ਤਾਂ ਇਹ ਸਭ ਕੁਝ ਸਾਡੇ ਜੀਅ ਦਾ ਜੰਜਾਲ ਬਣ ਜਾਵੇਗਾ ਅਤੇ ਕਈ ਤਰ੍ਹਾਂ ਦੇ ਸਮਾਜਿਕ ਵਿਗਾੜ ਵੀ ਪੈਦਾ ਹੋਣਗੇ। ਲੋਕਾਂ ਲਈ ਰੁਜ਼ਗਾਰ ਪੈਦਾ ਕਰਨ ਦੀ ਬਜਾਏ ਉਹਨਾਂ ਨੂੰ ਕਰਜ਼ੇ ਦੇਣ ਦੀਆਂ ਤਰਜੀਹਾਂ ਨੂੰ ਅੱਗੇ ਵਧਾਇਆ ਜਾ ਰਿਹਾ ਹੈ ਕਿ ਉਹ ਗ਼ਰੀਬੀ ਕੰਗਾਲੀ ਦਾ ਜੀਵਨ ਭੋਗਦੇ ਰਹਿਣ, ਨਿੱਕੀਆਂ-ਨਿੱਕੀਆਂ ਖ਼ੈਰਾਤਾਂ ਨਾਲ ਪਰਚਦੇ ਰਹਿਣ ਅਤੇ ਕਿੰਤੂ-ਪ੍ਰੰਤੂ ਕਰਨ ਦਾ ਹੀਆ ਨਾ ਕਰਨ।

ਲੰਮੇ ਸਮੇਂ ਤੋਂ ਸਰਕਾਰਾਂ ਵੱਲੋਂ ਲੋਕਾਂ ਲਈ 'ਅੱਛੇ ਦਿਨ' ਲਿਆਉਣ ਦੇ ਵਾਅਦੇ ਕੀਤੇ ਜਾਂਦੇ ਰਹੇ ਹਨ ਜੋ ਸੱਤ ਦਹਾਕੇ ਬੀਤ ਜਾਣ 'ਤੇ ਵੀ ਵਫ਼ਾ ਨਹੀਂ ਹੋਏ। ਬੀਤੇ ਸਮੇਂ ਦੌਰਾਨ ਕਿਸਾਨਾਂ ਮਜਦੂਰਾਂ ਦੀਆਂ ਆਤਮ-ਹੱਤਿਆਵਾਂ ਵਧੀਆਂ ਹਨ। ਬੇਰੁਜ਼ਗਾਰੀ ਵਧੀ ਹੈ। ਸਰਕਾਰਾਂ ਦੀਆਂ ਨੀਤੀਆਂ ਦੱਸਦੀਆਂ ਹਨ ਕਿ ਭਵਿੱਖ ਵਿੱਚ ਕਿਸਾਨਾਂ ਮਜਦੂਰਾਂ ਦੇ ਦੁੱਖ ਘਟਣ ਦੀ ਬਜਾਏ ਹੋਰ ਵਧ ਜਾਣਗੇ। ਛੋਟੀਆਂ ਸਨਅਤਾਂ ਤਬਾਹ ਹੋਈਆਂ ਹਨ। ਗ਼ਰੀਬ ਹੋਰ ਗ਼ਰੀਬ ਅਤੇ ਅਮੀਰ ਹੋਰ ਅਮੀਰ ਹੋਏ ਹਨ। ਜਾਤ-ਪਾਤ ਦੇ ਵੱਖਰੇਵਿਆਂ ਨੂੰ ਹਵਾ ਦਿੱਤੀ ਜਾ ਰਹੀ ਹੈ। ਲੋਕਾਂ ਨੂੰ

ਧਰਮਾਂ ਮਜ਼ਹਬਾਂ ਦੇ ਨਾਮ ’ਤੇ ਵੰਡਣ ਦੀਆਂ ਕੋਝੀਆਂ ਚਾਲਾਂ ਚੱਲੀਆਂ ਜਾ ਰਹੀਆਂ ਹਨ। ਜਨਤਕ ਅਦਾਰਿਆਂ ਵਿੱਚ ਜਨਤਾ ਦੀ ਸ਼ਮੂਲੀਅਤ ਨੂੰ ਮਨਫ਼ੀ ਬਣਾਇਆ ਜਾ ਰਿਹਾ ਹੈ। ਲੋਕਾਂ ਲਈ ਅਖੌਤੀ ਵਿਕਾਸ ਦੇ ਹਵਾਈ ਕਿਲ੍ਹੇ ਉਸਾਰ ਕੇ ਆਪਣੇ ਸਿਰਾਂ ’ਤੇ ਆਪ ਹੀ ਸਿਹਰੇ ਬੰਨ੍ਹੇ ਜਾ ਰਹੇ ਹਨ। ਦੇਸ਼ ਦੀ ਭ੍ਰਿਸ਼ਟ ਰਾਜਨੀਤੀ ਨੇ ਅਵਾਮ ਨੂੰ ਦੇਸ਼ ਦੇ ਸਾਧਨਾਂ ਦੀ ਲੁੱਟ ਨਾਲ ਮਾਲਾ ਮਾਲ ਹੋਈਆਂ ਕਾਰਪੋਰੇਸ਼ਨਾਂ ਦੇ ਰਹਿਮੋਕਰਮ ’ਤੇ ਛੱਡ ਦਿੱਤਾ ਹੈ। ਲੋਕਾਂ ਲਈ ਅਜਿਹੀ ਵਿਵਸਥਾ ਕੀਤੀ ਜਾ ਰਹੀ ਹੈ ਕਿ ਉਹਨਾਂ ਤੋਂ ਸਭ ਤਰ੍ਹਾਂ ਦੇ ਅਸਾਸੇ ਖੋਹ ਲਏ ਜਾਣ ਅਤੇ ਉਹਨਾਂ ਨੂੰ ਇਸ ਦਾ ਅਹਿਸਾਸ ਵੀ ਨਾ ਹੋਵੇ। ਅਵਾਮ ਲਈ ਅਜਿਹੀਆਂ ਵਿਉਂਤਾਂ ਬੁਣੀਆਂ ਜਾ ਰਹੀਆਂ ਹਨ ਕਿ ਆਮ ਲੋਕਾਂ ਦਾ ਸਾਹ ਤਾਂ ਚੱਲਦਾ ਰਹੇ ਪਰ ਉਹ ਇੰਨੇ ਨਿਤਾਣੇ ਹੋ ਜਾਣ ਕਿ ਆਪਣੇ ਪੈਰਾਂ ’ਤੇ ਆਪ ਖੜ੍ਹੇ ਨਾ ਹੋ ਸਕਣ। ਸਾਨੂੰ ਇਹ ਵਿਚਾਰਨ ਦੀ ਲੋੜ ਹੈ ਕਿ ਮੌਜੂਦਾ ਵਿਵਸਥਾ, ਲੋਕ-ਪੱਖੀ ਅਤੇ ਮਾਨਵ ਹਿਤੈਸ਼ੀ ਵਿਵਸਥਾ ਨਹੀਂ ਹੈ। ਸਾਨੂੰ ਇਸ ਵਿਵਸਥਾ ਖ਼ਿਲਾਫ਼ ਬੋਲਣਾ ਪਵੇਗਾ ਅਤੇ ਲੰਮੀ ਲੜਾਈ ਲੜਨ ਲਈ ਤਿਆਰ ਹੋਣਾ ਪਵੇਗਾ। ਸਾਨੂੰ ਸਰਬੱਤ ਦੇ ਭਲੇ ਲਈ ਅੱਜ ਕੁਦਰਤ ਪੱਖੀ ਵਿਕਾਸ ਮਾਡਲ ਦੀ ਲੋੜ ਹੈ। ਤੇਜ਼ੀ ਨਾਲ ਵਧ ਰਿਹਾ ਆਰਥਿਕ ਪਾੜਾ ਜਿੱਥੇ ਬਹੁਗਿਣਤੀ ਲੋਕਾਂ ਨੂੰ ਬਰਬਾਦ ਕਰਕੇ ਕੰਗਾਲੀ ਦਾ ਜੀਵਨ ਭੋਗਣ ਲਈ ਮਜਬੂਰ ਕਰ ਰਿਹਾ ਹੈ ਉੱਥੇ ਇਹ ਕੁਦਰਤੀ ਵਾਤਾਵਰਣ ਲਈ ਵੀ ਤਬਾਹਕੁਨ ਸਾਬਤ ਹੁੰਦਾ ਹੈ। ਅੱਜ ਸਾਡੇ ਕੋਲ ਨਾ ਚੰਗਾ ਵਾਤਾਵਰਣ ਰਿਹਾ ਹੈ ਅਤੇ ਨਾ ਹੀ ਸੁਰੱਖਿਅਤ ਆਲਾ-ਦੁਆਲਾ। ਸੋ, ਇਸ ਲਈ ਜ਼ਰੂਰੀ ਹੈ ਕਿ ਮੌਜੂਦਾ ਵਿਕਾਸ ਮਾਡਲ ਜੋ ਹਕੀਕਤ ਵਿੱਚ ਵਿਕਾਸ ਨਹੀਂ ਬਲਕਿ ਆਮ ਲੋਕਾਂ ਦੇ ਵਿਨਾਸ਼ ਦਾ ਕਾਰਨ ਬਣ ਰਿਹਾ ਹੈ ’ਤੇ ਮੁੜ ਵਿਚਾਰ ਕਰਨ ਦੀ ਲੋੜ ਹੈ। ਸਾਨੂੰ ਉਸ ਵਿਕਾਸ ਦੇ ਮਾਡਲ ਦੀ ਲੋੜ ਹੈ ਜੋ ਆਮ ਲੋਕਾਂ ਨੂੰ ਚੰਗੀਆਂ ਸਿਹਤ ਸਹੂਲਤਾਂ, ਚੰਗਾ ਵਾਤਾਵਰਣ, ਸਮਾਜਿਕ ਸੁਰੱਖਿਆ, ਰੁਜ਼ਗਾਰ ਅਤੇ ਬੱਚਿਆਂ ਦੀ ਚੰਗੀ ਇਕਸਾਰ ਅਤੇ ਸਸਤੀ ਵਿੱਦਿਆ ਦੀ ਗਰੰਟੀ ਦਿੰਦਾ ਹੋਵੇ। ਹੁਣ ਸਮਾਂ ਆ ਗਿਆ ਹੈ ਕਿ ਸਮਾਜ ’ਚੋਂ ਆਰਥਿਕ ਨਾ ਬਰਾਬਰੀ ਖ਼ਤਮ ਕਰਨ ਅਤੇ ਲੋਕ ਪੱਖੀ ਨਿਜ਼ਾਮ ਉਸਾਰੇ ਜਾਣ ਲਈ ਯਤਨਸ਼ੀਲ ਹੋਇਆ ਜਾਵੇ।



# ਕੁਦਰਤ, ਮਨੁੱਖ ਅਤੇ ਜ਼ਿੰਦਗੀ ਦੀ ਕਲਾ

ਹਰ ਮਨੁੱਖ ਨੇ ਕੁਝ ਸਮਾਂ ਇਸ ਧਰਤੀ ’ਤੇ ਰਹਿਣਾ ਹੈ। ਡਾਕਟਰੀ ਵਿਗਿਆਨ ਨੇ ਮਨੁੱਖ ਦੀ ਔਸਤਨ ਉਮਰ ਨੂੰ ਵਧਾਇਆ ਹੈ। ਹੋ ਸਕਦਾ ਹੈ ਕਿ ਆਉਣ ਵਾਲੇ ਸਮੇਂ ਵਿੱਚ ਡਾਕਟਰੀ ਵਿਗਿਆਨ ਮਨੁੱਖ ਦੀ ਉਮਰ ਦੇ ਕੁਝ ਵਰ੍ਹੇ ਹੋਰ ਵੱਧ ਕਰ ਲਵੇ, ਪਰ ਆਖ਼ਿਰ ਹਰ ਇਕ ਨੇ ਇੱਥੋਂ ਰੁਖਸਤ ਹੋਣਾ ਹੋਵੇਗਾ। ਮਨੁੱਖ ਦੀ ਮਨੋਬਿਰਤੀ ਅਤੇ ਵਿਵਹਾਰ ਅਜਿਹਾ ਹੈ ਕਿ ਜਿਵੇਂ ਇਸ ਨੇ ਕਦੇ ਇੱਥੋਂ ਜਾਣਾ ਹੀ ਨਹੀਂ, ਮਨੁੱਖਤਾ ਨੂੰ ਦਰਪੇਸ਼ ਅਜੋਕੇ ਦੌਰ ਦੀਆਂ ਜ਼ਿਆਦਾਤਰ ਸਮੱਸਿਆਵਾਂ/ਮੁਸ਼ਕਲਾਂ ਵੀ ਮਨੁੱਖ ਦੀ ਇਸੇ ਮਨੋਬਿਰਤੀ ਦੀ ਉਪਜ ਹਨ।

ਬੇਸ਼ੱਕ ਮਨੁੱਖ ਦੇ ਅਜੋਕੇ ਦੌਰ ਦੇ ਸੰਕਟਾਂ ਦੇ ਅਨੇਕ ਕਾਰਨ ਹਨ, ਪਰ ਮਨੁੱਖ ਦੇ ਮੌਜੂਦਾ ਦੌਰ ਦਾ ਜ਼ਿੰਦਗੀ ਜਿਊਣ ਦਾ ਢੰਗ ਗੰਭੀਰ ਸੰਕਟ (Life Style Crisis) ਬਣਾ ਰਿਹਾ ਹੈ। ਮਨੁੱਖੀ ਜ਼ਿੰਦਗੀ ਬੜੀ ਤੇਜ਼ੀ ਨਾਲ ਦਿਨੋ-ਦਿਨ ਗੁੰਝਲਦਾਰ ਹੁੰਦੀ ਜਾ ਰਹੀ ਹੈ। ਇਹ ਜਿੰਨੀ ਤੇਜ਼ੀ ਨਾਲ ਗੁੰਝਲਦਾਰ ਹੋਵੇਗੀ ਉਨਾ ਹੀ ਮਨੁੱਖ ਕੁਦਰਤ ਤੋਂ ਦੂਰ ਹੁੰਦਾ ਜਾਵੇਗਾ ਅਤੇ ਜਿੰਨਾ ਅਸੀਂ ਕੁਦਰਤ ਤੋਂ ਦੂਰ ਹੋਵਾਂਗੇ ਉਨੇ ਹੀ ਵਧੇਰੇ ਸੰਕਟ ਸਾਡੇ ਲਈ ਪੈਦਾ ਹੋਣਗੇ। ਕੁਝ ਵਿਕਸਿਤ ਮੁਲਕਾਂ ਵਿੱਚ ਹੁਣ ਇਹ ਹੋਣ ਲੱਗਾ ਹੈ ਕਿ ਕਈ ਪੜ੍ਹੇ ਲਿਖੇ ਲੋਕ ਵੱਡੀਆਂ-ਵੱਡੀਆਂ ਨੌਕਰੀਆਂ ਅਤੇ ਰੁਤਬਿਆਂ ਨੂੰ ਛੱਡ ਕੇ ਸ਼ਹਿਰ ਦੀ ਚਮਕ-ਦਮਕ ਵਾਲੀ ਜ਼ਿੰਦਗੀ ਨੂੰ ਅਲਵਿਦਾ ਆਖ ਕੁਦਰਤ ਨਾਲ ਇਕਮਿੱਕ ਹੋ ਕੇ ਰਹਿਣ ਨੂੰ ਤਰਜੀਹ ਦੇਣ ਲੱਗੇ ਹਨ। ਉਹ ਸਮਝਣ ਲੱਗ ਪਏ ਹਨ ਕਿ ਛੋਟਾ ਜਿਹਾ ਖੇਤ, ਜਿੱਥੇ ਕੁਦਰਤੀ ਹਵਾ, ਸਾਫ਼ ਪਾਣੀ ਅਤੇ ਕੁਦਰਤ ਅਨੁਸਾਰ ਜੀਵਨ ਜਿਊਣ ਵਿੱਚ ਜੋ ਮਜ਼ਾ ਹੈ ਉਹ ਹੋਰ ਕਿਧਰੇ ਨਹੀਂ ਹੈ। ਇਸ ਦੀ ਇਕ ਮਿਸਾਲ ਦਿੱਲੀ ਆਈ.ਆਈ.ਟੀ. ਦੇ ਪ੍ਰੋਫ਼ੈਸਰ ਅਲੋਕ ਸਾਗਰ ਵੀ ਹਨ ਜੋ ਅਮਰੀਕਾ ਦੀ ਹਿਊਸਟਨ ਯੂਨੀਵਰਸਿਟੀ ਤੋਂ ਪੀ.ਐਚ.ਡੀ. ਕਰਨ ਉਪਰੰਤ ਦਿੱਲੀ ਆਈ.ਆਈ.ਟੀ. ਵਿੱਚ ਪ੍ਰੋਫ਼ੈਸਰ ਬਣੇ। ਭਾਰਤੀ ਰਿਜ਼ਰਵ ਬੈਂਕ ਦੇ ਸਾਬਕਾ ਗਵਰਨਰ ਰਘੂਰਾਮ ਰਾਜਨ ਕਦੇ ਉਹਨਾਂ ਦੇ ਸ਼ਗਿਰਦ ਹੋਇਆ ਕਰਦੇ ਸਨ। ਸ਼ਹਿਰ ਦੀ ਚਕਾਚੌਂਦ ਭਰੀ ਜ਼ਿੰਦਗੀ ਨੂੰ ਅਲਵਿਦਾ ਆਖ ਪ੍ਰੋ. ਅਲੋਕ ਸਾਗਰ ਮੱਧ ਪ੍ਰਦੇਸ਼ ਦੇ ਬੈਤੂਲ ਜ਼ਿਲ੍ਹੇ ਦੇ ਇਕ ਆਦਿ ਵਾਸੀ ਪਿੰਡ ਕੋਚਾਮਾਉ ਵਿੱਚ ਆ ਕੇ ਰਹਿਣ ਲੱਗ ਪਏ। ਉਹਨਾਂ ਨੇ ਇਕ ਕਰਮਯੋਗੀ ਵਾਂਗ ਇੱਥੇ ਆਲੇ-ਦੁਆਲੇ ਦੇ ਪਿੰਡਾਂ ਦੀ ਨੁਹਾਰ ਬਦਲਣ ਲਈ ਕੋਈ ੫੦ ਹਜ਼ਾਰ ਦੇ ਕਰੀਬ ਪੌਦੇ ਲਾਏ। ਉਹਨਾਂ ਦੀ ਸਿੱਖਿਆ ਦਾ ਅਸਰ ਇਹ ਹੋਇਆ ਕਿ ਇੱਥੇ ਪਿੰਡਾਂ ਦੇ ਲੋਕਾਂ ਨੇ ਰੁੱਖ ਵੱਢਣੇ ਛੱਡ ਦਿੱਤੇ। ਵਿਖਾਵਾ ਕਰਨ ਦੀ ਮਨੋਬਿਰਤੀ ਤੋਂ ਕੋਹਾਂ ਦੂਰ ਹੋ ਕੇ ਅੱਜ ਵੀ ਉਹ ਇਕ ਰਿਸ਼ੀ ਵਾਂਗ ਸਾਦਾ ਜੀਵਨ ਬਤੀਤ ਕਰ ਰਹੇ ਹਨ। ਅਲੋਕ ਸਾਗਰ ਵਰਗੇ ਮਨੁੱਖ ਉਹਨਾਂ ਲਈ ਇਕ ਵੱਡੀ ਉਦਾਹਰਣ ਹਨ ਜੋ ਇਸ ਧਰਤੀ ’ਤੇ ਰਹਿੰਦਿਆਂ ਆਪਣੇ ਆਲੇ-ਦੁਆਲੇ ਕਈ ਤਰ੍ਹਾਂ ਦੇ ਭੈੜਾਂ/ਵਿਕਾਰਾਂ ਨੂੰ ਦੂਰ ਕਰਕੇ ਇੱਥੋਂ ਰੁਖ਼ਸਤ ਹੁੰਦੇ ਹਨ।

ਮਨੁੱਖ ਯੁੱਗਾਂ ਤੋਂ ਧਰਤੀ ’ਤੇ ਰਹਿੰਦਾ ਆਇਆ ਹੈ। ਇਹ ਆਪਣੀ ਸੰਤਾਨ ਪੈਦਾ ਕਰਦਾ ਸੀ ਅਤੇ ਲੋੜਾਂ ਲਈ ਜਿਊਂਦਾ ਸੀ। ਉਸ ਦੀਆਂ ਬੜੀਆਂ ਸੀਮਿਤ

ਜਿਹੀਆਂ ਲੋੜਾਂ ਸਨ। ਅੱਜ ਦਾ ਮਨੁੱਖ ਲੋੜਾਂ ਲਈ ਨਹੀਂ, ਬਲਕਿ ਵੱਖ-ਵੱਖ ਤਰ੍ਹਾਂ ਦੇ ਰੁਤਬਿਆਂ ਲਈ ਜਿਊਣ ਲੱਗਿਆ ਹੈ। ਇਹੋ ਵੱਖ-ਵੱਖ ਤਰ੍ਹਾਂ ਦੇ ਰੁਤਬਿਆਂ ਦੀ ਚਾਹਤ ਹੀ ਕਈ ਤਰ੍ਹਾਂ ਦੇ ਸਮਾਜਿਕ ਵਿਗਾੜ ਪੈਦਾ ਕਰਦੀ ਹੈ। ਇਕ ਦੂਜੇ ਤੋਂ ਅੱਗੇ ਨਿਕਲ ਜਾਣ ਦੀ ਹੋੜ, ਪੁੱਠੇ ਸਿੱਧੇ ਢੰਗ ਨਾਲ ਵੱਧ ਸਰਮਾਇਆ ਇਕੱਠਾ ਕਰਕੇ ਵਿਖਾਵਾ ਕਰਨ ਦੀ ਮਨੋਬਿਰਤੀ ਹਰ ਵਰਗ ਦੇ ਲੋਕਾਂ ਵਿੱਚ ਲਗਾਤਾਰ ਵਧ ਰਹੀ ਹੈ। ਸਟੇਟਸ ਲਈ ਲੱਗੀ ਦੌੜ ਵਿਅਕਤੀ ਅਤੇ ਪਰਿਵਾਰਾਂ ਤਕ ਹੀ ਸੀਮਿਤ ਨਹੀਂ ਸਗੋਂ ਦੁਨੀਆਂ ਭਰ ਦੇ ਦੇਸ਼ ਵੀ ਇਸ ਵਿੱਚ ਸ਼ਾਮਲ ਹਨ। ਇਕ ਦੂਜੇ ਨੂੰ ਛੋਟਾ ਵਿਖਾਉਣ ਦੀ ਲੱਗੀ ਹੋੜ ਵਿੱਚ ਤਬਾਹੀ ਦੇ ਔਜ਼ਾਰ ਇਕੱਠੇ ਹੋ ਰਹੇ ਹਨ, ਉਹਨਾਂ ਦੇ ਪ੍ਰੀਖਣ ਹੋ ਰਹੇ ਹਨ। ਮਨੁੱਖ ਦੇ ਅਜੋਕੇ ਲਾਈਫ਼ ਸਟਾਈਲ, ਜਿਸ ਦੀਆਂ ਸਿਰਜਕ ਬਜ਼ਾਰੂ ਤਾਕਤਾਂ ਹਨ, ਨੇ ਮਨੁੱਖਤਾ ਲਈ ਇਕ ਤਰ੍ਹਾਂ ਨਾਲ ਬੜੀ ਭਿਆਨਕ ਸਥਿਤੀ ਪੈਦਾ ਕਰ ਦਿੱਤੀ ਹੈ। ਇਕ ਪਾਸੇ ਸ਼ਹਿਰਾਂ ਮਹਾਂਨਗਰਾਂ ਵਿੱਚ ਚਕਾਚੌਂਧ ਭਰੀ ਚਮਕ-ਦਮਕ ਵਾਲੀ ਜ਼ਿੰਦਗੀ ਹੈ ਦੂਜੇ ਪਾਸੇ ਇਹਨਾਂ ਹੀ ਮਹਾਂਨਗਰਾਂ ਵਿੱਚ ਗ਼ੰਦਗੀ, ਕੂੜੇ ਕਚਰੇ ਦੇ ਉੱਚੇ ਢੇਰ ਪੈਦਾ ਕਰ ਰਹੇ ਹਨ। ਆਪਣੇ ਲਈ ਵਿਕਾਸ ਦਾ ਭਰਮ ਸਿਰਜਣ ਵਾਲੇ ਮਨੁੱਖ ਨੇ ਧਰਤੀ ਦੇ ਉੱਪਰ, ਧਰਤੀ ਦੇ ਹੇਠਾਂ ਅਤੇ ਅਸਮਾਨਾਂ ਵਿੱਚ ਗੰਦ ਪਾਉਣ ਵਿੱਚ ਕੋਈ ਕਸਰ ਬਾਕੀ ਨਹੀਂ ਰਹਿਣ ਦਿੱਤੀ। ਜਿਵੇਂ ਇਕ ਮੁਹੱਲੇ ਵਿੱਚ ਲੋਕ ਇਕ ਦੂਜੇ ਦੇ ਵੱਧ ਕੂੜਾ ਪੈਦਾ ਕਰਨ ਤੋਂ ਲੜਨ, ਇਸੇ ਤਰ੍ਹਾਂ ਦੁਨੀਆਂ ਦੇ ਵੱਖ-ਵੱਖ ਦੇਸ਼ ਇਕ ਦੂਜੇ ਨੂੰ ਵੱਧ ਪ੍ਰਦੂਸ਼ਣ ਪੈਦਾ ਕਰਨ ਲਈ ਜ਼ਿੰਮੇਵਾਰ ਠਹਿਰਾਉਂਦੇ ਹਨ। ਇਸ ਸੰਬੰਧੀ ਵਿਸ਼ਵ ਪੱਧਰੀ ਕਾਨਫ਼ਰੰਸਾਂ ਹੁੰਦੀਆਂ ਹਨ, ਫ਼ਿਕਰ ਜ਼ਾਹਰ ਕੀਤੇ ਜਾਂਦੇ ਹਨ। ਦੁਨੀਆਂ ਦੇ ਦੇਸ਼ ਗਰੀਨ ਹਾਊਸ ਗੈਸਾਂ ਦੇ ਪ੍ਰਭਾਵ ਦੀ ਚਿੰਤਾ ਕਰਦੇ ਹਨ, ਪਰ ਇਸ ਸੰਬੰਧੀ ਜੋ ਕੁਝ ਹੋਣਾ ਚਾਹੀਦਾ ਹੈ ਉਹ ਹੁੰਦਾ ਨਜ਼ਰ ਕਿਸੇ ਪਾਸੇ ਨਹੀਂ ਆ ਰਿਹਾ। ਹਰ ਸਾਲ ਲੱਖਾਂ ਨਵੀਆਂ ਕਾਰਾਂ ਸੜਕਾਂ 'ਤੇ ਦੌੜਨ ਲਈ ਤਿਆਰ ਹੁੰਦੀਆਂ ਹਨ। ਦੁਨੀਆਂ ਵਿੱਚ ਇਕ ਪਾਸੇ ਗੰਦੀਆਂ ਬਸਤੀਆਂ ਵਿੱਚ ਲੋਕ ਕੀੜਿਆਂ-ਮਕੌੜਿਆਂ ਤੋਂ ਵੀ ਭੈੜੀ ਜ਼ਿੰਦਗੀ ਜਿਊਣ ਲਈ ਮਜਬੂਰ ਹਨ। ਇਕ ਪਾਸੇ ਬੇਤਹਾਸ਼ਾ ਬੇਲੋੜੀਆਂ ਵਸਤਾਂ ਤਿਆਰ ਵੀ ਹੋ ਰਹੀਆਂ ਹਨ ਅਤੇ ਬੜੀ ਤੇਜ਼ੀ ਨਾਲ ਇਹ ਕਚਰੇ ਦਾ ਰੂਪ ਵੀ ਲੈ ਰਹੀਆਂ ਹਨ। ਹਰ ਸ਼ਹਿਰ, ਹਰ ਨਗਰ, ਮਹਾਂਨਗਰ ਹਜ਼ਾਰਾਂ ਟਨ ਕਚਰਾ ਰੋਜ਼ ਪੈਦਾ ਕਰ ਰਹੇ ਹਨ। ਅੱਜ ਤੋਂ ਪੰਜਾਹ ਸਾਲ ਪਹਿਲਾਂ ਇਹ ਕੁਝ ਨਹੀਂ ਸੀ। ਅਸੀਂ ਦੇਸ਼, ਸ਼ਹਿਰਾਂ ਅਤੇ ਪਿੰਡਾਂ ਨੂੰ ਸਵੱਛ ਕਰਨ ਦੀ ਗੱਲ ਕਰਦੇ ਹਾਂ। ਇਸ ਸਵੱਛ ਤੋਂ ਭਾਵ ਕਿਤੇ ਪਿਆ ਕੂੜਾ ਸਾਫ਼ ਕਰਨ ਤਕ ਨਹੀਂ ਹੋਣਾ ਚਾਹੀਦਾ। ਇਸ ਧਰਤੀ ਦੀ ਮਿੱਟੀ, ਪਾਣੀ ਅਤੇ ਹਵਾ ਵੀ ਇਸ ਦੇ ਦਾਇਰੇ ਵਿੱਚ ਆਉਂਦੇ ਹਨ। ਅੱਜ ਤੋਂ ਪੰਜਾਹ ਸਾਲ ਪਹਿਲਾਂ ਸਾਡੇ ਪਿੰਡ ਸ਼ਹਿਰ ਅੱਜ ਦੇ ਮੁਕਾਬਲੇ ਜ਼ਿਆਦਾ ਸਵੱਛ ਸਨ। ਸਾਡੀਆਂ ਨਦੀਆਂ ਵਧੇਰੇ ਸਾਫ਼ ਸਨ ਤੇ ਫਿਰ ਕਿਹੜੀਆਂ ਤਰਜੀਹਾਂ 'ਤੇ ਚੱਲ ਕੇ ਅੱਜ ਸ਼ਹਿਰਾਂ ਮਹਾਂਨਗਰਾਂ ਵਿੱਚ ਕੂੜੇ ਕਚਰੇ ਦੇ ਵੱਡੇ ਢੇਰ ਉਸਰ ਗਏ ਹਨ? ਅਸਮਾਨ ਨੂੰ ਅਸੀਂ ਕਾਲੇ ਧੂੰਏਂ ਨਾਲ ਭਰਨ ਲੱਗ ਪਏ ਅਤੇ ਸਾਡੇ ਦਰਿਆ ਨਦੀਆਂ ਮੁਸ਼ਕ ਮਾਰਦੇ ਪਾਣੀ ਦੇ ਗੰਦੇ ਨਾਲੇ



ਬਣ ਗਏ? ਇਸ ਸਭ ਕੁਝ ਲਈ ਸਵੱਛ ਭਾਰਤ ਦੀ ਬਿਆਨਬਾਜ਼ੀਆਂ ਜਿੰਨੀਆਂ ਮਰਜ਼ੀ ਆਈ ਜਾਣ ਕੁਝ ਨਹੀਂ ਹੋਵੇਗਾ। ਸਾਨੂੰ ਉਹਨਾਂ ਸਭ ਤਰ੍ਹਾਂ ਦੀਆਂ ਤਰਜੀਹਾਂ ਦੀ ਸ਼ਨਾਖ਼ਤ ਕਰਨੀ ਪਵੇਗੀ ਜਿਨ੍ਹਾਂ 'ਤੇ ਚੱਲਦਿਆਂ ਸਾਡਾ ਆਲਾ-ਦੁਆਲਾ ਮਨੁੱਖਾਂ ਅਤੇ ਪਸ਼ੂ-ਪੰਛੀਆਂ ਦੇ ਰਹਿਣਯੋਗ ਨਹੀਂ ਰਿਹਾ। ਮਨੁੱਖ ਦੀ ਜ਼ਿੰਦਗੀ ਲਈ ਜੋ ਲੋੜੀਂਦੇ ਮੁੱਢਲੇ ਤੱਤ ਹਨ, ਜਿਸ ਤੋਂ ਬਗੈਰ ਜੀਵਨ ਸੰਭਵ ਹੀ ਨਹੀਂ ਉਹ ਤਾਂ ਗਵਾਚ ਰਹੇ ਹਨ, ਗੰਦੇ ਹੋ ਰਹੇ ਹਨ, ਪਲੀਤ ਹੋ ਰਹੇ ਹਨ; ਪਰ ਇਸ ਸਭ ਤੋਂ ਬੇਪ੍ਰਵਾਹ ਹੋਇਆ ਮਨੁੱਖ ਬਾਹਰੀ ਚਮਕ-ਦਮਕ ਅਤੇ ਆਪਣਾ ਸਟੇਟਸ ਕਾਇਮ ਰੱਖਣ ਲਈ ਕਿਤੋਂ ਤਕ ਵੀ ਜਾਣ ਨੂੰ ਤਿਆਰ ਹੈ। ਮਨੁੱਖੀ ਜੀਵਨ ਲਈ ਲੋੜੀਂਦੀਆਂ ਵਸਤਾਂ ਸ਼ੁੱਧ ਖਾਣ-ਪੀਣ, ਸ਼ੁੱਧ ਹਵਾ, ਮਿੱਟੀ, ਪਾਣੀ ਪਲੀਤ ਹੋ ਰਹੇ ਹਨ ਜਿਸ ਸਦਕਾ ਸਾਡੀ ਤੰਦਰੁਸਤੀ ਲਗਾਤਾਰ ਗਵਾਚਦੀ ਜਾ ਰਹੀ ਹੈ, ਪਰ ਇਸ ਸਭ ਦੀ ਪ੍ਰਵਾਹ ਕੀਤੇ ਬਗੈਰ ਮਨੁੱਖ ਪੈਸੇ ਦੀ ਅੰਨ੍ਹੀ ਦੌੜ ਲਗਾਤਾਰ ਦੌੜ ਰਿਹਾ ਹੈ। ਇਸ ਦੌੜ ਵਿੱਚ ਉਸ ਦਾ ਮਨੁੱਖ ਹੋਣਾ ਵੀ ਬੜੀ ਤੇਜ਼ੀ ਨਾਲ ਗਵਾਚ ਰਿਹਾ ਹੈ।

ਯੁੱਗਾਂ ਤੋਂ ਕੁਦਰਤੀ ਵਰਤਾਰਿਆਂ ਨੂੰ ਸਮਝਦਾ ਹੋਇਆ ਮਨੁੱਖ, ਵਿਕਾਸ ਕਰਦਾ ਕਰਦਾ ਅੱਜ ਤਕ ਦੀ ਸੱਭਿਅਤਾ ਤਕ ਪਹੁੰਚਿਆ ਹੈ। ਜੀਵਨ ਦੀਆਂ ਲੋੜਾਂ ਲਈ ਸੰਘਰਸ਼ ਤੋਂ ਉੱਭਰਨ ਤੋਂ ਬਾਅਦ ਮਨੁੱਖ ਨੇ ਆਪਣੇ ਆਪ ਲਈ ਜਿਸ ਵਿਕਾਸ ਨੂੰ ਤਰਜੀਹ ਦੇਣੀ ਸ਼ੁਰੂ ਕਰ ਦਿੱਤੀ ਹੈ ਉਹ ਇਸ ਲਈ ਹੁਣ ਸੰਕਟ ਬਣਨ ਲੱਗ ਪਿਆ। ਕੁਦਰਤ ਨਾਲ ਇਕਮਿਕਤਾ ਰੱਖ ਕੇ ਜਿਊਣਾ ਅਤੇ ਵਸਤਾਂ ਦੀ ਅੰਨ੍ਹੀ ਦੌੜ ਦੌੜਦਿਆਂ ਸਮਾਜਿਕ ਰੁਤਬੇ ਲਈ ਜਿਊਣਾ ਇਹਨਾਂ ਦੋ ਤਰ੍ਹਾਂ ਦੇ ਜਿਊਣ ਤਰੀਕਿਆਂ ਤੋਂ ਦੂਜਾ ਹੁਣ ਫ਼ੇਲ੍ਹ ਹੋਣ ਜਾ ਰਿਹਾ ਹੈ ਅਤੇ ਮਨੁੱਖ ਨੂੰ ਕੁਦਰਤ ਨਾਲ ਇਕਮਿਕਤਾ ਪੈਦਾ ਕਰਨ ਲਈ ਦੁਬਾਰਾ ਸੋਚਣਾ ਪਵੇਗਾ। ਵੱਖ-ਵੱਖ ਤਰ੍ਹਾਂ ਦੀਆਂ ਬਿਮਾਰੀਆਂ ਦੇ ਇਲਾਜ ਲੱਭਣ ਵਿੱਚ ਵੱਡੀਆਂ ਪ੍ਰਾਪਤੀਆਂ ਹਾਸਲ ਹੋਈਆਂ ਹਨ ਪਰ ਬਿਮਾਰਾਂ ਦੀ ਗਿਣਤੀ ਲਗਾਤਾਰ ਵਧ ਰਹੀ ਹੈ। ਜੀਵਨ ਪਹਿਲਾਂ ਦੇ ਮੁਕਾਬਲੇ ਵਧੇਰੇ ਸੁਖਾਲਾ ਹੋਇਆ ਹੈ ਪਰ ਮਾਨਸਿਕ ਵਿਕਾਰ ਵਧ ਰਹੇ ਹਨ। ਆਤਮ-ਹੱਤਿਆਵਾਂ ਲਗਾਤਾਰ ਵਧ ਰਹੀਆਂ ਹਨ। ਇਹ ਠੀਕ ਹੈ ਵੱਖ-ਵੱਖ ਖਿੱਤਿਆਂ ਵਿੱਚ ਨਿੱਘਰੀ ਆਰਥਿਕਤਾ ਵੀ ਇਸ ਦਾ ਬਹੁਤ ਵੱਡਾ ਕਾਰਨ ਹੈ, ਪਰ ਜੇਕਰ ਬਹੁਤ ਡੂੰਘਾਈ ਨਾਲ ਇਹਨਾਂ ਵਰਤਾਰਿਆਂ ਦਾ ਵਿਸ਼ਲੇਸ਼ਣ ਕੀਤਾ ਜਾਵੇ ਤਾਂ ਇਕ ਗੱਲ ਜ਼ਰੂਰ ਸਾਹਮਣੇ ਆਵੇਗੀ ਕਿ ਜਿਸ ਜਿਊਣ ਢੰਗ ਨੂੰ ਅਸੀਂ ਤਰਜੀਹ ਦਿੱਤੀ ਹੈ ਜਾਂ ਇੰਞ ਕਹਿ ਲਈਏ ਕਿ ਸਾਡੀ ਰਾਜਨੀਤਕ ਵਿਵਸਥਾ ਨੇ ਸਾਨੂੰ ਜਿਨ੍ਹਾਂ ਰਾਹਾਂ 'ਤੇ ਤੋਰਿਆ ਹੈ ਉਹ ਜਿਊਣ ਢੰਗ ਹੀ ਸਾਡੇ ਲਈ ਸੰਕਟ ਪੈਦਾ ਕਰ ਰਿਹਾ ਹੈ। ਮਾੜੀ ਆਰਥਿਕਤਾ ਦਾ ਮਸਲਾ ਜੇਕਰ ਹੱਲ ਵੀ ਹੋ ਜਾਵੇ ਤਾਂ ਵੀ ਆਤਮ-ਹੱਤਿਆਵਾਂ ਜਾਰੀ ਰਹਿਣਗੀਆਂ। ਵਿਕਸਿਤ ਮੁਲਕਾਂ, ਜਿੱਥੇ ਆਰਥਿਕਤਾ ਵੱਡਾ ਮਸਲਾ ਨਹੀਂ ਹੈ ਉੱਥੇ ਵੀ ਆਤਮ-ਹੱਤਿਆਵਾਂ ਬੜੀ ਤੇਜ਼ੀ ਨਾਲ ਵਧ ਰਹੀਆਂ ਹਨ। ਇਸ ਦਾ ਕਾਰਨ ਇਹ ਹੀ ਹੈ ਕਿ ਜਿਸ ਲਾਈਫ਼ ਸਟਾਈਲ ਨੂੰ ਅਸੀਂ ਸਮਰਪਿਤ ਹੋ ਰਹੇ ਹਾਂ ਉਹ ਲਾਈਫ਼ ਸਟਾਈਲ ਹੁਣ ਫ਼ੇਲ੍ਹ ਹੋਣ ਜਾ ਰਿਹਾ ਹੈ। ਇੱਥੇ ਇਹ ਗੱਲ ਵੀ ਵਿਚਾਰਨ ਵਾਲੀ ਹੈ ਕਿ ਉਹ

ਧਿਰਾਂ ਜੋ ਮਨੁੱਖ ਨੂੰ ਸਾਦਾ ਜੀਵਨ ਬਤੀਤ ਕਰਨ ਅਤੇ ਕੁਦਰਤ ਨਾਲ ਇਕਮਿੱਕ ਹੋ ਕੇ ਜੀਵਨ ਦੀ ਸੋਝੀ ਦਿੰਦੀਆਂ ਸਨ, ਅਧਿਆਤਮਿਕ ਪੱਖ ਤੋਂ ਉਸ ਦੀ ਅਗਵਾਈ ਕਰਦੀਆਂ ਸਨ, ਉਹ ਆਪ ਹੁਣ ਪੈਸੇ ਦੀ ਚਮਕ-ਦਮਕ ਨੂੰ ਸਮਰਪਿਤ ਹੋ ਗਈਆਂ ਹਨ। ਇਹ ਧਿਰਾਂ ਹੁਣ ਇਮਾਰਤਾਂ ਦੇ ਜੰਗਲ ਉਸਾਰ ਕੇ ਹਰ ਹਰਬਾ ਵਰਤ ਕੇ ਕਮਾਈਆਂ ਕਰਨ ਦੇ ਸਾਧਨ ਤਲਾਸ਼ ਕਰਨ ਲੱਗ ਪਈਆਂ ਹਨ। ਇੱਥੇ ਹੀ ਬੱਸ ਨਹੀਂ ਆਪਣੇ ਖਾਸੇ ਤੋਂ ਉਲਟ ਉਹ ਹੁਣ ਮਨੁੱਖ ਦੀਆਂ ਬੇਲਗਾਮ ਇੱਛਾਵਾਂ ਨੂੰ ਬਲ ਬਖ਼ਸ਼ਣ ਦਾ ਕੰਮ ਵੀ ਕਰਨ ਲੱਗੀਆਂ ਹਨ। ਇੱਥੇ ਸਵਾਲ ਪੈਦਾ ਹੁੰਦਾ ਹੈ ਕਿ ਮਨੁੱਖ ਆਪਣੇ ਆਪੇ ਨਾਲ ਜੁੜਨ ਦੀ ਸਮਝ ਕਿੱਥੋਂ ਲਵੇ? ਇਹ ਅੱਜ ਦੇ ਮਨੁੱਖ ਅੱਗੇ ਬੜਾ ਵੱਡਾ ਸੰਕਟ ਹੈ। ਉਸ ਲਈ ਅਜਿਹੇ ਰੋਲ ਮਾਡਲ ਧਾਰਮਿਕ, ਰਾਜਨੀਤਕ ਅਤੇ ਸਮਾਜਿਕ ਗਲਿਆਰਿਆਂ ਵਿੱਚ ਬਹੁਤ ਘੱਟ ਨਜ਼ਰ ਆਉਂਦੇ ਹਨ ਜਿਨ੍ਹਾਂ ਨੂੰ ਉਹ ਆਪਣੇ ਆਦਰਸ਼ ਮੰਨ ਕੇ ਮੌਜੂਦਾ ਦੌਰ ਦੇ ਸੰਕਟਾਂ ਤੋਂ ਬਾਹਰ ਨਿਕਲ ਸਕੇ।

ਕੁਦਰਤੀ ਵਰਤਾਰਿਆਂ ਅਤੇ ਔਖੀਆਂ ਜਿਊਣ ਹਾਲਤਾਂ ਨਾਲ ਸੰਘਰਸ਼ ਕਰਦਾ ਕਰਦਾ ਮਨੁੱਖ ਆਪਣੀ ਜ਼ਿੰਦਗੀ ਨੂੰ ਸੁਖਾਲਾ ਬਣਾਉਣ ਨਿਕਲਿਆ ਸੀ। ਜ਼ਿੰਦਗੀ ਨੂੰ ਹੋਰ ਸਰਲ ਅਤੇ ਸੌਖੀ ਬਣਾਉਣ ਤੁਰਿਆ ਸੀ ਪਰ ਅੱਜ ਜ਼ਿੰਦਗੀ ਦੇ ਜਿਸ ਰਾਹ ਦਾ ਉਹ ਪਾਂਧੀ ਬਣ ਗਿਆ ਹੈ ਇਸ ਵਿੱਚ ਉਸ ਨੇ ਆਪਣੀ ਜ਼ਿੰਦਗੀ ਨੂੰ ਹੋਰ ਵਧੇਰੇ ਔਖਾ ਬਣਾ ਲਿਆ, ਹੋਰ ਗੁੰਝਲਦਾਰ ਬਣਾ ਲਿਆ ਹੈ। ਜੀਵਨ ਦੀ ਉਹ ਇਕ ਉਲਝਣ ਨੂੰ ਸੁਲਝਾਉਂਦਾ ਹੈ ਚਾਰ ਉਲਝਣਾਂ ਉਸ ਲਈ ਹੋਰ ਪੈਦਾ ਹੋ ਜਾਂਦੀਆਂ ਹਨ। ਅਸੀਂ ਜ਼ਿੰਦਗੀ ਨੂੰ ਬੜਾ ਔਖਾ ਬਣਾ ਦਿੱਤਾ ਹੈ। ਇੱਥੋਂ ਤਕ ਕਿ ਨਿੱਕੇ-ਨਿੱਕੇ ਬੱਚਿਆਂ ਦਾ ਬਚਪਨ ਵੀ ਅਸੀਂ ਖੋਹ ਲਿਆ ਹੈ। ਉਹਨਾਂ ਨਾਲ ਅਸੀਂ ਮਨੁੱਖਾਂ ਵਰਗਾ ਵਿਵਹਾਰ ਕਰਨ ਲੱਗੇ ਹਾਂ ਅਤੇ ਉਹਨਾਂ ਤੋਂ ਅਜਿਹੇ ਹੀ ਵਿਵਹਾਰ ਦੀ ਤਵੱਕੋ ਵੀ ਰੱਖਦੇ ਹਾਂ। ਜੇਕਰ ਅਜਿਹਾ ਨਹੀਂ ਹੁੰਦਾ ਤਾਂ ਕਈ ਰੂਪਾਂ ਵਿੱਚ ਸਾਡਾ ਤਸ਼ੱਦਦ ਉਹਨਾਂ 'ਤੇ ਸ਼ੁਰੂ ਹੁੰਦਾ ਹੈ।

ਆਓ ਸਮਾਜਿਕ ਰੁਤਬਿਆਂ ਦੀ ਪ੍ਰਵਾਹ ਕਰਨ ਤੋਂ ਬਗੈਰ ਸਾਦਾ ਜੀਵਨ ਜਿਊਣ ਨੂੰ ਤਰਜੀਹ ਦੇਈਏ, ਬਾਹਲੀਆਂ ਵਸਤਾਂ ਸਾਨੂੰ ਖ਼ੁਸ਼ੀ ਨਹੀਂ ਦੇ ਸਕਦੀਆਂ। ਜ਼ਿੰਦਗੀ ਇਕ ਕਲਾ ਹੈ ਅਤੇ ਇਸ ਨੂੰ ਸਿੱਖਣ ਲਈ ਵਸਤਾਂ ਦੇ ਜੰਜਾਲ ਤੋਂ ਬਾਹਰ ਨਿਕਲਣਾ ਪਵੇਗਾ। ਸਮਾਜਿਕ ਰੁਤਬੇ ਦੀ ਪ੍ਰਵਾਹ ਨੂੰ ਤਿਆਗਣਾ ਪਵੇਗਾ। ਵਿਖਾਵਾ ਕਰਨ ਦੀ ਮਨੋਬਿਰਤੀ ਸਾਡੇ ਮਨ ਅੰਦਰਲੇ ਖ਼ਾਲੀਪਣ ਨੂੰ ਭਰ ਨਹੀਂ ਸਕਦੀ। ਸਿਰਾਂ 'ਤੇ ਲੱਗੀਆਂ ਅਹੁਦੇਦਾਰੀਆਂ ਦੀਆਂ ਕਲਗ਼ੀਆਂ ਸਾਡੀ ਹਉਮੈਂ ਨੂੰ ਤ੍ਰਿਪਤ ਨਹੀਂ ਕਰ ਸਕਦੀਆਂ। ਆਪਣੀ ਹਉਮੈਂ ਨੂੰ ਪੱਠੇ ਪਾਉਣ ਦੀ ਮਨੋਬਿਰਤੀ ਸਾਨੂੰ ਚੈਨ ਨਹੀਂ ਲੈਣ ਦਿੰਦੀ। ਅੱਜ ਦੇ ਮਨੁੱਖ ਨੇ ਜ਼ਿੰਦਗੀ ਨੂੰ ਸੁਖ਼ਾਲਾ ਬਣਾਉਣ ਲਈ ਹਜ਼ਾਰਾਂ ਵਸਤਾਂ ਇਕੱਠੀਆਂ ਕਰ ਲਈਆਂ ਹਨ, ਪਰ ਜ਼ਿੰਦਗੀ ਜਿਊਣ ਦੀ ਕਲਾ ਗਵਾ ਲਈ ਹੈ। ਆਓ ਆਪਣੇ ਅੰਦਰ ਕੁਦਰਤ ਨਾਲ ਇਕਮਿਕਤਾ ਪੈਦਾ ਕਰਨ ਦਾ ਹੁਨਰ ਪੈਦਾ ਕਰੀਏ।



# ਖੇਤਾਂ ਦੀ ਬੇਬਸੀ ਅਤੇ ਸਰਕਾਰਾਂ ਦੀ ਸੰਵੇਦਨਹੀਣਤਾ

ਖੇਤਾਂ ਨੂੰ ਜਦੋਂ ਕੁਦਰਤੀ ਕਰੋਪੀਆਂ ਦੀ ਹੱਦੋਂ ਵੱਧ ਮਾਰ ਪੈਂਦੀ ਹੈ, ਜਦੋਂ ਖੇਤਾਂ ਦਾ ਦਮ ਭਰਨ ਵਾਲੀ ਰਾਜਨੀਤੀ ਖੇਤਾਂ ਨਾਲ ਵਿਸਾਹਘਾਤ ਕਰਦੀ ਹੈ ਤਾਂ ਖੇਤਾਂ ਦੇ ਵਾਰਸ ਉਦਾਸ ਹੁੰਦੇ ਹਨ। ਜਦੋਂ ਆਪਣੀ ਔਲਾਦ ਦਾ ਭਵਿੱਖ ਧੁੰਦਲਾ ਜਾਪਦਾ ਹੈ, ਸੁਪਨੇ ਬਿਖਰਣ ਲੱਗਦੇ ਹਨ, ਨਿਰਾਸ਼ਾ ਅਤੇ ਬੇਬਸੀ ਦੇ ਆਲਮ ਵਿੱਚ ਟੁੱਟੇ ਮਨਾਂ ਨੂੰ ਮੌਤ ਦੇ ਮੁਕਾਬਲੇ ਜ਼ਿੰਦਗੀ ਜਿਊਣੀ ਵਧੇਰੇ ਕਠਨ ਹੋ ਜਾਂਦੀ ਹੈ, ਤਾਂ ਘੋਰ ਨਿਰਾਸ਼ਾ ਦਾ ਸ਼ਿਕਾਰ ਹੋਏ ਖੇਤਾਂ ਦੇ ਪੁੱਤ ਖ਼ੁਦਕੁਸ਼ੀਆਂ ਦੇ ਰਾਹ ਪੈ ਜਾਂਦੇ ਹਨ। ਪੰਜਾਬ ਇਕ ਛੋਟਾ ਜਿਹਾ ਸੂਬਾ ਹੈ। ਇੱਥੇ ਹਾਲਾਤ ਇਹ ਹਨ ਕਿ ਹਰ ਰੋਜ਼ ਇਕ ਜਾਂ ਦੋ ਕਿਸਾਨ ਖ਼ੁਦਕੁਸ਼ੀ ਕਰ ਰਹੇ ਹਨ, ਪਰ ਅਫ਼ਸੋਸ ਇਸ ਵਰਤਾਰੇ ਨੂੰ ਰੋਕਣ ਲਈ ਕੋਈ ਢੁਕਵੇਂ ਕਦਮ ਨਹੀਂ ਚੁੱਕੇ ਜਾ ਰਹੇ।

ਕੁਦਰਤ ਤਾਂ ਸਦੀਆਂ ਤੋਂ ਖੇਤਾਂ 'ਤੇ ਕਦੇ ਵਰਦਾਨ ਅਤੇ ਕਦੇ ਕਹਿਰਵਾਨ ਹੁੰਦੀ ਹੈ। ਮਨੁੱਖੀ ਇਤਿਹਾਸ ਵਿੱਚ ਇਹ ਕੋਈ ਅਲੋਕਾਰੀ ਗੱਲ ਨਹੀਂ। ਪਰ ਅਫ਼ਸੋਸ ਉਦੋਂ ਹੁੰਦਾ ਹੈ ਜਦੋਂ ਕਿਸੇ ਮੁਲਕ ਦੀਆਂ ਸਰਕਾਰਾਂ ਵੀ ਖੇਤਾਂ ਦੇ ਪੁੱਤਰਾਂ ਨਾਲ ਮਤਰੇਈ ਮਾਂ ਵਾਲਾ ਸਲੂਕ ਕਰਦੀਆਂ ਹਨ। ਆਜ਼ਾਦੀ ਤੋਂ ਬਾਅਦ ਇਕ ਸਮਾਂ ਉਹ ਸੀ ਜਦੋਂ ਬੰਗਾਲ, ਉੜੀਸਾ, ਬਿਹਾਰ ਤੋਂ ਇਲਾਵਾ ਦੇਸ਼ ਦੇ ਬਹੁਤ ਸਾਰੇ ਹਿੱਸਿਆਂ ਵਿੱਚ ਕਾਲ ਪੈ ਜਾਂਦੇ ਸਨ। ਹਜ਼ਾਰਾਂ ਨਹੀਂ ਲੱਖਾਂ ਲੋਕ ਭੁੱਖ ਮਰੀ ਦਾ ਸ਼ਿਕਾਰ ਹੋ ਕੇ ਤਿਲ-ਤਿਲ ਕਰਕੇ ਮਰਦੇ ਸਨ। ਭੁੱਖਾਂ ਦੇ ਸਤਾਏ ਲੋਕ ਹੱਡੀਆਂ ਦੇ ਪਿੰਜਰ ਬਣ ਜਾਂਦੇ ਸਨ। ਹਾਲਾਤ ਦੀਆਂ ਮਾਰੀਆਂ ਮਾਵਾਂ ਰੋਟੀ ਦੇ ਇਕ-ਇਕ ਟੁੱਕੜੇ ਬਦਲੇ ਆਪਣੇ ਜਿਗਰ ਦੇ ਟੁੱਕੜੇ ਵੇਚਣ ਲਈ ਮਜਬੂਰ ਹੋ ਜਾਂਦੀਆਂ ਸਨ। ਇਸ ਅਤਿ ਭਿਆਨਕ ਸਥਿਤੀ ਵਿੱਚ ਸਰਕਾਰਾਂ ਆਪਣੇ ਆਪ ਨੂੰ ਬੇਵੱਸ ਸਮਝਦੀਆਂ ਸਨ। ਇਨ੍ਹਾਂ ਹਾਲਾਤਾਂ ਵਿੱਚ ਦੇਸ਼ ਦੇ ਮਿਹਨਤੀ ਕਿਸਾਨਾਂ ਨੇ ਦੇਸ਼ ਦੀ ਬਾਂਹ ਫੜੀ। ਖੇਤ ਕਿਸਾਨਾਂ, ਮਜਦੂਰਾਂ ਦੇ ਪਸੀਨੇ ਨਾਲ ਤਰ ਹੋਏ। ਬੰਜਰਾਂ ਨੂੰ ਪੱਧਰੇ ਕਰਕੇ ਖੇਤਾਂ ਦੀ ਸ਼ਕਲ ਦਿੱਤੀ ਗਈ। ਨਵੀਆਂ-ਨਵੀਆਂ ਤਕਨੀਕਾਂ, ਖਾਦਾਂ ਅਤੇ ਸਿੰਚਾਈ ਦੇ ਸਾਧਨਾਂ ਦੇ ਨਾਲ-ਨਾਲ ਖੇਤਾਂ ਦੇ ਪੁੱਤਰਾਂ ਦੀ ਸਖ਼ਤ ਘਾਲਣਾ ਰੰਗ ਲਿਆਈ ਅਤੇ ਮੁਲਕ ਵਿੱਚ ਅਨਾਜ ਦੇ ਢੇਰ ਲੱਗ ਗਏ। ਜਿਸ ਦੇਸ਼ ਵਿੱਚ ਹਰ ਸਾਲ ਪੈਂਦੇ ਕਾਲ ਨਾਲ ਲੱਖਾਂ ਦੀ ਤਦਾਦ ਵਿੱਚ ਬੱਚੇ, ਬੁੱਢੇ, ਔਰਤਾਂ ਭੁੱਖ-ਮਰੀ ਦਾ ਸ਼ਿਕਾਰ ਹੋ ਕੇ ਮਰ ਜਾਂਦੇ ਸਨ ਉਹ ਦੇਸ਼ ਅੰਨ ਭੰਡਾਰ ਪੱਖੋਂ ਆਤਮ-ਨਿਰਭਰ ਹੋ ਗਿਆ। ਭੁੱਖ ਨਾਲ ਲੱਖਾਂ ਲੋਕਾਂ ਦੀ ਮੌਤ ਹੋ ਜਾਣੀ ਦੇਸ਼ ਲਈ ਬੜਾ ਨਮੋਸ਼ੀ ਭਰਿਆ ਵਰਤਾਰਾ ਸੀ। ਦੇਸ਼ ਦੇ ਕਿਸਾਨਾਂ ਨੇ ਰਾਤਾਂ ਦੀਆਂ ਨੀਂਦਰਾਂ ਨੂੰ ਤਿਆਗਿਆ। ਸਖ਼ਤ ਘਾਲਣਾ ਘਾਲੀਆਂ। ਹਜ਼ਾਰਾਂ ਖੇਤਾਂ ਦੇ ਪੁੱਤ ਕਦੇ ਬਿਜਲੀ ਦਾ ਕਰੰਟ ਲੱਗ ਕੇ ਮਰੇ, ਕਦੇ ਟੋਕਿਆਂ, ਥਰੈਸ਼ਰਾਂ ਵਿੱਚ ਬਾਹਵਾਂ ਕਟਵਾ ਕੇ ਜ਼ਿੰਦਗੀ ਭਰ ਲਈ ਅਪਾਹਜ ਬਣੇ, ਕਦੇ ਸਪਰੇਅ ਕਰਦਿਆਂ ਚੜੀਆਂ ਜ਼ਹਿਰਾਂ ਨੇ ਉਹਨਾਂ ਦੀ ਜੀਵਨ ਲੀਲ੍ਹਾ ਸਮਾਪਤ ਕੀਤੀ। ਕਦੇ ਖੂਹੀਆਂ ਕੱਢਦਿਆਂ ਰੁੱਸ ਗਏ ਪਾਣੀਆਂ ਨੂੰ ਲੱਭਣ ਗਏ ਧਰਤੀ ਵਿੱਚ ਜ਼ਿੰਦਾ ਦਫ਼ਨ ਹੋ ਗਏ। ਦੇਸ਼ ਦੇ ਹਰ ਪਿੰਡ ਜਿੱਥੇ ਖੇਤੀ ਹੁੰਦੀ ਹੈ ਧਰਤੀ

ਦੇ ਪੁੱਤਰਾਂ ਨੇ ਖੇਤਾਂ 'ਚ ਅਨਾਜ ਪੈਦਾ ਕਰਨ ਅਤੇ ਦੇਸ਼ ਦਾ ਢਿੱਡ ਭਰਨ ਲਈ ਆਪਣੀਆਂ ਜਾਨਾਂ ਦਿੱਤੀਆਂ, ਪਰ ਇਹ ਸਭ ਕੁਝ ਕਿਸੇ ਇਤਿਹਾਸ ਦਾ ਹਿੱਸਾ ਨਾ ਬਣਿਆ। ਕਿਸੇ ਸਰਕਾਰ ਨੇ ਇਹ ਜ਼ਹਿਮਤ ਨਹੀਂ ਕੀਤੀ ਕਿ ਦੇਸ਼ ਦੇ ਕਮਾਊ ਪੁੱਤਰ ਜੋ ਖੇਤਾਂ ਵਿੱਚ ਮਿੱਟੀ ਨਾਲ ਮਿੱਟੀ ਹੋ ਕੇ ਦੇਸ਼ ਦਾ ਢਿੱਡ ਭਰਦੇ ਰਹੇ ਕਦੋਂ, ਕਿਵੇਂ ਅਤੇ ਕਿੰਨੇ ਮੌਤ ਦੇ ਮੂੰਹ ਵਿੱਚ ਜਾ ਪਏ। ਸਰਕਾਰਾਂ ਬਦਲੀਆਂ, ਰਾਜ ਭਾਗ ਬਦਲੇ, ਪਰ ਕਿਸਾਨ ਜਿਸ ਨੇ ਸਖ਼ਤ ਮਿਹਨਤ ਕਰਦਿਆਂ, ਸੱਪਾਂ ਦੀਆਂ ਸਿਰੀਆਂ ਮਿੱਧਦਿਆਂ, ਰਾਤਾਂ ਦਾ ਸੁੱਖ ਚੈਣ ਗਵਾਇਆ ਦੀ ਹਾਲਤ ਹੋਰ ਖ਼ਰਾਬ ਹੁੰਦੀ ਗਈ।

ਕਰਜ਼ਿਆਂ ਦੀ ਮਾਰ ਦੇ ਸਤਾਏ ਕਿਸਾਨ ਲੰਮੇ ਸਮੇਂ ਤੋਂ ਖ਼ੁਦਕੁਸ਼ੀਆਂ ਕਰ ਰਹੇ ਹਨ। ਪਰ ਪਿਛਲੇ ਕੁਝ ਮਹੀਨਿਆਂ ਤੋਂ ਇਹ ਖ਼ੁਦਕੁਸ਼ੀਆਂ ਦੀ ਗਿਣਤੀ ਤੇਜ਼ੀ ਨਾਲ ਵਧੀ ਹੈ। ਮਹਾਂਰਾਸ਼ਟਰ, ਆਂਧਰਾ ਪ੍ਰਦੇਸ਼, ਰਾਜਸਥਾਨ, ਮੱਧ ਪ੍ਰਦੇਸ਼, ਪੰਜਾਬ ਅਤੇ ਹਰਿਆਣਾ ਆਦਿ ਦੇ ਲੱਖਾਂ ਦੀ ਗਿਣਤੀ ਵਿੱਚ ਕਿਸਾਨ ਖ਼ੁਦਕੁਸ਼ੀ ਕਰ ਚੁੱਕੇ ਹਨ। ਆਰਥਿਕ ਮੰਦਹਾਲੀ ਦਾ ਸ਼ਿਕਾਰ ਹੋਇਆ ਕਿਸਾਨ ਜਦੋਂ ਕਿਤੇ ਖ਼ੁਦਕੁਸ਼ੀ ਕਰਦਾ ਹੈ ਤਾਂ ਮੁਲਕ ਦੀਆਂ ਰਾਜਸੀ ਪਾਰਟੀਆਂ ਇਸ ਨੂੰ ਮੁੱਦਾ ਬਣਾ ਕੇ ਆਪਣੀਆਂ ਰੋਟੀਆਂ ਸੇਕਣ ਦੀ ਕੋਸ਼ਿਸ਼ ਕਰਦੀਆਂ ਹਨ ਅਤੇ ਨਾਲ ਹੀ ਇਹ ਵੀ ਕਿਹਾ ਜਾਂਦਾ ਹੈ ਕਿ ਕਿਰਸਾਨੀ ਦੇ ਮੁੱਦੇ 'ਤੇ ਰਾਜਨੀਤੀ ਨਹੀਂ ਹੋਣੀ ਚਾਹੀਦੀ। ਪਿਛਲੇ ਕੁਝ ਸਾਲਾਂ ਵਿੱਚ ਲੱਖਾਂ ਕਿਸਾਨਾਂ ਦੀਆਂ ਖ਼ੁਦਕੁਸ਼ੀਆਂ ਅਜ਼ਾਦ ਭਾਰਤ ਦੇ ਮੱਥੇ 'ਤੇ ਕਲੰਕ ਵਾਂਙ ਹਨ। ਏਨੇ ਵੱਡੇ ਪੈਮਾਨੇ ਵਿੱਚ ਹੋਈਆਂ ਅਤੇ ਹੋ ਰਹੀਆਂ ਕਿਸਾਨਾਂ ਦੀਆਂ ਖ਼ੁਦਕੁਸ਼ੀਆਂ ਹਕੀਕਤ ਵਿੱਚ ਉਸ ਵਿਵਸਥਾ ਵੱਲੋਂ ਕੀਤੇ ਗਏ ਕਤਲ ਹਨ ਜੋ ਵਿਵਸਥਾ ਬੜੀ ਤੇਜ਼ੀ ਨਾਲ ਧਨਾਢ ਨੂੰ ਹੋਰ ਧਨਾਢ ਅਤੇ ਗ਼ਰੀਬ ਨੂੰ ਹੋਰ ਗ਼ਰੀਬ ਬਣਾ ਰਹੀ ਹੈ। ਖੇਤੀਬਾੜੀ ਸੰਬੰਧੀ ਗ਼ਲਤ ਸਰਕਾਰੀ ਨੀਤੀਆਂ ਕਰਕੇ ਪਿਛਲੇ ਕੁਝ ਅਰਸੇ ਤੋਂ ਲੱਖਾਂ ਦੀ ਗਿਣਤੀ ਵਿੱਚ ਛੋਟੇ ਕਿਸਾਨ ਆਪਣੀ ਜ਼ਮੀਨ ਗਵਾ ਬੈਠੇ ਹਨ। ਬੜੀ ਤੇਜ਼ੀ ਨਾਲ ਇਹ ਅਮਲ ਜਾਰੀ ਹੈ। ਬੀ.ਜੇ.ਪੀ. ਅਤੇ ਕਾਂਗਰਸ ਸਮੇਤ ਉਹ ਪਾਰਟੀਆਂ ਜੋ ਆਪਣੇ ਆਪ ਨੂੰ ਕਿਸਾਨ ਹਿਤੈਸ਼ੀ ਸਮਝਦੀਆਂ ਹਨ 'ਗੱਲਾਂ ਦੇ ਕੜਾਹ' ਬਣਾ-ਬਣਾ ਕੇ ਕਿਸਾਨਾਂ ਅੱਗੇ ਪੇਸ਼ ਕਰਦੀਆਂ ਰਹੀਆਂ ਹਨ, ਪਰ ਕਰਜ਼ਿਆਂ ਦੀ ਮਾਰ ਦੇ ਝੰਬੇ ਕਿਸਾਨਾਂ ਨੂੰ ਮੰਦਹਾਲੀ 'ਚੋਂ ਕੱਢਣ ਲਈ ਕੋਈ ਠੋਸ ਯੋਜਨਾਵਾਂ ਨਹੀਂ ਬਣਾਈਆਂ ਗਈਆਂ। ਲੰਘੀਆਂ ਲੋਕ ਸਭਾ ਚੋਣਾਂ ਵਿੱਚ ਕਿਸਾਨਾਂ ਦਾ ਸਮਰਥਨ ਲੈਣ ਲਈ ਸਵਾਮੀਨਾਥਨ ਰਿਪੋਰਟ ਲਾਗੂ ਕਰਨ ਦਾ ਬੀ.ਜੇ.ਪੀ. ਸਮਰਥਨ ਕਰਦੀ ਰਹੀ, ਪਰ ਚੋਣਾਂ ਜਿੱਤਣ ਬਾਅਦ ਇਸ ਨੂੰ ਵਿਸਾਰ ਦਿੱਤਾ ਗਿਆ। ਸਗੋਂ ਮੋਦੀ ਸਰਕਾਰ ਕਿਸਾਨ ਵਿਰੋਧੀ ਭੂਮੀ ਅਧਿਗ੍ਰਹਿਣ ਵਰਗੇ ਬਿੱਲ ਲਿਆਉਣ ਲਈ ਅੱਡੀ ਚੋਟੀ ਦਾ ਜ਼ੋਰ ਲਾ ਰਹੀ ਹੈ। ਪਿਛਲੇ ਦਿਨੀਂ ਪ੍ਰਧਾਨ ਮੰਤਰੀ ਨੇ ਇਸ ਸੰਬੰਧੀ ਬੋਲਦਿਆਂ ਕਿਹਾ ਕਿ 'ਜੇਕਰ ਅਸੀਂ ਗ਼ਰੀਬਾਂ ਦੇ ਰਹਿਣ ਲਈ ਜ਼ਮੀਨ ਦੀ ਮੰਗ ਕਰਦੇ ਹਾਂ ਇਹ ਕੋਈ ਗੁਨਾਹ ਹੈ?' ਪਰ ਦੇਸ਼ ਦੀਆਂ ਸਰਕਾਰਾਂ, ਗ਼ਰੀਬਾਂ ਅਤੇ ਗ਼ਰੀਬ ਕਿਸਾਨਾਂ, ਮਜ਼ਦੂਰਾਂ ਨੂੰ ਗ਼ਰੀਬੀ ਜਿਲ੍ਹਣ 'ਚੋਂ ਬਾਹਰ ਕੱਢਣ ਲਈ ਹੁਣ ਤਕ ਕੀ ਕੁਝ ਕਰਦੀਆਂ ਰਹੀਆਂ ਹਨ ਇਹ ਕਿਸੇ ਤੋਂ ਲੁਕੀ ਛਿਪੀ ਗੱਲ ਨਹੀਂ। ਕਾਲੇ ਧਨ ਦੇ ਮਾਮਲੇ ਅਤੇ ਜਨ ਧਨ ਯੋਜਨਾ ਨਾਲ ਕਿਵੇਂ ਦੇਸ਼ ਦੇ ਕਰੋੜਾਂ



ਲੋਕਾਂ ਦਾ ਧਿਆਨ ਖਿੱਚ ਕੇ ਫੋਕੀ ਵਾਹ-ਵਾਹ ਕਰਵਾਉਣ ਜਿਹੀਆਂ ਕੋਸ਼ਿਸ਼ਾਂ ਸਰਕਾਰ ਦੀ ਗ਼ਰੀਬਾਂ, ਮਜ਼ਦੂਰਾਂ ਅਤੇ ਕਿਸਾਨਾਂ ਪ੍ਰਤੀ ਸਰਕਾਰੀ ਨੀਤ ਅਤੇ ਨੀਤੀ ਨੂੰ ਸਾਫ਼ ਜ਼ਾਹਰ ਕਰਦਾ ਹੈ। ਜਦੋਂ ਕੋਈ ਕਿਸਾਨ ਆਤਮ-ਹੱਤਿਆ ਕਰਦਾ ਹੈ ਤਾਂ ਉਸ ਦੇ ਪਰਿਵਾਰ ਨੂੰ ਕੁਝ ਗਰਾਂਟ ਦਾ ਐਲਾਨ ਕਰਕੇ, ਉਸ ਦੀ ਮੌਤ 'ਤੇ ਰਾਜਸੀ ਰੋਟੀਆਂ ਸੇਕ ਕੇ ਮਾਮਲਾ ਆਇਆ ਗਿਆ ਕਰ ਦਿੱਤਾ ਜਾਂਦਾ ਹੈ। ਲੋੜ ਇਸ ਵੇਲੇ ਖੇਤੀਬਾੜੀ ਸੰਬੰਧੀ ਨੀਤੀਆਂ ਵਿੱਚ ਬਦਲਾਅ ਕਰਨ ਦੀ ਹੈ ਜਦਕਿ ਗੱਲਾਂ ਕਿਸਾਨਾਂ ਨੂੰ ਮੁਆਵਜ਼ਾ ਦੇਣ ਦੀਆਂ ਕੀਤੀਆਂ ਜਾ ਰਹੀਆਂ ਹਨ।

ਸੌੜੀ ਅਤੇ ਸਵਾਰਥੀ ਰਾਜਨੀਤੀ ਕਰਕੇ ਖੇਤਾਂ (ਖ਼ਾਸ ਕਰਕੇ ਪੰਜਾਬ ਦੀ ਧਰਤੀ) ਦੀ ਆਬੋ ਹਵਾ ਵਿੱਚ ਜ਼ਹਿਰ ਘੁੱਲ ਗਿਆ, ਮਿੱਟੀ ਅਤੇ ਪਾਣੀ ਪਲੀਤ ਹੋ ਗਏ। ਉਹ ਧਰਤੀ ਜਿਸ ਨੇ ਭੁੱਖੇ ਢਿੱਡਾਂ ਲਈ ਟਨਾਂ ਦੇ ਟਨ ਅਨਾਜ ਪੈਦਾ ਕੀਤਾ ਉਸ ਧਰਤੀ ਦਾ ਸੱਚ ਹੁਣ ਇਹ ਹੈ ਕਿ ਇਹਦੇ ਖੇਤਾਂ ਵਿੱਚ ਹੁਣ ਕੈਂਸਰ ਉੱਗ ਰਿਹਾ ਹੈ। ਆਪਣੇ ਵਾਤਾਵਰਨ ਨੂੰ ਪਲੀਤ ਕਰਕੇ ਦੂਜਿਆਂ ਦਾ ਢਿੱਡ ਭਰਨ ਵਾਲੇ ਇਸ ਧਰਤੀ ਦੇ ਬਸ਼ਿੰਦੇ ਕੈਂਸਰ, ਹੈਪੇਟਾਈਟਸ ਬੀ ਅਤੇ ਹੈਪੇਟਾਈਟਸ ਸੀ ਵਰਗੇ ਭਿਆਨਕ ਰੋਗਾਂ ਦਾ ਸ਼ਿਕਾਰ ਹੋ ਰਹੇ ਹਨ। ਪੰਜਾਬੀ ਦੇ ਅਖਾਣ 'ਪੇਟ ਨਾ ਪਈਆਂ ਰੋਟੀਆਂ ਤੇ ਸੱਭੇ ਗੱਲਾਂ ਖੋਟੀਆਂ' ਅਨੁਸਾਰ ਦੇਸ਼ ਦੇ ਕਿਸਾਨ ਨੇ ਦੇਸ਼ ਦੇ ਲੋਕਾਂ ਦਾ ਢਿੱਡ ਹੀ ਨਹੀਂ ਭਰਿਆ, ਦੇਸ਼ ਨੂੰ ਵਿਕਾਸ ਦੀ ਲੀਹ 'ਤੇ ਪਾਇਆ, ਲੱਖਾਂ ਖੇਤੀ ਨਾਲ ਸੰਬੰਧਿਤ ਸਾਜੋ ਸਮਾਨ ਤਿਆਰ ਕਰਨ ਵਾਲੀਆਂ ਸਨਅਤਾਂ ਨਾਲ ਜੁੜੇ ਲੋਕਾਂ ਅਤੇ ਲੱਖਾਂ ਹੀ ਖੇਤ ਮਜ਼ਦੂਰਾਂ ਨੂੰ ਰੁਜ਼ਗਾਰ ਦਿੱਤਾ। ਦੇਸ਼ ਦੇ ਕਿਸਾਨਾਂ ਦੀ ਮਿਹਨਤ ਦਾ ਸਿੱਟਾ ਹੀ ਸੀ ਕਿ ਸਾਡੇ ਮੁਲਕ ਦੇ ਨੇਤਾ ਦੁਨੀਆਂ ਨੂੰ ਇਹ ਦੱਸਣ ਜੋਗੇ ਹੋ ਗਏ ਕਿ ਅਸੀਂ ਹਰ ਤਰ੍ਹਾਂ ਦੀਆਂ ਆਫ਼ਤਾਂ ਨਾਲ ਨਜਿੱਠਣ ਦੇ ਸਮਰੱਥ ਹਾਂ। ਇਸ ਸਭ ਕੁਝ ਦਾ ਇਨਾਮ ਸਰਕਾਰਾਂ ਵੱਲੋਂ ਇਹ ਕਹਿ ਕੇ ਦਿੱਤਾ ਜਾ ਰਿਹਾ ਹੈ ਕਿ ਕਿਸਾਨ ਹੁਣ ਸਰਕਾਰਾਂ ਤੋਂ ਕੋਈ ਝਾਕ ਨਾ ਰੱਖਣ ਅਤੇ ਕੁਦਰਤ 'ਤੇ ਨਿਰਭਰ ਨਾ ਰਹਿਣ। ਸਰਕਾਰ ਵਿਕਾਸ ਕਰਨਾ ਚਾਹੁੰਦੀ ਹੈ ਪਰ ਇਹ ਕਿਹੋ ਜਿਹਾ ਵਿਕਾਸ ਹੈ ਜਿਸ ਵਿੱਚ ਖੇਤਾਂ ਦੇ ਪੁੱਤ ਬੜੀ ਤੇਜ਼ੀ ਨਾਲ ਬਰਬਾਦੀ ਵੱਲ ਵਧ ਰਹੇ ਹਨ? ਪੰਜਾਬ ਦੇ ਕਿਸਾਨਾਂ ਜਿਨ੍ਹਾਂ ਨੇ ਦਹਾਕੇ ਪਹਿਲਾਂ ਗੁਜਰਾਤ ਵਰਗੇ ਸੂਬਿਆਂ ਵਿੱਚ ਬੰਜਰ ਜ਼ਮੀਨਾਂ ਨੂੰ ਲਹਿ ਲਹਾਉਂਦੇ ਖੇਤਾਂ ਵਿੱਚ ਬਦਲਿਆ। ਬਿਨਾਂ ਕਿਸੇ ਅਦਾਲਤ ਜਾਂ ਕਾਨੂੰਨ ਦੀ ਪ੍ਰਵਾਹ ਕਰਦਿਆਂ ਉਹਨਾਂ ਤੋਂ ਜ਼ਮੀਨਾਂ ਖੋਹਣ ਦੇ ਫ਼ਰਮਾਨ ਜਾਰੀ ਹੋ ਰਹੇ ਹਨ। ਅੱਜ ਦੇਸ਼ ਦੀਆਂ ਸਰਕਾਰਾਂ, ਧਨਾਢ ਕਾਰਪੋਰੇਸ਼ਨਾਂ ਖ਼ੁਸ਼ ਕਰਨ ਲਈ ਕਿਸਾਨਾਂ ਦੀ ਮਰਜ਼ੀ ਤੋਂ ਬਗੈਰ ਉਨ੍ਹਾਂ ਦੀਆਂ ਜ਼ਮੀਨਾਂ ਖੋਹਣ ਲਈ ਬੇਤਾਬ ਹਨ। ਅਜਿਹੇ ਕਾਨੂੰਨ ਬਣਾਉਣ ਲਈ ਬਜ਼ਿੱਦ ਹਨ ਜਿਨ੍ਹਾਂ ਵਿੱਚ ਕਿਸਾਨ ਆਪਣੀ ਜ਼ਮੀਨ ਦਾ ਮਾਲਕ ਨਹੀਂ ਬਲਕਿ ਕਬਜ਼ੇਦਾਰ ਬਣ ਕੇ ਰਹਿ ਜਾਵੇਗਾ। ਜਦੋਂ ਮਰਜ਼ੀ ਕੁਝ ਪੈਸੇ ਦੇ ਕੇ ਉਸ ਤੋਂ ਉਸ ਦੀ ਜ਼ਮੀਨ ਦਾ ਕਬਜ਼ਾ ਛੁਡਵਾ ਲਿਆ ਜਾਵੇਗਾ।

ਲੁਕਵੇਂ ਢੰਗ ਨਾਲ ਖੇਤੀਬਾੜੀ ਦੇ ਧੰਦੇ ਨੂੰ ਤਬਾਹ ਕਰਨ ਦੀਆਂ ਨੀਤੀਆਂ ਕਰਕੇ ਹੁਣ ਤਕ ਖੇਤੀ ਸੰਬੰਧੀ ਕੋਈ ਠੋਸ ਯੋਜਨਾ ਨਹੀਂ ਬਣਾਈ ਗਈ। ਕਿਸਾਨਾਂ ਨੂੰ ਇਹ ਕਦੇ ਨਹੀਂ ਦੱਸਿਆ ਜਾਂਦਾ ਕਿ ਇਸ ਸਾਲ ਇੰਨੀ ਕਣਕ ਬੀਜਣ ਦੀ

ਲੋੜ ਹੈ ਅਤੇ ਇੰਨੇ ਰਕਬੇ ਵਿੱਚ ਉਹ ਆਲੂ ਬੀਜਣਗੇ, ਇਸ ਰਕਬੇ ਵਿੱਚ ਇੰਨਾ ਗੰਨਾ ਬੀਜਿਆ ਜਾਵੇਗਾ ਵਗੈਰਾ-ਵਗੈਰਾ। ਸਗੋਂ ਇਹਦੇ ਉਲਟ ਗ਼ਲਤ ਸਰਕਾਰੀ ਨੀਤੀਆਂ ਦੀ ਸ਼ਿਕਾਰ ਹੋਈ ਕਿਸਾਨੀ ਕਣਕ ਝੋਨੇ ਦੇ ਫ਼ਸਲੀ ਚੱਕਰ ਵਿੱਚ ਪੈ ਕੇ ਵੱਡੀ ਤਦਾਦ ਵਿੱਚ ਪਾਣੀ ਦੀ ਬਰਬਾਦੀ ਲਗਾਤਾਰ ਵਧਦੀ ਜਾ ਰਹੀ ਹੈ। ਹੋਰ ਫ਼ਸਲਾਂ ਦਾਲਾਂ, ਮੱਕੀ, ਸਬਜ਼ੀਆਂ ਦੇ ਨਿਸ਼ਚਿਤ ਭਾਅ ਨਾ ਹੋਣ ਕਰਕੇ ਕਈ ਵਾਰ ਲਾਗਤ ਮੁੱਲ ਤੋਂ ਵੀ ਘੱਟ ਉਜਰਤ ਕਿਸਾਨਾਂ ਪੱਲੇ ਪੈਂਦੀ ਹੈ। ਕਿਸਾਨ ਆਪਣੀ ਜਿਣਸ ਮੰਡੀ ਵਿੱਚ ਸੁੱਟਦਾ ਹੈ, ਏ.ਸੀ. ਕਮਰਿਆਂ ਵਿੱਚ ਰਹਿਣ ਵਾਲੀਆਂ ਵਪਾਰੀਆਂ ਦੀਆਂ ਟੀਮਾਂ ਦੂਰ ਖੜ੍ਹ ਕੇ ਉਹਦੀ ਮਿਹਨਤ ਨੂੰ ਵੇਖਦੀਆਂ ਹਨ ਤੇ ਨੱਕ ਬੁੱਲ੍ਹ ਵੱਟਦੀਆਂ ਹਨ। ਤਰਸ ਦਾ ਪਾਤਰ ਬਣਿਆ 'ਅੰਨਦਾਤਾ' ਖ਼ਰੀਦਦਾਰੀ ਕਰਨ ਵਾਲੇ ਸਫ਼ੈਦਪੋਸ਼ ਵੱਲ ਬੇਬਸੀ ਭਰੀਆਂ ਨਜ਼ਰਾਂ ਨਾਲ ਵੇਖਦਾ ਹੈ ਕਿ ਉਹ ਉਸ ਦੀ ਛੇ ਮਹੀਨੇ ਦੀ ਕਮਾਈ ਦਾ ਕੀ ਮੁੱਲ ਲਾਉਂਦੇ ਹਨ? ਉਹ ਲੋਕ ਜੋ ਵਾਤਾਵਰਨ ਅਨੁਸਾਰ ਕਮਰਿਆਂ ਵਿੱਚ ਬਹਿ ਕੇ ਖੇਤੀਬਾੜੀ ਲਈ ਨੀਤੀਆਂ ਘੜਦੇ ਹਨ ਉਹ ਕੀ ਜਾਣਨ ਕਿ ਕਿਸਾਨ ਨੂੰ ਸਿਆਲ ਦੀਆਂ ਕੋਹਰੇ ਵਾਲੀਆਂ ਕਈ-ਕਈ ਠੰਡੀਆਂ ਰਾਤਾਂ ਅਵਾਰਾ ਪਸ਼ੂਆਂ ਤੋਂ ਫ਼ਸਲ ਨੂੰ ਬਚਾਉਣ ਲਈ ਜਾਗ-ਜਾਗ ਕੇ ਕੱਟਣੀਆਂ ਪੈਂਦੀਆਂ ਹਨ। ਮਹਿੰਗੇ ਬੀਜ, ਦਵਾਈਆਂ, ਖਾਦਾਂ ਅਤੇ ਹੱਢ-ਭੰਨਵੀਂ ਮਿਹਨਤ ਦੇ ਨਾਲ ਮਜ਼ਦੂਰੀ ਕਰਨ ਵਾਲੇ ਆਪਣੇ ਸੰਗੀਆਂ ਸਾਥੀਆਂ ਨੂੰ ਕੁਝ ਦੇ ਕੇ ਵੱਡੇ ਖ਼ਰਚ ਕਰਕੇ ਜਦੋਂ ਕਿਸਾਨ ਭਰੀਆਂ ਆਲੂਆਂ ਦੀਆਂ ਟਰਾਲੀਆਂ ਮੰਡੀ ਵਿੱਚ ਲੈ ਕੇ ਆਵੇ ਤਾਂ ਉੱਥੇ ਉਸ ਦੀ ਫ਼ਸਲ ਨੂੰ ਕੋਈ ਰੁਪਏ ਕਿੱਲੋ ਵੀ ਨਾ ਪੁੱਛੇ ਤਾਂ ਉਸ ਦੇ ਦਿਲ 'ਤੇ ਕੀ ਬੀਤਦੀ ਹੋਵੇਗੀ? ਉਹ ਫ਼ਸਲ ਜਿਸ ਨੂੰ "ਪੁੱਤਾਂ ਵਾਂਗ ਪਾਲੀ ਫ਼ਸਲ" ਕਿਹਾ ਜਾਂਦਾ ਹੈ, ਨੂੰ ਕਈ ਵਾਰ ਰੋਸ ਵਜੋਂ ਸੜਕਾਂ 'ਤੇ ਲਾਹੁੰਦਾ ਹੈ। ਸਰਕਾਰੀ ਬਦਨੀਤੀਆਂ ਕਰਕੇ ਹਜ਼ਾਰਾਂ ਏਕੜ ਨਰਮੇ ਦੀ ਫ਼ਸਲ ਬਰਬਾਦ ਹੋ ਜਾਵੇ ਤਾਂ ਲੋਕਾਂ ਵਿੱਚ ਨਿਰਾਸ਼ਾ ਵਧਦੀ ਹੈ। ਨਿੱਕੇ ਬਾਲ ਜੋ ਪੈੱਨਾਂ, ਪੈਨਸਿਲਾਂ, ਕਿਤਾਬਾਂ ਅਤੇ ਸਕੂਲਾਂ ਦੀਆਂ ਫ਼ੀਸਾਂ ਲਈ ਰੋਜ਼ ਕੁਝ ਨਾ ਕੁਝ ਮੰਗਦੇ ਹਨ ਤਾਂ ਉਹ ਜਦੋਂ ਉਹਨਾਂ ਦੇ ਮੂੰਹ ਨਹੀਂ ਵੇਖ ਸਕਦਾ ਤਾਂ ਇਸ ਜਲਾਲਤ ਭਰੀ ਜ਼ਿੰਦਗੀ ਦੀ ਟੇਕ ਸਲਫ਼ਾਸ ਦੀ ਗੋਲੀ ਬਣ ਜਾਂਦੀ ਹੈ ਜਾਂ ਉਹਦੀ ਲਾਸ਼ ਉਹਨਾਂ ਖੇਤਾਂ ਦੇ ਕਿਸੇ ਰੁੱਖ ਨਾਲ ਲਟਕਦੀ ਮਿਲਦੀ ਹੈ ਜਿਨ੍ਹਾਂ ਖੇਤਾਂ ਵਿੱਚ ਉਹਦੇ ਪਿਓ ਦਾਦੇ ਸਦੀਆਂ ਤੋਂ ਆਪਣਾ ਖ਼ੂਨ ਪਸੀਨਾ ਡੋਲ੍ਹਦੇ ਆਏ ਹਨ। ਖੇਤ ਕੱਲ੍ਹ ਵੀ ਫ਼ਸਲਾਂ ਪੈਦਾ ਕਰਦੇ ਸਨ ਅੱਜ ਵੀ ਕਰਦੇ ਹਨ, ਪਰ ਦੇਸ਼ ਦੇ ਹਾਕਮਾਂ ਦੀਆਂ ਗ਼ਲਤ ਨੀਤੀਆਂ ਕਾਰਨ ਮੰਡੀ ਵਿੱਚ ਜਾ ਕੇ ਉਹ ਹਤਾਸ਼ ਹੋ ਜਾਂਦਾ ਹੈ ਅਤੇ ਵਧੀਆਂ ਲੋੜਾਂ ਅਤੇ ਕਰਜ਼ਿਆਂ ਦੀਆਂ ਭਾਰੀਆਂ ਪੰਡਾਂ ਅੱਗੇ ਹਥਿਆਰ ਸੁੱਟ ਦਿੰਦਾ ਹੈ। ਅੱਜ ਜਿੱਥੇ ਦੇਸ਼ ਦੀ ਕਿਰਸਾਨੀ ਨੂੰ ਬਚਾਉਣ ਲਈ ਖੇਤੀਬਾੜੀ ਨੀਤੀਆਂ ਵਿੱਚ ਵੱਡੇ ਬਦਲਾਅ ਕਰਨ ਦੀ ਲੋੜ ਹੈ ਉੱਥੇ ਦੇਸ਼ ਦੇ ਕਿਸਾਨ ਨੂੰ ਹਤਾਸ਼ ਹੋ ਕੇ ਆਤਮ-ਹੱਤਿਆ ਕਰਨ ਨਹੀਂ ਬਲਕਿ ਖੇਤੀਬਾੜੀ ਸੰਬੰਧੀ ਗ਼ਲਤ ਸਰਕਾਰੀ ਨੀਤੀਆਂ ਖ਼ਿਲਾਫ਼ ਸੰਘਰਸ਼ ਕਰਨ ਦੀ ਲੋੜ ਹੈ।



### ਜਦੋਂ ਆਖ਼ਰੀ ਰੁੱਖ ਵੱਢਿਆ ਗਿਆ

## ਮਨੁੱਖ ਲਈ ਸੰਕਟ ਬਣ ਰਿਹਾ ਹੈ ਇਹ ਅਖੌਤੀ ਵਿਕਾਸ

ਸਾਡੇ ਪਿਓ ਦਾਦੇ ਜਦੋਂ ਖੇਤਾਂ ਵਿੱਚ ਫ਼ਸਲ ਦੇ ਬੀਜਾਂ ਦਾ ਪਹਿਲਾ ਛੱਟਾ ਦਿੰਦੇ ਸਨ ਬੋਲਦੇ ਸਨ 'ਚਿੜੀ ਜਨੌਰ ਦੇ ਨਾਂ', ਦੂਜਾ ਛੱਟਾ ਦਿੰਦਿਆਂ ਬੋਲਦੇ ਸਨ 'ਰਾਹੀ ਪਾਂਧੀ ਦੇ ਨਾਂ।' ਇਹ ਇਕ ਰਵਾਇਤ ਸੀ ਫ਼ਸਲ ਬੀਜਣ ਸਮੇਂ ਜੋ ਕੀਤੀ ਜਾਂਦੀ ਸੀ। ਖੇਤੀਬਾੜੀ ਵਿੱਚ ਆਏ ਮਸ਼ੀਨੀ ਕਲਚਰ ਨੇ ਜਿੱਥੇ ਸਾਨੂੰ ਹੱਥੀਂ ਮਿਹਨਤ ਕਰਨ ਤੋਂ ਵਾਂਝੇ ਕਰ ਦਿੱਤਾ ਹੈ ਉੱਥੇ ਸਾਡੇ ਸੁਭਾਅ ਦੇ ਕੁਦਰਤੀਪਣ ਨੂੰ ਖੋਰਾ ਲਾਇਆ ਹੈ। ਅੱਜ ਅਸੀਂ ਰੱਜੇ ਹੋਏ ਲੋਕਾਂ ਨੂੰ ਰਜਾਉਣ ਲਈ ਸੜਕਾਂ 'ਤੇ ਵੱਧ ਤੋਂ ਵੱਧ ਲੰਗਰ ਲਾ ਕੇ ਬੇਸ਼ੱਕ ਵੱਧ ਤੋਂ ਵੱਧ ਮਾਨਵਵਾਦੀ ਹੋਣ ਦਾ ਸਬੂਤ ਦੇਣ ਲੱਗੇ ਹਾਂ ਪਰ ਕੁਦਰਤ ਪ੍ਰਤੀ ਸਾਡਾ ਰਵੱਈਆ ਅਕ੍ਰਿਤਘਣ ਵਾਲਾ ਹੈ। ਅਸੀਂ ਆਪਣੀ ਹਉਮੈਂ ਨੂੰ ਪੱਠੇ ਪਾਉਣ ਲਈ ਵਾਧੂ ਖ਼ਰਚ ਕਰਨ ਤੋਂ ਪਿੱਛੇ ਨਹੀਂ ਹਾਂ। ਪਰ ਜਦੋਂ ਕੁਦਰਤ, ਧਰਤੀ, ਹਵਾ, ਪਾਣੀ ਦੀ ਗੱਲ ਆਉਂਦੀ ਹੈ ਅਤੇ ਜਿਸ ਦਾ ਸੰਬੰਧ ਸਿੱਧਾ ਸਾਡੀ ਜ਼ਿੰਦਗੀ ਨਾਲ ਜੁੜਿਆ ਹੋਇਆ ਹੈ, ਉਸ ਪ੍ਰਤੀ ਅਸੀਂ ਬਿਲਕੁਲ ਹੀ ਫ਼ਿਕਰਮੰਦ ਨਹੀਂ ਹਾਂ। ਕੁਦਰਤ ਨਾਲ ਸਾਡਾ ਵਿਵਹਾਰ ਖੋਹਾ-ਖੋਹੀ ਵਾਲਾ ਹੈ। ਮਿੱਟੀ ਵਿੱਚ ਰਸਾਇਣ ਪਾ ਕੇ, ਜ਼ਹਿਰਾਂ ਦੇ ਛਿੜਕਾਅ ਕਰਕੇ ਅਤੇ ਅੱਗਾਂ ਲਾ ਕੇ ਅਸੀਂ ਵੱਧ ਤੋਂ ਵੱਧ ਪ੍ਰਾਪਤ ਕਰਨ ਹੀ ਨਹੀਂ ਬਲਕਿ ਇਸ ਤੋਂ ਵੱਧ ਤੋਂ ਵੱਧ ਖੋਹਣ ਵਿੱਚ ਲੱਗੇ ਹੋਏ ਹਾਂ। ਪਾਣੀ ਜਿਸ ਦਾ ਕੋਈ ਮੁੱਲ ਹੀ ਨਹੀਂ ਪ੍ਰਤੀ ਸਾਡਾ ਵਿਵਹਾਰ ਇੰਨਾ ਬੇਪ੍ਰਵਾਹੀ ਵਾਲਾ ਹੈ ਕਿ ਅਸੀਂ ਇਸ ਦੀ ਕੀਮਤ ਨੂੰ ਸਮਝਣ ਦੀ ਕਦੇ ਕੋਸ਼ਿਸ਼ ਹੀ ਨਹੀਂ ਕੀਤੀ। ਅਜੋਕੇ ਮਨੁੱਖ ਦੇ ਕੁਦਰਤ ਪ੍ਰਤੀ ਵਿਵਹਾਰ ਨੂੰ ਵੇਖ ਕੇ ਲਿਖੀਆਂ ਆਦਿ ਵਾਸੀ ਅਮਰੀਕਨ  ਕਵੀ ਦੀਆਂ ਇਹ ਸਤਰਾਂ ਪੂਰੀ ਦੁਨੀਆਂ ਵਿੱਚ ਪ੍ਰਸਿੱਧ ਹੋ ਗਈਆਂ। ਓਸ ਲਿਖਿਆ ਸੀ:

> ਜਦੋਂ ਧਰਤੀ ਤੋਂ ਆਖ਼ਰੀ ਰੁੱਖ ਵੱਢਿਆ ਗਿਆ,
> ਆਖ਼ਰੀ ਦਰਿਆ ਦਾ ਪਾਣੀ ਜ਼ਹਿਰ ਹੋ ਗਿਆ,
> ਆਖ਼ਰੀ ਮੱਛੀ ਫੜੀ ਗਈ
> ਉਦੋਂ ਜਾ ਕੇ ਪਤਾ ਚੱਲੇਗਾ
> ਕਿ ਪੈਸਿਆਂ ਨੂੰ ਖਾਧਾ ਨਹੀਂ ਜਾ ਸਕਦਾ।

ਅੱਜ ਜਦੋਂ ਅਸੀਂ ਧਰਤੀ ਦੇ ਵਾਤਾਵਰਣ ਦਾ ਬਹੁਤ ਸਾਰਾ ਹਿੱਸਾ ਪ੍ਰਦੂਸ਼ਿਤ ਕਰ ਲਿਆ ਹੈ ਤਾਂ ਦੁਨੀਆਂ ਦੀ ਬਹੁਗਿਣਤੀ, ਭਾਵੇਂ ਉਹ ਕਿਸੇ ਵੀ ਖਿੱਤੇ ਦੀ ਹੋਵੇ ਇਸ ਪ੍ਰਤੀ ਬਹੁਤੀ ਫ਼ਿਕਰਮੰਦ ਨਹੀਂ। ਪਰ ਇੱਥੇ ਵਿਚਾਰਨ ਵਾਲੀ ਗੱਲ ਇਹ ਹੈ ਕਿ ਇਸ ਧਰਤੀ 'ਚੋਂ ਪੈਦਾ ਹੋਏ ਪਾਣੀ, ਹਵਾ ਸਾਡੀ ਮੁੱਢਲੀ ਲੋੜ ਵਿੱਚ ਸ਼ਾਮਲ

ਹੈ, ਇਸ ਲਈ ਜੇਕਰ ਧਰਤੀ ਦੇ ਕਿਸੇ ਹਿੱਸੇ ਵਿੱਚ ਵਾਤਾਵਰਣ ਦੀ ਬਰਬਾਦੀ ਹੁੰਦੀ ਹੈ ਤਾਂ ਇਸ ਦਾ ਮਤਲਬ ਹੈ ਉਸ ਅਨੁਪਾਤ ਵਿੱਚ ਸਾਡੀ ਸਿਹਤ ਦੀ ਵੀ ਬਰਬਾਦੀ ਹੁੰਦੀ ਹੈ। ਅਸੀਂ ਪਾਣੀ ਨੂੰ ਫਿਲਟਰਾਂ ਨਾਲ ਪੁਣ-ਪੁਣ ਕੇ ਪੀਣ ਲੱਗੇ ਹਾਂ ਅਤੇ ਹਵਾ ਨੂੰ ਫਿਲਟਰ ਕਰਕੇ ਲੈਣ ਦੀ ਸ਼ੁਰੂਆਤ ਕਰਨ ਜਾ ਰਹੇ ਹਾਂ। ਇਸ ਸਭ ਕੁਝ ਦਾ ਮਤਲਬ ਰੋਗ ਦੀ ਜੜ੍ਹ ਨੂੰ ਫੜਨਾ ਨਹੀਂ ਬਲਕਿ ਰੋਗ ਤੋਂ ਪੈਦਾ ਹੋਏ ਲੱਛਣਾਂ ਨੂੰ ਦਬਾਉਣ ਵਾਂਗ ਹੈ। ਇਸ ਦਾ ਸਿੱਧਾ ਮਤਲਬ ਇਹ ਹੋਵੇਗਾ ਕਿ ਸਾਨੂੰ ਜੀਵਨ ਲਈ ਹੋਰ ਵੱਧ ਵਸਤਾਂ ਦੀ ਲੋੜ ਹੋਵੇਗੀ, ਹੋਰ ਵੱਧ ਵਸਤਾਂ ਪੈਦਾ ਕਰਨ ਲਈ ਅਤੇ ਇਹਨਾਂ ਨੂੰ ਚਲਾਉਣ ਲਈ ਹੋਰ ਊਰਜਾ ਬਾਲਣ ਦੀ ਵਰਤੋਂ ਕਰਨੀ ਪਵੇਗੀ। ਵੱਧ ਬਾਲਣ ਦੀ ਵਰਤੋਂ ਦਾ ਸਿੱਧਾ ਅਰਥ ਹੈ ਵਾਤਾਵਰਣ ਦੀ ਹੋਰ ਬਰਬਾਦੀ। ਹਰ ਹਾਲਤ, ਹਰ ਥਾਂ, ਹਰ ਸਮੇਂ ਅਤੇ ਹਰ ਵਿਅਕਤੀ ਤੋਂ ਮੁਨਾਫ਼ਾ ਕਮਾਉਣ ਦੀ ਬਜ਼ਾਰੂ ਮਨੋਬਿਰਤੀ ਨੇ ਮਨੁੱਖ ਨੂੰ ਵਸਤਾਂ ਦਾ ਗ਼ੁਲਾਮ ਬਣਾ ਕੇ ਇਸ ਦੇ ਕੁਦਰਤੀ ਸੁਭਾਅ ਨੂੰ ਖ਼ਤਮ ਕਰ ਦਿੱਤਾ ਹੈ। ਜਦੋਂ ਵਾਤਾਵਰਣਕ ਵਿਗਾੜਾਂ ਦੀ ਗੱਲ ਆਉਂਦੀ ਹੈ ਤਾਂ ਅਕਸਰ ਇਹ ਕਿਹਾ ਜਾਂਦਾ ਹੈ ਕਿ ਜਲਦੀ ਹੀ ਵਿਗਿਆਨ ਇਹਨਾਂ ਸਭ ਵਿਗਾੜਾਂ ਨੂੰ ਆਪਣੇ ਬਲਬੂਤੇ ’ਤੇ ਠੀਕ ਕਰਨ ਦੇ ਸਮਰੱਥ ਹੋ ਜਾਵੇਗਾ। ਇਹ ਠੀਕ ਹੈ ਕਿ ਵਿਗਿਆਨ ਨੇ ਇਸ ਧਰਤੀ ’ਤੇ ਵੱਡੇ ਚਮਤਕਾਰ ਕੀਤੇ। ਵਿਗਿਆਨਿਕ ਖੋਜਾਂ ਨੇ ਮਨੁੱਖੀ ਜ਼ਿੰਦਗੀ ਦਾ ਮੂੰਹ ਮੁਹਾਂਦਰਾ ਬਦਲ ਦਿੱਤਾ ਅਤੇ ਕਈ ਵੱਡੀਆਂ ਮੁਸ਼ਕਲਾਂ, ਸਮੱਸਿਆਵਾਂ ਅਤੇ ਮਹਾਂਮਾਰੀਆਂ ਦੇ ਹੱਲ ਕਰਕੇ ਵਿਗਿਆਨ ਨੇ ਮਨੁੱਖ ਦੀ ਜ਼ਿੰਦਗੀ ਦੇ ਦੁੱਖਾਂ, ਮੁਸੀਬਤਾਂ ਨੂੰ ਘੱਟ ਕੀਤਾ; ਪਰ ਰਤਾ ਕੁ ਗਹੁ ਨਾਲ ਜੇਕਰ ਦੇਖਿਆ ਜਾਵੇ ਤਾਂ ਮਨੁੱਖ ਜਾਤੀ ਕਿਸੇ ਭਵਿੱਖ ਵਿੱਚ ਨਹੀਂ, ਬਲਕਿ ਅੱਜ ਕਈ ਤਰ੍ਹਾਂ ਦੀਆਂ ਸਮੱਸਿਆਵਾਂ ਦੁੱਖਾਂ ਦਾ ਪ੍ਰਕੋਪ ਝੱਲ ਰਹੀ ਹੈ। ਹੋ ਸਕਦਾ ਹੈ ਭਵਿੱਖ ਵਿੱਚ ਵਿਗਿਆਨ ਇਹਨਾਂ ਮੁਸ਼ਕਲਾਂ ਦੇ ਹੱਲ ਖੋਜ ਲਵੇ; ਪਰ ਅੱਜ ਜਿਹੜੀਆਂ ਮੁਸ਼ਕਲਾਂ/ ਸਮੱਸਿਆਵਾਂ ਦੇ ਸੰਤਾਪ ਮਨੁੱਖ ਜਾਤੀ ਭੋਗ ਰਹੀ ਹੈ ਇਸ ਦਾ ਹੱਲ ਕਿਸੇ ਪਾਸੇ ਫਿਲਹਾਲ ਕੋਈ ਨਜ਼ਰ ਨਹੀਂ ਆ ਰਿਹਾ। ਜਦੋਂ ਅਸੀਂ ਆਖਦੇ ਹਾਂ ਕਿ ਵਿਗਿਆਨ ਸਭ ਸਮੱਸਿਆਵਾਂ ਦਾ ਹੱਲ ਲੱਭ ਲਵੇਗਾ ਤਾਂ ਅੱਜ ਦੇ ਦੌਰ ਵਿੱਚ ਇਹ ਸਵਾਲ ਪੈਦਾ ਹੁੰਦਾ ਹੈ ਕਿ ਕਦੋਂ? ਅਸੀਂ ਤਾਂ ਅੱਜ ਮੁਸੀਬਤਾਂ ਦੇ ਮੁਹਾਣ ’ਤੇ ਹਾਂ। ਜਿਸ ਹਿਸਾਬ ਨਾਲ ਅਸੀਂ ਕੁਦਰਤੀ ਸਾਧਨਾਂ ਦਾ ਖ਼ਾਤਮਾ ਅਤੇ ਇਹਨਾਂ ਦੀ ਬਰਬਾਦੀ ਕਰ ਰਹੇ ਹਾਂ, ਜਦੋਂ ਇਹਨਾਂ ਸਭ ਸਮੱਸਿਆਵਾਂ ਦਾ ਹੱਲ ਲੱਭਿਆ ਜਾਵੇਗਾ ਕੀ ਉਸ ਵੇਲੇ ਤਕ ਤਾਂ ਬਹੁਤ ਦੇਰੀ ਨਹੀਂ ਹੋ ਜਾਵੇਗੀ?

ਦੁਨੀਆਂ ਦੀ ਦੋ ਤੋਂ ਤਿੰਨ ਪ੍ਰਤੀਸ਼ਤ ਅਬਾਦੀ ਹੈਪੇਟਾਈਟਸ ਸੀ ਅਤੇ ਹੈਪੇਟਾਈਟਸ ਬੀ ਦੇ ਰੋਗ ਤੋਂ ਪੀੜਿਤ ਹੈ ਅਤੇ ਇਹ ਅੰਕੜੇ ਹਰ ਸਾਲ ਵਧ ਰਹੇ ਹਨ। ਸ਼ੂਗਰ ਦੇ ਮਰੀਜ਼ ਦੀ ਗਿਣਤੀ ਬੜੀ ਤੇਜ਼ੀ ਨਾਲ ਵਧ ਰਹੀ ਹੈ। ਹਰ ਸਾਲ ੧੭.੭ ਮਿਲੀਅਨ ਲੋਕ ਦਿਲ ਦੀਆਂ ਬਿਮਾਰੀਆਂ ਦੇ ਸ਼ਿਕਾਰ ਹੋ ਰਹੇ ਹਨ ਅਤੇ ਹਾਰਟ ਅਟੈਕ ਨਾਲ ਹੋਣ ਵਾਲੀਆਂ ਮੌਤਾਂ ਦੀ ਗਿਣਤੀ ਤੇਜ਼ੀ ਨਾਲ ਵਧ ਰਹੀ ਹੈ। ਖ਼ੂਨ ਦੇ ਵਧੇ ਦਬਾਅ ਨਾਲ ਹੋਣ ਵਾਲੀਆਂ ਮੌਤਾਂ ਦਾ ਅੰਕੜਾ ਵੀ ਹਰ ਸਾਲ ਵਧ



ਰਿਹਾ ਹੈ। ਗੰਦੇ ਵਾਤਾਵਰਣ ਤੇ ਪਲੀਤ ਹਵਾ ਕਾਰਨ ਹਰ ਸਾਲ ੨੩੫ ਮਿਲੀਅਨ ਲੋਕ ਛਾਤੀ ਦੇ ਰੋਗਾਂ ਤੋਂ ਪੀੜਿਤ ਹੁੰਦੇ ਹਨ। ਛੋਟੇ-ਛੋਟੇ ਬੱਚਿਆਂ ਵਿੱਚ ਕੈਂਸਰ ਵਰਗੀਆਂ ਭਿਆਨਕ ਬਿਮਾਰੀਆਂ ਤੇਜ਼ੀ ਨਾਲ ਵਧ ਰਹੀਆਂ ਹਨ। ਇਹ ਠੀਕ ਹੈ ਕਿ ਮਨੁੱਖ ਜਾਤੀ ਨੇ ਵਿਗਿਆਨਿਕ ਖੋਜਾਂ ਰਾਹੀਂ ਕਈ ਭਿਆਨਕ ਬਿਮਾਰੀਆਂ ਜਿਵੇਂ ਹੈਜ਼ਾ, ਚਿਕਨ-ਪੋਕਸ, ਪੋਲੀਓ, ਟੀ.ਬੀ. ਵਰਗੀਆਂ ਬਿਮਾਰੀਆਂ ਮਹਾਂਮਾਰੀਆਂ ਦੇ ਹੱਲ ਲੱਭੇ ਹਨ ਅਤੇ ਇਨ੍ਹਾਂ ਤੋਂ ਛੁਟਕਾਰਾ ਪਾਇਆ; ਪਰ ਪਲੀਤ ਵਾਤਾਵਰਣ ਅਤੇ ਬਦਲੀ ਹੋਈ ਜੀਵਨ ਸ਼ੈਲੀ ਨਾਲ ਅਸੀਂ ਹੁਣ ਹੋਰ ਕਈ ਤਰ੍ਹਾਂ ਦੀਆਂ ਬਿਮਾਰੀਆਂ ਦੇ ਸ਼ਿਕਾਰ ਬਣ ਰਹੇ ਹਾਂ। ਦੁਨੀਆਂ ਦੀ ਵੱਡੀ ਆਬਾਦੀ ਵੱਖ-ਵੱਖ ਤਰ੍ਹਾਂ ਦੇ ਮਾਨਸਿਕ ਵਿਕਾਰਾਂ ਦੀ ਸ਼ਿਕਾਰ ਹੋ ਰਹੀ ਹੈ। ਜਿਸ ਵਿਕਾਸ ਤਰੱਕੀ ਦਾ ਮੰਜ਼ਰ ਮਨੁੱਖ ਜਾਤੀ ਨੇ ਸਿਰਜਿਆ ਹੈ ਉਸ ’ਤੇ ਚੱਲਦਿਆਂ ਜਿੱਥੇ ਅਸੀਂ ਆਪਣੇ ਸਵੱਛ ਵਾਤਾਵਰਣ ਦੀ ਤਬਾਹੀ ਸ਼ੁਰੂ ਕਰ ਦਿੱਤੀ ਹੈ ਉੱਥੇ ਮਾਨਸਿਕ ਵਿਕਾਰਾਂ ਦੀ ਸ਼ਿਕਾਰ ਹੋਈ ਮਨੁੱਖ ਜਾਤੀ ਕਈ ਤਰ੍ਹਾਂ ਦੇ ਸੰਤਾਪ ਭੋਗ ਰਹੀ ਹੈ। ਅਮਰੀਕਾ ਵਰਗੇ ਵਿਕਸਿਤ ਮੁਲਕਾਂ ਵਿੱਚ ਮਾਨਸਿਕ ਰੋਗਾਂ ਦੇ ਪੀੜਿਤ ਮਰੀਜ਼ਾਂ ਦੀ ਗਿਣਤੀ ਤੇਜ਼ੀ ਨਾਲ ਵਧ ਰਹੀ ਹੈ।

ਮਨੁੱਖ ਜਾਤੀ ਨੇ ਇਸ ਧਰਤੀ ’ਤੇ ਜੋ ਵਿਕਾਸ ਦਾ ਮੰਜ਼ਰ ਸਿਰਜਿਆ ਹੈ, ਇਸ ਵਿਕਾਸ ਨੇ ਮਨੁੱਖੀ ਹੱਥਾਂ ਨੂੰ ਬੇਸ਼ੱਕ ਵਿਹਲੇ ਕਰ ਦਿੱਤਾ, ਪਰ ਇਸ ਨਾਲ ਮਨੁੱਖ ਜਾਤੀ ਦੀਆਂ ਮੁਸ਼ਕਲਾਂ ਸਮੱਸਿਆਵਾਂ ਘਟੀਆਂ ਨਹੀਂ ਬਲਕਿ ਵਧੀਆਂ ਹਨ। ਅਖੌਤੀ ਵਿਕਾਸ ’ਤੇ ਚੱਲਦਿਆਂ ਸਾਡੇ ਸਮਿਆਂ ਦੀ ਸਿਤਮਜ਼ਰੀਫ਼ੀ ਇਹ ਹੈ ਕਿ ਮਨੁੱਖ ਕਿਸੇ ਸਮੱਸਿਆ ਦੇ ਹੱਲ ਲਈ ਜਿਹੜਾ ਢੰਗ ਅਪਣਾਉਂਦਾ ਹੈ ਉਹ ਕਈ ਹੋਰ ਸਮੱਸਿਆਵਾਂ ਨੂੰ ਜਨਮ ਦਿੰਦਾ ਹੈ। ਪੰਜਾਬ ਦੀ ਗੱਲ ਹੀ ਲੈ ਲਈਏ, ਇੱਥੇ ਹਰੇ ਇਨਕਲਾਬ ਵਿੱਚ ਵੱਧ ਝਾੜ ਲੈਣ ਲਈ ਖਾਦਾਂ ਸਪਰੇਆਂ ਦੀ ਵਰਤੋਂ ਸ਼ੁਰੂ ਹੋਈ, ਪਰ ਇਸ ਦਾ ਨਤੀਜਾ ਕੀ ਹੋਇਆ? ਬੇਸ਼ੱਕ ਕੁਝ ਸਮੇਂ ਲਈ ਲੋਕ ਵੱਧ ਝਾੜ ਲੈ ਕੇ ਵੱਧ ਪੈਸਾ ਹਾਸਲ ਕਰਨ ਦੇ ਸਮਰੱਥ ਹੋ ਗਏ, ਪਰ ਅੱਗੇ ਜਾ ਕੇ ਇਸ ਦਾ ਨਤੀਜਾ ਹਵਾ, ਪਾਣੀ ਅਤੇ ਮਿੱਟੀ ਦੀ ਬਰਬਾਦੀ ਦੇ ਰੂਪ ਵਿੱਚ ਨਿਕਲਿਆ। ਸਰੀਰਕ ਤੌਰ ’ਤੇ ਤਗੜੇ ਜੁੱਸਿਆਂ ਵਜੋਂ ਜਾਣੇ ਜਾਂਦੇ ਪੰਜਾਬ ਦੇ ਲੋਕ ਤੇਜ਼ੀ ਨਾਲ ਸਰੀਰਕ ਅਤੇ ਮਾਨਸਿਕ ਵਿਕਾਰਾਂ ਦੇ ਸ਼ਿਕਾਰ ਬਣਨ ਲੱਗ ਪਏ। ਪੰਜਾਬੀ ਸਮਾਜ ਕਿਰਤ ਨਾਲੋਂ ਟੁੱਟ ਗਿਆ—ਬੇਰੁਜ਼ਗਾਰੀ, ਬੇਕਾਰੀ ਹੱਦ ਦਰਜੇ ਤਕ ਵਧ ਗਈ।

ਜਦੋਂ ਅਸੀਂ ਆਪਣੀ ਮਿੱਟੀ ਤੋਂ ਵੱਧ ਤੋਂ ਵੱਧ ਹਾਸਲ ਕਰਨ ਦੀ ਸਿਖ਼ਰ ਨੂੰ ਛੂਹ ਲਵਾਂਗੇ, ਜਦੋਂ ਅਸੀਂ ਹਵਾ ਨੂੰ ਅਤਿ ਦਰਜੇ ਤਕ ਪਲੀਤ ਕਰ ਲਵਾਂਗੇ, ਜਦੋਂ ਅਸੀਂ ਧਰਤੀ ਹੇਠਲੇ ਪਾਣੀ ਨੂੰ ਵੱਧ ਤੋਂ ਵੱਧ ਖਿੱਚ ਕੇ ਧਰਤੀ ਨੂੰ ਬੰਜਰ ਬਣਾ ਦੇਵਾਂਗੇ, ਜਦੋਂ ਅਸੀਂ ਦਰਿਆਵਾਂ ਦੇ ਕੰਢਿਆਂ ’ਚੋਂ ਰੇਤਾ ਦੇ ਹਰ ਕਿਣਕੇ ਦੀ ਨਿਕਾਸੀ ਕਰ ਲਵਾਂਗੇ, ਜਦੋਂ ਧਰਤੀ ਦਾ ਹਰ ਦਰਿਆ ਗੰਦਾ ਨਾਲਾ ਬਣ ਜਾਵੇਗਾ, ਜਦੋਂ ਸਾਡੇ ਖਾਣ ਵਾਲੀ ਹਰ ਸ਼ੈਅ, ਪੀਣ ਵਾਲਾ ਪਾਣੀ ਅਤੇ ਹਵਾ ਅਤਿ ਜ਼ਹਿਰੀਲੇ ਹੋ ਜਾਣਗੇ, ਤਾਂ ਅਸੀਂ ਉਸ ਵੇਲੇ ਤਕ ਵਿਕਾਸ ਦਾ ਜੋ ਮਾਡਲ ਸਿਰਜ ਚੁੱਕੇ ਹੋਵਾਂਗੇ ਉਸ ਵਿਕਾਸ

ਮਾਡਲ ’ਤੇ ਮਨੁੱਖ ਜਾਤੀ ਮਾਣ ਮਹਿਸੂਸ ਕਰੇਗੀ ਜਾਂ ਖ਼ੂਨ ਦੇ ਅੱਥਰੂ ਰੋਵੇਗੀ? ਇਹ ਇਕ ਵੱਡਾ ਸਵਾਲ ਹੈ ਜਿਸ ’ਤੇ ਸਾਨੂੰ ਅੱਜ ਗੌਰ ਕਰਨ ਦੀ ਲੋੜ ਹੈ। ਰਾਜਨੀਤਕ ਗਲਿਆਰਿਆਂ ਵੱਲੋਂ ਅੱਜ ਜਿਸ ਵਿਕਾਸ ਦਾ ਸੁਪਨਮਈ ਸੰਸਾਰ ਆਮ ਲੋਕਾਂ ਅੱਗੇ ਪਰੋਸਿਆ ਜਾਂਦਾ ਹੈ ਉਸ ਸੁਪਨੇ ਦੀ ਹਕੀਕਤ ਨੂੰ ਸਮਝਣ ਦੀ ਲੋੜ ਹੈ। ਧਰਤੀ ਦੇ ਕਿਸੇ ਵੀ ਖਿੱਤੇ ਵਿੱਚ ਉਸਰੀਆਂ ਉੱਚੀਆਂ ਬਿਲਡਿੰਗਾਂ, ਚੌੜੀਆਂ ਸੜਕਾਂ, ਵਾਹਨਾਂ ਦੇ ਘੜਮੱਸ ਨੂੰ ਵਿਕਾਸ ਮੰਨਣਾ ਸਾਡੀ ਵੱਡੀ ਭੁੱਲ ਹੈ। ਚੀਨ ਦੇ ਵੱਡੇ ਸ਼ਹਿਰ ਬੀਜਿੰਗ ਵਿੱਚ ਪਿਛਲੇ ਦਿਨਾਂ ਤੋਂ ਬੜੀਆਂ ਭਿਆਨਕ ਖ਼ਬਰਾਂ ਆ ਰਹੀਆਂ ਹਨ। ਉੱਥੇ ਕਈ ਦਿਨਾਂ ਤੋਂ ਗੱਡੀਆਂ ਮੋਟਰਾਂ ਦੇ ਪ੍ਰਦੂਸ਼ਿਤ ਧੂੰਏਂ ਦੇ ਗ਼ੁਬਾਰ ਤੋਂ ਪ੍ਰਭਾਵਿਤ ਹੋਏ ਵੱਡੀ ਗਿਣਤੀ ਵਿੱਚ ਲੋਕ ਬਿਮਾਰੀਆਂ ਦੇ ਸ਼ਿਕਾਰ ਹੋ ਰਹੇ ਹਨ। ਸਾਡੇ ਦਿੱਲੀ ਸ਼ਹਿਰ ਵਿੱਚ ਅਕਸਰ ਅਜਿਹੀ ਸਥਿਤੀ ਬਣਦੀ ਹੈ ਕਿ ਲੋਕਾਂ ਨੂੰ ਸਾਹ ਲੈਣਾ ਮੁਸ਼ਕਲ ਹੋ ਜਾਂਦਾ ਹੈ। ਹਰ ਵਾਰ ਭਿਆਨਕ ਬਣਦੀ ਸਥਿਤੀ ਦਾ ਸਮਾਂ ਲੰਘ ਜਾਣ ਬਾਅਦ ਅਗਲੇ ਭਿਆਨਕ ਦਿਨਾਂ ਤਕ ਇਹ ਸਭ ਕੁਝ ਇੰਞ ਵਿਸਾਰ ਦਿੱਤਾ ਜਾਂਦਾ ਹੈ ਜਿਵੇਂ ਕੁਝ ਹੋਇਆ ਹੀ ਨਾ ਹੋਵੇ। ਸਾਨੂੰ ਸੋਚਣ ਦੀ ਲੋੜ ਹੈ ਕਿ ਕਿਸੇ ਖਿੱਤੇ ਵਿੱਚ ਹਵਾ ਦਾ ਪ੍ਰਦੂਸ਼ਣ ਜੇਕਰ ਅਤਿ ਦਰਜੇ ਤਕ ਵਧ ਜਾਂਦਾ ਹੈ, ਜੇਕਰ ਇਹ ਪ੍ਰਦੂਸ਼ਣ ਲੰਮੇ ਸਮੇਂ ਤਕ ਬਣਿਆ ਰਹੇ ਜਿਵੇਂ ਦੁਨੀਆਂ ਦੇ ਕੁਝ ਖਿੱਤਿਆਂ ਵਿੱਚ ਹੋਣ ਲੱਗਾ ਹੈ, ਤਾਂ ਕਿਸੇ ਵੀ ਸਮੇਂ ਇਹ ਅਜਿਹੀ ਸਥਿਤੀ ਭਿਆਨਕ ਰੂਪ ਅਖ਼ਤਿਆਰ ਕਰ ਸਕਦੀ ਹੈ।

ਅੱਜ ਦੁਨੀਆਂ ਭਰ ਦੇ ਵਿਦਵਾਨਾਂ, ਚਿੰਤਕਾਂ, ਦਾਰਸ਼ਨਿਕਾਂ ਅਤੇ ਵਿਗਿਆਨੀਆਂ ਨੂੰ ਚਾਹੀਦਾ ਹੈ ਕਿ ਉਹ ਤਬਾਹੀ ਦੇ ਮੰਜ਼ਰ ਵੱਲ ਵਧਦੀ ਜਾ ਰਹੀ ਦੁਨੀਆਂ ਨੂੰ ਸੁਚੇਤ ਕਰਨ। ਮਨੁੱਖ ਨੂੰ ਜ਼ਿੰਦਗੀ ਜਿਊਣ ਲਈ ਵੱਡੀਆਂ ਗੱਡੀਆਂ, ਵੱਡੀਆਂ ਉੱਚੀਆਂ ਇਮਾਰਤਾਂ ਅਤੇ ਹਰ ਤਰ੍ਹਾਂ ਦੇ ਤਕਨੀਕੀ ਵਿਕਾਸ ਨਾਲੋਂ ਸ਼ੁੱਧ ਹਵਾ, ਸ਼ੁੱਧ ਪਾਣੀ ਅਤੇ ਸ਼ੁੱਧ ਖਾਣੇ ਦੀ ਵੱਧ ਲੋੜ ਹੈ। ਅੱਜ ਸਾਨੂੰ ਇਹ ਗੱਲ ਬੜੀ ਸ਼ਿੱਦਤ ਨਾਲ ਸਮਝਣ ਦੀ ਲੋੜ ਹੈ ਕਿ ਕੁਦਰਤੀ ਵਾਤਾਵਰਣ ਨੂੰ ਬਰਬਾਦ ਕਰਕੇ ਪੈਦਾ ਕੀਤਾ ਵਿਕਾਸ, ਵਿਕਾਸ ਨਹੀਂ ਬਲਕਿ ਆਪਣੇ ਆਪ ਵਿੱਚ ਇਕ ਭਿਆਨਕ ਸੰਕਟ ਹੈ। ਅਜੋਕੇ ਮਨੁੱਖ ਨੂੰ ਜਿਸ ਤਰ੍ਹਾਂ ਦੀ ਜੀਵਨ ਸ਼ੈਲੀ ਦਾ ਆਦੀ ਬਣਾਇਆ ਜਾ ਰਿਹਾ ਹੈ ਸਾਨੂੰ ਉਸ ਨੂੰ ਸਮਝਣਾ ਹੋਵੇਗਾ। ਇਸ ਦੁਨੀਆਂ ਨੂੰ ਚਲਾਉਣ ਵਾਲੀਆਂ ਤਾਕਤਾਂ ਜੋ ਮਨੁੱਖ ਦੀ ਹਰ ਲੋੜ ’ਤੇ ਗ਼ਲਬਾ ਪਾਉਣ, ਹਰ ਲੋੜ ਤੋਂ ਮੁਨਾਫ਼ਾ ਕਮਾਉਣ ਅਤੇ ਮਨੁੱਖ ਲਈ ਨਵੀਆਂ ਲੋੜਾਂ ਦੀ ਸਿਰਜਣਾ ਕਰਨ ਲਈ ਯਤਨਸ਼ੀਲ ਹਨ, ਦੀ ਮਨੋਬਿਰਤੀ ਨੂੰ ਸਾਨੂੰ ਸਮਝਣ ਦੀ ਲੋੜ ਹੈ।



# ਵਿਕਾਸ ਦੀਆਂ ਹਨੇਰੀਆਂ ਅਤੇ ਜੜ੍ਹੋਂ ਉੱਖੜੇ ਲੋਕ

ਹਨੇਰੀ ਕਿਵੇਂ ਆਉਂਦੀ ਹੈ? ਮਾਰੂਥਲੀ ਅਤੇ ਸਮੁੰਦਰੀ ਇਲਾਕਿਆਂ ਵਿੱਚ ਹੁੰਦੀਆਂ ਭੂਗੋਲਿਕ ਤਬਦੀਲੀਆਂ ਸੰਬੰਧੀ ਜਾਣ ਕੇ ਇਹ ਜਵਾਬ ਲੱਭਿਆ ਜਾ ਸਕਦਾ ਹੈ। ਪੁਰਾਣੇ ਵੇਲਿਆਂ ਦੇ ਕੁਝ ਅੰਧ-ਵਿਸ਼ਵਾਸੀ ਲੋਕ ਇਹ ਸਮਝਦੇ ਸਨ ਕਿ ਹਨੇਰੀਆਂ ਝੱਖੜਾਂ ਵਿੱਚ ਕਈ ਊਂਧ-ਬਲਾਈਂ ਹੁੰਦੀਆਂ ਹਨ, ਜੋ ਰੋਹ ਵਿੱਚ ਆ ਕੇ ਕਹਿਰ ਵਰਤਾਉਂਦੀਆਂ ਹਨ। ਇੱਥੋਂ ਤਕ ਕਿ ਰੁੱਖ ਵੀ ਪੁੱਟ-ਪੁੱਟ ਕੇ ਸੁੱਟਣ ਲੱਗ ਪੈਂਦੀਆਂ ਹਨ। ਪਰ ਇੱਥੇ ਆਮ ਹਨੇਰੀ ਨਹੀਂ, ਬਲਕਿ ਵਿਕਾਸ ਦੀ ਹਨੇਰੀ ਦੀ ਗੱਲ ਕਰਨੀ ਹੈ, ਜੋ ਪਿਛਲੇ ਕੁਝ ਅਰਸੇ ਤੋਂ ਦੇਸ਼ ਦੇ ਮੰਡਲ ’ਤੇ ਝੁੱਲੀ ਹੋਈ ਹੈ। ਕੋਈ ਵੀ ਅਖ਼ਬਾਰ ਦੇਖ ਲਉ ਸੱਤਾਧਾਰੀ ਨੇਤਾ ਅਤੇ ਉਹਨਾਂ ਦੇ ਹਮਾਇਤੀਆਂ ਦੀਆਂ ਬਿਆਨਬਾਜ਼ੀਆਂ ਹਨ ਕਿ ਉਹਨਾਂ ਨੇ ਵਿਕਾਸ ਦੇ ਕੰਮਾਂ ਦੀ ਹਨੇਰੀ ਲਿਆਂਦੀ। ਪੁਰਾਣੇ ਵੇਲਿਆਂ ਵਿੱਚ ਹਨੇਰੀ ਸੰਬੰਧੀ ਲੋਕ ਮਨਾਂ ਦੇ ਵਿਸ਼ਵਾਸਾਂ ਪਿੱਛੇ ਉਹਨਾਂ ਦੀ ਅਗਿਆਨਤਾ ਸੀ, ਅੰਧ-ਵਿਸ਼ਵਾਸ ਸੀ। ਪਰ ਸਾਡੇ ਮੌਜੂਦਾ ਦੌਰ ਦੇ ਵਿਕਾਸ ਦੀਆਂ ਹਨੇਰੀਆਂ ਨੇ ਹੁਣ ਇਕ ਤਰ੍ਹਾਂ ਨਾਲ ਅਜਿਹੀਆਂ ਤਾਕਤਾਂ ਦੀ ਹਕੀਕੀ ਹੋਂਦ ਦੀ ਪੁਸ਼ਟੀ ਕਰ ਦਿੱਤੀ ਹੈ।

ਆਮ ਬੰਦਾ ਜੋ ਹਰ ਰੋਜ਼ ਆਪਣੇ ਆਲੇ-ਦੁਆਲੇ ਬਣ ਰਹੀਆਂ ਪ੍ਰਸਥਿਤੀਆਂ ਨੂੰ ਆਪਣੇ ਪਿੰਡੇ ’ਤੇ ਹੰਢਾਉਂਦਾ ਹੈ, ਡੌਰਭੌਰਾ ਹੋਇਆ ਆਪਣੇ ਆਪ ਨੂੰ ਸਵਾਲ ਕਰਦਾ ਹੈ ਕਿ ਇਹ ‘ਵਿਕਾਸ ਦੀ ਹਨੇਰੀ’ ਕੀ ਬਲਾਅ ਹੋਈ ਭਲਾ? ਉਸ ਨੂੰ ਸਮਝ ਨਹੀਂ ਆਉਂਦੀ ਕਿ ਰੁਜ਼ਗਾਰ ਦਫ਼ਤਰ ਦੇ ਚੱਕਰ ਮਾਰਦਿਆਂ-ਮਾਰਦਿਆਂ ਉਹਦੀ ਨੌਕਰੀ ਲਈ ਲੋੜੀਂਦੀ ਉਮਰ ਹੀ ਕਿਉਂ ਲੰਘ ਜਾਂਦੀ ਹੈ? ਵੱਡੇ ਹੋ ਰਹੇ ਬੱਚਿਆਂ ਦੇ ਨਾਲ-ਨਾਲ ਉਹਦੇ ਫ਼ਿਕਰ ਵੀ ਵੱਡੇ ਹੋ ਰਹੇ ਹਨ। ਉਹਨੂੰ ਆਪਣੇ ਪੁਰਖਿਆਂ ਦੀ ਇਸ ਧਰਤੀ ’ਤੇ ਆਪਣੇ ਜਵਾਕਾਂ ਦਾ ਭਵਿੱਖ ਧੁੰਦਲਾ ਦਿੱਸਣ ਲੱਗ ਪੈਂਦਾ ਹੈ ਜਦਕਿ ਦੇਸ਼ ਵਿੱਚ ਵਿਕਾਸ ਦੇ ਕੰਮਾਂ ਦੀ ਹਨੇਰੀ ਵਗ ਰਹੀ ਹੈ। ਹੁਣ ਵੀ ਜਦੋਂ ਤੇਜ਼ ਵੇਗ ਦੀਆਂ ਹਨੇਰੀਆਂ ਆਉਂਦੀਆਂ ਹਨ ਤਾਂ ਗ਼ਰੀਬਾਂ ਦੀਆਂ ਝੁੱਗੀਆਂ ਉੱਡ ਜਾਂਦੀਆਂ ਹਨ। ਕਈ ਕੱਚੇ ਘਰਾਂ ਦੀਆਂ ਛੱਤਾਂ ਵੀ ਉੱਡ ਜਾਂਦੀਆਂ ਹਨ। ਕਈ ਅਜਿਹੇ ਮਹਿਕਮੇ ਹਨ ਜੋ ਵੱਖ-ਵੱਖ ਸਰਕਾਰਾਂ ਦੀ ਮਿਹਰਬਾਨੀ ਸਦਕਾ ਛੱਤ ਵਿਹੂਣੇ ਹੋ ਗਏ। ਨਹਿਰੀ ਵਿਭਾਗ, ਰੇਲਵੇ, ਖੰਡ ਮਿੱਲਾਂ, ਬਿਜਲੀ ਬੋਰਡ, ਰੋਡਵੇਜ਼, ਬਿਜਲੀ ਪੈਦਾ ਕਰਨ ਵਾਲੇ ਪਾਵਰ ਪਲਾਂਟ ਆਦਿ ਕੁਝ ਅਜਿਹੀਆਂ ਮਿਸਾਲਾਂ ਹਨ। ਇਹਨਾਂ ਮਹਿਕਮਿਆਂ ’ਚੋਂ ਢੱਠੇ ਮਕਾਨਾਂ ਵਾਂਗ ਬੰਦਿਆਂ ਨੂੰ ਬਾਹਰ ਤਾਂ ਕੱਢਿਆ ਜਾ ਸਕਦਾ ਹੈ ਪਰ ਇਹਨਾਂ ਦੇ ਅੰਦਰ ਕੋਈ ਨਹੀਂ ਜਾ ਸਕਦਾ। ਆਮ ਬੰਦੇ ਨੂੰ ਸਮਝ ਨਹੀਂ ਆਉਂਦੀ ਕਿ ਜਦੋਂ ਰੋਡਵੇਜ਼ ਵਰਗੇ ਮਹਿਕਮੇ ਵਿੱਚ ਭਰਤੀ ਨਹੀਂ ਹੋ ਸਕਦੀ, ਇਹ ਸਰਕਾਰ ਨੂੰ ਘਾਟਾ ਪਾਉਣ ਵਾਲਾ ਮਹਿਕਮਾ ਬਣ ਗਿਆ ਹੈ, ਤਾਂ ਪ੍ਰਾਈਵੇਟ ਕੰਪਨੀਆਂ ਦੀਆਂ ਬੱਸਾਂ ਸੜਕਾਂ ’ਤੇ ਕਿਵੇਂ ਹਨੇਰੀ ਵਾਂਗ ਸ਼ੂਕਦੀਆਂ ਹਨ? ਲੋਕ

ਇਹ ਸਭ ਕੁਝ ਸਮਝਦੇ ਤੇ ਜਾਣਦੇ ਹਨ।

ਵਿਕਾਸ ਦੀ ਇਸ ਹਨੇਰੀ ਵਿੱਚ ਬੜਾ ਕੁਝ ਗਵਾਚ ਗਿਆ ਹੈ, ਉਰ੍ਹਾਂ-ਪਰ੍ਹਾਂ ਹੋ ਗਿਆ ਹੈ। ਵਿਕਾਸ ਦੇ ਇਸ ਦੌਰ ਵਿੱਚ ਹਜ਼ਾਰਾਂ ਦੀ ਗਿਣਤੀ ਉਹਨਾਂ ਲੋਕਾਂ ਦੀ ਹੈ ਜੋ ਕਰਜ਼ੇ ਦੀ ਮਾਰ ਦਾ ਸਾਹਮਣਾ ਨਾ ਕਰ ਸਕੇ, ਸਲਫ਼ਾਸ ਖਾ ਕੇ ਜਾਂ ਰੁੱਖ ਦੀ ਟਾਹਣ ਨਾਲ ਲਮਕ ਕੇ ਆਪਣੀ ਜੀਵਨ ਲੀਲ੍ਹਾ ਸਮਾਪਤ ਕਰ ਗਏ। ਇਸ ਦੇਸ਼ ਦੇ ਹਾਕਮਾਂ ਦੀਆਂ ਲੋਕ-ਮਾਰੂ ਨੀਤੀਆਂ ਨੇ ਦੇਸ਼ ਦੇ ਕਿਸਾਨਾਂ ਮਜ਼ਦੂਰਾਂ ਦੀ ਆਰਥਿਕਤਾ ਦਾ ਕਬਾੜਾ ਬਣਾ ਦਿੱਤਾ ਹੈ। ਇਹਨਾਂ ਦੀਆਂ ਆਤਮ-ਹੱਤਿਆਵਾਂ ਰੋਜ਼ ਵਧ ਰਹੀਆਂ ਹਨ, ਪਰ ਸਰਕਾਰਾਂ ਇਸ ਪ੍ਰਤੀ ਇਕ ਤਰ੍ਹਾਂ ਨਾਲ ਸੰਵੇਦਨਹੀਣ ਹੀ ਹੋ ਗਈਆਂ ਹਨ। ਦੇਸ਼ ਦਾ ਕਾਨੂੰਨ ਇਹ ਕਹਿੰਦਾ ਹੈ ਕਿ ਸਰਕਾਰਾਂ ਦਾ ਫ਼ਰਜ਼ ਬਣਦਾ ਹੈ ਉਹ ਜਨਤਾ ਦੀਆਂ ਮੁੱਢਲੀਆਂ ਲੋੜਾਂ ਕੁੱਲੀ, ਗੁੱਲੀ ਤੇ ਜੁੱਲੀ ਤੋਂ ਇਲਾਵਾ ਉਹਨਾਂ ਲਈ ਰੁਜ਼ਗਾਰ ਦੇ ਵਸੀਲੇ ਪੈਦਾ ਕਰੇ, ਪਰ ਸਵਾਲ ਪੈਦਾ ਹੁੰਦਾ ਹੈ ਕਿ ਜਦੋਂ ਸਰਕਾਰ ਵਿਕਾਸ ਦੀ ਹਨੇਰੀ ਹੀ ਲੈ ਆਵੇ ਤਾਂ ਫਿਰ ਪਿੱਛੇ ਕੀ ਰਹਿ ਗਿਆ? ਵਿਕਾਸ ਦੀ ਇਸ ਹਨੇਰੀ ਵਿੱਚ ਬਹੁਤ ਸਾਰੇ ਲੋਕ ਹਨ ਜੋ ਹਾਲ ਪਾਹਰਿਆ ਕਰ ਰਹੇ ਹਨ, ਚੀਕ ਕੂਕ ਰਹੇ ਹਨ। ਜੜ੍ਹਾਂ ਤੋਂ ਉੱਖੜ ਗਏ ਹਨ। ਵੱਡੀ ਗਿਣਤੀ 'ਚ ਲੋਕਾਂ ਦੇ ਹੱਥ ਖ਼ਾਲੀ ਹਨ ਅਤੇ ਪੈਰਾਂ ਹੇਠੋਂ ਜ਼ਮੀਨ ਖਿਸਕ ਗਈ ਹੈ। ਮਾਵਾਂ ਦੇ ਹੀਰਿਆਂ ਜਿਹੇ ਸੈਂਕੜੇ ਪੁੱਤਰ ਨਸ਼ਿਆਂ ਨੇ ਨਿਗਲ ਲਏ। ਹਜ਼ਾਰਾਂ ਦੀ ਗਿਣਤੀ ਉਹਨਾਂ ਦੀ ਹੈ ਜੋ ਨਸ਼ੇ ਦੀ ਗਰਦ ਵਿੱਚ ਗਵਾਚੇ ਹੱਥ ਪੈਰ ਮਾਰ ਰਹੇ ਹਨ ਅਤੇ ਉਹਨਾਂ ਨੇ ਜ਼ਿੰਦਗੀ ਜਿਊਣ ਦੇ ਅਰਥ ਹੀ ਗਵਾ ਲਏ ਹਨ। ਲੱਖਾਂ ਘਰਾਂ ਵਿੱਚ ਨਸ਼ਿਆਂ ਨਾਲ ਹੋਈਆਂ ਬਰਬਾਦੀਆਂ ਦਾ ਸੋਗ ਹੈ। ਅਨੇਕਾਂ ਮਾਵਾਂ ਭੈਣਾਂ ਅਤੇ ਚੂੜੇ ਵਾਲੀਆਂ ਮੁਟਿਆਰਾਂ ਘਰੀਂ ਬੈਠੀਆਂ ਨਸ਼ੇ ਨਾਲ ਹੋ ਰਹੀਆਂ ਬਰਬਾਦੀਆਂ ਦਾ ਸੰਤਾਪ ਭੋਗ ਰਹੀਆਂ ਹਨ। ਮੁਲਕ ਦੀਆਂ ਸਰਕਾਰਾਂ ਬੜੇ ਮਾਣ ਨਾਲ ਕਹਿੰਦੀਆਂ ਹਨ ਕਿ ਸਾਡੀ ਸਰਕਾਰ ਇਸ ਵਾਰ ਸ਼ਰਾਬ ਦੇ ਠੇਕਿਆਂ ਤੋਂ ਪਹਿਲਾਂ ਨਾਲੋਂ ਵਧ ਕਮਾਈ ਕਰੇਗੀ। ਚਿੱਟੇ ਅਤੇ ਸ਼ਰਾਬ ਦੇ ਨਸ਼ੇ ਨੇ ਅਨੇਕਾਂ ਘਰਾਂ ਨੂੰ ਬਰਬਾਦੀ ਦੇ ਰਾਹ ਤੋਰਿਆ।

ਬੇਰੁਜ਼ਗਾਰ ਫਿਰਦੀਆਂ ਨੌਜੁਆਨ ਮੁੰਡੇ ਕੁੜੀਆਂ ਦੀਆਂ ਭੀੜਾਂ, ਰੁਜ਼ਗਾਰ ਲਈ ਸੜਕਾਂ ਚੌਂਕਾਂ ਵਿੱਚ ਧਰਨੇ ਦੇ ਰਹੇ ਹਨ। ਇਕ ਪਾਸੇ ਹਰ ਸਾਲ ਸਰਕਾਰੀ ਨੌਕਰੀਆਂ ਵਿੱਚ ਕਟੌਤੀ ਕੀਤੀ ਜਾ ਰਹੀ ਹੈ ਦੂਜੇ ਪਾਸੇ ਬੇਰੁਜ਼ਗਾਰੀ ਦੀ ਗਿਣਤੀ ਹਰ ਸਾਲ ਦੂਣੀ ਚੌਗੁਣੀ ਹੋ ਰਹੀ ਹੈ। ਦੇਸ਼ ਦੀ ਜਵਾਨੀ ਧਰਨਿਆਂ ਮੁਜ਼ਾਹਰਿਆਂ ਨਾਲ ਆਪਣੇ ਹੱਕ ਮੰਗ ਰਹੀ ਹੈ। ਭੁੱਖ ਹੜਤਾਲਾਂ ਹੋ ਰਹੀਆਂ ਹਨ। ਆਲਮ ਇਹ ਹੈ ਕਿ ਬੇਰੁਜ਼ਗਾਰਾਂ ਦੀਆਂ ਮੰਡੀਆਂ ਲੱਗਣ ਲੱਗ ਪਈਆਂ ਹਨ। ਪੁਰਾਣੇ ਵੇਲਿਆਂ ਵਿੱਚ ਗ਼ੁਲਾਮਾਂ ਨੂੰ ਮੰਡੀਆਂ ਵਿੱਚ ਵੇਚਿਆ ਜਾਂਦਾ ਸੀ। ਇਹਨਾਂ ਗ਼ੁਲਾਮਾਂ ਨੂੰ ਧਾੜਵੀਆਂ ਵੱਲੋਂ ਫੜ ਕੇ ਲਿਆਂਦਾ ਜਾਂਦਾ ਸੀ। ਇਹ ਗ਼ੁਲਾਮ ਜਿਨ੍ਹਾਂ ਖ਼ਰੀਦਦਾਰਾਂ ਨੂੰ ਵੇਚੇ ਜਾਂਦੇ ਸਨ ਉਹਨਾਂ ਲਈ ਇਹ ਰੋਟੀ ਦੇ ਟੁਕੜਿਆਂ 'ਤੇ ਸਾਰੀ ਉਮਰ ਕੰਮ ਕਰਨ ਲਈ ਮਜਬੂਰ ਹੁੰਦੇ ਸਨ। ਵਿਕਾਸ ਦੇ ਮੌਜੂਦਾ ਦੌਰ ਨੇ ਬਹੁਤ ਕੁਝ ਬਦਲ



ਦਿੱਤਾ ਹੈ। ਹੁਣ ਗ਼ੁਲਾਮੀ ਕਰਨ ਵਾਲਿਆਂ ਨੂੰ ਫੜ ਕੇ ਲਿਆਉਣ ਦੀ ਲੋੜ ਨਹੀਂ ਬਲਕਿ ਦੇਸ਼ ਦੀ ਵਿਵਸਥਾ ਨੇ ਹੁਣ ਅਜਿਹੇ ਹਾਲਾਤ ਪੈਦਾ ਕਰ ਦਿੱਤੇ ਹਨ ਕਿ ਪੜ੍ਹੇ ਲਿਖੇ ਲੋਕ ਆਪ ਗ਼ੁਲਾਮ ਬਣਨ ਲਈ ਮੰਡੀਆਂ ਵਿੱਚ ਆ ਰਹੇ ਹਨ। ਜਿੱਥੇ ਦੇਸ਼ ਦੀ ਜਵਾਨੀ ਦੀ ਬੋਲੀ ਲੱਗਦੀ ਹੈ ਉੱਥੇ ਦੇਸ਼ ਦਾ ਹੁਨਰ ਬੜੇ ਘੱਟ ਰੇਟਾਂ 'ਤੇ ਵਿਕਣ ਲਈ ਮਜਬੂਰ ਹੈ। ਇਹਨਾਂ ਮੰਡੀਆਂ ਨੂੰ ਰੁਜ਼ਗਾਰ ਮੇਲੇ ਆਖਿਆ ਜਾ ਰਿਹਾ ਹੈ ਪਰ ਹਕੀਕਤ ਇਹ ਹੈ ਕਿ ਇਹ ਇਕ ਤਰ੍ਹਾਂ ਨਾਲ ਬੇਰੁਜ਼ਗਾਰਾਂ ਦੀ ਖ਼ਰੀਦੋ ਫ਼ਰੋਖਤ ਕਰਨ ਦੀਆਂ ਮੰਡੀਆਂ ਹਨ। ਇਹ ਕਿਹੋ ਜਿਹਾ ਵਿਕਾਸ ਹੈ ਜਿਸ ਵਿੱਚ ਪੜ੍ਹੇ ਲਿਖੇ ਹੁਨਰਮੰਦ ਨੌਜੁਆਨ ਬਹੁਤ ਥੋੜ੍ਹੀ ਉਜਰਤ 'ਤੇ ਆਪਣੇ ਆਪ ਨੂੰ ਵੇਚਣ ਲਈ ਤਿਆਰ ਹਨ; ਬਸ਼ਰਤੇ ਕਿ ਉਹਨਾਂ ਨੂੰ ਜ਼ਿੰਦਾ ਰਹਿਣ ਲਈ ਰੋਟੀ ਕੱਪੜਾ ਮਿਲਦਾ ਰਹੇ। ਗ਼ਰੀਬੀ, ਮਹਿੰਗਾਈ, ਤੇ ਬੇਰੁਜ਼ਗਾਰੀ ਨੇ ਲੋਕਾਂ ਦਾ ਜਿਊਣਾ ਦੁੱਭਰ ਕੀਤਾ ਹੋਇਆ ਹੈ। ਰੋਜ਼ਾਨਾ ਲੁੱਟਮਾਰ, ਗੁੰਡਾਗਰਦੀ ਦੀਆਂ ਘਟਨਾਵਾਂ ਇਸ ਤਰ੍ਹਾਂ ਹੋ ਰਹੀਆਂ ਹਨ ਕਿ ਇਹ ਸਭ ਕੁਝ ਹੁਣ ਆਮ ਵਰਤਾਰਾ ਹੋ ਗਿਆ ਹੈ; ਜਿਵੇਂ ਇਸ ਕੰਮ ਨੂੰ ਸਰਕਾਰੀ ਤੌਰ ਤੇ ਮਾਨਤਾ ਮਿਲ ਗਈ ਹੋਵੇ।

ਪੂੰਜੀ ਦਾ ਜਿੰਨੀ ਤੇਜ਼ੀ ਨਾਲ ਕੇਂਦਰੀਕਰਨ ਅੱਜ ਦੇ ਦੌਰ ਵਿੱਚ ਹੋ ਰਿਹਾ ਹੈ, ਇਹ ਮਨੁੱਖੀ ਇਤਿਹਾਸ ਦੇ ਦੌਰ ਵਿੱਚ ਕਦੇ ਨਹੀਂ ਹੋਇਆ। ਉਦੋਂ ਵੀ ਨਹੀਂ ਹੋਇਆ ਜਦੋਂ ਦੇਸ਼ ਗ਼ੁਲਾਮ ਸੀ। ਪੁੱਛਿਆ ਜਾਣਾ ਬਣਦਾ ਹੈ ਕਿ ਮੌਜੂਦਾ ਦੌਰ ਦਾ ਇਹ ਕਿਸ ਧਿਰ ਦਾ ਵਿਕਾਸ ਹੈ? ਦੇਸ਼ ਦੇ ਆਮ ਲੋਕ ਤਾਂ ਇਸ 'ਚੋਂ ਮਨਫ਼ੀ ਕਰ ਦਿੱਤੇ ਗਏ ਹਨ। ਅੱਜ ਹਾਲਾਤ ਇਹ ਬਣ ਗਏ ਹਨ ਕਿ ਪੂੰਜੀਵਾਦੀ ਕਾਰਪੋਰੇਟ ਤਾਕਤਾਂ ਦੇਸ਼ ਦੀ ਸੱਤਾ ਨੂੰ ਆਪਣੇ ਢੰਗ ਨਾਲ ਆਪਣੇ ਅਨੁਸਾਰ ਚਲਾਉਣ ਲੱਗ ਪਈਆਂ ਹਨ। ਲੋਕਤੰਤਰ ਇਹ ਬੜੀ ਖ਼ਤਰਨਾਕ ਸਥਿਤੀ ਹੈ। ਇਸ ਸਥਿਤੀ ਵਿੱਚ ਲੋਕਤੰਤਰ ਦਾ ਭਰਮ ਤਾਂ ਬੇਸ਼ੱਕ ਬਣਿਆ ਰਹੇ, ਪਰ ਇਸ ਦੀ ਅਸਲ ਤਾਕਤ ਲੋਕਾਂ ਕੋਲ ਹੋਣ ਦੀ ਬਜਾਏ ਪੂੰਜੀਪਤੀਆਂ ਦੇ ਹੱਥਾਂ ਵਿੱਚ ਹੁੰਦੀ ਹੈ। ਫਿਰ ਉਸ ਖਿੱਤੇ ਵਿੱਚ ਪੈਸੇ ਦੇ ਬਲਬੂਤੇ 'ਤੇ ਰਾਜਨੀਤੀ, ਸੰਵਿਧਾਨ, ਕਾਨੂੰਨ, ਧਰਮ, ਨੈਤਿਕਤਾ, ਸਿੱਖਿਆ, ਮੀਡੀਆ, ਪੁਲਿਸ ਪ੍ਰਸ਼ਾਸਨ ਦੀਆਂ ਮਾਲਕ ਵੀ ਇਹੋ ਤਾਕਤਾਂ ਹੁੰਦੀਆਂ ਹਨ। ਇਹ ਵਰਤਾਰਾ ਕਿਸੇ ਆਉਣ ਵਾਲੇ ਸਮੇਂ ਦਾ ਨਹੀਂ ਬਲਕਿ ਸਾਡੇ ਦੇਸ਼ ਵਿੱਚ ਇਸ ਨੂੰ ਹੁਣ ਵੀ ਵੇਖਿਆ ਜਾ ਸਕਦਾ ਹੈ।

ਲੋਕ ਮਹਿੰਗਾਈ ਨਾਲ ਤਰਾਹ-ਤਰਾਹ ਕਰ ਰਹੇ ਹਨ। ਬੇਰੁਜ਼ਗਾਰਾਂ ਦੀਆਂ ਭੀੜਾਂ ਵਧ ਰਹੀਆਂ ਹਨ। ਕਰੋੜਾਂ ਨੌਜੁਆਨ ਹਨ ਜੋ ਬੇਰੁਜ਼ਗਾਰੀ ਦੇ ਆਲਮ ਵਿੱਚ ਮਾਰੇ-ਮਾਰੇ ਫਿਰ ਰਹੇ ਹਨ। ਜਦੋਂ ਕਿਸੇ ਪਾਸੇ ਲੋਕ ਮੁੱਦਿਆਂ, ਮੁਸ਼ਕਲਾਂ, ਦੁਸ਼ਵਾਰੀਆਂ, ਸਮੱਸਿਆਵਾਂ ਅਤੇ ਜਰਜਰੀਆਂ ਹੋ ਰਹੀਆਂ ਜਿਊਣ ਹਾਲਤਾਂ ਦੀ ਗੱਲ ਹੁੰਦੀ ਹੈ ਤਾਂ ਬੜੇ ਸੋਚੇ ਸਮਝੇ ਢੰਗ ਨਾਲ ਲੋਕਾਂ ਨੂੰ ਧਰਮਾਂ, ਮਜਹਬਾਂ, ਜਾਤਾਂ-ਪਾਤਾਂ ਦੇ ਮਸਲਿਆਂ ਵਿੱਚ ਉਲਝਾਅ ਦਿੱਤਾ ਜਾਂਦਾ ਹੈ। ਹੁਣ 2019 ਵਿੱਚ ਦੇਸ਼ ਵਿੱਚ ਲੋਕ ਸਭਾ ਚੋਣਾਂ ਨੇੜੇ ਆ ਰਹੀਆਂ ਹਨ, ਇਕ ਵਾਰ ਫਿਰ ਦੇਸ਼ ਨੂੰ ਵੱਖ-ਵੱਖ ਜਾਤਾਂ-ਪਾਤਾਂ, ਧਰਮਾਂ, ਮਜ਼ਹਬਾਂ ਦੇ ਰੰਗਾਂ ਵਿੱਚ ਰੰਗਿਆ ਜਾਵੇਗਾ। ਫ਼ਿਰਕਾਪ੍ਰਸਤੀ

ਦੀ ਅੱਗ ਦੇ ਭਾਂਬੜ ਬਾਲਣ ਤੋਂ ਲੈ ਕੇ ਗ਼ਰੀਬੀ ਬੇਰੁਜ਼ਗਾਰੀ ਦੇ ਝੰਭੇ ਲੋਕਾਂ ਨੂੰ ਖ਼ੈਰਾਤਾਂ ਦੇਣ ਤਕ ਦਾ ਹਰ ਦਾਅ ਖੇਡਿਆ ਜਾਵੇਗਾ। ਇਸ ਦੇ ਨਾਲੋ-ਨਾਲ ਵਿਕਾਸ ਦੀਆਂ ਹਨੇਰੀਆਂ ਦੀਆਂ ਤਸਵੀਰਾਂ ਵੀ ਲੋਕਾਂ ਅੱਗੇ ਪ੍ਰੋਸਣ ਤੇ ਸਭ ਸਾਧਨਾਂ ਦੀ ਭਰਪੂਰ ਵਰਤੋਂ ਕੀਤੀ ਜਾਵੇਗੀ। ਵੱਡੇ ਵਾਅਦਿਆਂ ਦੀ ਸਿਰਜਣਾ ਕੀਤੀ ਜਾਵੇਗੀ, ਲਾਰਿਆਂ ਦੇ ਵੱਡੇ ਪੁਲਾਂ ਦਾ ਨਿਰਮਾਣ ਹੋਵੇਗਾ। ਅਜਿਹੀ ਹਵਾ ਬਣਾਈ ਜਾਵੇਗੀ ਕਿ ਲੋਕ ਅਤੀਤ ਦੇ ਵਾਅਦਿਆਂ ਨੂੰ ਭੁੱਲ ਜਾਣ, ਵਰਤਮਾਨ ਸਥਿਤੀਆਂ ਪ੍ਰਤੀ ਸੰਵੇਦਨਹੀਣ ਹੋ ਜਾਣ। ਲੋਕਾਂ ਅੱਗੇ ਭਵਿੱਖ ਦੇ ਵੱਡੇ ਸੁਨਹਿਰੀ ਸੁਪਨੇ ਇਸ ਢੰਗ ਨਾਲ ਸਜਾਏ ਜਾਣਗੇ ਕਿ ਉਹਨਾਂ ਦੀਆਂ ਅੱਖਾਂ ਚੁੰਧਿਆ ਜਾਣ। ਜਿਵੇਂ ਕਿਸੇ ਸਮੇਂ ਉਹਨਾਂ ਨੂੰ ਕਿਹਾ ਗਿਆ ਸੀ ਕਿ ਤੁਹਾਡੇ ਹਰ ਇਕ ਦੇ ਖਾਤੇ ਵਿੱਚ ਪੰਦਰਾਂ ਲੱਖ ਰੁਪਏ ਆਉਣ ਵਾਲੇ ਹਨ ਜਾਂ ਹਰ ਘਰ ਵਿੱਚ ਨੌਕਰੀ ਦਿੱਤੀ ਜਾਣੀ ਹੈ, ਇਸ ਲਈ ਫਾਰਮ ਭਰ ਲਓ। ਪਰ ਇਸ ਸਭ ਕੁਝ ਦੀ ਸਿਰਜਣਾ ਹਵਾ ਵਿੱਚ ਹੋਵੇਗੀ। ਇਸ ਤਰ੍ਹਾਂ ਦੇ ਵੱਡੇ ਝੂਠ 'ਜੁਮਲੇ' ਦੱਸਦੇ ਹਨ ਕਿ ਦੇਸ਼ ਵਿੱਚ ਰਾਜ ਕਰਦੀਆਂ ਤਾਕਤਾਂ ਲੋਕਾਂ ਦੀਆਂ ਸਮੱਸਿਆਵਾਂ ਪ੍ਰਤੀ ਗੰਭੀਰ ਨਹੀਂ। ਰਾਜਨੀਤਕ ਗਲਿਆਰਿਆਂ ਦੇ ਭ੍ਰਿਸ਼ਟਾਚਾਰ ਨੇ ਹੁਣ ਚਾਰ ਕਦਮ ਅਗਾਂਹ ਲੰਘ ਕੇ 'ਲੋਕਾਂ ਨਾਲ ਫਰੇਬ ਕਰਨ' ਦੇ ਗੁਰ ਨੂੰ ਕਾਰਗਰ ਹਥਿਆਰ ਵਜੋਂ ਵਰਤਣਾ ਸ਼ੁਰੂ ਕਰ ਦਿੱਤਾ।

ਦੇਸ਼ ਦੇ ਆਮ ਲੋਕਾਂ ਨੂੰ ਵਿਕਾਸ ਦੀਆਂ ਹਨੇਰੀਆਂ, ਝੱਖੜਾਂ ਦੀ ਜ਼ਰੂਰਤ ਨਹੀਂ ਹੈ। ਲੋਕ ਆਪਣੇ ਘਰਾਂ ਦੀਆਂ ਛੱਤਾਂ ਸਲਾਮਤ ਚਾਹੁੰਦੇ ਹਨ। ਉਹ ਆਪਣੀਆਂ ਔਲਾਦਾਂ ਲਈ ਕੰਮ ਮੰਗਦੇ ਹਨ। ਜੜ੍ਹਾਂ ਤੋਂ ਹਿੱਲੇ ਲੋਕ ਅੱਜ ਹਾਕਮ ਧਿਰਾਂ ਨੂੰ ਸਵਾਲ ਕਰਦੇ ਹਨ ਕਿ ਉਹ ਧਰਤੀ ਜੋ ਉਹਨਾਂ ਦੇ ਮਹਾਨ ਪੁਰਖਿਆਂ ਦੀ ਧਰਤੀ ਹੈ ਤੇ ਜਿਸ ਲਈ ਇੱਥੋਂ ਦੇ ਮਹਾਨ ਪੁਰਸ਼ਾਂ ਨੇ ਵੱਡੀਆਂ ਕੁਰਬਾਨੀਆਂ ਕੀਤੀਆਂ, ਉਸ ਧਰਤੀ 'ਤੇ ਉਨ੍ਹਾਂ ਦੀਆਂ ਔਲਾਦਾਂ ਦਾ ਭਵਿੱਖ ਤਬਾਹ ਕਿਵੇਂ ਹੋ ਗਿਆ? ਹਾਕਮੋ! ਲੋਕ ਅਮਨਚੈਨ ਚਾਹੁੰਦੇ ਹਨ, ਉਹ ਆਪਣੇ ਬੱਚਿਆਂ ਲਈ ਰੁਜ਼ਗਾਰ ਮੰਗਦੇ ਹਨ, ਕੰਮ ਮੰਗਦੇ ਹਨ ਅਤੇ ਉਸ ਲਈ ਯੋਗ ਮਿਹਨਤਾਨਾ ਮੰਗਦੇ ਹਨ। ਲੋਕ ਨਹੀਂ ਚਾਹੁੰਦੇ ਕਿ ਉਹ ਸਰਕਾਰੀ ਦਫ਼ਤਰਾਂ ਵਿੱਚ ਜਾਣ ਅਤੇ ਉੱਥੇ ਉਨ੍ਹਾਂ ਦੀਆਂ ਜੇਬਾਂ ਹੀ ਕੱਟੀਆਂ ਜਾਂਦੀਆਂ ਰਹਿਣ। ਹਵਾ ਵਿੱਚ ਕੀਤੀਆਂ ਬਿਆਨਬਾਜ਼ੀਆਂ ਅਤੇ ਆਪਣੇ ਸਵਾਰਥਾਂ ਲਈ ਥਾਂ-ਥਾਂ ਰੱਖੇ ਨੀਂਹ ਪੱਥਰਾਂ ਨੂੰ ਭਾਵੇਂ ਵਿਕਾਸ ਦੀ ਹਨੇਰੀ ਕਹੀ ਜਾਓ ਜਾਂ ਕੁਝ ਹੋਰ, ਪਰ ਕਿਸੇ ਖਿੱਤੇ ਦੇ ਵਿਕਾਸ ਨੂੰ ਉੱਨੀ ਦੇਰ ਵਿਕਾਸ ਨਹੀਂ ਕਿਹਾ ਜਾ ਸਕਦਾ ਜਦੋਂ ਤਕ ਇਹਦੇ ਨਾਲ ਲੋਕਾਂ ਦੀਆਂ ਜਿਉਣ ਹਾਲਤਾਂ ਵਿੱਚ ਸੁਧਾਰ ਨਾ ਹੋਵੇ।



# ਤਕਨੀਕੀ ਵਿਕਾਸ ਅਤੇ ਬਜ਼ਾਰ ਦਾ ਚੱਕਰਵਿਊ

ਪਹਿਲਾਂ ਮਨੁੱਖ ਵਸਤਾਂ ਨੂੰ ਵਰਤਦਾ ਸੀ, ਪਰ ਹੁਣ ਹਾਲਾਤ ਇਹ ਬਣ ਰਹੇ ਹਨ ਕਿ ਵਸਤਾਂ ਮਨੁੱਖ ਨੂੰ ਵਰਤਣ ਲੱਗ ਪਈਆਂ ਹਨ। ਪਹਿਲਾਂ ਮਨੁੱਖ ਆਪਣੇ ਆਪ, ਘਰ, ਪਰਿਵਾਰ, ਸਮਾਜ ਅਤੇ ਇਸ ਧਰਤੀ ਲਈ ਜਿਉਂਦਾ ਸੀ ਹੁਣ ਉਹ ਵਸਤਾਂ ਲਈ ਜਿਉਣ ਲੱਗ ਪਿਆ ਹੈ। ਅਸੀਂ ਵਸਤਾਂ ਇਕੱਠੀਆਂ ਕਰਨ ਦੀ ਇਕ ਲੰਬੀ ਘੋੜਦੌੜ ਦੌੜ ਰਹੇ ਹਾਂ ਜਿਸ ਦਾ ਕੋਈ ਪਾਰਾਵਾਰ ਨਹੀਂ। ਬਜ਼ਾਰ ਅਤੇ ਵਪਾਰ ਦੇ ਇਸ ਯੁੱਗ ਵਿੱਚ ਮਨੁੱਖੀ ਸੰਵੇਦਨਾ ਲਗਾਤਾਰ ਮਰ ਰਹੀ ਹੈ।

ਪਿਛਲੇ 30 ਸਾਲਾਂ ਦੌਰਾਨ ਜਿੰਨੀ ਤੇਜ਼ੀ ਨਾਲ ਦੁਨੀਆਂ ਦਾ ਮੂੰਹ ਮੁਹਾਂਦਰਾ ਬਦਲਿਆ ਹੈ ਓਨਾ ਸ਼ਾਇਦ ਪਿਛਲੇ 1000 ਸਾਲਾਂ ਵਿੱਚ ਨਹੀਂ ਸੀ ਬਦਲਿਆ। ਟੀ.ਵੀ. ਸੈਟੇਲਾਈਟ, ਮੋਬਾਈਲ ਅਤੇ ਇੰਟਰਨੈੱਟ ਦੀਆਂ ਕਾਢਾਂ ਨੇ ਸਾਡੀ ਜ਼ਿੰਦਗੀ ਨੂੰ ਬੇਹੱਦ ਪ੍ਰਭਾਵਿਤ ਕੀਤਾ ਹੈ। ਡਾਕਟਰੀ ਵਿਗਿਆਨ ਦੇ ਖੇਤਰ ਵਿੱਚ ਵੀ ਹੈਰਾਨੀਜਨਕ ਖੋਜਾਂ ਹੋਈਆਂ ਅਤੇ ਹੋ ਰਹੀਆਂ ਹਨ। ਕੱਟੇ ਅੰਗਾਂ ਨੂੰ ਦੁਬਾਰਾ ਸਫਲਤਾ ਨਾਲ ਜੋੜਨ ਦੇ ਤਰੀਕੇ ਲੱਭ ਲਏ ਗਏ ਹਨ। ਬਾਂਝਪਨ ਦੇ 95% ਕੇਸਾਂ ਨੂੰ ਹੱਲ ਕਰਨ ਦੀ ਵਿਵਸਥਾ ਹੈ। ਜਨਮ ਤੋਂ ਪਹਿਲਾਂ ਪੈਦਾ ਹੋਏ ਬੱਚਿਆਂ ਨੂੰ ਬਚਾਉਣ ਵਿੱਚ ਸਫਲਤਾ ਹਾਸਲ ਹੋਈ ਹੈ। ਮਨੁੱਖੀ ਜੀਨਜ਼ ਨੂੰ ਪੜ੍ਹਨ ਅਤੇ ਨਿਖੇੜਨ ਦੀਆਂ ਮਹੱਤਵਪੂਰਨ ਖੋਜਾਂ ਹੋ ਰਹੀਆਂ ਹਨ। ਵਿਗਿਆਨੀ ਨੈਨੋ ਤਕਨੀਕ ਦੇ ਵਿਕਾਸ ਨਾਲ ਕੁਝ ਕੁ ਸਾਲਾਂ ਵਿੱਚ ਵੱਖਰੀ ਦੁਨੀਆਂ ਦੀ ਸਿਰਜਣਾ ਕਰਨ ਦਾ ਦਾਅਵਾ ਕਰ ਰਹੇ ਹਨ। ਅਸੀਂ ਕਹਿ ਸਕਦੇ ਹਾਂ ਕਿ ਪਿਛਲੇ ਤੀਹ ਸਾਲਾਂ ਦੌਰਾਨ ਇਕ ਯੁੱਗ ਬਦਲਿਆ ਹੈ, ਪਰ ਵਿਗਿਆਨ ਦੇ ਵਿਸ਼ੇ ਦੀ ਸਮਝ ਰੱਖਣ ਵਾਲੇ ਮੰਨਦੇ ਹਨ ਕਿ ਵਿਗਿਆਨ ਅਜੇ ਆਪਣੇ ਬਚਪਨ ਵਿੱਚ ਹੈ। ਜਦੋਂ ਇਹ ਵੱਡਾ ਹੋਇਆ ਤਾਂ ਸਾਡੀ ਭਵਿੱਖੀ ਦੁਨੀਆਂ ਕਿਹੋ ਜਿਹੀ ਹੋਵੇਗੀ ਇਹਦੀ ਸ਼ਾਇਦ ਢੁਕਵੀਂ ਵਿਆਖਿਆ ਸਾਡੇ ਕੋਲ ਅਜੇ ਨਹੀਂ ਹੈ।

ਅਜੋਕੇ ਵਿਕਾਸ ਦੇ ਚੰਗੇ ਮਾੜੇ ਦੋਵੇਂ ਪੱਖ ਸਾਡੇ ਸਨਮੁੱਖ ਹਨ। ਟੀ.ਵੀ. ਚੈੱਨਲਾਂ ਦੀ ਭਰਮਾਰ, ਮੋਬਾਇਲ ਅਤੇ ਸੋਸ਼ਲ ਮੀਡੀਆ ਨਾਲ ਸਮਾਜ ਦੇ ਵੱਡੇ ਵਰਗ 'ਤੇ ਅਜਿਹੇ ਪ੍ਰਭਾਵ ਹਨ ਕਿ ਮਨੁੱਖ ਆਪਣੇ ਆਪ ਨਾਲੋਂ ਟੁੱਟ ਕੇ ਰਹਿ ਗਿਆ ਹੈ। ਉਹ ਭੀੜ ਵਿੱਚ ਬੈਠਾ ਵੀ ਇਕੱਲਾ ਹੋ ਗਿਆ ਹੈ ਅਤੇ ਇਕੱਲਾ ਬੈਠਾ ਵੀ ਸਕਰੀਨ ਦੀ ਤਿਲਿੱਸ਼ਮੀ ਦੁਨੀਆਂ ਦੀ ਭੀੜ ਵਿੱਚ ਗਵਾਚਿਆ ਫਿਰ ਰਿਹਾ ਹੈ। ਚੈਨੇਲਾਈਜ਼ ਸੰਸਾਰ ਨੇ ਮਨੁੱਖੀ ਜ਼ਿਹਨ ਨੂੰ ਇਸ ਕਦਰ ਪ੍ਰਭਾਵਿਤ ਕੀਤਾ ਹੈ ਕਿ ਉਹ ਕਿਸੇ ਸੀਰੀਅਲ ਦੇ ਪਾਤਰ ਲਈ ਰੋ ਰਿਹਾ ਹੈ, ਪਰ ਘਰ ਵਿੱਚ ਹੀ ਕਿਸੇ ਬਜ਼ੁਰਗ ਕੋਲ ਕੁਝ ਮਿੰਟ ਬਹਿ ਕੇ ਉਸ ਨਾਲ ਦੁੱਖ-ਸੁੱਖ ਸਾਂਝਾ ਕਰਨ ਦਾ ਉਸ ਕੋਲ ਵਕਤ ਨਹੀਂ। ਫੇਸਬੁੱਕ, ਟਵਿੱਟਰ, ਯੂ-ਟਿਊਬ ਅਤੇ ਵੱਟਸਐਪ ਆਦਿ ਦੀ ਦੁਨੀਆਂ ਇਕ ਵੱਖਰੀ ਦੁਨੀਆਂ ਹੈ, ਜਿਸ ਦੀ ਖਿੜਕੀ ਸਾਡੇ ਮੋਬਾਇਲ ਜਾਂ ਕੰਪਿਊਟਰ ਤੋਂ ਖੁੱਲ੍ਹਦੀ ਹੈ। ਨੈੱਟ ਦੀ ਇਸ ਦੁਨੀਆਂ ਨੇ ਮਨੁੱਖ ਦੇ ਜ਼ਿਹਨ ਵਿੱਚ ਖ਼ਾਸ ਤਰ੍ਹਾਂ ਦੀਆਂ ਪਰਵਿਰਤੀਆਂ ਨੂੰ ਪੈਦਾ ਕਰਨਾ ਸ਼ੁਰੂ ਕੀਤਾ ਹੈ। ਇਸ ਦੇ ਸਾਕਾਰਤਮਿਕ ਅਤੇ ਨਕਾਰਾਤਮਿਕ ਦੋਵੇਂ ਪੱਖ ਹਨ। ਮਨੁੱਖੀ ਸੱਭਿਅਤਾ ਦੇ ਇਤਿਹਾਸ ਵਿੱਚ ਮੋਬਾਇਲ

ਇਕ ਐਸਾ ਯੰਤਰ ਹੈ ਜਿਸ ਨੇ ਮਨੁੱਖ ਦੀ ਇਕਾਗਰਤਾ ਨੂੰ ਸਭ ਤੋਂ ਵੱਧ ਭੰਗ ਕੀਤਾ ਹੈ। ਮਰਗ ਦੇ ਸੱਥਰ 'ਤੇ ਬੈਠੇ ਬੰਦੇ ਨੂੰ ਇਹ ਕਈ ਵਾਰ ਖੁਸ਼ਖਬਰੀਆਂ ਸੁਣਾ ਦਿੰਦਾ ਹੈ ਅਤੇ ਵਿਆਹ ਵਿੱਚ ਭੰਗੜਾ ਪਾ ਰਹੇ ਬੰਦੇ ਦੇ ਕੰਨ ਵਿੱਚ ਕੋਈ ਮਨਹੂਸ ਖ਼ਬਰ ਪਾ ਕੇ ਉਸ ਦੇ ਗੀਤ ਦੀ ਧੁਨ 'ਤੇ ਥਿਰਕਦੇ ਪੈਰਾਂ ਨੂੰ ਥਾਏਂ ਬਰੇਕਾਂ ਲਾ ਦਿੰਦਾ ਹੈ। ਕਿਸੇ ਜ਼ਰੂਰੀ ਨੁਕਤੇ 'ਤੇ ਗੰਭੀਰ ਗੱਲ ਕਰ ਰਹੇ ਪੰਜ ਸੱਤ ਬੰਦਿਆਂ 'ਚੋਂ ਜਦੋਂ ਕਿਸੇ ਇਕ ਦੇ ਮੋਬਾਇਲ ਦੀ ਘੰਟੀ ਵੱਜਦੀ ਹੈ ਤਾਂ ਸਾਰੀ ਸਥਿਤੀ ਹੀ ਬਦਲ ਜਾਂਦੀ ਹੈ। ਬਾਕੀ ਬੈਠੇ ਸਾਰੇ ਲੋਕ ਆਪਣੇ ਨੁਕਤੇ ਤੋਂ ਹਟ ਕੇ ਉਸ ਦੇ ਮੂੰਹ ਵੱਲ ਵੇਖਣ ਲੱਗ ਪੈਂਦੇ ਹਨ। ਉਹ ਅਜੇ ਗੱਲ ਕਰਕੇ ਹਟਿਆ ਨਹੀਂ ਹੁੰਦਾ ਕਿ ਕਿਸੇ ਹੋਰ ਦੇ ਮੋਬਾਇਲ ਦੀ ਘੰਟੀ ਖੜਕ ਪੈਂਦੀ ਹੈ। ਫੇਸਬੁੱਕ, ਟਵਿੱਟਰ ਅਤੇ ਵੱਟਸਐਪ ਚਲਾਉਣ ਵਾਲੇ ਬਹੁਤ ਸਾਰੇ ਲੋਕ ਨੈੱਟ ਦੀ ਦੁਨੀਆਂ ਵਿੱਚ ਘੰਟਿਆਂ ਬੱਧੀ ਰੁੱਝੇ ਰਹਿੰਦੇ ਹਨ। 'ਲਾਈਕ' ਅਤੇ 'ਕੁਮੈਂਟਸ' 'ਚੋਂ ਖ਼ੁਸ਼ੀ ਭਾਲਣ ਲਈ ਬਹੁਤ ਸਾਰਾ ਸਮਾਂ ਖ਼ਰਾਬ ਕਰਦੇ ਹਨ। ਇਸ ਵਿੱਚ ਸਿਰਫ਼ ਨੌਜੁਆਨ ਪੀੜ੍ਹੀ ਹੀ ਨਹੀਂ ਬਲਕਿ ਅੱਧਖੜ ਉਮਰ ਦੇ ਲੋਕ ਅਤੇ ਔਰਤਾਂ ਵੀ ਸ਼ਾਮਲ ਹਨ। ਸੋਸ਼ਲ ਸਾਈਟਾਂ ਦੇ ਬਹੁਤ ਸਾਰੇ ਚੰਗੇ ਪੱਖ ਵੀ ਹਨ। ਸੋਸ਼ਲ ਮੀਡੀਆ ਨਾਲ ਆਮ ਲੋਕਾਂ ਨੂੰ ਆਪਣੇ ਵਿਚਾਰ ਰੱਖਣ ਦਾ ਬਹੁਤ ਵੱਡਾ ਮੰਚ ਹਾਸਲ ਹੋਇਆ ਹੈ। ਜੋ ਲੋਕ ਅਖ਼ਬਾਰ ਨਹੀਂ ਪੜ੍ਹਦੇ ਸਨ, ਨੈੱਟ ਰਾਹੀਂ ਉਹ ਮੋਬਾਇਲ ਤੇ ਆਪਣਾ ਪਸੰਦੀਦਾ ਅਖ਼ਬਾਰ ਪੜ੍ਹ ਸਕਦੇ ਹਨ। ਚਰਚਿਤ ਖ਼ਬਰਾਂ ਦੀਆਂ ਕਾਤਰਾਂ ਫੋਟੋਆਂ ਦੇ ਰੂਪ ਵਿੱਚ ਉਹਨਾਂ ਕੋਲ ਪਹੁੰਚ ਜਾਂਦੀਆਂ ਹਨ। ਇਸ ਨਾਲ ਜਿੱਥੇ ਹਰ ਤਰ੍ਹਾਂ ਦੀ ਜਾਣਕਾਰੀ ਹਾਸਲ ਕਰਨਾ ਸੁਖਾਲਾ ਹੋਇਆ ਹੈ ਉੱਥੇ ਹਰ ਤਰ੍ਹਾਂ ਦੀਆਂ ਘਟਨਾਵਾਂ ਸੰਬੰਧੀ ਲੋਕਾਂ ਨੂੰ ਆਪਣੀ ਰਾਏ ਰੱਖਣ ਦਾ ਮੌਕਾ ਵੀ ਹੱਥ ਲੱਗਿਆ ਹੈ। ਸੋਸ਼ਲ ਮੀਡੀਆ ਦੇ ਜਿੱਥੇ ਬਹੁਤ ਸਾਰੇ ਸਾਕਾਰਤਮਿਕ ਪੱਖ ਹਨ ਉੱਥੇ ਇਸ 'ਤੇ ਘਟੀਆ ਤਸਵੀਰਾਂ, ਅਸ਼ਲੀਲ ਸ਼ਬਦਾਵਲੀ, ਕਲਿਪ ਜਾਂ ਦੂਜਿਆਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਵਾਲੀਆਂ ਹਰਕਤਾਂ ਦੀ ਵੀ ਭਰਮਾਰ ਹੈ। ਇਸ ਤੋਂ ਇਲਾਵਾ ਟੀ.ਵੀ. ਚੈਨਲਾਂ ਅਤੇ ਨੈੱਟ ਦੀ ਦੁਨੀਆਂ ਨੇ ਵੱਖ-ਵੱਖ ਤਰ੍ਹਾਂ ਦੀਆਂ ਜ਼ਰੂਰੀ ਅਤੇ ਗ਼ੈਰ-ਜ਼ਰੂਰੀ ਵਸਤਾਂ ਦਾ ਇਕ ਵੱਡਾ ਬਜ਼ਾਰ ਸਾਡੇ ਸਾਹਮਣੇ ਖੋਲ੍ਹਿਆ ਹੈ। ਆਨਲਾਈਨ ਖ਼ਰੀਦੋ-ਫਰੋਖ਼ਤ ਨੂੰ ਹਰ ਦਿਨ ਉਤਸ਼ਾਹ ਮਿਲ ਰਿਹਾ ਹੈ। ਅਸੀਂ ਕਹਿ ਸਕਦੇ ਹਾਂ ਕਿ ਪਹਿਲਾਂ ਮਨੁੱਖ ਕਿਸੇ ਵਸਤੂ ਦੀ ਲੋੜ ਮਹਿਸੂਸ ਕਰਦਾ ਸੀ ਤੇ ਫਿਰ ਚੱਲ ਕੇ ਬਜ਼ਾਰ ਵਿੱਚ ਉਸ ਵਸਤੂ ਨੂੰ ਜਾਂਚ ਪਰਖ ਕਰਕੇ, ਉਸ ਨੂੰ ਆਪਣੇ ਲਈ ਯੋਗ ਸਮਝ ਕੇ ਖ਼ਰੀਦਦਾ ਸੀ। ਅੱਜ ਅਜਿਹਾ ਨਹੀਂ ਹੈ। ਅੱਜ ਬਜ਼ਾਰ ਦੇ ਮੁਨਾਫ਼ਾ ਕਮਾਊ ਰਵੱਈਏ ਰਾਹੀਂ ਮਨੁੱਖ ਨੂੰ ਵਸਤਾਂ ਲਈ ਉਕਸਾਇਆ ਜਾ ਰਿਹਾ ਹੈ। ਕਿਸੇ ਵਸਤੂ ਦੀ ਲੋੜ ਨਾ ਹੋਣ ਦੇ ਬਾਵਜੂਦ ਵੀ ਉਸ ਦੀ ਬਣਾਉਟੀ ਲੋੜ ਪੈਦਾ ਕਰਕੇ ਵਿਖਾਈ ਜਾ ਰਹੀ ਹੈ। ਵਪਾਰਕ ਤਾਕਤਾਂ ਇਹ ਚੰਗੀ ਤਰ੍ਹਾਂ ਸਮਝ ਗਈਆਂ ਹਨ, ਵਾਰ-ਵਾਰ ਇਕ ਚੀਜ਼ ਨੂੰ ਸਕਰੀਨ 'ਤੇ ਵਿਖਾਏ ਜਾਣ ਨਾਲ ਸਮਾਜ ਦੇ ਵੱਡੇ ਹਿੱਸੇ ਨੂੰ ਵਰਗਲਾਇਆ ਜਾ ਸਕਦਾ ਹੈ, ਮੋਟਾ ਮੁਨਾਫ਼ਾ ਕਮਾਇਆ ਜਾ ਸਕਦਾ ਹੈ।

ਅਸੀਂ ਇਸ ਵੇਲੇ ਵਿਗਿਆਨਿਕ ਖੋਜਾਂ ਨਾਲ ਪੈਦਾ ਕੀਤੀਆਂ ਸੁੱਖ ਸਹੂਲਤਾਂ



ਅਤੇ ਇਹਨਾਂ ਦੀ ਕੁਚੱਜੀ ਵਰਤੋਂ ਨਾਲ ਪੈਦਾ ਹੋਏ ਸਮਾਜਿਕ ਅਤੇ ਵਾਤਾਵਰਣਿਕ ਕੁਦਰਤੀ ਵਿਗਾੜਾਂ ਦੀ ਪੱਧਤੀ 'ਤੇ ਖੜ੍ਹੇ ਹਾਂ। ਅਸੀਂ ਕੰਬਲ ਖਿੱਚ ਕੇ ਮੂੰਹ ਢੱਕਿਆ ਤਾਂ ਲੱਤਾਂ ਨੰਗੀਆਂ ਹੋ ਗਈਆਂ। ਅਸੀਂ ਰਸਾਇਣਿਕ ਖਾਦਾਂ ਅਤੇ ਕੀਟ-ਨਾਸ਼ਕ ਦਵਾਈਆਂ ਨਾਲ ਫ਼ਸਲਾਂ ਦੀ ਪੈਦਾਵਾਰ ਵਧਾ ਕੇ ਭੁੱਖਮਰੀ ਦਾ ਇਲਾਜ ਕਰ ਲਿਆ, ਪਰ ਆਪਣੇ ਵਾਤਾਵਰਣ ਨੂੰ ਤਬਾਹ ਵੀ ਕਰ ਦਿੱਤਾ। ਡਾਕਟਰੀ ਵਿਗਿਆਨ ਦੇ ਵਿਕਾਸ ਨਾਲ ਬਹੁਤ ਸਾਰੀਆਂ ਮਹਾਂਮਾਰੀਆਂ 'ਤੇ ਕਾਬੂ ਪਾ ਲਿਆ ਪਰ ਵੱਸੋਂ ਵਿੱਚ ਬੇਤਹਾਸ਼ਾ ਵਾਧਾ ਹੋ ਗਿਆ। ਸਬਮਰਸੀਬਲ ਪੰਪ ਨਾਲ ਪਾਣੀ ਖਿੱਚਣਾ ਅਸਾਨ ਹੋ ਗਿਆ ਪਰ ਧਰਤੀ ਹੇਠਲਾ ਪਾਣੀ ਤੇਜ਼ੀ ਨਾਲ ਖ਼ਤਮ ਹੋਣ ਲੱਗ ਪਿਆ। ਏ.ਸੀ. ਕਮਰਿਆਂ, ਗੱਡੀਆਂ ਨਾਲ ਗਰਮੀ ਨੂੰ ਮਾਤ ਦੇਣ ਦੀ ਕੋਸ਼ਿਸ਼ ਕੀਤੀ ਪਰ ਆਪਣੇ ਆਲੇ-ਦੁਆਲੇ ਨੂੰ ਇਕ ਵੱਡਾ ਤੰਦੂਰ ਬਣਾਉਣਾ ਸ਼ੁਰੂ ਕਰ ਦਿੱਤਾ। ਵਸਤਾਂ ਦੀਆਂ ਸੁਖ ਸਹੂਲਤਾਂ ਅਤੇ ਇਨ੍ਹਾਂ ਨਾਲ ਪੈਦਾ ਹੋਈ ਵਿਹਲ ਨੇ ਵੱਖਰੀ ਤਰ੍ਹਾਂ ਦੇ ਸਰੀਰਕ ਅਤੇ ਮਾਨਸਿਕ ਵਿਕਾਰਾਂ ਨੂੰ ਜਨਮ ਦਿੱਤਾ ਹੈ। ਪ੍ਰਮਾਣੂ ਬੰਬਾਂ ਅਤੇ ਹੋਰ ਰਸਾਇਣਿਕ ਹਥਿਆਰਾਂ ਦੇ ਇੰਨੇ ਵੱਡੇ ਜ਼ਖ਼ੀਰੇ ਪੈਦਾ ਕਰ ਲਏ ਹਨ ਕਿ ਆਪਣੀ ਧਰਤੀ ਵਰਗੀਆਂ ੨੫ ਹੋਰ ਧਰਤੀਆਂ ਤੋਂ ਪਲਾਂ ਵਿੱਚ ਹਰ ਤਰ੍ਹਾਂ ਦੇ ਜੀਵਨ ਨੂੰ ਨੇਸਤੋ ਨਾਬੂਦ ਕੀਤਾ ਜਾ ਸਕਦਾ ਹੈ। ਧਰਤੀ ਦੇ ਕਿਸੇ ਨਾ ਕਿਸੇ ਖਿੱਤੇ ਵਿੱਚ ਹਰ ਦਿਨ ਡੁੱਲ੍ਹ ਰਿਹਾ ਮਨੁੱਖੀ ਖ਼ੂਨ ਦੱਸਦਾ ਹੈ ਕਿ ਸਮੇਂ ਦੇ ਬੀਤਣ ਨਾਲ ਮਨੁੱਖ ਸਿਆਣਾ ਨਹੀਂ ਬਣ ਸਕਿਆ। ਮਨੁੱਖ ਭਾਵੇਂ ਚੰਨ ਤਾਰਿਆਂ ਨਾਲ ਰਾਬਤਾ ਪੈਦਾ ਕਰਨ ਦੀਆਂ ਜੁਗਤਾਂ ਲੱਭ ਰਿਹਾ ਹੈ, ਪਰ ਹਕੀਕਤ ਇਹ ਹੈ ਕਿ ਇਸ ਨੂੰ ਅਜੇ ਧਰਤੀ 'ਤੇ ਵਿਚਰਨਾ ਵੀ ਨਹੀਂ ਆਇਆ। ਵਿਗਿਆਨਿਕ ਵਿਕਾਸ ਨੂੰ ਜ਼ਿੰਦਗੀ ਵਿੱਚ ਕਿਵੇਂ ਆਤਮਸਾਤ (ਸਭ ਪ੍ਰਕਾਰ ਨਾਲ ਆਪਣੇ ਅਧੀਨ) ਕੀਤਾ ਜਾਣਾ ਚਾਹੀਦਾ ਸੀ? ਇਸ ਸੰਬੰਧੀ ਸਾਡੇ ਸਮਾਜ ਦੀਆਂ ਤਰਜੀਹਾਂ ਕੀ ਹੋਣ? ਮਨੁੱਖ ਨੂੰ ਸਮੂਹਿਕ ਤੌਰ 'ਤੇ ਇਸ ਲਈ ਕਿਵੇਂ ਸਿੱਖਿਅਤ ਕੀਤਾ ਜਾਵੇ? ਇਸ ਲਈ ਸਾਡੀ ਸਿੱਖਿਆ-ਪ੍ਰਣਾਲੀ ਵਿੱਚ ਵੀ ਵੱਡੇ ਸੁਧਾਰ ਕਰਨ ਦੀ ਲੋੜ ਸੀ ਅਤੇ ਕੁਝ ਨਵੇਂ ਕਾਨੂੰਨ ਨੇਮ ਵੀ ਬਣਾਏ ਜਾਣੇ ਜ਼ਰੂਰੀ ਸਨ। ਇਹ ਸੋਚ ਅਜੇ, ਸ਼ਾਇਦ ਸਾਡੇ ਜ਼ਿਹਨ ਦਾ ਹਿੱਸਾ ਨਹੀਂ ਬਣੀ। ਨਵੇਂ ਦੌਰ ਤੋਂ ਪੈਦਾ ਹੋਈਆਂ ਬਹੁਤ ਸਾਰੀਆਂ ਅਜਿਹੀਆਂ ਸਮੱਸਿਆਵਾਂ ਹਨ ਜਿਨ੍ਹਾਂ ਦੇ ਮੂਲ ਕਾਰਨਾਂ ਦੀ ਤਲਾਸ਼ ਕਰਨ ਦੀ ਬਜਾਏ ਫ਼ਰਜ਼ੀ ਜਿਹੇ ਹੱਲ ਕੀਤੇ ਜਾ ਰਹੇ ਹਨ।

ਚਾਹੀਦਾ ਤਾਂ ਇਹ ਹੈ ਕਿ ਵਿਗਿਆਨ ਦੀ ਹਰ ਖੋਜ ਮਨੁੱਖਤਾ ਦੀ ਭਲਾਈ ਲਈ ਹੋਵੇ। ਅਜਿਹਾ ਤਾਂ ਹੀ ਹੋ ਸਕਦਾ ਹੈ ਜੇਕਰ ਸਾਡਾ ਰਾਜਨੀਤਕ ਪ੍ਰਬੰਧ ਇਸ ਵਿਸ਼ੇ ਨੂੰ ਲੈ ਕੇ ਸੰਜੀਦਾ ਹੋਵੇ। ਅੱਜ ਬਹੁਤ ਸਾਰੀਆਂ ਵਿਗਿਆਨਿਕ ਤਕਨੀਕਾਂ ਇਹ ਭਾਵੇਂ ਖੇਤੀ, ਸੰਚਾਰ, ਸਿੱਖਿਆ ਜਾਂ ਮਨੋਰੰਜਨ ਨੂੰ ਲੈ ਕੇ ਹੋਣ ਇਹਨਾਂ ਦੀ ਮਾਲਕੀ ਕਾਰਪੋਰੇਟ ਹੱਥਾਂ ਵਿੱਚ ਹੈ। ਬਜ਼ਾਰੂ ਕੰਪਨੀਆਂ ਵੱਲੋਂ ਕੰਪਿਊਟਰ ਸਾਫਟਵੇਅਰ, ਇਲੈਕਟ੍ਰੌਨਿਕ ਯੰਤਰਾਂ ਆਦਿ ਦੀ ਅੰਦਰੂਨੀ ਕਾਰਜ-ਪ੍ਰਣਾਲੀ ਦੀ ਖ਼ਾਸ ਤਰ੍ਹਾਂ ਦੀ ਪ੍ਰੋਗਰਾਮਿੰਗ ਕੀਤੀ ਜਾ ਰਹੀ ਹੈ। ਖ਼ਾਸ ਤਰ੍ਹਾਂ ਦੇ ਪਾਸਵਰਡ ਭਰ ਕੇ ਅਜਿਹੀਆਂ ਵਸਤਾਂ ਬਜ਼ਾਰ ਵਿੱਚ ਉਤਾਰੀਆਂ ਜਾ ਰਹੀਆਂ ਹਨ ਜੋ ਬਣਾਉਣ ਵਾਲੀ ਸੰਬੰਧਿਤ

ਕੰਪਨੀ ਦੇ ਸਮੇਂ ਅਨੁਸਾਰ ਹੀ ਕੰਮ ਕਰਦੀਆਂ ਹਨ ਅਤੇ ਇਹਨਾਂ ਦੀ ਰੀਪੇਅਰ ਵੀ ਕੇਵਲ ਕੰਪਨੀ ਹੀ ਕਰ ਸਕਦੀ ਹੈ। ਇਸ ਨਾਲ ਰੀਪੇਅਰ ਦਾ ਕੰਮ ਕਰਨ ਵਾਲੇ ਕਾਮਿਆਂ/ਦੁਕਾਨਦਾਰਾਂ ਨੂੰ ਕਿਰਤ ਤੋਂ ਵਾਂਝਿਆਂ ਕਰਕੇ ਉਹਨਾਂ ਨੂੰ ਬਜ਼ਾਰ ’ਚੋਂ ਬਾਹਰ ਦਾ ਰਸਤਾ ਦਿਖਾਇਆ ਜਾ ਰਿਹਾ ਹੈ। ਬਜ਼ਾਰੂ ਤਾਕਤਾਂ ਵੱਲੋਂ ਪਹਿਲਾਂ ਲੋਕਾਂ ਨੂੰ ਕਿਸੇ ਵਸਤੂ ਦੀ ਵਰਤੋਂ ਦਾ ਆਦੀ ਬਣਾਉਂਦੀਆਂ ਹਨ ਅਤੇ ਫਿਰ ਉਸ ਤਕਨੀਕ ਤੋਂ ਮੋਟੀਆਂ ਕਮਾਈਆਂ ਕੀਤੀਆਂ ਜਾਂਦੀਆਂ ਹਨ। ਬਜ਼ਾਰ ਅੱਜ ਇਹ ਮੰਨ ਕੇ ਚੱਲ ਰਿਹਾ ਹੈ ਕਿ ਹਰ ਤਰ੍ਹਾਂ ਦੀ ਮਨੁੱਖੀ ਲੋੜ ’ਤੇ ਕਬਜ਼ਾ ਕਰ ਲਿਆ ਜਾਵੇ। ਅੱਜ ਬਿਮਾਰੀਆਂ ਨੂੰ ਇੱਕ ਵੱਡੇ ਕਾਰੋਬਾਰ ਵਜੋਂ ਵੇਖਿਆ ਜਾ ਰਿਹਾ ਹੈ। ਕਾਰਪੋਰੇਟ ਕੰਪਨੀਆਂ ਬਿਮਾਰੀਆਂ ਸੰਬੰਧੀ ਖੋਜਾਂ, ਬਿਮਾਰੀਆਂ ਦੇ ਟੈਸਟਾਂ ਲਈ ਕਿੱਟਾਂ ਅਤੇ ਦਵਾਈਆਂ ਆਦਿ ਤੋਂ ਮੋਟੀਆਂ ਕਮਾਈਆਂ ਕਰ ਰਹੀਆਂ ਹਨ। ਧਰਤੀ ਹੇਠਲੇ ਪਾਣੀ ਅਤੇ ਬਿਜਲੀ ਵਰਗੀਆਂ ਜ਼ਰੂਰੀ ਲੋੜਾਂ ਵਪਾਰਕ ਹੱਥਾਂ ਵੱਲ ਖਿਸਕ ਗਈਆਂ ਹਨ। ਖੇਤੀ ਲਈ ਵੰਸ਼-ਰਹਿਤ (ਜੀ.ਐਮ.) ਫ਼ਸਲੀ ਬੀਜਾਂ ਨੂੰ ਕਲਿਆਣਕਾਰੀ ਮੰਨਿਆ ਜਾ ਰਿਹਾ ਹੈ। ਬਹੁਤ ਥੋੜ੍ਹੇ ਲੋਕ ਸਮਝਦੇ ਹਨ ਕਿ ਅਜਿਹੀਆਂ ਘਿਣੌਨੀਆਂ ਸਾਜ਼ਸ਼ਾਂ ਨਾਲ ਮਨੁੱਖੀ ਲੋੜਾਂ ਨੂੰ ਕੁਝ ਕੁ ਹੱਥਾਂ ਵਿੱਚ ਦੇਣ ਦੀ ਖੇਡ ਖੇਡੀ ਜਾ ਰਹੀ ਹੈ। ਇਹ ਖੇਡ ਦੇਸ਼ ਦੀ ਬਹੁਗਿਣਤੀ ਲਈ ਬੇਹੱਦ ਘਾਤਕ ਅਤੇ ਬਜ਼ਾਰੂ ਕੰਪਨੀਆਂ ਲਈ ਵਰਦਾਨ ਸਾਬਤ ਹੋਵੇਗੀ। ਇਹ ਸਾਰਾ ਕੁਝ ਸਾਬਤ ਕਰਦਾ ਹੈ ਕਿ ਆਉਣ ਵਾਲਾ ਸਮਾਂ ਆਮ ਮਨੁੱਖ ਲਈ ਹੋਰ ਚੁਣੌਤੀਆਂ ਭਰਿਆ ਹੋਵੇਗਾ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਤਕਨੀਕੀ ਵਿਕਾਸ ਦਾ ਹੋਣਾ ਜ਼ਰੂਰੀ ਹੈ ਪਰ ਇਹ ਵਿਕਾਸ ਸਮਾਜ ਦੀ ਭਲਾਈ ਲਈ ਹੋਣਾ ਚਾਹੀਦਾ ਹੈ। ਅੱਜ ਇਸ ਤਰ੍ਹਾਂ ਤਕਨੀਕ ਨੂੰ ਵੱਖ-ਵੱਖ ਕੰਪਨੀਆਂ ਮੋਟੇ ਮੁਨਾਫ਼ੇ ਕਮਾਉਣ ਲਈ ਵਰਤ ਰਹੀਆਂ ਹਨ। ਲੋਕਾਂ ਨੂੰ ਇਸ ਪ੍ਰਤੀ ਸੁਚੇਤ ਕਰਨ ਦੀ ਲੋੜ ਹੈ ਅਤੇ ਇਸ ਸੰਬੰਧੀ ਨਵੇਂ ਕਾਨੂੰਨ, ਨੇਮ ਬਣਾਏ ਜਾਣ ਦੀ ਲੋੜ ਹੈ। ਸਾਡੇ ਦੇਸ਼ ਦਾ ਆਮ ਨਾਗਰਿਕ ਇਸ ਪ੍ਰਤੀ ਸੁਚੇਤ ਨਹੀਂ। ਇਹ ਇਕ ਅਜਿਹਾ ਗ਼ਲਬਾ ਹੈ ਜਿਸ ਨਾਲ ਸਮਾਜ ਦੀ ਅਦਿੱਖ ਗ਼ੁਲਾਮੀ ਦਾ ਮੁੱਢ ਬੰਨ੍ਹਿਆ ਜਾ ਰਿਹਾ ਹੈ।

ਤੇਜ਼ੀ ਨਾਲ ਬਦਲ ਰਹੇ ਸਮਾਜਿਕ, ਰਾਜਨੀਤਕ, ਸਭਿਆਚਾਰਕ ਅਤੇ ਤਕਨੀਕੀ ਵਰਤਾਰਿਆਂ ਦੀ ਥਾਹ ਪਾਉਣ ਲਈ ਸਾਨੂੰ ਆਪਣੀ ਅਜੋਕੀ ਸਿੱਖਿਆ ਦੇ ਪਾਠ-ਕ੍ਰਮ ਵਿੱਚ ਵੱਡੀਆਂ ਤਬਦੀਲੀਆਂ ਕਰਨ ਦੀ ਲੋੜ ਹੈ। ਸਮਾਜ ਦੇ ਵੱਡੇ ਵਰਗ ਨੂੰ ਉਸਾਰੂ ਸਾਹਿਤ ਨਾਲ ਜੋੜਨ ਦੀ ਲੋੜ ਹੈ। ਚੰਗੀਆਂ ਅਖ਼ਬਾਰਾਂ ਜੋ ਮਾਤ-ਭਾਸ਼ਾ ਵਿੱਚ ਛਪਦੀਆਂ ਹਨ ਉਹ ਇਸ ਸੰਬੰਧੀ ਬੜਾ ਉਸਾਰੂ ਰੋਲ ਨਿਭਾ ਸਕਦੀ ਹੈ। ਪਰ ਅਖ਼ਬਾਰਾਂ ਦਾ ਅਜੇ ਸਾਡੇ ਪਿੰਡਾਂ ਤਕ ਜਾਣਾ ਬਾਕੀ ਹੈ। ਤਕਨੀਕੀ ਵਿਕਾਸ ਨਾਲ ਕਿਰਤ ਸਭਿਆਚਾਰ ਵਿਕਸਿਤ ਕੀਤਾ ਜਾਣਾ ਚਾਹੀਦਾ ਹੈ। ਸਾਨੂੰ ਆਪਣੇ ਪਿੰਡਾਂ, ਸ਼ਹਿਰਾਂ, ਕਸਬਿਆਂ, ਵਿੱਚ ਵੱਡੀ ਗਿਣਤੀ ਵਿੱਚ ਨੌਜੁਆਨਾਂ ਨੂੰ ਕੰਮ ਦੇਣ ਲਈ ਚੀਨ ਵਰਗਾ ਆਧੁਨਿਕ ਕਿਰਤ ਢਾਂਚਾ ਉਸਾਰਨ ਦੀ ਲੋੜ ਹੈ, ਤਾਂ ਕਿ ਬਹੁਗਿਣਤੀ ਬੇਰੁਜ਼ਗਾਰ ਫਿਰ ਰਹੀ ਨੌਜੁਆਨੀ ਨੂੰ ਆਹਰੇ ਵੀ ਲਾਇਆ ਜਾ ਸਕੇ।



# ਤਬਾਹਕੁਨ ਸਾਬਤ ਹੋਵੇਗਾ ਦੇਸ਼ ਲਈ ਅਖੌਤੀ ਵਿਕਾਸ

ਸਾਡੇ ਦੇਸ਼ ਦੇ ਰਾਜਸੀ ਗਲਿਆਰਿਆਂ ਵਿੱਚ ਵੋਟ ਬਟੋਰੂ ਨਾਹਰੇ, ਹੈਰਾਨੀਜਨਕ ਵਾਅਦੇ ਅਤੇ ਲੋਕਾਂ ਦੀ ਜੂਨ ਸੁਧਾਰਨ ਲਈ ਹਵਾਈ ਬਿਆਨਬਾਜ਼ੀਆਂ ਤਾਂ ਬਹੁਤ ਹਨ, ਪਰ ਦੇਸ਼ ਨੂੰ ਅੱਗੇ ਲੈ ਜਾਣ ਵਾਲੀ ਸੁਹਿਰਦ ਸੋਚ ਦਾ ਪੈਦਾ ਹੋਣਾ ਅਜੇ ਬਾਕੀ ਹੈ। ਮੁਲਕ ਵਿੱਚ ਹੁਣ ਤਕ ‘ਵਿਕਾਸ’ ਦੇ ਮੰਤਰ ਨੂੰ ਵਰਤ ਕੇ ਵੱਖ-ਵੱਖ ਪਾਰਟੀਆਂ ਸੱਤਾ ਹਾਸਲ ਕਰਦੀਆਂ ਰਹੀਆਂ ਹਨ, ਪਰ ਅਜੇ ਵਿਕਾਸ ਦਾ ਉਹ ਦੌਰ ਨਹੀਂ ਆਇਆ ਜਿਸ ਨੂੰ ਦੇਖ ਕੇ ਕਿਹਾ ਜਾ ਸਕੇ ਕਿ ਹੁਣ ਮੁਲਕ ਦਾ ਸਹੀ ਅਰਥਾਂ ਵਿੱਚ ਵਿਕਾਸ ਹੋਵੇਗਾ। ਇੱਥੇ ਵੱਡੇ ਘਰਾਣਿਆਂ, ਕੁਝ ਰਾਜਨੀਤਕ ਨੇਤਾਵਾਂ ਅਤੇ ਕਾਰਪੋਰੇਟਾਂ ਦਾ ਵਿਕਾਸ ਤਾਂ ਜ਼ਰੂਰ ਹੋਇਆ ਪਰ ਆਮ ਲੋਕਾਂ ਨੂੰ ਵਿਕਾਸ ਦੇ ਸਿਰਫ਼ ਲਾਰੇ ਲਾ ਕੇ ਹੀ ਸਾਰਿਆ ਗਿਆ।

ਦੇਸ਼ ਵਿੱਚ ਜਿੱਥੇ ਕੁਝ ਪੱਖਾਂ ਤੋਂ ਕੁਝ ਹੱਦ ਤਕ ਵਿਕਾਸ ਹੋਇਆ ਹੈ ਉੱਥੇ ਬਹੁਤੇ ਸੂਬਿਆਂ ਵਿੱਚ ਪ੍ਰਾਈਵੇਟ ਕੰਪਨੀਆਂ ਨੂੰ ਲਾਭ ਪਹੁੰਚਾਉਣ ਲਈ ਜਨਤਕ ਅਦਾਰਿਆਂ ਦਾ ਜਾਣ-ਬੁੱਝ ਕੇ ਭੋਗ ਪਾ ਕੇ, ਲੋਕਾਂ ਨੂੰ ਚੰਗੀਆਂ ਸਹੂਲਤਾਂ ਤੋਂ ਵਾਂਝਿਆਂ ਕਰ ਦਿੱਤਾ ਗਿਆ ਹੈ। ਦੇਸ਼ ਵਿੱਚ ਕਈ ਜਨਤਕ ਅਦਾਰੇ ਕੰਗਾਲ ਹੋ ਗਏ ਹਨ। ਮੁਲਕ ਦੇ ਧਨਾਢ ਰਾਜਨੇਤਾਵਾਂ ਨੇ ਹੋਰ ਮੁਲਕਾਂ ਵਿੱਚ ਆਪਣੇ ਵੱਡੇ-ਵੱਡੇ ਕਾਰੋਬਾਰ ਸਥਾਪਤ ਕਰ ਲਏ ਹਨ। ਕਾਲੇ ਧਨ ਨਾਲ ਸਵਿੱਸ ਬੈਂਕਾਂ ਨੂੰ ਮਾਲਾਮਾਲ ਕੀਤਾ ਹੈ। ਦੂਜੇ ਮੁਲਕਾਂ ਅਤੇ ਸੂਬਿਆਂ ਵਿੱਚ ਜ਼ਮੀਨਾਂ ਜਾਇਦਾਦਾਂ ਖ਼ਰੀਦੀਆਂ ਹਨ। ਦੇਸ਼ ਅਤੇ ਸੂਬੇ ਕਰਜ਼ਾਈ ਹੋਏ ਹਨ ਜਦਕਿ ਦੇਸ਼ ਦੇ ਬਹੁਤੇ ਰਾਜਨੇਤਾ ਅਤਿ ਅਮੀਰ ਬਣੇ ਹਨ। ਇਹ ਸਭ ਕੁਝ ਦੱਸਦਾ ਹੈ ਕਿ ਹੁਣ ਤਕ ਦਾ ਸਾਡਾ ਵਿਕਾਸ ‘ਸਰਕਾਰੀ ਪੈਸਾ ਕੁਝ ਖ਼ਰਚੋ ਤੇ ਬਾਕੀ ਖਾਓ’ ਦੀ ਤਰਜ਼ ’ਤੇ ਹੁੰਦਾ ਰਿਹਾ ਹੈ। ਅਜੇ ਵੀ ਇਹ ਅਮਲ ਬਾਦਸਤੂਰ ਜਾਰੀ ਹੈ, ਇਹ ਰੁਕਿਆ ਨਹੀਂ।

ਮੁਲਕ ਵਿੱਚ ਵਿਕਾਸ ਦਾ ਉਹ ਦੌਰ ਆਉਣਾ ਅਜੇ ਬਾਕੀ ਹੈ ਜਿਸ ਨੂੰ ਵੇਖ ਕੇ ਕਿਹਾ ਜਾ ਸਕੇ ਕਿ ਵਾਕਿਆ ਹੀ ਹੁਣ ਹਕੀਕੀ ਰੂਪ ਵਿੱਚ ਵਿਕਾਸ ਹੋਵੇਗਾ ਅਤੇ ਇਹ ਵਿਕਾਸ ਸੱਚਮੁੱਚ ਹੀ ਸਾਨੂੰ ਵਿਕਸਿਤ ਮੁਲਕਾਂ ਦੀ ਸ਼੍ਰੇਣੀ ਵਿੱਚ ਖੜ੍ਹਾ ਕਰ ਦੇਵੇਗਾ। ਚੀਨ ਵਰਗੇ ਮੁਲਕ ਨੇ ਦੇਸ਼ ਵਿੱਚ ਜ਼ਿਆਦਾ ਅਬਾਦੀ ਹੋਣ ਦੇ ਬਾਵਜੂਦ ਵੀ ਜਿੱਥੇ ਅਬਾਦੀ ’ਤੇ ਕੰਟਰੋਲ ਕਰਨ ਲਈ ਸਖ਼ਤੀ ਵਰਤੀ ਉੱਥੇ ਆਪਣੇ ਲੋਕਾਂ ਨੂੰ ਕੰਮ ਨਾਲ ਜੋੜਨ ਦੀਆਂ ਭਰਪੂਰ ਕੋਸ਼ਿਸ਼ਾਂ ਕੀਤੀਆਂ ਅਤੇ ਇਸ ਵਿੱਚ ਸਫਲਤਾ ਵੀ ਹਾਸਲ ਕੀਤੀ। ਇਸ ਦੇ ਉਲਟ ਸਾਡੇ ਮੁਲਕ ਦੀ ਅੱਜ ਵੀ ਹਾਲਤ ਇਹ ਹੈ ਕਿ ਇੱਥੇ ਵੱਡੀ ਤਾਦਾਦ ਵਿੱਚ ਲੋਕ ਆਪਣੇ ਧੰਦਿਆਂ ਨਾਲੋਂ ਟੁੱਟ ਰਹੇ ਹਨ। ਛੋਟੇ ਕਿਸਾਨ ਬੜੀ ਤੇਜ਼ੀ ਨਾਲ ਜ਼ਮੀਨ ਵਿਹੂਣੇ ਹੋ ਰਹੇ ਹਨ। ਛੋਟੀਆਂ ਸਨਅਤਾਂ ਸਰਕਾਰਾਂ ਦੀ ਅਣਦੇਖੀ ਕਰਕੇ ਬੰਦ ਹੋ ਰਹੀਆਂ ਹਨ। ਇਹ ਠੀਕ ਹੈ ਸਾਡੇ ਨੇਤਾ ਭਾਸ਼ਣਾਂ ਵਿੱਚ ਬੜੇ ਸਬਜ਼ਬਾਗ ਲੋਕਾਂ ਨੂੰ ਦਿਖਾਉਂਦੇ ਹਨ, ਪਰ ਮੁਲਕ ਦੇ 40% ਅਤਿ ਗ਼ਰੀਬ ਲੋਕਾਂ ਦੇ ਵਿਕਾਸ ਲਈ ਉਹਨਾਂ ਕੋਲ ਕੀ ਪ੍ਰੋਗਰਾਮ ਹੈ ਅਤੇ ਦੇਸ਼

ਦੇ ਬੇਰੁਜ਼ਗਾਰ ਫਿਰ ਰਹੇ ਲੱਖਾਂ ਨੌਜੁਆਨਾਂ ਲਈ ਰੁਜ਼ਗਾਰ ਦਾ ਪ੍ਰਬੰਧ ਉਹ ਕਿਵੇਂ ਕਰਨਗੇ, ਇਹ ਸਭ ਕੁਝ ਉਹਨਾਂ ਦੀਆਂ ਤਕਰੀਰਾਂ 'ਚੋਂ ਗ਼ਾਇਬ ਹੈ।

ਸਾਡਾ ਅੱਜ ਦਾ ਵਿਕਾਸ ਵੋਟ ਅਧਾਰਤ ਵਿਕਾਸ ਮਾਡਲ ਹੈ। ਸਾਡੇ ਸਰਕਾਰੀ ਕੰਮਾਂ ਵਿੱਚ ਦੂਰ-ਦ੍ਰਿਸ਼ਟੀ ਦੀ ਵੱਡੀ ਘਾਟ ਹੈ। ਸਾਡੇ ਪ੍ਰੋਗਰਾਮ ਵਕਤੀ ਹਨ। ਲੋਕ ਲੁਭਾਵਣੇ ਹਨ। ਸਕੀਮਾਂ ਵੋਟਾਂ ਨੂੰ ਧਿਆਨ ਵਿੱਚ ਰੱਖ ਕੇ ਘੜੀਆਂ ਜਾਂਦੀਆਂ ਹਨ। ਅਜੇ ਉਹ ਵਕਤ ਨਹੀਂ ਆਇਆ ਜਦੋਂ ਮੁਲਕ ਵਿੱਚ ਆਉਣ ਵਾਲੇ 50 ਸਾਲਾਂ ਜਾਂ ਇਸ ਤੋਂ ਵੀ ਵੱਧ ਸਾਲਾਂ ਦੇ ਸਮੇਂ ਨੂੰ ਧਿਆਨ ਵਿੱਚ ਰੱਖ ਕੇ ਪ੍ਰੋਗਰਾਮ ਉਲੀਕੇ ਜਾਣਗੇ। ਜਿਹੜੇ ਦੇਸ਼ਾਂ ਵਿੱਚ ਸਰਕਾਰੀ ਸਕੀਮਾਂ, ਭਵਿੱਖ ਨੂੰ ਧਿਆਨ ਵਿੱਚ ਰੱਖ ਕੇ ਘੜੀਆਂ ਗਈਆਂ ਉੱਥੇ ਵਿਕਾਸ ਵੀ ਹੋਇਆ। ਇੱਥੇ ਚੀਨ ਦੀ ਉਦਾਹਰਣ ਸਾਡੇ ਸਾਹਮਣੇ ਹੈ। ਸਾਡੀ ਵਿਕਾਸ ਨੀਤੀ ਇਹ ਹੈ ਕਿ ਜੇਕਰ ਕਿਸੇ ਸੜਕ ਦੇ ਹੇਠਾਂ ਸੀਵਰੇਜ ਪਾਇਆ ਜਾਣਾ ਹੈ ਤਾਂ ਇੱਥੇ ਕੋਸ਼ਿਸ਼ ਇਹ ਹੁੰਦੀ ਹੈ ਕਿ ਉਸ ਸੜਕ ਨੂੰ ਇਕ ਵਾਰ ਨਵੇਂ ਸਿਰਿਓਂ ਬਣਾ ਕੇ ਕਮਾਈ ਕੀਤੀ ਜਾਂਦੀ ਹੈ ਅਤੇ ਫਿਰ ਮਹੀਨੇ ਬਾਅਦ ਇਸ ਨੂੰ ਪੁੱਟ ਕੇ ਸੀਵਰੇਜ ਦਾ ਕੰਮ ਸ਼ੁਰੂ ਕਰਵਾਇਆ ਜਾਂਦਾ ਹੈ। ਸੀਵਰੇਜ ਦੇ ਕੰਮ ਨਾਲ ਸੜਕਾਂ ਗਲੀਆਂ ਨੂੰ 20-20 ਫੁੱਟ ਡੂੰਘਾ ਪੁੱਟਿਆ ਜਾਂਦਾ ਹੈ। ਇਸ ਨਾਲ ਸੰਬੰਧਿਤ ਇਲਾਕੇ ਦੀ ਪਾਣੀ ਦੀ ਸਪਲਾਈ, ਬਿਜਲੀ, ਟੈਲੀਫ਼ੋਨ, ਇੰਟਰਨੈੱਟ ਸਭ ਸਹੂਲਤਾਂ ਠੱਪ ਹੋ ਜਾਂਦੀਆਂ ਹਨ। ਲੋਕਾਂ ਲਈ ਜ਼ਰੂਰੀ ਸਹੂਲਤਾਂ ਦਾ ਅਗਾਊਂ ਪ੍ਰਬੰਧ ਕਰਕੇ ਪੁਟਾਈ ਕਰਨੀ ਤਾਂ ਦੂਰ ਇੱਥੇ ਲੋਕ ਪਹਿਲੀਆਂ ਸਹੂਲਤਾਂ ਨੂੰ ਬਹਾਲ ਕਰਵਾਉਣ ਲਈ ਮਹੀਨਿਆਂ ਬੱਧੀ ਖੱਜਲ ਖੁਆਰ ਹੁੰਦੇ ਰਹਿੰਦੇ ਹਨ। ਸ਼ਹਿਰਾਂ ਵਿੱਚ ਜਦੋਂ ਅਜਿਹੇ ਵੱਡੇ ਪ੍ਰੋਜੈਕਟ ਚੱਲਦੇ ਹਨ ਤਾਂ ਮਹੀਨਿਆਂ ਬੱਧੀ ਲੋਕ ਧੂੜ ਫੱਕਦੇ ਹਨ। ਇਹ ਵੀ ਸੱਚ ਹੈ ਕਿ ਜੇਕਰ ਕਿਤੇ ਕੋਈ ਸੁਧਾਰ ਕਰਨਾ ਹੈ ਤਾਂ ਉਸ ਲਈ ਕੁਝ ਮੁਸ਼ਕਲਾਂ ਆਉਣੀਆਂ ਵੀ ਕੁਦਰਤੀ ਗੱਲ ਹੈ। ਪਰ ਦੁੱਖ ਉਸ ਸਮੇਂ ਹੁੰਦਾ ਹੈ ਜਦੋਂ ਲੋਕ ਇਸ ਅਖੌਤੀ ਵਿਕਾਸ ਦੇ ਨਾਮ 'ਤੇ ਖੱਜਲ ਖੁਆਰ ਵੀ ਹੁੰਦੇ ਹਨ ਅਤੇ ਪਰਨਾਲਾ ਵੀ ਉੱਥੇ ਦਾ ਉੱਥੇ ਹੀ ਰਹਿੰਦਾ ਹੈ। ਕਾਰਨ ਇਹ ਕਿ ਇੱਕ ਮਹਿਕਮਾ ਅਜੇ ਆਪਣਾ ਕੰਮ ਮੁਕਾ ਕੇ ਹਟਦਾ ਹੈ ਤੇ ਕੋਈ ਦੂਸਰਾ ਹੋਰ ਮਹਿਕਮਾ ਸੜਕਾਂ ਪੁੱਟ ਕੇ ਪਾਈਪਾਂ ਪਾਉਣ ਲਈ ਤਿਆਰ ਖੜ੍ਹਾ ਹੁੰਦਾ ਹੈ। ਹੁਣ ਜਦੋਂ ਸ਼ਹਿਰਾਂ ਵਿੱਚ ਸੀਵਰੇਜ ਦਾ ਕੰਮ ਹੋ ਰਿਹਾ ਹੈ ਤਾਂ ਕੀ ਸਾਰੇ ਮਹਿਕਮੇ ਜਿਵੇਂ ਬਿਜਲੀ, ਵਾਟਰ ਸਪਲਾਈ, ਟੈਲੀਫ਼ੋਨ ਅਤੇ ਇੰਟਰਨੈੱਟ ਆਦਿ ਲਈ ਲੋੜੀਂਦੀਆਂ ਪਾਈਪਾਂ ਪਾਉਣ ਦਾ ਕੰਮ ਨਾਲੋ-ਨਾਲ ਨਹੀਂ ਨਿਬੇੜਿਆ ਜਾ ਸਕਦਾ? ਇੱਥੇ ਹਾਲਾਤ ਇਹ ਹਨ ਕਿ ਇਕ ਮਹਿਕਮਾ ਆਪਣੇ ਕੰਮ ਲਈ ਧਨ ਜੁਟਾ ਕੇ ਕੰਮ ਸ਼ੁਰੂ ਕਰਦਾ ਹੈ ਦੂਜਾ ਮਹਿਕਮਾ ਕੰਗਾਲੀ ਭੋਗ ਰਿਹਾ ਹੁੰਦਾ ਹੈ। ਇੱਥੇ ਅਕਸਰ ਇਹ ਖ਼ਬਰਾਂ ਪੜ੍ਹਨ ਨੂੰ ਮਿਲਦੀਆਂ ਹਨ। ਬਿੱਲ ਨਾ ਭਰਨ ਕਾਰਨ ਵਾਟਰ ਬਕਸ ਦਾ ਬਿਜਲੀ ਕੁਨੈਕਸ਼ਨ ਕੱਟਿਆ। ਇਹ ਸਭ ਕੁਝ ਦਰਸਾਉਂਦਾ ਹੈ ਕਿ ਲੋਕਾਂ ਨੂੰ ਲਗਾਤਾਰ ਮੁੱਢਲੀਆਂ ਸਹੂਲਤਾਂ ਮੁਹੱਈਆ ਕਰਵਾਉਣ ਲਈ ਵੀ ਸਾਡੀਆਂ ਸਰਕਾਰਾਂ ਕੋਲ ਕੋਈ ਠੋਸ ਪ੍ਰੋਗਰਾਮ ਨਹੀਂ ਹੈ। ਆਮ ਲੋਕ, ਵਿਕਾਸ-ਵਿਕਾਸ ਦੀਆਂ ਟਾਹਰਾਂ



ਤਾਂ ਹਰ ਰੋਜ਼ ਸੁਣਦੇ ਹਨ ਪਰ ਹਕੀਕਤਾਂ ਕੁਝ ਹੋਰ ਦਰਸਾਉਂਦੀਆਂ ਹਨ। ਬਿਜਲੀ ਪਾਣੀ ਵਰਗੀਆਂ ਲੋੜਾਂ ਲਈ ਲੋਕਾਂ ਨੂੰ ਧਰਨੇ, ਮੁਜ਼ਾਹਰੇ ਕਰਨੇ ਪੈਂਦੇ ਹਨ। ਟੁੱਟੀਆਂ ਸੜਕਾਂ 'ਤੇ ਸਫ਼ਰ ਕਰਦਿਆਂ ਲੋਕ ਖੱਜਲ-ਖੁਆਰ ਹੁੰਦੇ ਹਨ। ਪ੍ਰਧਾਨ ਮੰਤਰੀ ਵੱਲੋਂ ਸਫ਼ਾਈ ਅਭਿਆਨ ਚਲਾਇਆ ਜਾ ਰਿਹਾ ਹੈ। ਪਰ ਸ਼ਹਿਰਾਂ ਵਿੱਚ ਥਾਂ-ਥਾਂ ਲੱਗੇ ਕੂੜੇ ਦੇ ਢੇਰ ਸਵੱਛ ਭਾਰਤ ਮੁਹਿੰਮ ਦਾ ਮੂੰਹ ਚਿੜਾਉਂਦੇ ਹਨ। ਸਫ਼ਾਈ ਕਾਰਜਾਂ ਨੂੰ ਲਗਾਤਾਰ ਯਕੀਨੀ ਬਣਾਉਣ ਲਈ ਬਹੁਤ ਸਾਰੇ ਹੋਰ ਸਫ਼ਾਈ ਸੇਵਕਾਂ ਦੀ ਭਰਤੀ ਕਰਨ ਦੀ ਲੋੜ ਹੈ। ਜਦਕਿ ਹਾਲਾਤ ਇਹ ਹਨ ਕਿ ਪਹਿਲਾਂ ਤੋਂ ਕੰਮ ਕਰਦੇ ਸਫ਼ਾਈ ਸੇਵਕ ਆਪਣੀਆਂ ਮੰਗਾਂ ਨੂੰ ਲੈ ਕੇ ਵਾਰ-ਵਾਰ ਹੜਤਾਲਾਂ ਕਰ ਰਹੇ ਹਨ।

ਸ਼ਹਿਰਾਂ ਦੀ ਅਬਾਦੀ ਲਗਾਤਾਰ ਵਧ ਰਹੀ ਹੈ, ਜਿਸ ਨਾਲ ਮਿਊਂਸਪਲ ਕਮੇਟੀਆਂ ਅਤੇ ਨਗਰ ਨਿਗਮਾਂ ਦੁਆਰਾ ਕੀਤੇ ਜਾਣ ਵਾਲੇ ਕੰਮ ਲਗਾਤਾਰ ਵਧ ਰਹੇ ਹਨ। ਪਰ ਹਕੀਕਤਾਂ ਇਹ ਹਨ ਕਿ ਲੋੜੀਂਦੇ ਫੰਡਾਂ ਦੀ ਘਾਟ ਕਾਰਨ ਇਹਨਾਂ ਦੇ ਕੰਮਾਂ ਦੀ ਰਫ਼ਤਾਰ ਵਧਣ ਦੀ ਬਜਾਏ ਹੋਰ ਸੁਸਤ ਹੋ ਗਈ ਹੈ, ਜਿਸ ਨਾਲ ਕਈ ਤਰ੍ਹਾਂ ਦੀਆਂ ਹੋਰ ਸਮੱਸਿਆਵਾਂ ਪੈਦਾ ਹੋ ਰਹੀਆਂ ਹਨ। ਪਿੰਡਾਂ ਵਿੱਚ ਦਿੱਤੀਆਂ ਜਾਣ ਵਾਲੀਆਂ ਗ੍ਰਾਂਟਾਂ 'ਚੋਂ ਹੁਣ ਤਕ 100 'ਚੋਂ 80 ਗਲੀਆਂ ਨਾਲੀਆਂ ਪੱਕੀਆਂ ਕਰਨ ਦੇ ਮਕਸਦ ਨਾਲ ਦਿੱਤੀਆਂ ਜਾਂਦੀਆਂ ਹਨ। ਪਰ ਸਾਢੇ ਛੇ ਦਹਾਕੇ ਬੀਤ ਜਾਣ 'ਤੇ ਵੀ ਇਸ ਕੰਮ ਨੂੰ ਨੇਪਰੇ ਨਹੀਂ ਚਾੜ੍ਹਿਆ ਜਾ ਸਕਿਆ; ਆਖ਼ਿਰ ਇਹ ਗਲੀਆਂ ਨਾਲੀਆਂ ਕਦੋਂ ਕੁ ਤਕ ਬਣਦੀਆਂ ਰਹਿਣਗੀਆਂ? ਕਾਰਨ ਸਿਰਫ਼ ਇਹੋ ਹੀ ਹੈ ਕਿ ਸਾਡੀਆਂ ਯੋਜਨਾਵਾਂ ਭਵਿੱਖਮੁਖੀ ਨਹੀਂ ਹਨ। ਇਹ ਠੀਕ ਹੈ ਕਿ ਨਵੀਂ ਵੱਸੋਂ ਲਈ ਵੀ ਅਜਿਹੀਆਂ ਸਹੂਲਤਾਂ ਦੀ ਲੋੜ ਲਗਾਤਾਰ ਬਣੀ ਰਹਿੰਦੀ ਹੈ। ਪਰ ਸਾਡੀਆਂ ਜਨਤਕ ਯੋਜਨਾਵਾਂ ਘੱਟੋ-ਘੱਟ ਪੰਜਾਹ ਸਾਲਾਂ ਦੇ ਭਵਿੱਖ ਨੂੰ ਧਿਆਨ ਵਿੱਚ ਰੱਖ ਕੇ ਬਣਾਈਆਂ ਜਾਣੀਆਂ ਚਾਹੀਦੀਆਂ ਹਨ। ਮਿਸਾਲ ਵਜੋਂ ਜੇਕਰ ਕਿਤੇ ਕਿਸੇ ਖਸਤਾ ਹਾਲਤ ਸੜਕ ਨੂੰ ਬਣਾਇਆ ਜਾਣਾ ਹੈ ਤਾਂ ਇਸ ਲਈ ਸਾਰੇ ਮਹਿਕਮਿਆਂ ਜਿਵੇਂ ਬਿਜਲੀ. ਵਾਟਰ ਵਰਕਸ, ਟੈਲੀਫ਼ੋਨ, ਕੇਬਲ ਨੈੱਟਵਰਕ, ਆਦਿ ਸਭ ਨੂੰ ਸੜਕ ਪੁੱਟਣ ਵੇਲੇ ਆਪਣੇ ਕੰਮ ਨਾਲੋ-ਨਾਲ ਕਰ ਲੈਣੇ ਚਾਹੀਦੇ ਹਨ ਅਤੇ ਇਹ ਸਭ ਕੁਝ ਭਵਿੱਖ ਨੂੰ ਧਿਆਨ ਵਿੱਚ ਰੱਖ ਕੇ ਕੀਤਾ ਜਾਣਾ ਚਾਹੀਦਾ ਹੈ। ਜਿਵੇਂ ਪਿਛਲੇ ਅਰਸੇ ਦੌਰਾਨ ਪੰਜਾਬ ਦੇ ਕੁਝ ਸ਼ਹਿਰਾਂ ਵਿੱਚ ਸੀਵਰੇਜ਼ ਦਾ ਕੰਮ 20-20 ਫੁੱਟ ਡੂੰਘੀਆਂ ਸੜਕਾਂ ਪੁੱਟ ਕੇ ਕੀਤਾ ਗਿਆ। ਹੁਣ ਚਾਹੀਦਾ ਤਾਂ ਇਹ ਸੀ ਕਿ ਬਿਜਲੀ ਲਾਈਨਾਂ ਨੂੰ ਅੰਡਰ ਗ੍ਰਾਊਂਡ ਕਰਨ ਦਾ ਕੰਮ ਵੀ ਨਾਲ ਹੀ ਹੋ ਜਾਂਦਾ। ਇਸ ਨਾਲ ਜਿੱਥੇ ਕਰੋੜਾਂ ਰੁਪਏ ਬਚਾਏ ਜਾ ਸਕਦੇ ਹਨ ਉੱਥੇ ਲੋਕਾਂ ਦੀ ਵਾਰ-ਵਾਰ ਦੀ ਖੱਜਲ ਖੁਆਰੀ ਵੀ ਨਹੀਂ ਹੋਣੀ ਸੀ। ਪਰ ਅਜਿਹਾ ਹੋਇਆ ਨਹੀਂ। ਇਹ ਸਭ ਕੁਝ ਦਰਸਾਉਂਦਾ ਹੈ ਕਿ ਸਾਡੇ ਪ੍ਰਸ਼ਾਸਨਿਕ ਢਾਂਚੇ ਵਿੱਚ ਉਸ ਸੋਚ ਦਾ ਆਉਣਾ ਅਜੇ ਬਾਕੀ ਹੈ, ਜਿਸ ਤੋਂ ਸਮਝਿਆ ਜਾਵੇ ਕਿ ਦੇਸ਼ ਦਾ ਸਹੀ ਅਰਥਾਂ ਵਿੱਚ ਵਿਕਾਸ ਹੋ ਰਿਹਾ ਹੈ। ਜਿੰਨੀ ਦੇਰ ਸਾਡੀਆਂ ਸੋਚਾਂ ਭਵਿੱਖਮੁਖੀ ਨਹੀਂ ਹੋਣਗੀਆਂ ਉਨੀ ਦੇਰ ਅਸੀਂ ਵਿਕਾਸ ਵਿਕਾਸ ਦੇ ਭਾਸ਼ਣ ਸੁਣਦੇ ਰਹਾਂਗੇ ਅਤੇ ਅਖੌਤੀ ਵਿਕਾਸ ਮਾਡਲ ਨੂੰ ਉਡੀਕਦੇ ਰਹਾਂਗੇ।

ਆਉਣ ਵਾਲੇ ਕਈ ਸਾਲਾਂ ਤਕ 'ਵਿਕਾਸ' ਸਾਡੀਆਂ ਰਾਜਸੀ ਪਾਰਟੀਆਂ ਦਾ ਚੋਣ ਏਜੰਡਾ ਬਣਦਾ ਰਹੇਗਾ। ਲੋਕਾਂ ਦੀ ਖੱਜਲ ਖੁਆਰੀ ਜਾਰੀ ਰਹੇਗੀ। ਬਾਹਰਲੇ ਮੁਲਕਾਂ ਵਿੱਚ ਸਾਡੇ ਮਹਾਨ ਭਾਰਤ ਲਈ 'ਇੰਡੀਆ ਇਜ਼ ਏ ਓਪਨ ਬਾਥਰੂਮ' ਵਰਗੇ ਫਿਕਰੇ ਵਰਤੇ ਜਾਂਦੇ ਹਨ। ਕਿਸੇ ਬਾਹਰਲੇ ਵਿਕਸਿਤ ਮੁਲਕ ਜਾਪਾਨ, ਕੈਨੇਡਾ ਜਾਂ ਅਮਰੀਕਾ ਨੂੰ ਦੇਖ ਕੇ ਅਸੀਂ ਸੋਚੀਏ ਕਿ ਉੱਥੇ ਬੜੀ ਸਫ਼ਾਈ ਹੈ, ਉਸੇ ਤਰ੍ਹਾਂ ਦੀ ਸਫ਼ਾਈ ਇੱਥੇ ਸਾਡੇ ਮੁਲਕ ਵਿੱਚ ਵੀ ਹੋਣੀ ਚਾਹੀਦੀ ਹੈ। ਅਜਿਹਾ ਕਰਨ ਲਈ ਝਾੜੂ ਚੁੱਕ ਕੇ ਅਖ਼ਬਾਰਾਂ ਵਿੱਚ ਫੋਟੋ ਪ੍ਰਕਾਸ਼ਿਤ ਕਰਵਾਉਣ ਲੱਗ ਜਾਈਏ, ਇਸ ਨਾਲ ਇਹ ਸੋਚ ਤਾਂ ਪੈਦਾ ਹੋ ਸਕਦੀ ਹੈ ਕਿ ਸਾਨੂੰ ਵੀ ਆਪਣਾ ਆਲਾ-ਦੁਆਲਾ ਸਾਫ਼ ਰੱਖਣਾ ਚਾਹੀਦਾ ਹੈ; ਪਰ ਇਸ ਨੂੰ ਹਕੀਕਤ ਵਿੱਚ ਨਹੀਂ ਬਦਲਿਆ ਜਾ ਸਕਦਾ। ਹਕੀਕਤ ਵਿੱਚ ਮੁਲਕ ਨੂੰ ਸਾਫ਼-ਸੁਥਰਾ ਬਣਾਉਣ ਅਤੇ ਵਿਕਾਸ ਕਰਨ ਲਈ ਸਾਡੀਆਂ ਸੋਚਾਂ ਦੇ ਵਿਕਾਸ ਦੇ ਨਾਲ-ਨਾਲ ਵੱਡੀਆਂ ਭਵਿੱਖੀ ਯੋਜਨਾਵਾਂ ਅਤੇ ਲੋੜੀਂਦੇ ਸਾਧਨਾਂ ਦੀ ਵੱਡੀ ਜ਼ਰੂਰਤ ਹੈ।

ਦਰਅਸਲ ਕਿਸੇ ਵੀ ਦੇਸ਼ ਦਾ ਵਿਕਾਸ ਓਨੀ ਦੇਰ ਸੰਭਵ ਨਹੀਂ ਜਿੰਨੀ ਦੇਰ ਸਥਾਨਕ ਲੋਕਾਂ ਦਾ ਵਿਕਾਸ ਨਹੀਂ ਹੁੰਦਾ। ਸਾਡੇ ਮੁਲਕ ਵਿੱਚ ਕਰੋੜਾਂ ਲੋਕ ਬੇਰੁਜ਼ਗਾਰ ਫਿਰ ਰਹੇ ਹਨ। ਲੋਕ ਕੰਮ ਚਾਹੁੰਦੇ ਹਨ ਪਰ ਸਰਕਾਰਾਂ ਵੱਲੋਂ ਲੋਕਾਂ ਨੂੰ ਸਸਤੇ ਆਟੇ ਦਾਲ ਦੀਆਂ ਖ਼ੈਰਾਤਾਂ ਦਿੱਤੀਆਂ ਜਾ ਰਹੀਆਂ ਹਨ। ਦੇਸ਼ ਵਿੱਚ ਭਿਆਨਕ ਰੂਪ ਅਖ਼ਤਿਆਰ ਕਰ ਰਹੀ ਬੇਰੁਜ਼ਗਾਰੀ, ਵਧਦੀ ਆਬਾਦੀ, ਸਾਡੀਆਂ ਰਾਜਸੀ ਪਾਰਟੀਆਂ ਦੇ ਚੋਣ ਏਜੰਡੇ ਨਹੀਂ ਹਨ। ਲੱਖਾਂ ਗ਼ਰੀਬ ਲੋਕ ਸਿਹਤ ਅਤੇ ਸਿੱਖਿਆ ਵਰਗੀਆਂ ਸਹੂਲਤਾਂ ਤੋਂ ਵਾਂਝੇ ਹਨ। ਗ਼ਰੀਬੀ, ਮੰਦਹਾਲੀ ਦੇ ਝੰਬੇ ਗ਼ਰੀਬ ਅਤੇ ਨਿਤਾਣੇ ਲੋਕਾਂ ਦੇ ਨਿੱਕੇ-ਨਿੱਕੇ ਬੱਚੇ ਢਾਬਿਆਂ ਹੋਟਲਾਂ 'ਤੇ ਭਾਂਡੇ ਮਾਂਜਦੇ ਹਰ ਸ਼ਹਿਰ ਵਿੱਚ ਵੇਖੇ ਜਾ ਸਕਦੇ ਹਨ। ਦੇਸ਼ ਦੀ ਅਜਿਹੀ ਸਥਿਤੀ ਜਿਸ ਵਿੱਚ ਅੱਧੀ ਆਬਾਦੀ ਦਾ ਪੂਰਾ ਦਿਨ ਦੋ ਡੰਗ ਦੀ ਰੋਟੀ ਦਾ ਜੁਗਾੜ ਕਰਦਿਆਂ ਬੀਤ ਜਾਂਦਾ ਹੈ ਦੀ ਜੂਨ ਸੁਧਾਰਨ ਲਈ ਵਿਕਾਸ ਦੇ ਦਾਹਵੇ ਕਰਨ ਵਾਲਿਆਂ ਕੋਲ ਫਿਲਹਾਲ ਅਜੇ ਕੋਈ ਪ੍ਰੋਗਰਾਮ ਨਹੀਂ ਹੈ। ਟੋਲ ਟੈਕਸਾਂ ਵਾਲੀਆਂ ਸੜਕਾਂ ਪੁਲਾਂ ਦੀ ਉਸਾਰੀ ਹੀ ਕਿਸੇ ਦੇਸ਼ ਦਾ ਵਿਕਾਸ ਨਹੀਂ, ਸਗੋਂ ਵਿਕਾਸ ਇਸ ਗੱਲ 'ਤੇ ਨਿਰਭਰ ਕਰਦਾ ਹੈ ਕਿ ਕਿਸੇ ਖਿੱਤੇ ਵਿੱਚ ਰਹਿਣ ਵਾਲੇ ਲੋਕਾਂ ਕੋਲ ਰੁਜ਼ਗਾਰ ਦੇ ਸਾਧਨ ਕੀ ਹਨ ਅਤੇ ਜਿਊਣ ਹਾਲਤਾਂ ਕਿੰਨੀਆਂ ਕੁ ਸਾਜ਼ਗਾਰ ਹਨ। ਜਿਸ ਵਿਕਾਸ ਦੀ ਦੇਸ਼ ਵਿੱਚ ਗੱਲ ਹੋ ਰਹੀ ਹੈ ਉਸ ਨਾਲ ਲੋਕਾਂ ਨੂੰ ਵੋਟਾਂ ਲਈ ਵਰਗਲਾਇਆ ਅਤੇ ਪਰਚਾਇਆ ਤਾਂ ਜਾ ਸਕਦਾ ਹੈ ਪਰ ਇਸ ਵਿਕਾਸ ਮਾਡਲ ਵਿੱਚ ਦੇਸ਼ ਦਾ ਵਿਕਾਸ ਸੰਭਵ ਨਹੀਂ।



# ਵਿਕਾਸ-ਏ-ਦੌਰ ਕੇ ਆਲਮ ਹੀ ਨਿਰਾਲੇ ਹੈਂ

ਪੰਜਾਬ ਦੀ ਧਰਤੀ ਨੂੰ ਜ਼ਰਖ਼ੇਜ਼ ਮਿੱਟੀ ਹੋਣ ਦਾ ਮਾਣ ਪ੍ਰਾਪਤ ਹੈ। ਪੰਜਾਬ ਦੇ ਲੋਕ ਜਦੋਂ ਪੰਜਾਬ ਦੇ ਕਿਸੇ ਖੇਤੀਬਾੜੀ ਵਾਲੇ ਖੇਤਰ ਦੀ ਸਿਫ਼ਤ ਕਰਦੇ ਹਨ ਤਾਂ ਕਹਿੰਦੇ ਹਨ, "ਉਹ ਤਾਂ ਬੰਦਾ ਪੈਦਾ ਕਰਨ ਵਾਲੀ ਜ਼ਮੀਨ ਏ।" ਭਾਵ ਨਿਰਜੀਵ ਨੂੰ ਸਜੀਵ ਕਰ ਦੇਣ ਵਾਲੀ ਧਰਤੀ। ਅਦੀਬਾਂ ਸ਼ਾਇਰਾਂ ਨੇ ਇਸ ਧਰਤੀ ਨੂੰ ਮਾਂ ਦਾ ਦਰਜਾ ਦੇ ਕੇ ਵਡਿਆਇਆ ਹੈ। ਪੰਜਾਬ ਦੇ ਲੋਕ ਜਿੱਥੇ ਧਰਤੀ ਦੇ ਅਣਖੀ ਕਮਾਊ ਪੁੱਤਰਾਂ ਵਜੋਂ ਜਾਣੇ ਜਾਂਦੇ ਹਨ ਉੱਥੇ ਇਹਨਾਂ ਦੇ ਤਗੜੇ ਜੁੱਸੇ, ਚੌੜੀਆਂ ਛਾਤੀਆਂ ਅਤੇ ਖੁੱਲ੍ਹੀ ਡੀਲ ਡੌਲ ਵਾਲੇ ਲੋਕਾਂ ਵਜੋਂ ਵੱਖਰੀ ਪਛਾਣ ਹੈ।

ਪਰ ਅੱਜ, ਜੇਕਰ ਅਸੀਂ ਪੰਜਾਬ ਦੀ ਧਰਤੀ ਅਤੇ ਇਸ ਦੀ ਆਬੋ ਹਵਾ ਦੀ ਗੱਲ ਕਰੀਏ ਤਾਂ ਹਰ ਚਿੰਤਕ ਮਨੁੱਖ ਨੂੰ ਲੱਗਦਾ ਹੈ ਕਿ ਮਾਣ ਕਰਨ ਯੋਗ ਕੁਝ ਵੀ ਨਹੀਂ ਰਿਹਾ। ਅੱਜ ਪੰਜਾਬ ਦੀ ਮਿੱਟੀ, ਪਾਣੀ, ਹਵਾ ਪੂਰੀ ਤਰ੍ਹਾਂ ਪਲੀਤ ਹੋ ਗਏ ਹਨ। ਜਿਸ ਧਰਤੀ 'ਤੇ ਅਸੀਂ ਮਾਣ ਕਰਦੇ ਨਹੀਂ ਥੱਕਦੇ ਸਾਂ ਉੱਥੇ ਪੈਦਾ ਹੋਣ ਵਾਲੇ ਅਨਾਜ/ਸਬਜ਼ੀਆਂ ਵਿੱਚ ਜ਼ਹਿਰ ਦੇ ਅੰਸ਼ ਵਿਆਪਕ ਹੋਣ ਲੱਗ ਪਏ ਹਨ। ਪੰਜਾਬ ਦੇ ਸਰਦੇ-ਪੁਜਦੇ ਲੋਕਾਂ ਦੀ ਕੋਸ਼ਿਸ਼ ਹੈ ਕਿ ਸਬਜ਼ੀਆਂ ਅਤੇ ਅਨਾਜ ਪੰਜਾਬ ਦੀ ਬਜਾਏ ਕਿਸੇ ਹੋਰ ਸੂਬੇ ਤੋਂ ਆਏ, ਬੇਸ਼ੱਕ ਮਹਿੰਗੇ ਮਿਲ ਜਾਣ ਤਾਂ ਚੰਗਾ ਹੈ। **ਪੰਜਾਂ ਪਾਣੀਆਂ ਦੀ ਧਰਤੀ ਦੇ ਵਾਰਸਾਂ ਨੇ ਪਾਣੀ ਨੂੰ ਇੰਨਾ ਗੰਧਲਾ/ਬਰਬਾਦ ਕਰ ਦਿੱਤਾ ਹੈ ਕਿ ਹੁਣ 15-15 ਰੁਪਏ ਲਿਟਰ ਪਾਣੀ ਖ਼ਰੀਦ ਕੇ ਪੀ ਰਹੇ ਹਨ। ਪਾਣੀ ਸੰਬੰਧੀ ਅਸੀਂ ਮੁਹਾਵਰਾ ਵਰਤਦੇ ਸੀ "ਪਾਣੀ ਵੀ ਕਿਤੇ ਮੁੱਲ ਵਿਕਦਾ ਏ?" ਪਰ ਅੱਜ ਵਿਆਹਾਂ ਸ਼ਾਦੀਆਂ ਅਤੇ ਹੋਰ ਸਮਾਗਮਾਂ 'ਤੇ ਹਜ਼ਾਰਾਂ ਰੁਪਏ ਪਾਣੀ 'ਤੇ ਹੀ ਖ਼ਰਚ ਹੋ ਜਾਂਦੇ ਹਨ।** ਅਸੀਂ ਪੰਜਾਬ ਦੇ ਲੋਕ ਜੇਕਰ ਕਿਸੇ ਨੂੰ ਸਭ ਤੋਂ ਵੱਧ ਸਤਿਕਾਰ ਦਿੰਦੇ ਹਾਂ ਤਾਂ ਉਹ ਹਨ ਗੁਰੂ ਨਾਨਕ ਦੇਵ ਜੀ। ਗੁਰੂ ਸਾਹਿਬ ਨੇ ਮਿੱਟੀ, ਪਾਣੀ, ਹਵਾ ਨੂੰ ਸਤਿਕਾਰ ਦਿੰਦਿਆਂ ਫ਼ਰਮਾਇਆ ਸੀ:- **ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ॥** ਪਰ ਗੁਰੂ ਸਾਹਿਬ ਦੇ ਫ਼ਲਸਫ਼ੇ ਨੂੰ ਭੁੱਲ ਕੇ ਪੰਜਾਬ ਵਾਸੀਆਂ ਨੇ ਜਿੰਨੀ ਬੇਕਦਰੀ ਇਹਨਾਂ ਤਿੰਨਾਂ ਕੁਦਰਤੀ ਵਸੀਲਿਆਂ ਦੀ ਕੀਤੀ ਹੈ ਓਨੀ ਹਿੰਦੁਸਤਾਨ ਦੇ ਕਿਸੇ ਸੂਬੇ ਵਿੱਚ ਨਹੀਂ ਹੋਈ।

ਅੱਜ ਸਾਡੀ ਤਰਾਸਦੀ ਇਹ ਹੈ ਕਿ ਅਸੀਂ ਹਰ ਹੀਲਾ ਵਰਤ ਕੇ ਪੈਸਾ ਇਕੱਠਾ ਕਰਨ ਨੂੰ ਤਰਜੀਹ ਦੇ ਰਹੇ ਹਾਂ। ਇਸ ਮਨੋਬਿਰਤੀ ਨਾਲ ਪੈਦਾ ਹੋਏ ਵਾਤਾਵਰਣਿਕ ਵਿਗਾੜਾਂ ਨੇ ਸਿੱਧਾ ਸਾਡੀ ਤੰਦਰੁਸਤੀ ਨੂੰ ਖ਼ਤਮ ਕਰਨਾ ਸ਼ੁਰੂ ਕਰ ਦਿੱਤਾ ਹੈ। ਵਾਤਾਵਰਣ ਨੂੰ ਪਲੀਤ ਕਰਕੇ ਕਮਾਏ ਪੈਸਿਆਂ ਨਾਲ, ਤੰਦਰੁਸਤੀ ਹਾਸਲ ਕਰਨ ਲਈ ਪੰਜਾਬ ਦੀ ਬਹੁਗਿਣਤੀ ਹੁਣ ਹਸਪਤਾਲਾਂ ਵਿੱਚ ਭਟਕ ਰਹੀ

ਹੈ। ਇਹਦਾ ਸਭ ਤੋਂ ਵੱਧ ਖ਼ਮਿਆਜ਼ਾ ਉਹ ਗ਼ਰੀਬ ਲੋਕ ਭੋਗ ਰਹੇ ਹਨ ਜੋ ਵਿਚਾਰੇ ਅਜਿਹੀ ਸਥਿਤੀ ਪੈਦਾ ਕਰਨ ਦੇ ਕਦੇ ਵੀ ਹਿੱਸੇਦਾਰ ਨਹੀਂ ਰਹੇ। ਬਿਮਾਰੀਆਂ ਪੱਖੋਂ ਪੰਜਾਬ ਦੇ ਹਾਲਾਤ ਬੜੇ ਨਾਜ਼ਕ ਹਨ। ਬੰਦੇ ਪੈਦਾ ਕਰਨ ਵਾਲੀ ਇਸ ਧਰਤੀ 'ਤੇ ਅੱਜ ਕੈਂਸਰ, ਹੈਪੇਟਾਈਟਸ ਬੀ, ਹੈਪੇਟਾਈਟਸ ਸੀ, ਏਡਜ਼, ਸ਼ੂਗਰ, ਹਾਰਟ ਅਟੈਕ, ਹਾਈ ਬਲੱਡ-ਪ੍ਰੈਸ਼ਰ, ਟੀ.ਬੀ., ਸਾਹ ਦਮਾ, ਟਾਈਫਾਈਡ ਬੁਖ਼ਾਰ, ਵਰਗੇ ਰੋਗ ਵੱਡੀ ਗਿਣਤੀ 'ਚ ਲੋਕਾਂ ਨੂੰ ਆਪਣੀ ਲਪੇਟ ਵਿੱਚ ਲੈ ਰਹੇ ਹਨ। ਪਿਛਲੇ ਕੁਝ ਅਰਸੇ ਤੋਂ ਮਰਦਾਂ ਵਿੱਚ ਬੱਚਾ ਪੈਦਾ ਕਰਨ ਦੀ ਸ਼ਕਤੀ ਔਸਤਨ ਲਗਾਤਾਰ ਘੱਟ ਹੋਣ ਲੱਗ ਪਈ ਹੈ। ਡਾਕਟਰੀ ਵਿਗਿਆਨ ਅਨੁਸਾਰ ਵਧ ਰਿਹਾ ਪ੍ਰਦੂਸ਼ਣ ਬੱਚਾ ਪੈਦਾ ਕਰਨ ਵਾਲੇ ਸ਼ੁਕਰਾਣੂਆਂ ਦੇ ਖ਼ਾਤਮੇ ਲਈ ਜ਼ਿੰਮੇਵਾਰ ਹੈ। ਜੇਕਰ ਖਾਣ-ਪੀਣ ਦੀ ਗੱਲ ਕਰੀਏ ਤਾਂ ਬਜ਼ਾਰੂ ਤਾਕਤਾਂ ਨੇ ਸਾਡੇ ਪੰਜਾਬੀ ਖਾਣਿਆਂ ਨੂੰ ਬੜੀ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ ਹੈ। ਨਵੀਂ ਪੀੜ੍ਹੀ ਜੋ ਨੂਡਲਾਂ, ਬਰਗਰਾਂ, ਡੋਸਿਆਂ ਅਤੇ ਪੀਜ਼ਿਆਂ ਦੀ ਸ਼ੌਕੀਨ ਹੈ ਕਈ ਤਰ੍ਹਾਂ ਦੇ ਪੇਟ ਦੇ ਰੋਗਾਂ—ਗੈਸ, ਬਦਹਜ਼ਮੀ, ਅਲਸਰ, ਐਸੀਡਿਟੀ ਦਾ ਸ਼ਿਕਾਰ ਹੋ ਰਹੀ ਹੈ। ਵਿਹਲੇ ਰਹਿਣ ਅਤੇ ਗ਼ਲਤ ਖਾਣ-ਪੀਣ ਕਰਕੇ ਨੌਜੁਆਨਾਂ ਵਿੱਚ ਵੀ ਹਾਈ ਕਲੈਸਟਰੋਲ ਜਿਸ ਵਿੱਚ ਖ਼ਾਸ ਕਰਕੇ ਟਰਾਈਗਲਾਈਸੀਰਾਈਡ/ ਐਲ. ਡੀ. ਐਲ. ਦੀ ਮਾਤਰਾ ਸਰੀਰ ਵਿੱਚ ਵਧ ਰਹੀ ਹੈ, ਜਿਸ ਨਾਲ ਛੋਟੀ ਉਮਰ ਦੇ ਲੋਕਾਂ ਵਿੱਚ ਵੀ ਪੰਜਾਬ ਵਿੱਚ ਦਿਲ ਸੰਬੰਧੀ ਬਿਮਾਰੀਆਂ ਵਿੱਚ ਤੇਜ਼ੀ ਨਾਲ ਵਾਧਾ ਹੋਣਾ ਸ਼ੁਰੂ ਹੋ ਗਿਆ ਹੈ। ਹਰ ਕਰਿਆਨੇ ਵਾਲੀ ਦੁਕਾਨ ਤੋਂ ਲੈ ਕੇ ਪੈਟਰੋਲ ਪੰਪਾਂ ਤਕ ਪਈਆਂ ਵਸਤਾਂ ਲੇਜ਼, ਕੁਰਕਰੇ ਅਤੇ ਹੋਰ ਪੈਕਟ ਬੰਦ ਲੂਣੀਆਂ ਕਰਾਰੀਆਂ ਵਸਤਾਂ ਖਾਣ ਨਾਲ ਛੋਟੇ-ਛੋਟੇ ਬੱਚੇ ਕਈ ਤਰ੍ਹਾਂ ਦੇ ਸਰੀਰਕ ਅਤੇ ਮਾਨਸਿਕ ਵਿਕਾਰਾਂ ਦੇ ਸ਼ਿਕਾਰ ਹੋ ਰਹੇ ਹਨ। ਇਹ ਵਸਤਾਂ ਜੋ ਜ਼ਿਆਦਾਤਰ ਬੱਚੇ ਖਾਂਦੇ ਹਨ, ਲੂਣੀਆਂ ਮਸਾਲੇਦਾਰ ਹੋਣ ਕਰਕੇ, ਖਾਣ ਉਪਰੰਤ ਵਾਰ-ਵਾਰ ਪਾਣੀ ਪੀਣਾ ਪੈਂਦਾ ਹੈ। ਪੈਕਟ ਬੰਦ ਖਾਣ ਵਾਲੀਆਂ ਇਨ੍ਹਾਂ ਵਸਤਾਂ ਦੇ ਤੇਜ਼ ਅਤੇ ਤਿੱਖੇ ਸਵਾਦਾਂ ਦੀ ਆਦਤ ਵੱਸ ਬੱਚਿਆਂ ਨੂੰ ਕੇਲੇ ਸੇਬ ਅਤੇ ਹੋਰ ਫਲ ਫਿੱਕੇ ਲੱਗਣ ਲੱਗ ਪੈਂਦੇ ਹਨ। ਅਜਿਹੀਆਂ ਵਸਤਾਂ ਖਾਣ ਵਾਲੇ ਬੱਚੇ ਬੜੀ ਤੇਜ਼ੀ ਨਾਲ ਵੱਖ-ਵੱਖ ਤਰ੍ਹਾਂ ਦੇ ਮਾਨਸਿਕ ਅਤੇ ਸਰੀਰਕ ਵਿਕਾਰਾਂ ਦੇ ਸ਼ਿਕਾਰ ਬਣ ਰਹੇ ਹਨ। ਬੱਚਿਆਂ ਦੇ ਸੰਬੰਧ ਵਿੱਚ ਸਭ ਤੋਂ ਮਾੜਾ ਪੱਖ ਇਹ ਹੈ ਕਿ ਪ੍ਰਾਈਵੇਟ ਮਹਿੰਗੇ ਸਕੂਲਾਂ ਵਿੱਚ ਪੜ੍ਹਦੇ ਬੱਚਿਆਂ ਨੂੰ ਸਕੂਲਾਂ ਵੱਲੋਂ ਹਦਾਇਤਾਂ ਦਿੱਤੀਆਂ ਜਾਂਦੀਆਂ ਹਨ ਕਿ ਅੱਜ ਟਿਫਨ ਵਿੱਚ ਮੈਗੀ, ਮਕਰੋਨੀ, ਪਾਸਤਾ, ਸੈਂਡਵਿਚ ਵਰਗੇ ਖਾਣਿਆਂ ਦੀਆਂ ਹਦਾਇਤਾਂ ਕਰਕੇ ਆਪਣੇ ਆਪ ਲਈ ਆਧੁਨਿਕ ਹੋਣ ਦਾ ਭਰਮ ਪਾਲਦੇ ਹਨ। ਅਜਿਹੇ ਸਕੂਲਾਂ ਦੀਆਂ ਕੰਟੀਨਾਂ 'ਚ ਅਜਿਹੀਆਂ ਵਸਤਾਂ ਦੀ ਭਰਮਾਰ ਹੁੰਦੀ ਹੈ। ਇਕ ਪ੍ਰਾਈਵੇਟ ਸਕੂਲ ਦੀ ਅਧਿਆਪਕ ਨੇ ਦੱਸਿਆ ਕਿ ਉਹਨਾਂ ਦੇ ਸਕੂਲ ਵਿੱਚ ਪੜ੍ਹਦੇ 300 ਬੱਚਿਆਂ 'ਚੋਂ ਰੋਜ਼ਾਨਾ 5-6 ਬੱਚੇ ਬਿਮਾਰ ਹੁੰਦੇ ਹਨ, ਉਲਟੀਆਂ



ਕਰਨ ਲੱਗ ਜਾਂਦੇ ਹਨ।

ਬੇਤਰਤੀਬੇ ਵਿਕਾਸ ਨੇ ਲੋਕਾਂ ਲਈ ਕਈ ਤਰ੍ਹਾਂ ਦੀਆਂ ਮੁਸ਼ਕਲਾਂ ਪ੍ਰੇਸ਼ਾਨੀਆਂ ਪੈਦਾ ਕੀਤੀਆਂ ਹਨ। ਫੈਕਟਰੀਆਂ, ਕੱਪੜੇ ਅਤੇ ਚਮੜਾ ਰੰਗਣ ਵਾਲੇ ਕਾਰਖ਼ਾਨੇ, ਸ਼ਰਾਬ ਫੈਕਟਰੀਆਂ, ਮੋਟਰਕਾਰਾਂ, ਭੱਠੇ, ਖੇਤੀਬਾੜੀ ਦੀ ਰਹਿੰਦ-ਖੂੰਦ ਨੂੰ ਅੱਗ ਲਾਉਣ, ਕੀਟ-ਨਾਸ਼ਕ ਦਵਾਈਆਂ ਆਦਿ ਨਾਲ ਲਗਾਤਾਰ ਵਿਆਪਕ ਪੱਧਰ 'ਤੇ ਹੋ ਰਹੇ ਪ੍ਰਦੂਸ਼ਣ ਨਾਲ ਪੰਜਾਬ ਵਾਸੀਆਂ ਵਿੱਚ ਕਈ ਤਰ੍ਹਾਂ ਦੇ ਜੈਨੇਟਿਕ ਵਿਗਾੜ ਵੀ ਆਉਣ ਲੱਗੇ ਹਨ। ਸਾਡੀਆਂ ਜੀਨਜ਼ ਲੜੀਆਂ ਇਸ ਤੋਂ ਪ੍ਰਭਾਵਿਤ ਹੋਣ ਲੱਗੀਆਂ ਹਨ। ਪਿਛਲੇ ਕੁਝ ਹੀ ਸਾਲਾਂ ਵਿੱਚ ਪੰਜਾਬ ਦੀ ਧਰਤੀ ਤੋਂ ਪੰਛੀਆਂ ਦੀਆਂ ਕੁਝ ਨਸਲਾਂ ਦਾ ਸਫ਼ਾਇਆ ਹੋ ਗਿਆ ਹੈ। ਜਦੋਂ ਧਰਤੀ ਦੇ ਕਿਸੇ ਹਿੱਸੇ ਵਿੱਚ ਅਜਿਹਾ ਕੁਝ ਵਾਪਰਦਾ ਹੈ ਤਾਂ ਇਹ ਇਕ ਤਰ੍ਹਾਂ ਜਵਿਨ ਲਈ ਭਿਆਨਕ ਸਥਿਤੀ ਦੇ ਪੈਦਾ ਹੋਣ ਦੇ ਸਪੱਸ਼ਟ ਸੰਕੇਤ ਕਹੇ ਜਾ ਸਕਦੇ ਹਨ। ਜੋ ਵਾਤਾਵਰਣ ਪੰਛੀਆਂ ਜਿਹੀਆਂ ਮਲੂਕ ਜਿੰਦਾਂ ਲਈ ਸਾਜ਼ਗਾਰ ਨਹੀਂ, ਉਹ ਮਨੁੱਖ ਲਈ ਕਿੰਨਾ ਸਮਾਂ ਢੁਕਵਾਂ ਰਹਿ ਸਕਦਾ ਹੈ? ਮਾਲਵਾ ਖੇਤਰ ਵਿੱਚ ਜਿਵੇਂ ਵੱਡੀ ਪੱਧਰ 'ਤੇ ਲੋਕ ਕੈਂਸਰ ਵਰਗੀ ਭਿਆਨਕ ਬਿਮਾਰੀ ਦੇ ਸ਼ਿਕਾਰ ਬਣ ਰਹੇ ਹਨ ਉਹਦੀ ਮਿਸਾਲ ਦੁਨੀਆਂ ਵਿੱਚ ਹੋਰ ਕਿਤੇ ਨਹੀਂ। ਨਿੱਕੇ-ਨਿੱਕੇ ਬੱਚਿਆਂ ਨੂੰ ਵੀ ਇਹ ਬਿਮਾਰੀ ਆਪਣਾ ਸ਼ਿਕਾਰ ਬਣਾ ਰਹੀ ਹੈ। ਸਥਿਤੀ ਬੜੀ ਭਿਆਨਕ ਬਣ ਰਹੀ ਹੈ। ਇੰਞ ਜਾਪਦਾ ਹੈ ਜਿਵੇਂ ਪੰਜਾਬ ਦਾ ਪੂਰਾ ਖਿੱਤਾ ਇਕ ਵੱਡੇ ਹਸਪਤਾਲ ਦਾ ਰੂਪ ਲੈ ਰਿਹਾ ਹੋਵੇ। ਤੰਦਰੁਸਤੀ ਲਗਾਤਾਰ ਘਟ ਰਹੀ ਹੈ। ਬਿਮਾਰੀਆਂ ਦੁਸ਼ਵਾਰੀਆਂ ਵਿਆਪਕ ਹੋਣ ਲੱਗੀਆਂ ਹਨ। ਗੰਧਲੇ ਵਾਤਾਵਰਨ, ਦੂਸ਼ਿਤ ਖਾਣ-ਪੀਣ, ਜ਼ਿੰਦਗੀ ਦੀ ਭੱਜ ਦੌੜ ਨਾਲ ਬਦਲੇ ਰਹਿਣ-ਸਹਿਣ ਦੇ ਤੌਰ ਤਰੀਕਿਆਂ ਨਾਲ ਸਰੀਰਕ ਤੌਰ 'ਤੇ ਹੀ ਨਹੀਂ ਬਲਕਿ ਮਾਨਸਿਕ ਤੌਰ 'ਤੇ ਵੀ ਲੋਕ ਕਈ ਤਰ੍ਹਾਂ ਦੇ ਵਿਕਾਰਾਂ ਦੇ ਸ਼ਿਕਾਰ ਬਣ ਰਹੇ ਹਨ। ਸਹਿਣਸ਼ੀਲਤਾ ਘਟ ਰਹੀ ਹੈ ਪਿਛਲੇ ਕੁਝ ਹੀ ਸਮੇਂ ਵਿੱਚ ਮਾਨਸਿਕ ਰੋਗੀਆਂ ਦੀ ਗਿਣਤੀ ਪੰਜਾਬ ਵਿੱਚ ਬੜੀ ਤੇਜ਼ੀ ਨਾਲ ਵਧਣ ਲੱਗੀ ਹੈ।

ਅੱਜ ਪੰਜਾਬ ਵਿੱਚ ਭਿਆਨਕ ਬਿਮਾਰੀਆਂ ਲਈ ਵੱਡੇ ਹਸਪਤਾਲ ਬਣਾਉਣ, ਸਾਫ਼ ਪਾਣੀ ਲਈ ਆਰ. ਓ. ਸਿਸਟਮ ਲਗਾਉਣ, ਨੌਜੁਆਨਾਂ ਦੀ ਨਸ਼ਿਆਂ ਤੋਂ ਮੁਕਤੀ ਲਈ ਨਸ਼ਾ ਛੁਡਾਊ ਕੇਂਦਰ ਸਥਾਪਤ ਕਰਨ ਦੀਆਂ ਗੱਲਾਂ ਹੋ ਰਹੀਆਂ ਹਨ। ਠੀਕ ਹੈ, ਲੋੜਵੰਦਾਂ ਨੂੰ ਅਜਿਹੇ ਵਸੀਲਿਆਂ ਦੀ ਜ਼ਰੂਰਤ ਹੈ ਪਰ ਇਹ ਸਾਡੇ ਮਸਲਿਆਂ ਦੇ ਸਥਾਈ ਹੱਲ ਨਹੀਂ ਹਨ। ਵਾਤਾਵਰਨ ਨੂੰ ਠੀਕ ਕਰਨ ਲਈ ਰੁੱਖ ਲਗਾਉਣ 'ਤੇ ਜ਼ੋਰ ਦਿੱਤਾ ਜਾ ਰਿਹਾ ਹੈ। ਅਜਿਹੇ ਉਪਰਾਲਿਆਂ ਨਾਲ ਵਾਤਾਵਰਨ ਨੂੰ ਪਲੀਤ ਕਰਨ ਵਾਲੇ ਵਰਤਾਰਿਆਂ ਦੀ ਸ਼ਨਾਖ਼ਤ ਕਰਕੇ ਉਹਨਾਂ 'ਤੇ ਤੁਰੰਤ ਰੋਕ ਲਗਾਈ ਜਾਣੀ ਚਾਹੀਦੀ ਹੈ। ਕਿਸੇ ਧੰਦੇ ਜਾਂ ਕਾਰੋਬਾਰ 'ਚੋਂ ਕਮਾਈ

ਬੇਸ਼ੱਕ ਘੱਟ ਹੋ ਜਾਵੇ ਪਰ ਵਾਤਾਵਰਨ ਦੀ ਸਵੱਛਤਾ ਦਾ ਹਰ ਕੀਮਤ ’ਤੇ ਖ਼ਿਆਲ ਰੱਖਿਆ ਜਾਣਾ ਚਾਹੀਦਾ ਹੈ। ਮੇਰੇ ਇਕ ਮਿੱਤਰ ਨੇ ਕੈਨੇਡਾ ਦੀ ਧਰਤੀ ’ਤੇ ਖੇਤੀ ਕਰਨੀ ਚਾਹੀ। ਜ਼ਮੀਨ ਖ਼ਰੀਦ ਕੇ ਉਸ ਨੇ ਸੰਬੰਧਿਤ ਮਹਿਕਮੇ ਤੋਂ ਬੋਰ ਕਰਾਉਣ ਦੀ ਇਜਾਜ਼ਤ ਮੰਗੀ। ਸੰਬੰਧਿਤ ਮਹਿਕਮੇ ਨੇ ਜਵਾਬ ਵਿੱਚ ਕਿਹਾ ਤੁਸੀਂ ਇੱਥੇ ਬੋਰ ਨਹੀਂ ਕਰ ਸਕਦੇ। ਤੁਸੀਂ ਇਹ ਦੱਸੋ ਕਿ ਤੁਹਾਨੂੰ ਪਾਣੀ ਕਿੰਨੀ ਮਾਤਰਾ ਵਿੱਚ ਚਾਹੀਦਾ ਹੈ? ਅਸੀਂ ਪੰਜਾਬ ਵਾਸੀਆਂ ਨੇ ਉੱਪਰਲੇ ਪਾਣੀ ਦਾ ਕੁਝ ਹੀ ਸਾਲਾਂ ਵਿੱਚ ਖ਼ਾਤਮਾ ਕਰ ਦਿੱਤਾ ਹੈ। ਹੇਠਲੇ ਡੂੰਘੇ ਪਾਣੀ ਨੂੰ ਬੜੀ ਤੇਜ਼ੀ ਨਾਲ ਖ਼ਤਮ ਕਰਨ ਲੱਗੇ ਹੋਏ ਹਾਂ। ਕਿੱਥੇ ਹਨ ਇਸ ਨਾਲ ਸੰਬੰਧਿਤ ਮਹਿਕਮੇ ਜਿਨ੍ਹਾਂ ਦੇ ਸਿਰ ਜਲ ਜ਼ਮੀਨ ਦੀ ਬਰਬਾਦੀ ਰੋਕਣ ਦੀਆਂ ਜ਼ਿੰਮੇਵਾਰੀਆਂ ਹਨ? ਇਸ ਤੋਂ ਬਾਅਦ ਉਸ ਨੇ ਉਸ ਜ਼ਮੀਨ ਨੂੰ ਪੱਧਰਾ ਕਰਕੇ ਖੇਤੀ ਕਰਨ ਦੀ ਇਜਾਜ਼ਤ ਮੰਗੀ ਤਾਂ ਭੌਂ ਵਿਭਾਗ ਨੇ ਕਿਹਾ ਦੇਸ਼ ਦੀਆਂ ਲੋੜਾਂ ਪੂਰੀਆਂ ਕਰਨ ਲਈ ਜਿੰਨੀ ਜ਼ਮੀਨ ’ਤੇ ਖੇਤੀ ਕੀਤੀ ਜਾ ਰਹੀ ਹੈ ਉਹ ਕਾਫ਼ੀ ਹੈ। ਇਸ ਲਈ ਇਸ ਜ਼ਮੀਨ ਦੀ ਕੁਦਰਤੀ ਦਿੱਖ ਨੂੰ ਬਰਕਰਾਰ ਰੱਖਦਿਆਂ ਤੁਸੀਂ ਇਸ ’ਤੇ ਖੇਤੀ ਕਰ ਸਕਦੇ ਹੋ। ਨਾਲ ਹੀ ਉਹਨਾਂ ਨੇ ਇਹ ਹਦਾਇਤ ਜਾਰੀ ਕੀਤੀ ਕਿ ਇਸ ਜ਼ਮੀਨ ਦੇ ਨਾਲ ਇਕ ਪਾਣੀ ਦਾ ਨਾਲਾ ਵਗਦਾ ਹੈ ਜਿਸ ਵਿੱਚ ਕਈ ਤਰ੍ਹਾਂ ਦੇ ਪੰਛੀਆਂ ਦੀ ਆਵਾਜਾਈ ਰਹਿੰਦੀ ਹੈ, ਤੁਸੀਂ ਇੱਥੇ ਖੇਤੀ ਬੇਸ਼ੱਕ ਕਰੋ ਪਰ ਇਸ ਜ਼ਮੀਨ ’ਤੇ ਰਸਾਇਣਿਕ ਖਾਦ ਜਾਂ ਕੀਟ-ਨਾਸ਼ਕ ਦਵਾਈ ਪਾਉਣੀ ਤਾਂ ਦੂਰ ਤੁਸੀਂ ਇੱਥੇ ਇਹਨਾਂ ਦਾ ਖ਼ਾਲੀ ਡੱਬਾ ਵੀ ਨਹੀਂ ਰੱਖ ਸਕਦੇ। ਅਸੀਂ ਇੱਥੇ ਪੰਜਾਬ ਦੀ ਧਰਤੀ ’ਤੇ ਬਿਨਾਂ ਰੋਕ-ਟੋਕ ਟਰੱਕਾਂ ਦੇ ਟਰੱਕ ਕੀਟ-ਨਾਸ਼ਕ ਜਜ਼ਬ ਕਰ ਰਹੇ ਹਾਂ।

ਸਾਡੀਆਂ ਸਰਕਾਰਾਂ ਅਜਿਹੇ ਵਰਤਾਰਿਆਂ ਪ੍ਰਤੀ ਗੰਭੀਰ ਨਹੀਂ ਹਨ ਅਤੇ ਆਮ ਲੋਕ ਵੀ ਕੁਦਰਤੀ ਵਾਤਾਵਰਨ ਨੂੰ ਸਵੱਛ ਰੱਖਣ ਲਈ ਯਤਨਸ਼ੀਲ ਨਹੀਂ ਹਨ। ਜਿਸ ਧਰਤੀ ਨੂੰ ਗੁਰੂ ਨਾਨਕ ਦੇਵ ਜੀ ਨੇ ਮਾਂ ਦਾ ਦਰਜਾ ਦੇ ਕੇ ਵਡਿਆਇਆ ਹੈ ਉਸ ਨੂੰ ਅਸੀਂ ਹਰ ਛੇ ਮਹੀਨੇ ਬਾਅਦ ਅੱਗ ਦੇ ਲਾਂਬੂ ਲਾ ਕੇ ਸਾੜ ਦਿੰਦੇ ਹਾਂ। ਪੰਜਾਬ ਦੇ ਵਾਤਾਵਰਨ ਵਿੱਚ ਜਦੋਂ ਫ਼ਸਲ ਦੀ ਰਹਿੰਦ-ਖੂੰਹਦ ਨੂੰ ਅੱਗ ਲਾਈ ਜਾਂਦੀ ਹੈ ਤਾਂ ਧੂੰਏਂ ਦਾ ਬੱਦਲ ਨੇੜਲੇ ਸੂਬਿਆਂ ਤਕ ਵੀ ਫੈਲ ਜਾਂਦਾ ਹੈ, ਦਿਨੇ ਹੀ ਰਾਤ ਬਣ ਜਾਂਦੀ ਹੈ, ਸੜਕਾਂ ’ਤੇ ਹਾਦਸੇ ਹੁੰਦੇ ਹਨ। ਦਮੇਂ ਅਤੇ ਸਾਹ ਦੇ ਰੋਗੀਆਂ ਨੂੰ ਸਿਰ ਮੂੰਹ ਲੁਕਾਉਣ ਨੂੰ ਥਾਂ ਨਹੀਂ ਲੱਭਦੀ। ਕਿਸ ਤਰ੍ਹਾਂ ਦੀ ਜੰਗਲੀ ਵਿਵਸਥਾ ਵਿੱਚ ਅਸੀਂ ਰਹਿ ਰਹੇ ਹਾਂ? ਵਿਚਾਰਨ ਵਾਲੀ ਗੱਲ ਇਹ ਹੈ ਕਿ ਜੇਕਰ ਸਾਡੀ ਧਰਤੀ ’ਤੇ ਜਿਊਣ ਹਾਲਤਾਂ ਹੀ ਚੰਗੀਆਂ ਨਾ ਰਹੀਆਂ ਤਾਂ ਸ਼ੁੱਧ ਹਵਾ, ਪਾਣੀ ਅਤੇ ਮਿੱਟੀ ਨੂੰ ਬਰਬਾਦ ਕਰਕੇ ਕੀਤੀ ਕਮਾਈ ਨੂੰ ਅਸੀਂ ਕੀ ਕਰਾਂਗੇ? ਹਰੀ-ਕ੍ਰਾਂਤੀ ਤੋਂ ਬਾਅਦ ਪੰਜਾਬ ਵਿੱਚ ਆਈ ਖ਼ੁਸ਼ਹਾਲੀ ਨੂੰ ਵਿਕਾਸ ਮੰਨਿਆ ਜਾਂਦਾ ਹੈ, ਪਰ ਜੇਕਰ ਘੋਖਵੀਂ ਨਜ਼ਰ ਨਾਲ ਵੇਖਿਆ ਜਾਵੇ ਤਾਂ ਅਸੀਂ ਵਿਕਾਸ ਘੱਟ ਕੀਤਾ ਹੈ ਅਤੇ ਵਿਨਾਸ਼ ਵੱਲ



ਜ਼ਿਆਦਾ ਵਧੇ ਹਾਂ ਅਤੇ ਲਗਾਤਾਰ ਵਧ ਰਹੇ ਹਾਂ। ਮਿੱਟੀ ਪਾਣੀ ਨੂੰ ਬਰਬਾਦ ਕਰਕੇ ਕਮਾਏ ਪੈਸੇ ਮੋਟਰਸਾਈਕਲ, ਕਾਰਾਂ, ਜੀਪਾਂ, ਹਥਿਆਰ, ਵਿਆਹਾਂ-ਸ਼ਾਦੀਆਂ ਅਤੇ ਬਹੁ-ਮੰਜ਼ਲੀ ਇਮਾਰਤਾਂ ’ਤੇ ਖ਼ਰਚ ਹੋਏ ਹਨ। ਇਸ ਅਰਸੇ ਦੌਰਾਨ ਪੰਜਾਬ ਦੇ ਲੋਕ ਬੌਧਿਕ, ਰਾਜਨੀਤਕ, ਸਭਿਆਚਾਰਕ, ਭਾਈਚਾਰਕ, ਨੈਤਿਕ ਕਦਰਾਂ-ਕੀਮਤਾਂ ਦੇ ਪੱਖੋਂ ਅੱਗੇ ਜਾਣ ਦੀ ਬਜਾਏ ਹੋਰ ਗਿਰਾਵਟ ਵੱਲ ਗਏ ਹਨ। ਉਰਦੂ ਦੇ ਕਿਸੇ ਸ਼ਾਇਰ ਦੇ ਬੋਲ—

**ਵਿਕਾਸ-ਏ-ਦੌਰ ਕੇ ਆਲਮ ਹੀ ਨਿਰਾਲੇ ਹੈਂ,**
**ਜ਼ਿਹਨੋਂ ਮੇਂ ਅੰਧੇਰਾ ਹੈ ਸੜਕੋਂ ਪੇ ਉਜਾਲੇ ਹੈਂ।**

ਸਾਡੇ ਸਮਾਜ ’ਤੇ ਹੂ-ਬ-ਹੂ ਢੁੱਕਦੇ ਹਨ। ਪੰਜਾਬ ਦੀ ਧਰਤੀ ਦਾ ਭਲਾ ਚਾਹੁਣ ਵਾਲੇ ਪੰਜਾਬ ਦੇ ਲੋਕਾਂ ਦੇ ਸੁਚੇਤ ਹੋਣ ਦਾ ਵੇਲਾ ਹੈ। ਰਾਜਨੀਤਕ ਪਾਰਟੀਆਂ ਨੂੰ ਵੀ ਚਾਹੀਦਾ ਹੈ ਕਿ ਉਹ ਸੌੜੀ ਰਾਜਨੀਤੀ ਛੱਡ ਕੇ ਪੰਜਾਬ ਦੇ ਵਡੇਰੇ ਹਿੱਤਾਂ ਲਈ ਕੰਮ ਕਰਨ। ਪਾਣੀ, ਹਵਾ ਅਤੇ ਮਿੱਟੀ ਦੀ ਬਰਬਾਦੀ ਨੂੰ ਰੋਕਣ ਲਈ ਬਣੇ ਕਾਨੂੰਨਾਂ ਨੂੰ ਸਖ਼ਤੀ ਨਾਲ ਲਾਗੂ ਕੀਤਾ ਜਾਵੇ। ਲੇਖਕਾਂ, ਬੁੱਧੀਜੀਵੀਆਂ, ਚਿੰਤਕਾਂ ਨੂੰ ਇਸ ਸੰਬੰਧੀ ਆਪਣੀਆਂ ਲਿਖਤਾਂ ਨਾਲ ਵੱਧ ਤੋਂ ਵੱਧ ਲੋਕਾਂ ਨੂੰ ਸੁਚੇਤ ਕਰਨਾ ਚਾਹੀਦਾ ਹੈ। ਆਮ ਮਨੁੱਖ ਨੂੰ ਆਪਣੀ ਸੋਚ ਵਿੱਚ ਤਬਦੀਲੀ ਲਿਆਉਣ ਦੀ ਲੋੜ ਹੈ ਕਿ ਬੇਸ਼ੱਕ ਸਾਨੂੰ ਕਮਾਈ ਕੁਝ ਘੱਟ ਹੋ ਜਾਵੇ ਪਰ ਸਾਡਾ ਆਲਾ-ਦੁਆਲਾ ਸਾਫ਼-ਸੁਥਰਾ ਅਤੇ ਮਨੁੱਖਾਂ ਸਮੇਤ ਬਾਕੀ ਜੀਵ-ਜੰਤੂਆਂ ਦੇ ਰਹਿਣਯੋਗ ਹੋਣਾ ਚਾਹੀਦਾ ਹੈ।

# ਵਿਕਾਸ ਦੇ ਭਰਮ ਦੀ ਸਿਰਜਣਾ ਦਾ ਦੌਰ

ਰਾਜਸੀ ਪਾਰਟੀਆਂ ਦੀ ਤਰਜੀਹ ਹੁਣ ਦੇਸ਼ ਨਹੀਂ ਸੱਤਾ ਹੈ। ਰਾਜਸੀ ਸਰਗਰਮੀਆਂ ਲੋਕ ਪੱਖੀ ਹੋਣ ਦੀ ਬਜਾਏ ਵੋਟ ਦੁਆਲੇ ਕੇਂਦਰਤ ਹਨ। ਸਾਡੇ ਮੁਲਕ ਵਿੱਚ ਉਸ ਭਵਿੱਖਮੁਖੀ ਰਾਜਨੀਤੀ ਦਾ ਆਗਾਜ਼ ਹੋਣਾ ਅਜੇ ਬਾਕੀ ਹੈ ਜਿਸ ਵਿੱਚ ਦੇਸ਼ ਨੂੰ ਅੱਗੇ ਲਿਜਾਣ ਵਾਲੇ ਵੱਡੇ ਪ੍ਰੋਗਰਾਮ ਹੋਣ ਅਤੇ ਆਮ ਲੋਕਾਂ ਦੀਆਂ ਜਿਊਣ ਹਾਲਤਾਂ ਸੁਧਾਰੀਆਂ ਜਾ ਸਕਣ। ਅੱਜ ਜਿਸ ਨੀਤੀ ਨੂੰ ਅਸੀਂ ਰਾਜਨੀਤੀ ਕਹਿ ਰਹੇ ਹਾਂ ਉਹ ਰਾਜਨੀਤੀ ਨਹੀਂ ਬਲਕਿ ਰਾਜਨੀਤੀ ਦੇ ਨਾਮ ਤੇ ਕੀਤਾ ਜਾਣ ਵਾਲਾ ਕਾਰੋਬਾਰ ਹੈ। ਸਾਡੇ ਬਹੁਤੇ ਨੇਤਾ ਜੇਕਰ ਸੱਤਾ ਵਿੱਚ ਹੋਣ ਤਾਂ ਉਹ ਆਪਣੇ ਕੰਮਾਂ ਦੇ ਪ੍ਰਚਾਰ ਨਾਲ ਗੁੱਡ ਫੀਲ ਕਰਾਉਣ ਨੀਤੀ ਲੈ ਕੇ ਚੱਲਦੇ ਹਨ। ਸੱਤਾ ਤੋਂ ਬਾਹਰ ਹੋਣ ਤਾਂ ਵਿਰੋਧੀਆਂ ਦੇ ਪੋਤੜੇ ਫਰੋਲਣ ਲੱਗ ਪੈਂਦੇ ਹਨ। ਸੱਤਾ ਦੇ ਬਦਲਣ ਨਾਲ ਚਿਹਰੇ ਬਦਲਦੇ ਹਨ, ਨੀਤੀਆਂ ਉਹੀ ਰਹਿੰਦੀਆਂ ਹਨ। ਟੈਲੀਵਿਜ਼ਨ ਚੈੱਨਲਾਂ ’ਤੇ ਹੁੰਦੀਆਂ ਬਹਿਸਾਂ ਅਤੇ ਰਾਜਨੀਤਕ ਨੇਤਾਵਾਂ ਦੀ ਗੱਲਬਾਤ ਵਿੱਚ ‘ਦੇਸ਼’ ਨਹੀਂ ਬਲਕਿ ਉਹਨਾਂ ਦੀਆਂ ਬਿਆਨਬਾਜ਼ੀਆਂ ਵਿਰੋਧੀਆਂ ਨੂੰ ਭੰਡਣ, ਗਾਲੀ ਗਲੋਚ, ਦੂਸ਼ਣਬਾਜ਼ੀ ਅਤੇ ਆਪਣੇ ਆਪ ਨੂੰ ਵਡਿਆਉਣ ਤਕ ਸੀਮਿਤ ਹਨ। ਅਸੀਂ ਰਾਜਨੀਤੀ ਦੇ ਉਸ ਦੌਰ ’ਚੋਂ ਲੰਘ ਰਹੇ ਹਾਂ ਜਿੱਥੇ ਧਰਮਾਂ, ਜਾਤਾਂ, ਫਿਰਕਾਪ੍ਰਸਤੀ ਦੇ ਪੱਤੇ ਵਰਤ ਕੇ ਲੋਕਾਂ ਨੂੰ ਵਰਗਲਾਉਣ ਦੀ ਕਵਾਇਦ ਚੱਲ ਰਹੀ ਹੈ। ਮੌਜੂਦਾ ਦੌਰ ਦਾ ਜਦੋਂ ਇਤਿਹਾਸ ਲਿਖਿਆ ਜਾਵੇਗਾ ਤਾਂ ਇਹ ਗੱਲ ਕਿ ਬੜੀ ਸ਼ਿੱਦਤ ਨਾਲ ਇਹ ਮਹਿਸੂਸ ਕੀਤਾ ਜਾਵੇਗਾ ਕਿ ਜਦੋਂ ਦੁਨੀਆਂ ਬੜੀ ਤੇਜ਼ੀ ਨਾਲ ਗਿਆਨ-ਵਿਗਿਆਨ ਦੇ ਖੇਤਰ ਵਿੱਚ ਅੱਗੇ ਵਧ ਰਹੀ ਸੀ ਤਾਂ ਉਸ ਸਮੇਂ ਸਾਡੇ ਦੇਸ਼ ਵਿੱਚ ਲੋਕਾਂ ਨੂੰ ਗਊ ਰੱਖਿਆ, ਮੰਦਰਾਂ, ਮਸਜਿਦਾਂ ਅਤੇ ਧਰਮ ਪਰਿਵਰਤਨ ਵਰਗੇ ਮਸਲਿਆਂ ਵਿੱਚ ਉਲਝਾਇਆ ਜਾ ਰਿਹਾ ਸੀ।

ਬਹੁਤ ਸਾਰੇ ਅਜਿਹੇ ਪ੍ਰੋਗਰਾਮ ਜਿਨ੍ਹਾਂ ’ਤੇ ਹਰ ਮੁਲਕ ਦਾ ਭਵਿੱਖ ਟਿਕਿਆ ਹੁੰਦਾ ਹੈ ਫਿਲਹਾਲ ਕਿਸੇ ਪਾਰਟੀ ਦੇ ਏਜੰਡੇ ’ਤੇ ਨਹੀਂ ਹਨ। ਅਸੀਂ ਇੱਕੀਵੀਂ ਸਦੀ ਵਿੱਚ ਰਹਿ ਰਹੇ ਹਾਂ, ਦੇਸ਼ ਦੇ ਭਵਿੱਖ ਪ੍ਰਤੀ ਸਾਡੀ ਰਾਜਨੀਤੀ ਦਾ ਸੱਚ ਇਹ ਹੈ ਕਿ ਇੱਥੇ ‘ਰਾਜ’ ਕਰਨ ਦੀ ਲਾਲਸਾ ਤਾਂ ਹੈ ਪਰ ਦੇਸ਼ ਲਈ ‘ਨੀਤੀ’ ਕੋਈ ਨਹੀਂ। ਸਰਕਾਰਾਂ ਵੱਲੋਂ ਅਜੇ ਵਿਚਾਰਿਆ ਜਾਣਾ ਬਾਕੀ ਹੈ ਕਿ ਕਿੰਨੇ ਵਿਦਿਆਰਥੀ ਕਿਸ ਖੇਤਰ ਦੀ ਪੜ੍ਹਾਈ ਕਰ ਰਹੇ ਹਨ ਅਤੇ ਉਹਨਾਂ ਦੇ ਰੁਜ਼ਗਾਰ ਲਈ ਕਿਸ ਤਰ੍ਹਾਂ ਦੀਆਂ ਤਰਜੀਹਾਂ ’ਤੇ ਕੰਮ ਕੀਤਾ ਜਾਵੇ? ਕਿੰਨੇ ਬੱਚੇ ਹਨ ਜੋ ਸਕੂਲੀ ਵਿੱਦਿਆ ਲੈ ਰਹੇ ਹਨ? ਅਗਲੇ ਸਾਲਾਂ ਦੌਰਾਨ ਜਦੋਂ ਇਹ ਬੱਚੇ ਯੂਨੀਵਰਸਿਟੀਆਂ ’ਚੋਂ ਡਿਗਰੀਆਂ, ਡਿਪਲੋਮੇ ਲੈ ਕੇ ਬਾਹਰ ਆਉਣਗੇ ਤਾਂ ਉਹਨਾਂ ਦੇ ਰੁਜ਼ਗਾਰ ਲਈ ਸਾਡੇ ਕੋਲ ਕੀ ਪ੍ਰੋਗਰਾਮ ਹੋਵੇਗਾ? ਮੁਲਕ ਵਿੱਚ ਲਾਇਨਮੈਨ, ਇੰਜੀਨੀਅਰ, ਬੀ.ਐਡ., ਐਮ. ਐਡ., ਐਮ.ਐਸ.ਸੀ., ਐਮ.ਟੈੱਕ., ਪੀ.ਐੱਚ. ਡੀ. ਤਕ ਪੜ੍ਹੇ ਲਿਖੇ ਨੌਜੁਆਨ ਬੇਰੁਜ਼ਗਾਰ ਹਨ। ਉਹਨਾਂ ਨੂੰ ਕੰਮ ਲਾਉਣ ਲਈ ਕੀ ਕੀਤਾ ਜਾਣਾ ਚਾਹੀਦਾ ਹੈ। ਇਹ ਠੀਕ ਹੈ ਕਿ ਵਿੱਦਿਆ ਹਾਸਲ ਕਰਨੀ ਹਰ



ਵਿਅਕਤੀ ਲਈ ਜ਼ਰੂਰੀ ਹੈ, ਪਰ ਬਹੁਤ ਸਾਰਾ ਪੈਸਾ ਖ਼ਰਚ ਕਰਕੇ ਜੇਕਰ ਖ਼ਾਸ ਖੇਤਰਾਂ ਵਿੱਚ ਉੱਚ ਵਿੱਦਿਆ ਹਾਸਲ ਕਰਨ ਵਾਲੇ ਨੌਜੁਆਨ ਵੀ ਬੇਕਾਰ ਫਿਰਦੇ ਹਨ ਤਾਂ ਇਹ ਉਹਨਾਂ ਨਾਲ ਇਕ ਤਰ੍ਹਾਂ ਦਾ ਉਹ ਅਨਿਆਏ ਹੈ ਜੋ ਸਰਕਾਰਾਂ ਆਪਣੇ ਨਾਗਰਿਕਾਂ ਨਾਲ ਕਰ ਰਹੀਆਂ ਹਨ। ਸੂਚਨਾ ਅਤੇ ਤਕਨਾਲੋਜੀ ਦੇ ਇਸ ਜ਼ਮਾਨੇ ਵਿੱਚ ਇਹ ਦੱਸਿਆ ਜਾਣਾ ਚਾਹੀਦਾ ਹੈ ਕਿ ਜਿਸ ਵਿਸ਼ੇ ਦੀ ਤੁਸੀਂ ਪੜ੍ਹਾਈ ਕਰ ਰਹੇ ਹੋ ਉਸ ਦਾ ਦੇਸ਼ ਵਿੱਚ ਕੀ ਭਵਿੱਖ ਹੈ? ਇਸ ਦੇ ਨਾਲ-ਨਾਲ ਇਹ ਵੀ ਦੱਸਿਆ ਜਾਣਾ ਚਾਹੀਦਾ ਹੈ ਕਿ ਹੁਣ ਤਕ ਇੰਨੇ ਲੋਕ ਇਸ ਵਿਸ਼ੇ ਦੀ ਪੜ੍ਹਾਈ ਕਰ ਚੁੱਕੇ ਹਨ ਪਰ ਉਹਨਾਂ ਨੂੰ ਨੌਕਰੀ ਨਹੀਂ ਦਿੱਤੀ ਜਾ ਸਕੀ। ਦੇਸ਼ ਦੇ ਕਿਹੜੇ ਖਿੱਤੇ ਵਿੱਚ ਕਿਸ-ਕਿਸ ਤਰ੍ਹਾਂ ਦੇ ਅਨਾਜ ਦੀ ਮੰਗ ਹੈ ਅਤੇ ਕਿਹੜੇ ਖਿੱਤੇ ਵਿੱਚ ਇਸ ਨੂੰ ਕਿੰਨੀ ਮਾਤਰਾ ਵਿੱਚ ਉਗਾਇਆ ਜਾਣਾ ਚਾਹੀਦਾ ਹੈ। ਬਹੁਤ ਕੁਝ ਬੇਤਰਤੀਬ ਹੈ ਅਤੇ ਇਸ ਸਾਰੇ ਕੁਝ ਨੂੰ ਤਰਤੀਬ ਦਿੱਤੇ ਬਗੈਰ ਦੇਸ਼ ਦਾ ਵਿਕਾਸ ਸੰਭਵ ਨਹੀਂ। ਸਾਡੇ ਨੇਤਾ-ਜਨ ਗੱਲਾਂ ਦੇ ਕੜਾਹ ਜਿੰਨੇ ਮਰਜ਼ੀ ਬਣਾਈ ਜਾਣ। ਦੇਸ਼ ਵਿੱਚ ਹਰ ਪਾਸੇ ਕਾਰਪੋਰੇਟ ਕੰਪਨੀਆਂ ਦੇ ਪੈਰਾਂ ਥੱਲੇ ਤਲੀਆਂ ਦੇਣ ਦੀ ਕੋਈ ਕਸਰ ਬਾਕੀ ਨਹੀਂ ਛੱਡੀ ਜਾ ਰਹੀ, ਪਰ ਖੇਤੀਬਾੜੀ ਨੂੰ ਘਾਟੇ ਵਾਲਾ ਸੌਦਾ ਦੱਸ ਕਿ ਇਸ ਨੂੰ ਇੱਕ ਤਰ੍ਹਾਂ ਨਾਲ ਦਰਕਿਨਾਰ ਕੀਤਾ ਜਾ ਰਿਹਾ ਹੈ, ਜਦਕਿ ਹਕੀਕਤ ਇਹ ਹੈ ਕਿ ਇਸ ਦੇਸ਼ ਵਿੱਚ ਸਭ ਤੋਂ ਵੱਧ ਲੋਕ ਖੇਤੀਬਾੜੀ ਨਾਲ ਜੁੜੇ ਹੋਏ ਹਨ। ਸਭ ਤੋਂ ਵੱਧ ਲੋਕਾਂ ਨੂੰ ਸਿੱਧੇ ਜਾਂ ਅਸਿੱਧੇ ਢੰਗ ਨਾਲ ਰੁਜ਼ਗਾਰ ਖੇਤੀ ਤੋਂ ਮਿਲਦਾ ਹੈ। ਦੇਸ਼ ਦੀ ਖੇਤੀਬਾੜੀ ਨੂੰ ਵਿਕਸਿਤ ਕਰਨ ਲਈ ਜਿਨ੍ਹਾਂ ਤਰਜੀਹਾਂ ’ਤੇ ਕੰਮ ਕੀਤਾ ਜਾਣਾ ਚਾਹੀਦਾ ਸੀ ਨਹੀਂ ਹੋਇਆ ਅਤੇ ਨਾ ਹੀ ਨੇੜ ਭਵਿੱਖ ਵਿੱਚ ਕਿਸੇ ਪਾਸੇ ਇਹਦੀ ਆਸ ਬੱਝੀ ਨਜ਼ਰ ਆਉਂਦੀ ਹੈ। ਪਿਛਲੇ ਕੁਝ ਦਿਨਾਂ ਤੋਂ ਦੇਸ਼ ਭਰ ਵਿੱਚ ਕਿਸਾਨਾਂ ਦਾ ਕਰਜ਼ਾ ਵੱਡਾ ਮੁੱਦਾ ਜ਼ਰੂਰ ਬਣਿਆ ਹੈ। ਪਰ ਕਿਸਾਨ ਕਰਜ਼ ਲੈਣ ਲਈ ਕਿਉਂ ਮਜਬੂਰ ਹਨ ਅਤੇ ਭਵਿੱਖ ਵਿੱਚ ਉਹਨਾਂ ਨੂੰ ਕਰਜ਼ ਨਾ ਲੈਣਾ ਪਵੇ ਇਸ ਦੀ ਚਰਚਾ ਕਿਸੇ ਪਾਸੇ ਨਹੀਂ ਹੋ ਰਹੀ। ਦੇਸ਼ ਦੇ ਪੜ੍ਹੇ ਲਿਖੇ ਨੌਜੁਆਨ ਜੋ ਸਰਕਾਰਾਂ ਦੀ ਬੇਰੁਖ਼ੀ ਦਾ ਸ਼ਿਕਾਰ ਹਨ, ਕੋਲ ਸਿਰਫ਼ ਇੱਕ ਹੀ ਰਸਤਾ ਬਚਿਆ ਹੈ ‘ਬਾਹਰ ਜਾਣ ਦਾ ਰਸਤਾ’। ਕਿਸੇ ਬਾਹਰਲੇ ਮੁਲਕ ਵਿੱਚ ਜੇਕਰ ਸਾਡੇ ਨੌਜੁਆਨਾਂ ਨੂੰ ਰੁਜ਼ਗਾਰ ਮਿਲ ਸਕਦਾ ਹੈ ਤਾਂ ਇੱਥੇ ਕਿਉਂ ਨਹੀਂ? ਲੋਕ ਅਜ਼ਾਦੀ ਤੋਂ ਪਹਿਲਾਂ ਜਦੋਂ ਇੱਥੇ ਬਦਤਰ ਹਾਲਾਤ ਸਨ ਉਦੋਂ ਵੀ ਬਾਹਰਲੇ ਮੁਲਕਾਂ ਵੱਲ ਜਾਂਦੇ ਸੀ ਪਰ ਕਮਾਈਆਂ ਕਰਕੇ ਦੇਸ਼ ਪਰਤਦੇ ਸਨ, ਪਰ ਹੁਣ ਸਥਿਤੀ ਇਸ ਤੋਂ ਉਲਟ ਹੈ। ਹੁਣ ਪੜ੍ਹੇ ਲਿਖੇ ਹੁਨਰਮੰਦ ਸਾਧਨ ਸੰਪੰਨ ਲੋਕ ਤੇਜ਼ੀ ਨਾਲ ਮੁਲਕ ’ਚੋਂ ਹਿਜ਼ਰਤ ਕਰ ਰਹੇ ਹਨ। ਹੁਣ ਇਹ ਦੂਜੇ ਮੁਲਕਾਂ ’ਚੋਂ ਕਮਾਈ ਕਰਨ ਨਹੀਂ ਜਾਂਦੇ ਬਲਕਿ ਇੱਥੋਂ ਆਪਣੀ ਛੱਲੀ ਪੂਣੀ ਵੇਚ ਕੇ ਉੱਧਰ ਜਾ ਰਹੇ ਹਨ। ਪਹਿਲਾਂ ਉੱਧਰੋਂ ਪੈਸਾ ਇੱਧਰ ਆਉਂਦਾ ਸੀ ਹੁਣ ਜਾ ਰਿਹਾ ਹੈ। ਦੇਸ਼ ਲਈ ਇਹ ਸਥਿਤੀ ਅਫ਼ਸੋਸਨਾਕ ਹੈ, ਪਰ ਸਾਡੇ ਨੇਤਾ-ਜਨ ਇਸ ’ਤੇ ਮਾਣ ਮਹਿਸੂਸ ਕਰ ਰਹੇ ਹਨ। ਅਜਿਹੇ ਮਸਲਿਆਂ ’ਤੇ ਸੋਚ ਵਿਚਾਰ ਹੋਣੀ ਚਾਹੀਦੀ ਹੈ। ਕਿਹੜੇ ਸੰਨ ਵਿੱਚ ਕਿੰਨੇ ਲੋਕ ਕਿਉਂ ਘਰ-ਬਾਰ ਛੱਡ ਕੇ ਦੂਜੇ

ਮੁਲਕਾਂ ਵਿੱਚ ਗਏ? ਇਹ ਪ੍ਰਵਾਸ ਵਧ ਰਿਹਾ ਹੈ ਜਾਂ ਘੱਟ ਹੋ ਰਿਹਾ ਹੈ। ਇਸ ਦੀ ਚਰਚਾ ਕਿਤੇ ਨਹੀਂ ਹੋ ਰਹੀ। ਰਾਜਨੀਤਕ ਧਿਰਾਂ ਜਾਂ ਮੀਡੀਆ ਹਾਊਸ ਵੱਲੋਂ ਅਜਿਹੇ ਮਸਲਿਆਂ ਲਈ ਸੋਚਿਆ ਜਾਣਾ ਅਜੇ ਬਾਕੀ ਹੈ। ਇਸ ਸਥਿਤੀ ਦਾ ਇੱਕ ਦੂਜਾ ਪੱਖ ਵੀ ਹੈ। ਉਹ ਇਹ ਕਿ ਬਹੁਤ ਸਾਰੇ ਗ਼ਰੀਬ ਘਰਾਂ ਦੇ ਨੌਜੁਆਨ ਹਨ ਜੋ ਠੱਗ ਏਜੰਟਾਂ ਦੇ ਝਾਂਸੇ ਵਿੱਚ ਆ ਕੇ ਇਰਾਕ, ਸੀਰੀਆ ਵਰਗੇ ਮੁਲਕਾਂ ਵਿੱਚ ਫਸੇ ਹੋਏ ਹਨ। ਇਹਨਾਂ ਦੇ ਗ਼ਰੀਬ ਮਾਪੇ ਦਰ-ਬ-ਦਰ ਦੀਆਂ ਠੋਕਰਾਂ ਖਾ ਰਹੇ ਹਨ ਕਿ ਕਿਸੇ ਤਰ੍ਹਾਂ ਉਹਨਾਂ ਦੇ ਪੁੱਤਰ ਖ਼ਾਲੀ ਹੱਥੀਂ ਹੀ ਦੇਸ਼ ਪਰਤ ਆਉਣ। ਇਹਨਾਂ ਦੇ ਨਿੱਕੇ-ਨਿੱਕੇ ਬੱਚਿਆਂ ਦੀਆਂ ਅੱਖਾਂ ਦੇ ਹੰਝੂਆਂ ਵਿੱਚ ਤੈਰਦੇ ਸਵਾਲ ਦੇਸ਼ ਦੇ ਹਾਕਮਾਂ ਨੂੰ ਪੁੱਛਦੇ ਹਨ—ਕਿੱਥੇ ਗਿਆ ਸਾਡੇ ਹਿੱਸੇ ਦਾ ਜਹਾਨ ਅਤੇ ਕਿੱਥੇ ਨੇ ਤੁਹਾਡੀਆਂ ਦੇਸ਼ ਨੂੰ ਅੱਗੇ ਲੈ ਕੇ ਜਾਣ ਦੀਆਂ ਨੀਤੀਆਂ? ਦੇਸ਼ ਵਿੱਚ ਬੇਰੁਜ਼ਗਾਰੀ ਦੀ ਸਮੱਸਿਆ ਇੱਕ ਬਹੁਤ ਵੱਡੀ ਸਮੱਸਿਆ ਬਣ ਗਈ ਹੈ। ਪਰ ਚੋਣਾਂ ਵਿੱਚ ਇਹ ਕਹਿ ਕੇ ਸਾਰ ਦਿੱਤਾ ਜਾਂਦਾ ਹੈ ਕਿ ਹਰ ਸਾਲ ਐਨੇ ਲੱਖ ਲੋਕਾਂ ਨੂੰ ਨੌਕਰੀ ਦੇਵਾਂਗੇ ਜਾਂ ਐਨੇ ਲੱਖ ਲੋਕਾਂ ਨੂੰ ਰੁਜ਼ਗਾਰ ਮਿਲੇਗਾ। ਇਹ 'ਲੱਖ' ਵਾਲਾ ਫ਼ਾਰਮੂਲਾ ਰਾਜਸੀ ਧਿਰਾਂ ਨੂੰ ਬੜਾ ਫਿੱਟ ਬੈਠਦਾ ਹੈ, ਪਰ ਹਕੀਕਤ ਇਸ ਤੋਂ ਉਲਟ ਹੈ। ਸਰਕਾਰੀ ਨੌਕਰੀਆਂ ਵਧਣ ਦੀ ਬਜਾਏ ਘਟ ਰਹੀਆਂ ਹਨ। ਦੇਸ਼ ਦੀ ਜਨ-ਸੰਖਿਆ ਵਧਣ ਨਾਲ ਜਿਸ ਅਨੁਪਾਤ ਵਿੱਚ ਸਰਕਾਰੀ ਅਦਾਰੇ ਅਤੇ ਸਰਕਾਰੀ ਨੌਕਰੀਆਂ ਵਧਣੀਆਂ ਚਾਹੀਦੀਆਂ ਸਨ ਨਹੀਂ ਵਧ ਰਹੀਆਂ। ਚੋਣਾਂ ਦੌਰਾਨ ਲੋਕਾਂ ਨੂੰ ਵਰਗਲਾਉਣ ਲਈ ਵਿਖਾਇਆ ਕੁਝ ਹੋਰ ਜਾਂਦਾ ਹੈ, ਉਨ੍ਹਾਂ ਅੱਗੇ ਪੇਸ਼ ਕੁਝ ਹੋਰ ਕੀਤਾ ਜਾਂਦਾ ਹੈ। ਲੋਕਾਂ ਨੂੰ ਦੱਸਿਆ ਕੁਝ ਹੋਰ ਜਾਂਦਾ ਹੈ ਉਹਨਾਂ ਅੱਗੇ ਪਰੋਸਿਆ ਕੁਝ ਹੋਰ ਜਾਂਦਾ ਹੈ। ਲੋਕ ਮੰਗਦੇ ਕੁਝ ਹੋਰ ਹਨ, ਪਰ ਉਨ੍ਹਾਂ ਨੂੰ ਦਿੱਤਾ ਉਹ ਕੁਝ ਜਾਂਦਾ ਹੈ ਜਿਸ ਦਾ ਉਨ੍ਹਾਂ ਨੂੰ ਚਿੱਤ ਚੇਤਾ ਵੀ ਨਹੀਂ ਹੁੰਦਾ। ਪੰਜਾਬ ਵਿੱਚ ਅਕਾਲੀ ਭਾਜਪਾ ਸਰਕਾਰ ਵੱਲੋਂ ਫ੍ਰੀ ਤੀਰਥ ਯਾਤਰਾ ਸਕੀਮ ਜੋ ਹੁਣ ਕਾਂਗਰਸ ਸਰਕਾਰ ਨੇ ਬੰਦ ਕਰ ਦਿੱਤੀ ਹੈ, ਇਸ ਦੀ ਇਕ ਤਾਜ਼ਾ ਮਿਸਾਲ ਹੈ।

ਤੇਜ਼ੀ ਨਾਲ ਵਧ ਰਹੀ ਜਨ-ਸੰਖਿਆ, ਅਮੀਰੀ, ਗ਼ਰੀਬੀ ਦਾ ਵਧ ਰਿਹਾ ਪਾੜਾ, ਬਾਲ ਮਜਦੂਰੀ, ਉੱਚ ਵਿੱਦਿਆ ਹਾਸਲ ਕਰਨ ਤੋਂ ਵਾਂਝੇ ਹੋ ਰਹੇ ਗ਼ਰੀਬਾਂ ਦੇ ਬੱਚੇ, ਨਿੱਜੀ ਕੰਪਨੀਆਂ ਅਤੇ ਨਿੱਜੀ ਬੈਂਕਾਂ ਦੀ ਲੁੱਟ-ਖਸੁੱਟ, ਦਹਾਕਿਆਂ ਤੋਂ ਅਦਾਲਤਾਂ ਵਿੱਚ ਚੱਲ ਰਹੇ ਕੇਸਾਂ ਦਾ ਨਿਪਟਾਰਾ, ਨਸ਼ਿਆਂ ਦਾ ਪ੍ਰਚਲਣ, ਬਿਜਲੀ ਦੀ ਕਿੱਲਤ, ਮਹਿੰਗੀ ਹੋ ਰਹੀ ਸਿੱਖਿਆ ਅਤੇ ਇਲਾਜ ਪ੍ਰਣਾਲੀ, ਪੀਣ ਵਾਲਾ ਪਾਣੀ, ਛੋਟੇ ਕਿਸਾਨਾਂ ਤੋਂ ਖੁੱਸ ਰਹੀਆਂ ਜ਼ਮੀਨਾਂ, ਛੋਟੀਆਂ ਘਰੇਲੂ ਸਨਅਤਾਂ ਦਾ ਖ਼ਾਤਮਾ ਆਦਿ ਅਨੇਕ ਮਸਲੇ ਹਨ ਜਿਨ੍ਹਾਂ ਪ੍ਰਤੀ ਵਿਗਿਆਨਿਕ ਅਤੇ ਇਮਾਨਦਾਰਾਨਾ ਪਹੁੰਚ ਅਪਣਾਏ ਜਾਣ ਦੀ ਜ਼ਰੂਰਤ ਹੈ, ਪਰ ਅਫ਼ਸੋਸ! ਅਜਿਹੇ ਲੋਕ ਮਸਲਿਆਂ ਨੂੰ ਕੋਈ ਬਾਹਲੀ ਅਹਿਮੀਅਤ ਨਹੀਂ ਦਿੱਤੀ ਜਾ ਰਹੀ। 2014 ਦੀਆਂ ਲੋਕ ਸਭਾ ਚੋਣਾਂ ਦੌਰਾਨ, ਸਕਿੱਲ ਇੰਡੀਆ, ਮੇਕ ਇਨ ਇੰਡੀਆ ਅਤੇ ਦੇਸ਼ ਦੇ ਹਰ ਨਾਗਰਿਕ ਦੇ ਖਾਤੇ ਵਿੱਚ 15 ਲੱਖ ਜਮ੍ਹਾਂ ਕਰਵਾਉਣ ਦੇ ਵੱਡੇ-ਵੱਡੇ ਗੈਸੀ ਗ਼ੁਬਾਰੇ ਲੋਕਾਂ ਨੂੰ



ਦਿਖਾਏ, ਜੋ ਚੋਣਾਂ ਜਿੱਤਣ ਤੋਂ ਬਾਅਦ ਖੁੱਲ੍ਹੇ ਅਕਾਸ਼ ਵਿੱਚ ਛੱਡ ਦਿੱਤੇ ਗਏ ਹਨ ਅਤੇ ਹੌਲੀ-ਹੌਲੀ ਲੋਕਾਂ ਨੂੰ ਇਹ ਨਜ਼ਰ ਆਉਣੋਂ ਹਟ ਗਏ ਹਨ।

ਦੇਸ਼ ਵਿੱਚ ਪਾਣੀ, ਹਵਾ ਅਤੇ ਮਿੱਟੀ ਦੇ ਪ੍ਰਦੂਸ਼ਣ ਦੀ ਸਮੱਸਿਆ ਲਗਾਤਾਰ ਭਿਅੰਕਰ ਹੁੰਦੀ ਜਾ ਰਹੀ ਹੈ ਜਿਸ ਨਾਲ ਬਿਮਾਰੀਆਂ ਦਾ ਪ੍ਰਕੋਪ ਲਗਾਤਾਰ ਵਧ ਰਿਹਾ ਹੈ। ਵਾਤਾਵਰਨ ਨੂੰ ਸਵੱਛ ਬਣਾਉਣ ਲਈ ਵੱਡੇ ਪ੍ਰੋਗਰਾਮ ਉਲੀਕਣ ਦੀ ਲੋੜ ਹੈ, ਪਰ ਇਸ ਦੀ ਬਜਾਏ ਲੱਗੇ ਹੋਏ ਰੁੱਖਾਂ ਨੂੰ ਬੜੀ ਤੇਜ਼ੀ ਨਾਲ ਕੱਟਿਆ ਜਾ ਰਿਹਾ ਹੈ। ਜਦਕਿ ਦੁਨੀਆਂ ਵਿੱਚ ਸਰਕਾਰਾਂ ਲਈ ਇਹਨਾਂ ਵੱਡੇ ਰੁੱਖਾਂ ਨੂੰ ਪੁੱਟ ਕੇ ਦੂਜੀ ਥਾਂ ਲਾਉਣਾ ਹੁਣ ਕੋਈ ਬਹੁਤ ਵੱਡੀ ਸਮੱਸਿਆ ਨਹੀਂ ਹੈ। ਸਭ ਜਾਣਦੇ ਹਨ ਕਿ ਇਹ ਕੰਮ ਅਸਾਨੀ ਨਾਲ ਹੋ ਸਕਦਾ ਹੈ, ਪਰ ਹਰ ਸਰਕਾਰੀ ਕੰਮ 'ਚੋਂ ਮੁਨਾਫ਼ੇ ਦੀ ਝਾਕ ਵਿੱਚ ਬੈਠੀਆਂ 'ਮਨੋਬਿਰਤੀਆਂ' ਦਾ ਕੀ ਬਣੇ? ਰਾਜਨੀਤਕ ਪਾਰਟੀਆਂ ਵੱਲੋਂ ਲੋਕ ਲੁਭਾਉਣੀਆਂ ਅਤੇ ਵਕਤੀ ਰਾਹਤਾਂ ਦਾ ਪ੍ਰਚਾਰ ਕਰਕੇ ਚੋਣਾਂ ਜਿੱਤਣਾ ਹੀ ਮਿਸ਼ਨ ਬਣ ਗਿਆ ਹੈ ਇਸ ਤਰ੍ਹਾਂ ਦੀ ਰਾਜਨੀਤੀ ਕਿਸੇ ਵੀ ਦੇਸ਼ ਦੇ ਲੋਕਾਂ ਲਈ ਬੜੀ ਘਾਤਕ ਸਾਬਤ ਹੁੰਦੀ ਹੈ। ਪਿਛਲੇ ਕੁਝ ਅਰਸੇ ਤੋਂ ਵੱਖ-ਵੱਖ ਪਾਰਟੀਆਂ ਦੀਆਂ ਸਰਕਾਰਾਂ ਨੇ ਨਿੱਜੀਕਰਨ ਨੂੰ ਤਰਜੀਹ ਦੇ ਕੇ ਵੱਖ-ਵੱਖ ਮਹਿਕਮਿਆਂ/ਅਦਾਰਿਆਂ ਨੂੰ ਜਿਵੇਂ ਨਿੱਜੀ ਹੱਥਾਂ ਵਿੱਚ ਦੇਣ ਦੀ ਪ੍ਰਕਿਰਿਆ ਸ਼ੁਰੂ ਕੀਤੀ ਹੈ ਉਸ ਨਾਲ ਦੇਸ਼ ਵਿੱਚ ਬੇਰੁਜ਼ਗਾਰੀ ਅਤੇ ਮਹਿੰਗਾਈ ਹੋਰ ਜ਼ਿਆਦਾ ਵਧੀ ਹੈ ਅਤੇ ਅਗਾਂਹ ਹੋਰ ਵਧਣ ਦੇ ਆਸਾਰ ਨਜ਼ਰ ਆ ਰਹੇ ਹਨ। ਪਿਛਲੇ ਲੰਮੇ ਅਰਸੇ ਤੋਂ ਆਮ ਲੋਕਾਂ ਨੂੰ ਬਰਬਾਦੀਆਂ ਵੱਲ ਧੱਕ ਰਹੇ ਵਰਤਾਰਿਆਂ ਤੋਂ ਨਿਜਾਤ ਸਿਰਫ਼ ਭ੍ਰਿਸ਼ਟਾਚਾਰ ਰੋਕਣ ਦੇ ਹਵਾਈ ਨਾਹਰਿਆਂ ਨਾਲ ਹੀ ਨਹੀਂ ਮਿਲ ਜਾਣੀ ਬਲਕਿ ਉਹਨਾਂ ਸਭ ਤਰਜੀਹਾਂ ਦੀ ਸ਼ਨਾਖ਼ਤ ਕਰਨ ਦੀ ਲੋੜ ਹੈ ਜਿਨ੍ਹਾਂ 'ਤੇ ਚੱਲਦਿਆਂ ਅਮੀਰ ਧਨਾਢ ਬਣ ਰਿਹਾ ਹੈ ਅਤੇ ਗ਼ਰੀਬ ਕੰਗਾਲ ਹੋ ਰਿਹਾ ਹੈ। ਸਾਡੀ ਰਾਜਨੀਤੀ ਉਸ ਦੌਰ 'ਚੋਂ ਲੰਘ ਰਹੀ ਹੈ ਜਿੱਥੇ ਲੋਕਾਂ ਲਈ ਵਿਕਾਸ ਦੇ ਭਰਮ ਸਿਰਜੇ ਜਾ ਰਹੇ ਹਨ। ਉਹ ਰਾਜਨੀਤੀ ਜੋ ਆਮ ਲੋਕਾਂ ਦੇ ਦੁੱਖਾਂ ਦਰਦਾਂ ਦੀ ਗੱਲ ਕਰੇ, ਲੋਕਾਂ ਦੇ ਵਿਹੜਿਆਂ, ਘਰਾਂ ਬੱਚਿਆਂ, ਨੌਜੁਆਨਾਂ ਅਤੇ ਬਜ਼ੁਰਗਾਂ ਦੀਆਂ ਮੁਸ਼ਕਲਾਂ, ਸਮੱਸਿਆਵਾਂ ਨੂੰ ਸਮਝੇ। ਮੌਜੂਦਾ ਮਸਲਿਆਂ ਪ੍ਰਤੀ ਸਾਰਥਿਕ ਉਪਰਾਲੇ ਕਰੇ, ਦੇਸ਼ ਦੇ ਲੋਕਾਂ ਦੇ ਹਿੱਤਾਂ ਨਾਲ ਜੁੜੀਆਂ ਵੱਡੀਆਂ ਭਵਿੱਖਮੁਖੀ ਯੋਜਨਾਵਾਂ ਉਲੀਕੇ, ਦੀ ਦੇਸ਼ ਨੂੰ ਉਡੀਕ ਹੈ।

# ਵਿਕਾਸ ਨਹੀਂ ਹੈ ਜੀਵਨ ਦੇ ਬੁਨਿਆਦੀ ਤੱਤਾਂ ਦੀ ਤਬਾਹੀ

ਧਰਤੀ ਦੇ ਹੋਂਦ ਵਿੱਚ ਆਉਣ ਤੋਂ ਕਰੋੜਾਂ ਸਾਲਾਂ ਬਾਅਦ ਜੀਵਨ ਲਈ ਲੋੜੀਂਦੇ ਹਾਲਾਤ ਪੈਦਾ ਹੋਏ। ਉੱਲੀਆਂ, ਬਨਸਪਤੀਆਂ ਜਲ ਅਤੇ ਮਗਰੋਂ ਥਲ ਜੀਵਾਂ ਦੀਆਂ ਨਸਲਾਂ ਦੇ ਵਿਕਾਸ ਹੋਣ ਲਈ ਲੱਖਾਂ ਸਾਲਾਂ ਦਾ ਸਮਾਂ ਲੱਗਿਆ। ਜੀਵਨ ਲਈ ਲੋੜੀਂਦੇ ਵਾਤਾਵਰਨ ਦੀ ਸਿਰਜਣਾ ਕਰਨ ਦਾ ਕੁਦਰਤ ਦਾ ਇਕ ਆਪਣਾ ਢੰਗ ਹੈ। ਧਰਤੀ ਦੇ ਵਾਤਾਵਰਨ ਵਿੱਚ ਗੈਸਾਂ, ਹਵਾਵਾਂ, ਊਰਜਾਵਾਂ ਦਾ ਮਿਸ਼ਰਣ ਹੈ। ਸਭ ਤਰ੍ਹਾਂ ਦੇ ਜੀਵ-ਜੰਤੂ ਬਨਸਪਤੀਆਂ ਅਤੇ ਮਨੁੱਖਾਂ ਦੀ ਹੋਂਦ ਤਦ ਹੀ ਸੰਭਵ ਹੈ ਜੇਕਰ ਧਰਤੀ ਉੱਤੇ ਇਹਨਾਂ ਸਾਰੇ ਤੱਤਾਂ ਦਾ ਆਪਣਾ ਰੂਪ ਅਤੇ ਉਨ੍ਹਾਂ ਦਾ ਆਪਸੀ ਤਾਲਮੇਲ ਸੰਤੁਲਿਤ ਮਾਤਰਾ ਵਿੱਚ ਕਾਇਮ ਰਹੇ। ਉਹ ਵਾਤਾਵਰਨ ਜਿਸ ਨੂੰ ਪੈਦਾ ਹੋਣ ਅਤੇ ਜੀਵਨ ਦੇ ਅਨੁਕੂਲ ਬਣਨ ਲਈ ਲੱਖਾਂ ਸਾਲ ਲੱਗੇ, ਉਸ ਨੂੰ ਮਨੁੱਖ ਜਾਤੀ ਨੇ ਪਿਛਲੇ ਸੱਤ ਕੁ ਦਹਾਕਿਆਂ ਤੋਂ ਬਰਬਾਦ ਕਰਨਾ ਸ਼ੁਰੂ ਕਰ ਦਿੱਤਾ ਹੈ। ਜੀਵਨ ਲਈ ਜ਼ਰੂਰੀ ਤੱਤ ਹਵਾ, ਮਿੱਟੀ ਅਤੇ ਪਾਣੀ ਪਲੀਤ ਹੋ ਗਏ ਹਨ। ਸਾਡੀਆਂ ਖਾਣ-ਪੀਣ ਵਾਲੀਆਂ ਵਸਤਾਂ, ਹਵਾ ਅਤੇ ਧਰਤੀ ਦੇ ਉੱਪਰਲੇ ਅਤੇ ਹੇਠਲੇ ਪਾਣੀ ਵਿੱਚ ਖ਼ਤਰਨਾਕ ਤੱਤਾਂ ਦਾ ਪ੍ਰਭਾਵ ਵਧ ਰਿਹਾ ਹੈ।

ਆਬਾਦੀ ਦੇ ਬੇਤਹਾਸ਼ਾ ਵਾਧੇ ਨਾਲ ਹਰ ਸਾਲ ਮਨੁੱਖੀ ਲੋੜਾਂ ਵਧਦੀਆਂ ਹਨ। ਲੋੜਾਂ ਦੇ ਵਧਣ ਨਾਲ ਖਾਣਾ, ਕੱਪੜਾ ਤੇ ਮਕਾਨਾਂ ਦੀ ਹਰ ਸਾਲ ਲੋੜ ਵਧਦੀ ਹੈ। ਇਨ੍ਹਾਂ ਦੀ ਪੈਦਾਵਾਰ ਲਈ ਫੈਕਟਰੀਆਂ, ਕਾਰਖ਼ਾਨਿਆਂ ਦੀ ਗਿਣਤੀ ਵਿੱਚ ਵੀ ਵਾਧਾ ਹੁੰਦਾ ਹੈ। ਹਰ ਚੀਜ਼ ਦੀ ਪੈਦਾਵਾਰ ਲਈ ਪਾਣੀ ਦੀ ਵੱਡੀ ਪੱਧਰ ’ਤੇ ਲਗਾਤਾਰ ਦਿਨ-ਰਾਤ ਬਰਬਾਦੀ ਹੁੰਦੀ ਹੈ। ਹਵਾ ਵਿੱਚ ਜ਼ਹਿਰੀਲੇ ਕਣ ਲਗਾਤਾਰ ਘੁਲ ਰਹੇ ਹਨ। ਵਧੀ ਅਬਾਦੀ ਦੀਆਂ ਲੋੜਾਂ ਦੀ ਪੂਰਤੀ ਲਈ ਵੱਧ ਵਸਤਾਂ ਪੈਦਾ ਕਰਨ ਦੀ ਲੋੜ ਪੈਂਦੀ ਹੈ। ਵਧਦੀਆਂ ਲੋੜਾਂ ਲਈ ਵੱਧ ਕਾਰਖ਼ਾਨਿਆਂ, ਮਿੱਲਾਂ, ਫੈਕਟਰੀਆਂ, ਭੱਠਿਆਂ ਦੀ ਲੋੜ ਪੈਂਦੀ ਹੈ। ਇਨ੍ਹਾਂ ਤੋਂ ਪੈਦਾ ਹੁੰਦਾ ਕਚਰਾ ਜੀਵਨ ਲਈ ਅੱਜ ਵੱਡੀ ਚੁਣੌਤੀ ਬਣਨ ਲੱਗ ਪਿਆ ਹੈ। ਵੱਖ-ਵੱਖ ਦੇਸ਼ਾਂ ਵੱਲੋਂ ਧਰਤੀ ਅਤੇ ਸਮੁੰਦਰ ਵਿੱਚ ਆਪਣੀ ਤਾਕਤ ਦਾ ਵਿਖਾਵਾ ਕਰਨ ਲਈ ਪਰਮਾਣੂ ਪ੍ਰੀਖਣ ਹੋ ਰਹੇ ਹਨ। ਖ਼ਤਰਨਾਕ ਰੇਡੀਏਸ਼ਨ ਦੇ ਪ੍ਰਭਾਵ ਕਰਕੇ ਜੀਵਾਂ ਦੀਆਂ ਜੀਨ ਲੜੀਆਂ ਵੀ ਪ੍ਰਭਾਵਿਤ ਹੋ ਰਹੀਆਂ ਹਨ। ਜੀਵਨ ਲਈ ਲੋੜੀਂਦੇ ਬੁਨਿਆਦੀ ਤੱਤਾਂ ਦਾ ਪਲੀਤ ਹੋ ਜਾਣਾ ਵਿਕਾਸ ਨਹੀਂ ਬਲਕਿ ਮਨੁੱਖ ਸਮੇਤ ਦੂਜੀਆਂ ਜੀਵ ਜਾਤੀਆਂ ਲਈ ਇਕ ਤਰ੍ਹਾਂ ਨਾਲ ਵਿਨਾਸ਼ ਦੀ ਸਥਿਤੀ ਹੈ। ਮਾਰੂ ਹਥਿਆਰਾਂ ਦੀ ਦੌੜ, ਪਰਮਾਣੂ ਬੰਬਾਂ/ ਮਿਜ਼ਾਇਲਾਂ ਦੇ ਪਰੀਖਣ, ਪਰਮਾਣੂ ਕਚਰਾ ਅਤੇ ਇਨ੍ਹਾਂ ਤੋਂ ਪੈਦਾ ਹੋਣ ਵਾਲੀਆਂ ਮਾਰੂ ਵਿਕਰਣਾਂ ਜੀਵਨ ਲਈ ਚੁਣੌਤੀ ਬਣ ਰਹੀਆਂ ਹਨ। ਇਹ ਸਭ ਕੁਝ ਦੇਖ ਕੇ ਇੰਞ ਲੱਗਦਾ ਹੈ ਕਿ ਦੁਨੀਆਂ ਜਿਵੇਂ ਕਿਸੇ ਵੱਡੇ ਪਾਗਲਪਨ ਦੀ ਸ਼ਿਕਾਰ ਹੋ ਗਈ ਹੈ। ਸਦੀਆਂ ਪਹਿਲਾਂ ਔੜ ਲੱਗਦੀ ਸੀ, ਕਾਲ ਪੈਂਦੇ ਸਨ, ਤਾਂ ਲੋਕ ਭੁੱਖ ਅਤੇ ਪਿਆਸ ਨਾਲ ਮਰਦੇ ਸਨ। ਅੱਜ ਉਸ ਤੋਂ ਵੱਖਰੀ ਤਰ੍ਹਾਂ ਦੀ ਭਿਆਨਕ ਸਥਿਤੀ ਪੈਦਾ ਹੋ ਗਈ ਹੈ। ਲੋਕ ਗ਼ਲਤ ਖਾਣਿਆਂ ਅਤੇ ਦੂਸ਼ਿਤ ਪਾਣੀਆਂ ਨਾਲ ਬਿਮਾਰੀਆਂ



ਤੋਂ ਪੀੜਿਤ ਹੋ ਕੇ ਮਰ ਰਹੇ ਹਨ। ਦੂਸ਼ਿਤ ਹਵਾ ਨਾਲ ਹੋਣ ਵਾਲੇ ਰੋਗੀਆਂ ਦੀ ਤਾਦਾਦ ਦੁਨੀਆਂ ਭਰ ਵਿੱਚ ਵਧ ਰਹੀ ਹੈ। ਗੰਦੇ ਪਾਣੀ ਤੋਂ ਫੈਲਣ ਵਾਲੇ ਰੋਗਾਂ ਦੇ ਇਲਾਜ ਏਨੇ ਜ਼ਿਆਦਾ ਮਹਿੰਗੇ ਹਨ ਕਿ ਗ਼ਰੀਬ ਲੋਕ ਇਨ੍ਹਾਂ ਦੇ ਇਲਾਜ ਨਹੀਂ ਕਰਵਾ ਸਕਦੇ। ਵੱਡੀ ਪੱਧਰ ’ਤੇ ਲੋਕ ਕਾਲੇ ਪੀਲੀਏ ਅਤੇ ਜਿਗਰ ਦੇ ਰੋਗਾਂ ਤੋਂ ਪੀੜਿਤ ਹੋ ਕੇ ਮੌਤ ਦੇ ਮੂੰਹ ਵਿੱਚ ਜਾ ਪੈਂਦੇ ਹਨ। ਕੈਂਸਰ ਦੀ ਬਿਮਾਰੀ ਉਨ੍ਹਾਂ ਇਲਾਕਿਆਂ ਵਿੱਚ ਭਿਆਨਕ ਰੂਪ ਅਖ਼ਤਿਆਰ ਕਰ ਗਈ ਹੈ ਜਿਨ੍ਹਾਂ ਵਿੱਚ ਪੀਣ ਵਾਲਾ ਪਾਣੀ ਸ਼ੁੱਧ ਨਹੀਂ ਰਿਹਾ। ਇੱਥੇ ਸਵਾਲ ਪੈਦਾ ਹੁੰਦਾ ਹੈ ਕਿ ਜਿਸ ਵਿਕਾਸ ਦੀ ਡਗਰ ’ਤੇ ਚੱਲਦਿਆਂ ਸਾਡਾ ਖਾਣ-ਪੀਣ, ਸਾਹ ਲੈਣ ਲਈ ਹਵਾ ਅਤੇ ਪੀਣ ਵਾਲਾ ਪਾਣੀ ਹੀ ਸਾਫ਼ ਨਹੀਂ ਰਿਹਾ ਉਹ ਵਿਕਾਸ ਸਾਡੇ ਕਿਸ ਕੰਮ ਦਾ?

ਜੀਵਨ ਲਈ ਲੋੜੀਂਦੇ ਤੱਤ ਹਵਾ, ਪਾਣੀ ਦੀ ਕੀ ਕੀਮਤ ਹੈ? ਇਸ ਸਵਾਲ ਨੂੰ ਅਸੀਂ ਪਿਛਲੇ ਅਰਸੇ ਦੌਰਾਨ ਪੰਜਾਬ ਦੀ ਧਰਤੀ ’ਤੇ ਵਾਪਰੇ ਘਟਨਾਕ੍ਰਮ ਦੀ ਉਦਾਹਰਣ ਲੈ ਕੇ ਵੀ ਸਮਝ ਸਕਦੇ ਹਾਂ। ਪੰਜ ਕੁ ਦਹਾਕੇ ਪਹਿਲਾਂ ਕਦੇ ਕਿਸੇ ਨੇ ਸੋਚਿਆ ਨਹੀਂ ਸੀ ਕਿ ਪੰਜਾਬ ਦੀ ਧਰਤੀ ਜੋ ਪੰਜ ਪਾਣੀਆਂ ਦੀ ਧਰਤੀ ਹੈ, ਜਿਸ ਦਾ ਨਾਂਅ ਹੀ ਪੰਜਾਂ ਦਰਿਆਵਾਂ ਤੋਂ ਪੰਜਾਬ ਪਿਆ, ਵਿੱਚ ਪਾਣੀਆਂ ਦਾ ਸੰਕਟ ਇਕ ਵੱਡਾ ਮਸਲਾ ਬਣ ਜਾਵੇਗਾ। ਇੱਥੇ ਪਿਛਲੇ ਅਰਸੇ ਦੌਰਾਨ ਅਸੀਂ ਦੇਖਿਆ ਹੈ ਕਿ ਜਦੋਂ ਪੰਜਾਬ ’ਚੋਂ ਧਰਤੀ ਹੇਠਲੇ ਪਾਣੀ ਦੀ ਪਹਿਲੀ ਤਹਿ ਖ਼ਤਮ ਹੋਈ ਤਾਂ ਜ਼ਮੀਨਾਂ ਦੇ ਭਾਅ ਜਿਹੜੇ ਔਸਤਨ ਦਸ ਤੋਂ ਅੱਠ ਲੱਖ ਰੁਪਏ ਸੀ, ਉਹ ਭਾਅ ਘਟ ਕੇ ਡੇਢ ਲੱਖ ਤਕ ਆ ਗਏ। ਇਸ ਤੋਂ ਅਸੀਂ ਸਮਝ ਸਕਦੇ ਹਾਂ ਕਿ ਸਾਡੇ ਆਲੇ-ਦੁਆਲੇ ਹੋ ਰਿਹਾ ਵਿਕਾਸ, ਉੱਚੀਆਂ-ਉੱਚੀਆਂ ਇਮਾਰਤਾਂ, ਬਜ਼ਾਰਾਂ, ਦੁਕਾਨਾਂ, ਸੜਕਾਂ, ਖੇਤੀ ਫਾਰਮਾਂ, ਜ਼ਮੀਨਾਂ-ਜਾਇਦਾਦਾਂ ਦਾ ਮੁੱਲ ਸਿੱਧੇ ਤੌਰ ’ਤੇ ਪਾਣੀ ਨਾਲ ਜੁੜਿਆ ਹੋਇਆ ਹੈ। ਜੇਕਰ ਕਿਸੇ ਖਿੱਤੇ ਵਿੱਚ ਪਾਣੀ ਨਹੀਂ ਰਹਿੰਦਾ ਜਾਂ ਪਾਣੀ ਪਲੀਤ ਹੋ ਜਾਂਦਾ ਹੈ ਤਾਂ ਇਸ ਦਾ ਅਰਥ ਇਹ ਲਿਆ ਜਾਣਾ ਚਾਹੀਦਾ ਹੈ ਕਿ ਉਸ ਖਿੱਤੇ ਵਿੱਚ ਮਨੁੱਖੀ ਹੱਥਾਂ ਨੇ ਹੁਣ ਤਕ ਜੋ ਬਣਾਇਆ ਸੰਵਾਰਿਆ ਹੈ, ਉਸ ਦੀ ਵੀ ਕੋਈ ਕੀਮਤ ਨਹੀਂ ਰਹਿੰਦੀ। ਅਸੀਂ ਪੰਜਾਬ ਵਾਸੀ ਹੁਣ ਅਗਲੀ ੨੫੦ ਫੁੱਟ ਵਾਲੀ ਪਾਣੀ ਦੀ ਤਹਿ ਨੂੰ ਖ਼ਤਮ ਕਰ ਰਹੇ ਹਾਂ। ਪਾਣੀ ਦੀ ਇਹ ਤਹਿ ਬਾਹਲਾ ਸਮਾਂ ਚੱਲਣ ਵਾਲੀ ਨਹੀਂ, ਬੜੀ ਜਲਦੀ ਖ਼ਤਮ ਹੋਵੇਗੀ ਅਤੇ ਪੰਜਾਬ ਦੀ ਧਰਤੀ ਬੰਜਰ ਬਣਨੀ ਸ਼ੁਰੂ ਹੋ ਜਾਵੇਗੀ। ਸਾਨੂੰ ਸਮਝ ਜਾਣਾ ਚਾਹੀਦਾ ਹੈ ਕਿ ਪਾਣੀ ਸਭ ਤਰ੍ਹਾਂ ਦੇ ਖਣਿਜ ਪਦਾਰਥਾਂ ਤੋਂ ਵੱਧ ਕੀਮਤੀ ਹੈ, ਕਿਉਂਕਿ ਇਹ ਸਾਡੇ ਜੀਵਨ ਦਾ ਬੁਨਿਆਦੀ ਤੱਤ ਹੈ। ਅਜੋਕਾ ਤਕਨੀਕੀ ਵਿਕਾਸ ਮਾਡਲ ਜਿਸ ਨੂੰ ਸਭ ਦੁੱਖਾਂ ਦਾ ਦਾਰੂ ਸਮਝਿਆ ਜਾ ਰਿਹਾ ਹੈ ਇਹ ਮਨੁੱਖ ਜਾਤੀ ਲਈ ਇਕ ਤਰ੍ਹਾਂ ਨਾਲ ਭਿਆਨਕ ਸਥਿਤੀ ਪੈਦਾ ਕਰ ਰਿਹਾ ਹੈ। ਕਾਰਪੋਰੇਟ ਤਾਕਤਾਂ ਹੁਣ ਇਕ ਸੋਚੀ ਸਮਝੀ ਸਾਜ਼ਸ਼ ਜਿਸ ਨੂੰ ‘ਤਕਨੀਕੀ ਸਾਜ਼ਸ਼’ ਕਹਿਣਾ ਵਧੇਰੇ ਵਾਜਬ ਹੈ, ਅਧੀਨ ਵੱਧ ਤੋਂ ਵੱਧ ਮੁਨਾਫ਼ੇ ਹਾਸਲ ਕਰਨ ਲਈ ਖੋਜਾਂ ਕਰਵਾ ਰਹੀਆਂ ਹਨ। ਇਹ ਖੋਜਾਂ ਮਾਰੂ ਹਥਿਆਰਾਂ, ਵੰਨ-ਸੁਵੰਨੇ ਕੀਟ-ਨਾਸ਼ਕਾਂ, ਮੋਟਰਕਾਰਾਂ ਦੇ ਭਿੰਨ-ਭਿੰਨ ਵਿਸ਼ੇਸ਼ਤਾਵਾਂ ਵਾਲੇ ਮਾਡਲ, ਸੁੰਦਰਤਾ ਵਧਾਉਣ ਲਈ ਵਰਤੇ ਜਾਂਦੇ ਕਰੀਮਾਂ, ਪਾਊਡਰ, ਅਮੀਰ ਮੁਲਕਾਂ ਵਿੱਚ ਹੋਣ ਵਾਲੀਆਂ ਬਿਮਾਰੀਆਂ

ਅਤੇ ਇਨ੍ਹਾਂ ਲਈ ਵਰਤੋਂ ਵਿੱਚ ਆਉਣ ਵਾਲੀਆਂ ਦਵਾਈਆਂ ਸੰਬੰਧੀ ਵੱਧ ਤੋਂ ਵੱਧ ਖੋਜਾਂ ਹੋ ਰਹੀਆਂ ਹਨ। ਇਸ ਤੋਂ ਇਲਾਵਾ ਮਨੁੱਖ ਦੀ ਹਰ ਤਰ੍ਹਾਂ ਦੀ ਸਰੀਰਕ ਸਰਗਰਮੀ ਘਟਾਉਣ ਅਤੇ ਉਸ ਦੇ ਰੁਤਬੇ ਨੂੰ ਧਿਆਨ ਵਿੱਚ ਰੱਖ ਕੇ ਖੋਜਾਂ ਕੀਤੀਆਂ ਜਾ ਰਹੀਆਂ ਹਨ। ਜਿਵੇਂ ਪਾਣੀ ਵਾਲੀ ਟੂਟੀ ਹੇਠ ਹੱਥ ਕਰਨ ਨਾਲ ਹੀ ਟੂਟੀ ’ਚੋਂ ਪਾਣੀ ਨਿਕਲਦਾ ਅਤੇ ਬੰਦ ਹੁੰਦਾ ਹੈ, ਪਰ ਇਸ ਵਿਸ਼ੇ ’ਤੇ ਖੋਜ ਨਹੀਂ ਹੋ ਰਹੀ ਕਿ ਪਾਣੀ ਨੂੰ ਵੱਧ ਤੋਂ ਵੱਧ ਦੁਬਾਰਾ ਵਰਤਣ (ਰੀਸਾਈਕਲ) ਲਈ ਕਿਹੜੀਆਂ ਆਧੁਨਿਕ ਜੁਗਤਾਂ ਲੱਭੀਆਂ ਜਾਣ। ਫੈਕਟਰੀਆਂ, ਕਾਰਖ਼ਾਨਿਆਂ ਦੀ ਪੈਦਾਵਾਰ ਵਧਾਉਣ ਲਈ ਖੋਜਾਂ ਤਾਂ ਹੋ ਰਹੀਆਂ ਹਨ, ਪਰ ਇਨ੍ਹਾਂ ਫੈਕਟਰੀਆਂ ਤੋਂ ਪੈਦਾ ਹੋਣ ਵਾਲੇ ਪ੍ਰਦੂਸ਼ਣ ਨੂੰ ਖ਼ਤਮ ਕਰਨ ਲਈ ਕੋਈ ਸੁਚਾਰੂ ਹੱਲ ਨਹੀਂ ਲੱਭਿਆ। ਇਸ ਸਭ ਕੁਝ ਨੂੰ ਅਣਗੌਲਿਆਂ ਕੀਤਾ ਜਾ ਰਿਹਾ ਹੈ।

ਲੋਕ ਮਸਲਿਆਂ ਲਈ ਸਰਕਾਰ ਨਾਲ ਲੜਨ ਵਾਲੀਆਂ ਜਥੇਬੰਦੀਆਂ ਜਿੱਥੇ ਹੋਰ ਮਸਲਿਆਂ ’ਤੇ ਸਰਕਾਰਾਂ ਨੂੰ ਜਵਾਬਦੇਹ ਬਣਾਉਣ ਦੀ ਕੋਸ਼ਿਸ਼ ਕਰਦੀਆਂ ਹਨ, ਉੱਥੇ ਉਨ੍ਹਾਂ ਨੂੰ ਇਹ ਮੰਗਾਂ ਵੀ ਗੰਭੀਰਤਾ ਨਾਲ ਉਠਾਉਣੀਆਂ ਚਾਹੀਦੀਆਂ ਹਨ ਕਿ ਜੀਵਨ ਦੇ ਬੁਨਿਆਦੀ ਤੱਤਾਂ ਦੀ ਤਬਾਹੀ ਨੂੰ ਰੋਕਣ ਲਈ ਸਰਕਾਰਾਂ ਸਾਰਥਿਕ ਕਦਮ ਚੁੱਕਣ। ਮਿਸਾਲ ਵਜੋਂ ਪੰਜਾਬ ਵਿੱਚ ਰੁੱਖਾਂ ਦੀ ਕਟਾਈ ’ਤੇ ਰੋਕ ਲੱਗਣੀ ਚਾਹੀਦੀ ਹੈ, ਦਰਿਆਈ ਇਲਾਕਿਆਂ ਤੋਂ ਕਬਜ਼ੇ ਹਟਾ ਕੇ ਉੱਥੇ ਵੱਡੀ ਪੱਧਰ ’ਤੇ ਦਰੱਖਤ ਲਗਾਏ ਜਾਣ ਦੀ ਲੋੜ ਹੈ, ਨੈਆਂ, ਵੇਈਆਂ ਨੂੰ ਸਾਫ਼ ਕਰ ਕੇ ਇਨ੍ਹਾਂ ਦੀ ਮੁੜ ਸੁਰਜੀਤੀ ਲਈ ਕਾਰਗਰ ਕਦਮ ਚੁੱਕਣ ਦੀ ਲੋੜ ਹੈ। ਦਰਿਆਵਾਂ ਦੇ ਪਾਣੀਆਂ ਵਿੱਚ ਪੈਂਦੇ ਪ੍ਰਦੂਸ਼ਿਤ ਪਾਣੀ ਅਤੇ ਅੰਧ-ਵਿਸ਼ਵਾਸਾਂ ਕਰਕੇ ਦਰਿਆਵਾਂ ਵਿੱਚ ਸੁੱਟੀਆਂ ਜਾਂਦੀਆਂ ਮੂਰਤੀਆਂ, ਦੀਵੇ, ਟੂਣੇ-ਟਾਮਣ ਅਤੇ ਹੋਰ ਸਮੱਗਰੀ ਰੋਕਣ ਲਈ ਸਖ਼ਤ ਕਾਨੂੰਨ ਬਣਾਉਣ ਦੀ ਲੋੜ ਹੈ। ਕਾਰਖ਼ਾਨਿਆਂ ਵੱਲੋਂ ਜੋ ਗੰਦਾ ਪਾਣੀ ਧਰਤੀ ਹੇਠਾਂ ਵਹਾਇਆ ਜਾਂਦਾ ਹੈ, ਉਸ ’ਤੇ ਸਖ਼ਤੀ ਨਾਲ ਰੋਕ ਲਾਏ ਜਾਣ ਦੀ ਲੋੜ ਹੈ। ਦਰਿਆਵਾਂ ਦੇ ਵਹਾਅ ਨੂੰ ਮੱਠਾ ਕਰਨ ਲਈ ਪਹਿਲਾਂ ਦਰਿਆਈ ਇਲਾਕਿਆਂ ਵਿੱਚ ਡੰਮ੍ਹ ਹੋਇਆ ਕਰਦੇ ਸਨ। ਇਨ੍ਹਾਂ ਵਿੱਚ ਸਾਰਾ ਸਾਲ ਪਾਣੀ ਰਹਿੰਦਾ ਸੀ। ਮੱਛੀਆਂ ਦੇ ਪੂੰਗ ਅਤੇ ਬਹੁਤ ਸਾਰੇ ਪੰਛੀ ਇਨ੍ਹਾਂ ’ਤੇ ਪਲਦੇ ਸਨ। ਵਿਕਾਸ ਦੀ ਹਨੇਰੀ ਨੇ ਇਹ ਖ਼ਤਮ ਕਰ ਦਿੱਤੇ। ਇਹ ਡੰਮ੍ਹ ਧਰਤੀ ਹੇਠਲੇ ਪਾਣੀ ਨੂੰ ਰੀਚਾਰਜ ਕਰਨ ਦਾ ਵੱਡਾ ਸਰੋਤ ਸਨ। ਇਨ੍ਹਾਂ ਤਰਜੀਹਾਂ ’ਤੇ ਸਰਕਾਰਾਂ ਨੂੰ ਗੌਰ ਕਰਨ ਅਤੇ ਲੋਕਾਂ ਨੂੰ ਸੁਚੇਤ ਹੋਣ ਦੀ ਲੋੜ ਹੈ।

ਮਨੁੱਖ ਦੀਆਂ ਆਪਹੁਦਰੀਆਂ ਕਰਕੇ ਧਰਤੀ ’ਤੇ ਸਾਡੇ ਨਾਲ ਸਦੀਆਂ ਤੋਂ ਰਹਿੰਦੇ ਆ ਰਹੇ ਜੀਵ-ਜੰਤੂ, ਪਸ਼ੂ-ਪੰਛੀਆਂ ਲਈ ਵੀ ਵੱਡੇ ਖ਼ਤਰੇ ਖੜ੍ਹੇ ਹੋ ਗਏ ਹਨ। ਬੇਢੰਗੇ ਵਿਕਾਸ ਦੀ ਡਗਰ ’ਤੇ ਚਲਦਿਆਂ ਪੈਦਾ ਹੋਏ ਪ੍ਰਦੂਸ਼ਣ ਨੇ ਧਰਤੀ ਉੱਤਲੀ ਸਮੁੱਚੀ ਜੈਵਿਕ ਹੋਂਦ ਲਈ ਖ਼ਤਰੇ ਦੀ ਘੰਟੀ ਖੜਕਾ ਦਿੱਤੀ ਹੈ। ਅੱਜ ਲੋੜ ਹੈ ਮਾਨਵ ਹਿਤੈਸ਼ੀ ਕਾਰਕੁਨ ਅਤੇ ਜਥੇਬੰਦੀਆਂ ਆਮ ਲੋਕਾਂ ਨੂੰ ਜੀਵਨ ਲਈ ਲੋੜੀਂਦੇ ਬੁਨਿਆਦੀ ਤੱਤਾਂ ਦੀ ਹੋ ਰਹੀ ਤਬਾਹੀ ਤੋਂ ਜਾਣੂ ਕਰਾਉਣ।



### ਕੁਦਰਤੀ ਵੰਨ-ਸੁਵੰਨਤਾ ਦਾ ਖ਼ਤਮ ਹੋਣਾ ਜੀਵਨ ਲਈ ਇਕ ਵੱਡੀ ਚੁਣੌਤੀ

## ਜੀਵਨ ਲਈ ਗੰਭੀਰ ਖ਼ਤਰੇ ਸਹੇੜ ਰਿਹਾ ਹੈ ਮਨੁੱਖ

ਕੁਝ ਸਾਲ ਪਹਿਲਾਂ ਦਾ ਇੱਕ ਉਹ ਪੰਜਾਬ ਸੀ ਜਿੱਥੇ ਵੱਡੇ, ਉੱਚੇ, ਵਿਸ਼ਾਲ, ਦਰੱਖਤ ਸਨ, ਜਿਨ੍ਹਾਂ ’ਤੇ ਗਿਰਜਾਂ, ਇੱਲਾਂ, ਬਾਜ ਵੱਡੇ-ਵੱਡੇ ਆਲ੍ਹਣੇ ਪਾਉਂਦੇ ਸਨ। ਬੋਹੜਾਂ, ਪਿੱਪਲਾਂ, ਟਾਹਲੀਆਂ, ਕਿੱਕਰਾਂ ਦੇ ਉੱਚੇ ਵਿਸ਼ਾਲ ਦਰੱਖਤਾਂ ’ਤੇ ਇਹ ਪੰਛੀ ਅੰਡੇ ਦਿੰਦੇ ਸਨ। ਵੱਖ-ਵੱਖ ਬੋਲੀਆਂ ਬੋਲਦੇ ਸਨ। ਇੱਲਾਂ, ਗਿਰਜਾਂ ਮਰੇ ਜਾਨਵਰਾਂ ਦਾ ਮਾਸ ਖਾਂਦੀਆਂ ਸਨ। ਇਸ ਤਰ੍ਹਾਂ ਨਾਲ ਇਹ ਸਾਡੇ ਸਫ਼ਾਈ ਕਰਨ ਵਾਲੇ ਪੰਛੀ ਸਨ। ਇੱਲਾਂ, ਗਿਰਜਾਂ ਅਕਾਸ਼ ਵਿੱਚ ਘੰਟਿਆਂ ਬੱਧੀ ਉੱਡਦੀਆਂ ਚੱਕਰ ਕੱਢਦੀਆਂ ਰਹਿੰਦੀਆਂ, ਇਹ ਇਹਨਾਂ ਪੰਛੀਆਂ ਦੀ ਇਕ ਖ਼ਾਸ ਵਿਲੱਖਣਤਾ ਸੀ। ਖੇਤਾਂ ਵਿੱਚ ਰੁੱਖਾਂ ਦੀਆਂ ਝਿੜੀਆਂ ਸਨ। ਰੁੱਖਾਂ ’ਤੇ ਪੰਛੀਆਂ ਦੇ ਝੁੰਡਾਂ ਦੇ ਝੁੰਡ ਬੈਠਦੇ ਸਨ। ਕੰਧਾਂ, ਕੌਲਿਆਂ, ਖੋਲਿਆਂ ਦੀਆਂ ਖੁੱਡਾਂ ਨੂੰ ਤੋਤੇ ਗਟਾਰਾਂ ਆਲ੍ਹਣੇ ਬਣਾਉਣ ਲਈ ਵਰਤਦੇ। ਕਿੱਕਰਾਂ ਨਾਲ ਬਿਜੜਿਆਂ ਦੇ ਲਮਕਦੇ ਆਲ੍ਹਣੇ ਦਿੱਸਦੇ ਸਨ। ਇੱਥੇ ਨੈਆਂ ਵੇਈਆਂ ਦੇ ਕੰਢਿਆਂ ’ਤੇ ਕਾਹੀ, ਸਰਕੰਡੇ ਅਤੇ ਹੋਰ ਕਈ ਤਰ੍ਹਾਂ ਦੀ ਬਨਸਪਤੀ ਦੀਆਂ ਕਿਸਮਾਂ ਥੋੜ੍ਹੀ-ਥੋੜ੍ਹੀ ਵਿੱਥ ’ਤੇ ਨਜ਼ਰੀਂ ਪੈ ਜਾਂਦੀਆਂ ਸਨ। ਵੱਡੇ ਦਰੱਖਤਾਂ ’ਤੇ ਕਾਲੇ ਵਿਸ਼ਾਲ ਡੂੰਮਣੇ ਲੱਗੇ ਅਕਸਰ ਦਿਖਾਈ ਪੈਂਦੇ ਸਨ। ਘਰ ਵਿੱਚ ਬੈਠਿਆਂ ਛਾਂ-ਛਾਂ ਦੀ ਆਵਾਜ਼ ਆਉਣ ਲੱਗਣੀ ਤਾਂ ਉੱਪਰ ਦੇਖਣਾ ਤੇ ਪਤਾ ਚੱਲਣਾ ਕਿ ਕੋਈ ਡੂੰਮਣਾ ਆਪਣੀ ਥਾਂ ਬਦਲਣ ਲਈ ਲੰਘ ਰਿਹਾ ਹੈ। ਇਹ ਸਭ ਕੁਝ ਹੁਣ ਅਲੋਪ ਹੋ ਗਿਆ ਹੈ ਜਾਂ ਇੰਞ ਕਹਿ ਲਈਏ ਕਿ ਇਸ ਸਭ ਕੁਝ ਦਾ ਅਸੀਂ ਹੁਣ ਸਫ਼ਾਇਆ ਕਰ ਦਿੱਤਾ ਹੈ। ਇਹੋ ਕਾਰਨ ਹੈ ਕਿ ਬਹੁਤ ਸਾਰੀਆਂ ਬਨਸਪਤੀਆਂ, ਬਹੁਤ ਸਾਰੇ ਜੀਵ-ਜੰਤੂ, ਪੰਛੀ, ਸਾਡੀ ਧਰਤੀ ਨੂੰ ਅਲਵਿਦਾ ਆਖ ਗਏ ਹਨ। ਬਿਜੜਾ ਜੋ ਇਕ ਬੜਾ ਪਿਆਰਾ ਪੰਛੀ ਹੈ ਇਹ ਸਾਡੇ ਖੇਤਾਂ ਦਾ ਸ਼ਿੰਗਾਰ ਸੀ। ਅਸੀਂ ਇਸ ਦੇ ਘਰ ਬਣਾਉਣ ਦਾ ਸਮਾਨ ਹੀ ਨਹੀਂ ਰਹਿਣ ਦਿੱਤਾ। ਇੱਲਾਂ, ਗਿਰਜਾਂ ਕੁਝ ਕੁ ਸਾਲਾਂ ਵਿੱਚ ਅਲੋਪ ਹੋ ਗਈਆਂ ਹਨ। ਇਸ ਤਰ੍ਹਾਂ ਤੋਤੇ, ਕਬੂਤਰ, ਘੁੱਗੀਆਂ, ਗਟਾਰਾਂ ਅਤੇ ਕਾਵਾਂ ਦੀ ਗਿਣਤੀ ਵੀ ਤੇਜ਼ੀ ਨਾਲ ਘਟ ਰਹੀ ਹੈ। ਇਹ ਪੰਛੀ ਜਦੋਂ ਕੀਟਨਾਸ਼ਕਾਂ ਵਾਲਾ ਅਨਾਜ ਖਾਂਦੇ, ਜ਼ਹਿਰਾਂ ਵਾਲਾ ਪਾਣੀ ਪੀਂਦੇ ਹਨ ਜਾਂ ਜ਼ਹਿਰੀਲਾ ਚੋਗਾ ਆਪਣੇ ਬੱਚਿਆਂ ਨੂੰ ਦਿੰਦੇ ਹਨ ਤਾਂ ਆਲ੍ਹਣਿਆਂ ਵਿੱਚ ਇਨ੍ਹਾਂ ਦੇ ਬੱਚੇ ਮਰ ਜਾਂਦੇ ਹਨ। ਚਮਗਿੱਦੜ ਅਤੇ ਉੱਲੂ ਵਰਗੇ ਪੰਛੀਆਂ ਜਿਨ੍ਹਾਂ ਦੀ ਗਿਣਤੀ ਪਹਿਲਾਂ ਹੀ ਘੱਟ ਸੀ ਬੜੀ ਤੇਜ਼ੀ ਨਾਲ ਖ਼ਤਮ ਹੋਏ। ਧਰਤੀ ਦੇ ਸਮੁੱਚੇ ਜੀਵਨ ਲਈ ਵੰਨ-ਸੁਵੰਨਤਾ ਅਤੇ ਭਿੰਨਤਾਵਾਂ ਦੀ ਬੜੀ ਵੱਡੀ ਲੋੜ ਹੈ ਕਿਉਂਕਿ ਸਭ ਚੀਜ਼ਾਂ ਤੇ ਸਭ ਜੀਵਾਂ ਦਾ ਆਪਸੀ ਇੱਕ ਰਿਸ਼ਤਾ ਹੈ ਜੋ ਸਿੱਧੇ ਜਾਂ ਅਸਿੱਧੇ ਢੰਗ ਨਾਲ ਦੂਜੇ ਜੀਵਾਂ ਨਾਲ ਜੁੜਿਆ ਹੋਇਆ ਹੁੰਦਾ ਹੈ। ਵਿਗਿਆਨ ਅਨੁਸਾਰ ਜੀਵਨ ਦੀ ਕੜੀ ’ਚੋਂ ਜੇਕਰ ਇਕ ਜਾਤੀ ਅਲੋਪ ਹੁੰਦੀ ਹੈ ਤਾਂ 10 ਤੋਂ 20 ਹੋਰ ਜੀਵਾਂ ਦੀ ਜ਼ਿੰਦਗੀ ਨੂੰ

ਪ੍ਰਭਾਵਿਤ ਕਰਦੀ ਹੈ। ਵੰਨ-ਸੁਵੰਨਤਾ ਸਭ ਤਰ੍ਹਾਂ ਦੇ ਜੀਵਨ ਲਈ ਬੜੀ ਜ਼ਰੂਰੀ ਹੈ।

ਬਿਲਕੁਲ ਅਸੀਂ ਇਹਨਾਂ ਵਰਤਾਰਿਆਂ ਨੂੰ ਗੰਭੀਰਤਾ ਨਾਲ ਨਹੀਂ ਲੈਂਦੇ, ਪਰ ਮਨੁੱਖ ਜਾਤੀ ਨੂੰ ਆਪਣੇ ਆਪ ਵਿੱਚ ਇਹ ਸਮਝ ਪੈਦਾ ਕਰਨ ਦੀ ਲੋੜ ਹੈ। ਇਸ ਧਰਤੀ 'ਤੇ ਜਿੰਨਾ ਰਹਿਣ ਦਾ ਸਾਨੂੰ ਅਧਿਕਾਰ ਹੈ ਦੂਜੇ ਜੀਵਾਂ ਨੂੰ ਵੀ ਉਨਾ ਹੀ ਅਧਿਕਾਰ ਹੈ। ਮਨੁੱਖ ਨੇ ਇਕ ਤਰ੍ਹਾਂ ਦੂਜੇ ਜੀਵਾਂ ਦੀਆਂ ਜਿਊਣ ਹਾਲਤਾਂ ਵਿੱਚ ਖਲਲ ਪੈਦਾ ਕਰ ਦਿੱਤਾ ਹੈ। ਹੁਣ ਜਿਵੇਂ ਸਾਡੇ ਗਿਰਜਾਂ, ਇੱਲਾਂ ਖ਼ਤਮ ਹੋ ਗਈਆਂ, ਇਸ ਨਾਲ ਕੀ ਹੋਇਆ ਕਿ ਅਵਾਰਾ ਕੁੱਤਿਆਂ ਦੀ ਗਿਣਤੀ ਇਕਦਮ ਵਧ ਗਈ। ਮਰੇ ਪਸ਼ੂਆਂ ਦਾ ਮਾਸ ਖਾਣ ਵਾਲੇ ਕੁੱਤੇ ਹਿੰਸਕ ਹੋ ਜਾਂਦੇ ਹਨ। ਪੰਜਾਬ ਵਿੱਚ ਹੀ ਇਹ ਕਿੰਨੀਆਂ ਘਟਨਾਵਾਂ ਹੋ ਚੁੱਕੀਆਂ ਹਨ ਕਿ ਅਵਾਰਾ ਕੁੱਤਿਆਂ ਨੇ ਬੱਚੇ ਨੂੰ ਮਾਰ ਖਾਧਾ, ਇਹ ਘਟਨਾਵਾਂ ਤੇਜ਼ੀ ਨਾਲ ਵਧ ਰਹੀਆਂ ਹਨ। ਅਸੀਂ ਹੋਰ ਉਦਾਹਰਣ ਲੈ ਸਕਦੇ ਹਾਂ: ਜਿਵੇਂ ਕਿਹਾ ਜਾਵੇ ਕਿ ਸਾਡੇ ਤੋਂ ਕੁਝ ਮੀਲ ਦੂਰ ਕੋਈ ਜੇਕਰ ਸ਼ਿਕਾਰੀ ਹਿਰਨ ਦਾ ਸ਼ਿਕਾਰ ਕਰਦਾ ਹੈ ਤਾਂ ਇਸ ਦਾ ਪ੍ਰਭਾਵ ਸਾਡੇ ਜੀਵਨ 'ਤੇ ਵੀ ਪਵੇਗਾ, ਤਾਂ ਇਹ ਗੱਲ ਅਟਪਟੀ ਜਿਹੀ ਲੱਗਦੀ ਹੈ। ਪਰ ਇਹ ਸੱਚ ਹੈ। ਇਨ੍ਹਾਂ ਬਰੀਕ ਗੱਲਾਂ ਨੂੰ ਸਾਨੂੰ ਸਮਝਣਾ ਚਾਹੀਦਾ ਹੈ। ਕਿਸੇ ਜੰਗਲ ਵਿੱਚ ਸ਼ੇਰਾਂ ਦੇ ਹੋਣ ਦੀ ਪਹਿਲੀ ਸ਼ਰਤ ਇਹ ਹੈ ਕਿ ਇੱਥੇ ਹਿਰਨ, ਬਾਰਾਂਸਿੰਗੇ ਵੀ ਹੋਣੇ ਲਾਜ਼ਮੀ ਹਨ। ਜੇਕਰ ਕਿਸੇ ਜੰਗਲ 'ਚੋਂ ਕੁਝ ਕੁ ਸ਼ਿਕਾਰੀ ਲਾਲਚ ਵੱਸ ਹਿਰਨਾਂ, ਬਾਰਾਂ-ਸਿੰਗਿਆਂ ਦਾ ਸ਼ਿਕਾਰ ਕਰਕੇ ਇਨ੍ਹਾਂ ਨੂੰ ਖ਼ਤਮ ਕਰਨ ਦੀ ਕਗਾਰ ਤਕ ਲੈ ਜਾਂਦੇ ਹਨ ਤਾਂ ਇਸ ਨਾਲ ਨਿਸ਼ਚਿਤ ਹੈ ਕਿ ਸ਼ੇਰਾਂ ਦੀ ਗਿਣਤੀ ਤੇਜ਼ੀ ਨਾਲ ਘਟਣ ਲੱਗੇਗੀ। ਸ਼ੇਰਾਂ ਦਾ ਖ਼ਾਤਮਾ ਹੁੰਦਿਆਂ ਹੀ ਆਲੇ-ਦੁਆਲੇ ਦੇ ਬਹੁਗਿਣਤੀ ਲੋਕਾਂ ਦੀ ਜੰਗਲ ਵਿੱਚ ਆਵਾਜਾਈ ਵਧ ਜਾਵੇਗੀ ਅਤੇ ਤੇਜ਼ੀ ਨਾਲ ਜੰਗਲ ਦਾ ਖ਼ਾਤਮਾ ਸ਼ੁਰੂ ਹੋ ਜਾਵੇਗਾ। ਜੇਕਰ ਜੰਗਲ ਦਾ ਖ਼ਾਤਮਾ ਹੋਵੇਗਾ ਤਾਂ ਮਨੁੱਖ ਦੀ ਜ਼ਿੰਦਗੀ 'ਤੇ ਇਸ ਦੇ ਬੁਰੇ ਪ੍ਰਭਾਵ ਪੈਣੇ ਨਿਸ਼ਚਿਤ ਹਨ। ਸਾਡੀ ਔਸਤ ਉਮਰ ਘੱਟ ਹੋਵੇਗੀ, ਬਿਮਾਰੀਆਂ ਦਾ ਪ੍ਰਕੋਪ ਵਧੇਗਾ। ਜਦੋਂ ਵੀ ਧਰਤੀ 'ਤੇ ਜੀਵਾਂ ਜਾਂ ਬਨਸਪਤੀਆਂ ਦੀ ਵੰਨ-ਸੁਵੰਨਤਾ ਘਟਦੀ ਹੈ ਤਾਂ ਇਹ ਮਨੁੱਖ ਦੇ ਜੀਵਨ ਨੂੰ ਵੀ ਪ੍ਰਭਾਵਿਤ ਕਰਦੀ ਹੈ। ਬਹੁਤ ਸਾਰੇ ਪੰਛੀਆਂ ਦੀਆਂ ਪ੍ਰਜਾਤੀਆਂ ਜਿਵੇਂ ਤਿੱਤਰ, ਬਟੇਰੇ, ਕਿੱਲੀਠੋਕੇ, ਲੰਮੀ ਪੂਛ ਵਾਲੀ ਕਾਲੀ ਚਿੜੀ, ਘਰਾਂ ਵਿੱਚ ਰਹਿਣ ਵਾਲੀਆਂ ਚਿੜੀਆਂ ਇਹ ਸਭ ਪੰਛੀ ਬੜੀ ਤੇਜ਼ੀ ਨਾਲ ਖ਼ਤਮ ਹੋਏ ਹਨ। ਡਾਰਵਿਨ ਦੇ ਜੀਵ ਵਿਕਾਸ ਸਿਧਾਂਤ ਅਨੁਸਾਰ ਇਹ ਪਹਿਲਾਂ ਵੀ ਲੁਪਤ ਹੁੰਦੀਆਂ ਸਨ। ਡਾਰਵਿਨ ਅਨੁਸਾਰ ਕੁਦਰਤ ਦੇ ਇਸ ਪਸਾਰੇ ਵਿੱਚ ਜੀਵਾਂ ਦਾ ਆਪਸੀ ਘੋਲ ਚੱਲਦਾ ਹੈ ਅਤੇ ਇਸ ਘੋਲ 'ਚੋਂ ਜੋ ਜੇਤੂ ਹੁੰਦੇ ਹਨ ਕੁਦਰਤ ਉਹਨਾਂ ਨੂੰ ਆਪਣਾ ਵਿਕਾਸ ਕਰਨ ਦਾ ਮੌਕਾ ਪ੍ਰਦਾਨ ਕਰਦੀ ਹੈ। ਇਸ ਤਰ੍ਹਾਂ ਜੀਵਾਂ ਦੀਆਂ ਪ੍ਰਜਾਤੀਆਂ ਪਹਿਲਾਂ ਵੀ ਅਲੋਪ ਹੁੰਦੀਆਂ ਸਨ ਅਤੇ ਨਵੀਆਂ ਜੀਵ-ਜਾਤੀਆਂ ਵੀ ਹੋਂਦ ਵਿੱਚ ਆਉਂਦੀਆਂ ਰਹੀਆਂ ਹਨ। ਪਰ ਪਹਿਲਾਂ ਇਹ ਅਮਲ ਬੜਾ ਸੁਸਤ ਸੀ। ਕੋਈ 200 ਤੋਂ 500 ਸਾਲਾਂ ਦੇ ਵਕਫ਼ੇ ਮਗਰੋਂ ਧਰਤੀ ਤੋਂ ਕੋਈ ਇਕ ਪ੍ਰਜਾਤੀ



ਲੁਪਤ ਹੁੰਦੀ ਸੀ, ਪਰ ਹੁਣ ਸਾਡੇ ਅਖੌਤੀ ਵਿਕਾਸ ਦੇ ਦੌਰ ਵਿੱਚ ਇਹ ਅਮਲ ਬੜਾ ਤੇਜ਼ ਹੋ ਗਿਆ ਹੈ। ਪਿਛਲੇ ਕੁਝ ਅਰਸੇ ਦੌਰਾਨ 762 ਜੀਵ ਜਾਤੀਆਂ ਕੇਵਲ ਭਾਰਤ ਵਿੱਚ ਅਤੇ 41 ਹਜ਼ਾਰ ਪ੍ਰਜਾਤੀਆਂ ਪੂਰੀ ਦੁਨੀਆਂ ਵਿੱਚ ਲੁਪਤ ਹੋ ਚੁੱਕੀਆਂ ਹਨ। ਇਹ ਬਹੁਤ ਵੱਡੀ ਗਿਣਤੀ ਹੈ। ਜਦ ਭੀ ਮਨੁੱਖ ਨੇ ਆਪਣੀ ਸਮਝ ਨਾਲ ਆਪਣੇ ਲਾਲਚਾਂ, ਖ਼ੁਦਗਰਜ਼ੀਆਂ ਅਤੇ ਮੁਨਾਫ਼ਿਆਂ ਲਈ ਕੁਦਰਤੀ ਵਰਤਾਰਿਆਂ ਵਿੱਚ ਦਖ਼ਲ-ਅੰਦਾਜ਼ੀ ਕੀਤੀ ਤਾਂ ਇਸ ਦਾ ਪਰਿਣਾਮ ਹਮੇਸ਼ਾਂ ਹੀ ਘਾਤਕ ਨਿਕਲਦਾ ਰਿਹਾ ਹੈ।

ਇੱਥੇ ਵਿਚਾਰਨਯੋਗ ਗੱਲ ਇਹ ਹੈ ਕਿ ਅਸੀਂ ਕੇਵਲ ਜੀਵ-ਜੰਤੂ, ਪੰਛੀਆਂ ਅਤੇ ਰੁੱਖਾਂ, ਝਾੜੀਆਂ, ਬਨਸਪਤੀਆਂ ਦੀਆਂ ਭਿੰਨਤਾਵਾਂ ਨੂੰ ਖ਼ਤਮ ਨਹੀਂ ਕੀਤਾ ਬਲਕਿ ਮਿੱਟੀ ਦੀ ਭਿੰਨਤਾ ਅਤੇ ਕੁਦਰਤੀ ਦਿੱਖ ਨੂੰ ਵੱਡੀ ਪੱਧਰ 'ਤੇ ਵਿਗਾੜ ਦਿੱਤਾ ਹੈ। ਪੰਜਾਬ ਨੂੰ ਬੇਸ਼ੱਕ ਪੰਜਾਂ ਦਰਿਆਵਾਂ ਦੀ ਧਰਤੀ ਕਿਹਾ ਜਾਂਦਾ ਹੈ, ਪਰ ਇੱਥੇ ਪੰਜਾਂ ਦਰਿਆਵਾਂ ਤੋਂ ਇਲਾਵਾ ਕੁਝ ਸਹਾਇਕ ਨਦੀਆਂ, ਨੈਆਂ, ਵੇਈਆਂ ਵੀ ਵਹਿੰਦੀਆਂ ਸਨ ਅਤੇ ਇਹ ਸਾਰਾ ਸਾਲ ਵਹਿੰਦੀਆਂ ਰਹਿੰਦੀਆਂ ਸਨ। ਇਹਨਾਂ ਦੇ ਪਾਣੀਆਂ ਵਿੱਚ ਅਤੇ ਕੰਢਿਆਂ 'ਤੇ ਵੱਸਿਆ ਜਨ-ਜੀਵਨ ਵੀ ਤਬਾਹ ਹੋਇਆ ਹੈ। ਇਨ੍ਹਾਂ ਵਿੱਚ ਘੋਗੇ, ਸਿੱਪੀਆਂ, ਜੋਕਾਂ, ਕੱਛੂਕੁੰਮੇ, ਜਲਕੁੱਕੜੀ, ਮੁਰਗ਼ਾਬੀਆਂ ਵਰਗੇ ਜੀਵ ਅਤੇ ਪੰਛੀ ਤੇਜ਼ੀ ਨਾਲ ਖ਼ਤਮ ਹੋ ਰਹੇ ਹਨ। ਪੰਜਾਬ ਦੀ ਵੰਨ-ਸੁਵੰਨਤਾ ਨੂੰ ਤਬਾਹ ਕਰਨ ਲਈ ਕਣਕ ਝੋਨੇ ਦੇ ਫ਼ਸਲੀ ਚੱਕਰ ਦੀ ਬੜੀ ਵੱਡੀ ਭੂਮਿਕਾ ਰਹੀ ਹੈ। ਇੱਥੇ ਅਸੀਂ ਕਹਿ ਸਕਦੇ ਹਾਂ ਕਿ ਕਿਸੇ ਵੀ ਦੇਸ਼ ਦੀ ਰਾਜਨੀਤਕ ਵਿਵਸਥਾ ਉੱਥੋਂ ਦੇ ਲੋਕਾਂ ਨੂੰ ਜਿਸ ਰਾਹ 'ਤੇ ਤੋਰਦੀ ਹੈ ਉਹ ਹੌਲੀ-ਹੌਲੀ ਦੇਰ ਸਵੇਰ ਉੱਧਰ ਤੁਰ ਪੈਂਦੇ ਹਨ। ਨਵੰਬਰ ਮਹੀਨੇ ਵਿੱਚ ਜਦੋਂ ਕਿਸਾਨ ਝੋਨੇ ਦੀ ਫ਼ਸਲ ਵੱਢਦੇ ਹਨ ਤਾਂ ਉਹਨਾਂ ਨੂੰ ਹਦਾਇਤਾਂ ਦਿੱਤੀਆਂ ਜਾਂਦੀਆਂ ਹਨ ਕਿ ਪਰਾਲੀ ਨਾ ਸਾੜੋ, ਪਰਾਲੀ ਨੂੰ ਅੱਗ ਨਾ ਲਾਉ। ਦੂਜੇ ਪਾਸੇ ਕਿਸਾਨਾਂ ਲਈ ਵੀ ਇਹ ਵੱਡੀ ਸਮੱਸਿਆ ਹੈ ਕਿ ਉਹ ਇਸ ਨੂੰ ਬਿਲੇ ਕਿਵੇਂ ਲਾਉਣ? ਉਹ ਇਸ ਨੂੰ ਸੰਭਾਲਣ ਲਈ ਸਰਕਾਰ ਤੋਂ ਮੁਆਵਜ਼ੇ ਦੀ ਮੰਗ ਕਰਦੇ ਹਨ। ਪਰ ਮੈਂ ਸਮਝਦਾ ਹਾਂ ਕਿ ਜੇਕਰ ਪੰਜਾਬ ਨੂੰ ਬਚਾਉਣਾ ਹੈ ਤਾਂ ਪਰਾਲੀ ਦੇ ਮੁਆਵਜ਼ੇ ਦੀ ਮੰਗ ਨਹੀਂ ਬਲਕਿ ਝੋਨੇ ਕਣਕ ਦੇ ਫ਼ਸਲੀ ਚੱਕਰ ਤੋਂ ਕਿਸਾਨਾਂ ਨੂੰ ਕੱਢਣ ਦੀ ਮੰਗ ਕਰਨੀ ਚਾਹੀਦੀ ਹੈ। ਝੋਨੇ ਕਣਕ ਦਾ ਫ਼ਸਲੀ ਚੱਕਰ ਤੋਂ ਛੁਟਕਾਰਾ ਤਾਂ ਮਿਲ ਸਕਦਾ ਹੈ ਜੇਕਰ ਕਿਸਾਨਾਂ ਨੂੰ ਹੋਰ ਦੂਜੀਆਂ ਫ਼ਸਲਾਂ ਦੇ ਨਿਸ਼ਚਿਤ ਭਾਅ ਦਿੱਤੇ ਜਾਂਦੇ; ਪਰ ਸਰਕਾਰਾਂ ਜਾਣਬੁੱਝ ਕੇ ਅਜਿਹਾ ਨਹੀਂ ਕਰ ਰਹੀਆਂ। ਇਸ ਤਰ੍ਹਾਂ ਜਦੋਂ ਹਰ ਛੇ ਮਹੀਨੇ ਬਾਅਦ ਖੇਤਾਂ ਦੀ ਰਹਿੰਦ-ਖੂੰਦ ਨੂੰ ਅੱਗ ਲਾਈ ਜਾਂਦੀ ਹੈ ਤਾਂ ਇਹ ਵੀ ਪੰਛੀਆਂ ਅਤੇ ਫ਼ਸਲਾਂ ਦੇ ਮਿੱਤਰ ਕੀੜਿਆਂ ਦੀ ਮੌਤ ਦਾ ਕਾਰਨ ਬਣਦੀ ਹੈ। ਸਾਨੂੰ ਇਹ ਗੱਲ ਯਾਦ ਰੱਖਣੀ ਚਾਹੀਦੀ ਹੈ ਕਿ ਜੇਕਰ ਸਾਡੇ ਆਲੇ-ਦੁਆਲੇ ਦੇ ਹਾਲਾਤ ਜੀਵ-ਜੰਤੂਆਂ ਅਤੇ ਪੰਛੀਆਂ ਲਈ ਸਾਜ਼ਗਾਰ ਨਹੀਂ ਤਾਂ ਨਿਸ਼ਚਿਤ ਹੀ ਇਹ ਸਾਡੇ ਲਈ ਵੀ ਘਾਤਕ ਸਿੱਧ ਹੋਣਗੇ। ਅਸੀਂ ਜੋ ਅੱਜ ਆਪਣੇ ਆਪ ਲਈ ਅਤੇ ਆਪਣੀਆਂ ਨਸਲਾਂ ਲਈ ਜਿਸ ਵਾਤਾਵਰਣਿਕ ਮਾਹੌਲ ਦੀ ਸਿਰਜਣਾ ਕੀਤੀ

ਹੈ, ਇਸ ਵਿੱਚ ਅਸੀਂ ਸਭ ਵੀ ਧੀਮੀ ਮੌਤ ਮਰ ਰਹੇ ਹਾਂ ਅਤੇ ਸਾਡੀ ਤੰਦਰੁਸਤੀ ਵੀ ਤੇਜ਼ੀ ਨਾਲ ਗਵਾਚਦੀ ਜਾ ਰਹੀ ਹੈ। ਸਾਡੀ ਸਿਹਤ ਕੇਵਲ ਸਾਡੇ ਸਰੀਰ ਤਕ ਹੀ ਸੀਮਿਤ ਨਹੀਂ, ਇਹ ਮਾਨਸਿਕ ਅਤੇ ਸਰੀਰਕ ਤੌਰ ’ਤੇ ਆਪਣੇ ਆਲੇ-ਦੁਆਲੇ ਸਮਾਜ ਅਤੇ ਕੁਦਰਤੀ ਵਾਤਾਵਰਣ ਨਾਲ ਜੁੜੀ ਹੋਈ ਹੈ। ਜੇਕਰ ਸਾਡਾ ਸਮਾਜ ਅਤੇ ਸਾਡਾ ਵਾਤਾਵਰਣ ਤੰਦਰੁਸਤ ਹੋਵੇਗਾ ਤਾਂ ਅਸੀਂ ਤੰਦਰੁਸਤ ਰਹਿ ਸਕਦੇ ਹਾਂ ਜੇਕਰ ਅਜਿਹਾ ਨਹੀਂ ਹੈ ਤਾਂ ਅਸੀਂ ਕਈ ਤਰ੍ਹਾਂ ਦੇ ਮਾਨਸਿਕ ਵਿਕਾਰਾਂ ਅਤੇ ਭਿਆਨਕ ਰੋਗਾਂ ਦੇ ਸ਼ਿਕਾਰ ਹੋ ਜਾਵਾਂਗੇ। ਸ਼ਾਇਦ ਅਸੀਂ ਵੱਡੇ ਭਰਮ ਵਿੱਚ ਹਾਂ ਕਿ ਮਨੁੱਖ ਜਾਤੀ ਵਿਕਾਸ ਕਰ ਰਹੀ ਹੈ। ਪਰ ਕੁਦਰਤੀ ਮਾਹੌਲ ਦਾ ਵਿਨਾਸ਼ ਕਰਕੇ ਕੀਤਾ ਵਿਕਾਸ ਸਾਡੇ ਲਈ ਵਿਕਾਸ ਘੱਟ ਅਤੇ ਵਿਨਾਸ਼ ਵਧੇਰੇ ਸਾਬਤ ਹੋਵੇਗਾ। ਇਸ ਅਖੌਤੀ ਵਿਕਾਸ ਵਿੱਚ ਕੁਦਰਤੀ ਸੁੰਦਰਤਾ ਲਗਾਤਾਰ ਘਟਦੀ ਜਾ ਰਹੀ ਹੈ। ਮਨੁੱਖ ਲਈ ਇਹ ਕਿਸੇ ਆਉਣ ਵਾਲੇ ਸਮੇਂ ਦਾ ਨਹੀਂ ਬਲਕਿ ਅੱਜ ਦਾ ਇਕ ਬਹੁਤ ਵੱਡਾ ਸੰਕਟ ਹੈ ਕਿ ਉਸ ਨੇ ਇਹਨਾਂ ਤੇਜ਼ੀ ਨਾਲ ਬਦਲ ਰਹੀਆਂ ਪ੍ਰਸਥਿਤੀਆਂ ਦਾ ਸਾਹਮਣਾ ਕਿਵੇਂ ਕਰਨਾ ਹੈ। ਪੰਜਾਬ ਅਤੇ ਇਸ ਦੇ ਆਲੇ-ਦੁਆਲੇ ਦੇ ਖੇਤਰਾਂ ’ਚੋਂ ਰੁੱਖ ਬੜੀ ਤੇਜ਼ੀ ਨਾਲ ਵੱਢੇ ਜਾ ਰਹੇ ਹਨ। ਸ਼ਾਇਦ ਇਹੋ ਕਾਰਨ ਹੈ ਕਿ ਹੁਣ ਹਾਲਾਤ ਇਹ ਬਣ ਰਹੇ ਹਨ ਕਿ ਪਿਛਲੇ ਕੁਝ ਸਾਲਾਂ ਤੋਂ ਨਵੰਬਰ ਮਹੀਨੇ ਵਿੱਚ ਗੰਦੇ ਵਾਤਾਵਰਣ ਵਿੱਚ ਸਾਹ ਲੈਣਾ ਮੁਸ਼ਕਲ ਹੋ ਜਾਂਦਾ ਹੈ। ਇਹ ਭਿਆਨਕ ਸਥਿਤੀ ਹਰ ਸਾਲ ਹੋਰ ਭਿਆਨਕ ਹੋ ਰਹੀ ਹੈ। ਇਹ ਕਿਸੇ ਵੀ ਸਮੇਂ ਸਾਡੇ ਲਈ ਮਹਾਂਮਾਰੀ ਦਾ ਰੂਪ ਅਖ਼ਤਿਆਰ ਕਰ ਸਕਦੀ ਹੈ। ਗੰਦੇ ਵਾਤਾਵਰਣ ਦੇ ਜੋ ਧੀਮੇ ਪ੍ਰਭਾਵ ਸਾਡੀ ਸਿਹਤ ’ਤੇ ਪੈਂਦੇ ਹਨ ਇਹਨਾਂ ਤੋਂ ਤਾਂ ਅਸੀਂ ਉੱਕਾ ਹੀ ਅਵੇਸਲੇ ਹਾਂ।

ਅਸੀਂ ਵਿਗਿਆਨਿਕ ਤਕਨੀਕਾਂ ਨਾਲ ਆਲੇ-ਦੁਆਲੇ ਨੂੰ ਆਪਣੇ ਅਨੁਸਾਰ ਢਾਲਣ ਵਿੱਚ ਕੁਝ ਹੱਦ ਤਕ ਸਫਲ ਹੋ ਗਏ ਹਾਂ, ਪਰ ਵਿਗਿਆਨਿਕ ਸੋਚ ਸਾਡੇ ਜ਼ਿਹਨ ਦਾ ਹਿੱਸਾ ਨਹੀਂ ਬਣੀ। ਸਾਡੇ ਆਲੇ-ਦੁਆਲੇ ਦਾ ਮਾਹੌਲ ਜੀਵਨ ਲਈ ਸਾਜ਼ਗਾਰ ਬਣਿਆ ਰਹੇ ਇਸ ਲਈ ਸਾਨੂੰ ਵਿਗਿਆਨਿਕ ਸੋਚ ਨੂੰ ਆਪਣੇ ਜ਼ਿਹਨ ਦਾ ਹਿੱਸਾ ਬਣਾਉਣ ਦੀ ਲੋੜ ਹੈ। ਸਰਕਾਰਾਂ ਨੂੰ ਬਦਲਵੀਆਂ ਫ਼ਸਲਾਂ ਦੇ ਢੁਕਵੇਂ ਭਾਅ ਨਿਯਤ ਕਰਨੇ ਚਾਹੀਦੇ ਹਨ। ਧਰਤੀ ਹੇਠਲੇ ਪਾਣੀ ਨੂੰ ਬਚਾਉਣ ਲਈ ਹਰ ਪਿੰਡ, ਨਗਰ ਵਿੱਚ ਪਾਣੀ ਦੇ ਰੀਸਾਈਕਲਿੰਗ ਪਲਾਂਟ ਲਾਉਣੇ ਚਾਹੀਦੇ ਹਨ। ਰੁੱਖਾਂ ਦੀ ਕਟਾਈ ਬੰਦ ਕਰਕੇ ਨਵੇਂ ਹੋਰ ਰੁੱਖਾਂ ਨੂੰ ਲਗਾਉਣ ਦੀ ਮੁਹਿੰਮ ਸ਼ੁਰੂ ਕਰਨ ਦੀ ਲੋੜ ਹੈ। ਕੀਟ-ਨਾਸ਼ਕ ਦਵਾਈਆਂ, ਸਪਰੇਆਂ ਅਤੇ ਰਸਾਇਣਾਂ ਨੂੰ ਘੱਟ ਕਰਨ ਦੀ ਲੋੜ ਹੈ। ਪੰਜਾਬ ਨੂੰ ਬਚਾਉਣ ਲਈ ਇਹ ਬੜਾ ਜ਼ਰੂਰੀ ਹੈ ਕਿ ਛੋਟੀਆਂ ਨਦੀਆਂ ਵੇਈਆਂ ਛੱਪੜਾਂ ਤਲਾਬਾਂ ਨੂੰ ਮੁੜ ਸੁਰਜੀਤ ਕੀਤਾ ਜਾਵੇ ਅਤੇ ਇਹਨਾਂ ਦੇ ਕੰਢਿਆਂ ’ਤੇ ਵੱਡੀ ਤਦਾਦ ਵਿੱਚ ਰੁੱਖ ਲਗਾਏ ਜਾਣ।



# ਦਰਿਆਵਾਂ ਵਿੱਚ ਘੁੱਲਦਾ ਜ਼ਹਿਰ ਅਤੇ ਸਾਡੀ ਚੁੱਪ ਦੇ ਅਰਥ

ਕੁਝ ਸਮਾਂ ਪਹਿਲਾਂ ਮੇਰੇ ਇਕ ਦੋਸਤ ਨੇ ਗੱਲ ਸੁਣਾਈ ਕਿ ਬਾਹਰਲੇ ਮੁਲਕ ਤੋਂ ਆਈ ਇਕ ਐਨ.ਆਰ.ਆਈ ਬੀਬੀ ਦਾ ਬੱਚਾ ਬਿਮਾਰ ਹੋ ਗਿਆ। ਡਾਕਟਰਾਂ ਤੋਂ ਇਲਾਜ ਚੱਲ ਰਿਹਾ ਸੀ ਕਿ ਇਸ ਦੌਰਾਨ ਕੋਈ ਰਿਸ਼ਤੇਦਾਰ ਉਸ ਨੂੰ ਬੱਚੇ ’ਤੇ ‘ਕੀਤੇ ਕਰਾਏ’ (ਬਾਹਰਲੀ ਹਵਾ) ਦਾ ਪ੍ਰਕੋਪ ਦੱਸ ਕੇ ਕਿਸੇ ਸਿਆਣੇ ਕੋਲ ਲੈ ਗਿਆ। ਸਿਆਣੇ ਨੇ ਨਾਰੀਅਲ, ਸੰਧੂਰ, ਲਾਲ ਕੱਪੜਾ, ਕੁੱਜਾ ਅਤੇ ਹੋਰ ਕਿੰਨਾ ਕੁਝ ਦਰਿਆ ਵਿੱਚ ਢਾਲਾ ਲਾਹੁਣ ਲਈ ਲਿਖ ਕੇ ਬੀਬੀ ਦੇ ਹੱਥ ਫੜਾ ਕੇ, ਆਪਣੀ ਮੋਟੀ ਫ਼ੀਸ ਬਟੋਰ ਲਈ। ਕੁਝ ਸੋਚ ਕੇ ਉਸ ਬੀਬੀ ਨੇ ਢਾਲੇ ਵਾਲੀ ਸਮੱਗਰੀ ਦੀ ਪਰਚੀ ਨੂੰ ਪਾੜ ਕੇ ਸਿਆਣੇ ਸਾਹਮਣੇ ਇਹ ਕਹਿੰਦਿਆਂ ਜ਼ਮੀਨ ’ਤੇ ਵਗਾਹ ਮਾਰੀ ਕਿ **“ਮੇਰਾ ਬੱਚਾ ਠੀਕ ਹੋਵੇ ਨਾ ਹੋਵੇ ਮੈਂ ਆਪਣੀ ਧਰਤੀ ਦੇ ਪਾਣੀਆਂ ਨੂੰ ਗੰਦਾ ਨਹੀਂ ਕਰਨਾ।”**

ਪਿਛਲੇ ਦਿਨੀ ਕੀੜੀ ਅਫ਼ਗਾਨਾਂ ਦੇ ਸਥਾਨ ਤੋਂ ਇਕ ਫੈਕਟਰੀ ਦਾ ਜ਼ਹਿਰੀਲਾ ਪਾਣੀ ਬਿਆਸ ਦਰਿਆ ਵਿੱਚ ਪੈਣ ਨਾਲ ਲੱਖਾਂ ਦੀ ਤਦਾਦ ਵਿੱਚ ਮੱਛੀਆਂ ਅਤੇ ਪਾਣੀਆਂ ਵਿੱਚ ਰਹਿੰਦੇ ਹੋਰ ਜੀਵ-ਜੰਤੂ ਮਰ ਗਏ। ਇਨ੍ਹਾਂ ਦੇ ਦਰਿਆਵਾਂ ਦੇ ਕੰਢਿਆਂ ’ਤੇ ਰਹਿਣ ਵਾਲੇ ਗੁੱਜਰ ਲੋਕ ਆਪਣੀਆਂ ਮੱਝਾਂ, ਗਾਵਾਂ ਨੂੰ ਵੀ ਇੱਥੋਂ ਹੀ ਪਾਣੀ ਪਿਆਉਂਦੇ ਹਨ। ਇਸੇ ਪਾਣੀ ਦਾ ਅਗਾਂਹ ਹਰੀਕੇ ਸਥਾਨ ’ਤੇ ਪਹੁੰਚ ਕੇ ਸਤਲੁਜ ਦਰਿਆ ਨਾਲ ਸੰਗਮ ਹੁੰਦਾ ਹੈ। ਇੱਥੋਂ ਨਿਕਲਦੀਆਂ ਵੱਡੀਆਂ ਨਹਿਰਾਂ ਜਿਨ੍ਹਾਂ ’ਚੋਂ ਇਕ ਰਾਜਸਥਾਨ ਫੀਡਰ ਹੈ ਅਤੇ ਦੂਜੀ ਦਾ ਪਾਣੀ ਪੰਜਾਬ ਦੇ ਮਾਲਵੇ ਖੇਤਰ ਦੇ ਲੋਕ ਪੀਂਦੇ ਹਨ। ਪੰਜਾਬ ਦੇ ਮਾਲਵਾ ਖਿੱਤੇ ਦੇ ਲੱਖਾਂ ਲੋਕ ਕੈਂਸਰ ਅਤੇ ਹੈਪੇਟਾਈਟਸ ਸੀ ਵਰਗੇ ਭਿਆਨਕ ਰੋਗਾਂ ਨਾਲ ਜੂਝ ਰਹੇ ਹਨ। ਇਸ ਸਭ ਕੁਝ ਦਾ ਵੱਡਾ ਕਾਰਨ ਕੈਮੀਕਲ ਯੁਕਤ ਪਾਣੀ ਹੈ। ਬਿਆਸ ਵਿੱਚ ਸੁੱਟੇ ਜ਼ਹਿਰ ਨਾਲ ਹੁਣ ਜਦੋਂ ਲੱਖਾਂ ਜੀਵ-ਜੰਤੂ ਮਰ ਗਏ ਅਤੇ ਮਰ ਰਹੇ ਹਨ, ਸਾਨੂੰ ਇਹ ਵੀ ਕਿਆਸ ਕਰਨਾ ਚਾਹੀਦਾ ਹੈ ਹਰੀਕੇ ਝੀਲ ਜੋ ਲਗਭਗ ਚਾਲੀ ਵਰਗ ਕਿਲੋਮੀਟਰ ਵਿੱਚ ਫੈਲੀ ਵੱਡੀ ਝੀਲ ਹੈ, ਜਿਸ ਵਿੱਚ ਕਰੋੜਾਂ ਹੀ ਜੀਵ-ਜੰਤੂ ਅਤੇ ਜਾਨਵਰ ਰਹਿੰਦੇ ਹਨ ਜੇਕਰ ਜ਼ਹਿਰੀਲੇ ਪਾਣੀਆਂ ਨਾਲ ਇੱਥੇ ਵੀ ਜੀਵਾਂ ਦੇ ਮਰਨ ਦਾ ਸਿਲਸਿਲਾ ਅਗਾਂਹ ਵਧਦਾ ਹੈ ਤਾਂ ਇਹ ਅਤਿ ਭਿਆਨਕ ਸਥਿਤੀ ਹੋਵੇਗੀ। ਸਤਲੁਜ ਦਰਿਆ ਦਾ ਪਾਣੀ ਪਹਿਲਾਂ ਹੀ ਇੰਨਾ ਪਲੀਤ ਹੈ ਕਿ ਉਹ ਗੰਦੇ ਨਾਲੇ ਦਾ ਰੂਪ ਧਾਰਨ ਕਰ ਚੁੱਕਿਆ ਹੈ। ਇਸ ਦਰਿਆ ਦਾ ਪਾਣੀ ਕਾਲਾ ਹੀ ਨਹੀਂ ਹੋਇਆ ਸਗੋਂ ਗੰਦਾ ਮੁਸ਼ਕ ਵੀ ਮਾਰਦਾ ਹੈ। ਪੰਜਾਬ ਦੇ ਲੋਕਾਂ ਦੇ ਜਾਗਣ ਦਾ ਵੇਲਾ ਹੈ। ਸਾਨੂੰ ਸਵਾਲ ਕਰਨਾ ਚਾਹੀਦਾ ਹੈ ਕਿ ਇੰਨੇ ਜੀਵਾਂ ਦੇ ਕਾਤਲ ਕੌਣ ਹਨ? ਮਾਲਵੇ ਦੇ ਹਜ਼ਾਰਾਂ ਪਰਿਵਾਰ ਜੋ ਆਪਣੇ ਪਰਿਵਾਰ ਦੇ ਜੀਆਂ ਦਾ ਭਿਆਨਕ ਬਿਮਾਰੀਆਂ ਦਾ ਇਲਾਜ ਕਰਵਾਉਂਦਿਆਂ ਆਪਣਾ ਘਰ ਬਾਰ ਵੀ ਵੇਚ ਬੈਠੇ, ਦੀ ਅਜਿਹੀ ਹਾਲਤ ਕਰਨ ਦਾ ਕਸੂਰਵਾਰ ਕੌਣ ਹੈ? ਨਿੱਕੇ-ਨਿੱਕੇ ਮਾਸੂਮ ਬੱਚੇ ਜੋ ਗੰਦੇ ਪਾਣੀ ਦੀ ਵਜ੍ਹਾ ਕਰਕੇ ਭਿਆਨਕ ਬਿਮਾਰੀਆਂ ਦਾ ਸ਼ਿਕਾਰ ਹੋ ਰਹੇ ਹਨ, ਦੀ ਅਜਿਹੀ ਹਾਲਤ ਕਰਨ ਦਾ

ਜ਼ਿੰਮੇਵਾਰ ਕੌਣ? ਇਹ ਮਸਲਾ ਕੇਵਲ ਕਿਸੇ ਇਕ ਬੰਦੇ ਨੂੰ ਸਜ਼ਾ ਦੇਣ ਨਾਲ ਹੱਲ ਨਹੀਂ ਹੋਣਾ। ਜੇਕਰ ਪੰਜਾਬ ਦੇ ਦਰਿਆਵਾਂ, ਪੰਜਾਬ ਦੀ ਮਿੱਟੀ ਅਤੇ ਪੰਜਾਬ ਦੀ ਧਰਤੀ ਹੇਠਲੇ ਪਾਣੀ ਨੂੰ ਜ਼ਹਿਰਾਂ ਤੋਂ ਮੁਕਤ ਕਰਵਾਉਣਾ ਹੈ ਤਾਂ ਸਾਨੂੰ ਬੋਲਣ ਦੀ ਲੋੜ ਹੈ। ਇਸ ਸੰਬੰਧੀ ਲਗਾਤਾਰ ਆਪਣੀ ਆਵਾਜ਼ ਬੁਲੰਦ ਕਰਨ ਦੀ ਲੋੜ ਹੈ। ਇਹ ਉਦੋਂ ਤਕ ਹੋਣਾ ਚਾਹੀਦਾ ਹੈ ਜਦੋਂ ਤਕ ਹਰ ਦਰਿਆ ਵਿੱਚ ਪੈਂਦਾ ਹਰ ਗੰਦਾ ਨਾਲਾ, ਨਾਲੀ ਅਤੇ ਹਰ ਫੈਕਟਰੀ-ਕਾਰਖ਼ਾਨੇ ਦਾ ਜ਼ਹਿਰ ਯੁਕਤ ਪਾਣੀ ਬੰਦ ਨਹੀਂ ਹੋ ਜਾਂਦਾ। ਪਾਣੀ ਵਿੱਚ ਮੌਤ ਦੀ ਜ਼ਹਿਰ ਘੋਲਣ ਵਾਲਿਆਂ ਨੂੰ ਇਹ ਦੱਸਣ ਦੀ ਲੋੜ ਹੈ ਕਿ ਜਦੋਂ ਅਸੀਂ ਇਸ ਧਰਤੀ ਤੋਂ ਰੁਖ਼ਸਤ ਹੋਣਾ ਹੈ ਤਾਂ ਜੇਕਰ ਤੁਸੀਂ ਆਪਣੀ ਔਲਾਦ ਲਈ ਕਮਾਈ ਕੁੱਲ ਦੌਲਤ ’ਚੋਂ ਕੁਝ ਲੱਖ ਘੱਟ ਵੀ ਹੋਣਗੇ ਤਾਂ ਕੋਈ ਫ਼ਰਕ ਨਹੀਂ ਪੈਣ ਲੱਗਾ, ਪਰ ਬਾਬੇ ਨਾਨਕ ਦੀ ਇਸ ਧਰਤੀ ਦੇ ਪਾਣੀਆਂ ਵਿੱਚ ਜ਼ਹਿਰਾਂ ਮਿਲਾ ਕੇ ਇਨ੍ਹਾਂ ਨੂੰ ਪਲੀਤ ਨਾ ਕਰੋ। ਖ਼ਬਰਾਂ ਇਹ ਵੀ ਹਨ ਕਿ ਜਿਸ ਫੈਕਟਰੀ ਤੋਂ ਇਹ ਜ਼ਹਿਰ ਦਰਿਆ ਵਿੱਚ ਛੱਡਿਆ ਗਿਆ ਸੀ ਉਸ ਨੂੰ ਤਾਲਾ ਲਾ ਦਿੱਤਾ ਗਿਆ ਹੈ। ਇਹ ਅਜਿਹੀ ਸਥਿਤੀ ਹੈ ਜਿਵੇਂ ਇਕ ਪਿੰਡ ਦੇ ਲੋਕ ਇਕ ਖੂਹ ਤੋਂ ਪਾਣੀ ਭਰਕੇ ਪੀਂਦੇ ਹੋਣ, ਪਸ਼ੂ-ਪੰਛੀਆਂ ਨੂੰ ਪਿਆਉਂਦੇ ਹੋਣ ਅਤੇ ਕੋਈ ਆ ਕੇ ਉਸ ਖੂਹ ਵਿੱਚ ਜ਼ਹਿਰ ਸੁੱਟ ਜਾਵੇ, ਕੁਝ ਜੀਵ-ਜੰਤੂ ਮਰ ਜਾਣ, ਬਾਕੀ ਬਿਮਾਰ ਹੋ ਜਾਣ ਅਤੇ ਪਾਣੀ ਲਈ ਤਰਾਹ-ਤਰਾਹ ਕਰ ਰਹੇ ਹੋਣ ਅਤੇ ਨਗਰ ਦਾ ਮੁੱਖੀ ਆ ਕੇ ਕਹੇ ਜਿਸ ਦੁਕਾਨ ਤੋਂ ਉਹ ਜ਼ਹਿਰ ਆਈ ਸੀ ਉਸ ਦੁਕਾਨ ਨੂੰ ਜਿੰਦਰਾ ਮਾਰ ਦਿੱਤਾ ਗਿਆ ਹੈ। ਕੀ ਇਸ ਨਾਲ ਮਰ ਗਏ ਜੀਵਾਂ ਅਤੇ ਬਿਮਾਰ ਹੋ ਰਹੇ ਪਸ਼ੂ-ਪੰਛੀਆਂ ਅਤੇ ਪ੍ਰਭਾਵਿਤ ਹੋ ਰਹੇ ਲੋਕਾਂ ਨੂੰ ਇਨਸਾਫ਼ ਮਿਲ ਜਾਵੇਗਾ?

੨੦੧੪ ਵਿੱਚ ਜਦੋਂ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਆਪਣੀ ਚੋਣ ਮੁਹਿੰਮ ਚਲਾ ਰਹੇ ਸਨ ਤਾਂ ਵਾਰਾਣਸੀ ਦੇ ਇਕ ਚੋਣ ਜਲਸੇ ਨੂੰ ਉਹਨਾਂ ਸੰਬੋਧਨ ਕਰਦਿਆਂ ਕਿਹਾ ਸੀ ‘ਵਾਰਾਣਸੀ ਦੇ ਇਸ ਸਮਾਗਮ ਲਈ ਉਹਨਾਂ ਨੂੰ ਗੰਗਾ ਮਈਆ ਨੇ ਬੁਲਾਇਆ ਹੈ।’ ਗੰਗਾ ਨੂੰ, ਕਿਉਂਕਿ ਪਵਿੱਤਰ ਨਦੀ ਮੰਨਿਆ ਜਾਂਦਾ ਹੈ ਇਸ ਕਰਕੇ ਇਸ ਦੀ ਸਾਫ਼-ਸਫ਼ਾਈ ਕਰਨ ਲਈ ਕੇਂਦਰ ਗੌਰਮਿੰਟ ਨੇ ਵਿਸ਼ੇਸ਼ ਬਜਟ ਵੀ ਰੱਖਿਆ ਸੀ, ਭਾਵੇਂ ਗੰਗਾ ਨੂੰ ਵੀ ਸਾਫ਼ ਸਵੱਛ ਨਹੀਂ ਬਣਾਇਆ ਜਾ ਸਕਿਆ। ਪਰ ਇੱਥੇ ਸਵਾਲ ਪੈਦਾ ਹੁੰਦਾ ਹੈ ਕਿ ਕੇਵਲ ਗੰਗਾ ਹੀ ਕਿਉਂ? ਬਾਕੀ ਨਦੀਆਂ ਕਿਉਂ ਨਹੀਂ? ਦੂਜੀ ਗੱਲ ਮਾਨਸੂਨੀ ਬੱਦਲਾਂ ਦੀਆਂ ਬਾਰਸ਼ਾਂ ਨਾਲ ਜੁਲਾਈ ਅਗਸਤ ਦੇ ਮਹੀਨੇ ਜਦੋਂ ਸਭ ਨਦੀਆਂ ਭਰ ਕੇ ਵਹਿੰਦੀਆਂ ਹਨ ਤਾਂ ਇਹ ਨਦੀਆਂ ਆਪਣੀ ਸਫ਼ਾਈ ਆਪ ਕਰ ਲੈਂਦੀਆਂ ਹਨ, ਨਦੀਆਂ ਨੂੰ ਸਾਫ਼ ਕਰਨ ਦੀ ਲੋੜ ਨਹੀਂ। ਲੋੜ ਤਾਂ ਇਹ ਹੁੰਦੀ ਹੈ ਕਿ ਨਦੀਆਂ ਵਿੱਚ ਪੈਂਦੀ ਗ਼ੰਦਗੀ ਨੂੰ ਰੋਕਿਆ ਜਾਵੇ। ਇਨ੍ਹਾਂ ਵਿੱਚ ਲੋਕਾਂ ਵੱਲੋਂ ਸੁੱਟਿਆ ਜਾਂਦਾ ਕੂੜਾ ਕਰਕਟ, ਗੰਦ-ਮੰਦ, ਮੂਰਤੀਆਂ ਦਾ ਵਿਸਰਜਣ ਅਤੇ ਫੈਕਟਰੀਆਂ ਦੇ ਗੰਦੇ ਕੈਮੀਕਲ ਯੁਕਤ ਪਾਣੀਆਂ ਨੂੰ ਰੋਕਣ ਦੀ ਲੋੜ ਹੈ। ਸਰਕਾਰਾਂ ਵੱਲੋਂ ਨਦੀਆਂ ਨੂੰ ਸਾਫ਼ ਰੱਖਣ ਦੇ ਹਰ ਸਾਲ ਵੱਡੇ ਬਜਟ ਰੱਖੇ ਜਾਂਦੇ ਹਨ। ਇਸ ਪੈਸੇ ਨੂੰ ਕਿੱਥੇ ਵਰਤਿਆ ਜਾਂਦਾ ਹੈ ਇਹ ਇੱਕ ਵੱਖਰਾ ਵਿਸ਼ਾ ਹੈ। ਨਦੀਆਂ ਨੂੰ ਸਾਫ਼ ਕਰਨ ਦੇ ਬਜਟ ਨਾਲ ਜੇਕਰ ਨਦੀਆਂ ਵਿੱਚ ਡਿਗਦੇ ਪ੍ਰਦੂਸ਼ਿਤ ਪਾਣੀ ਨੂੰ ਰੋਕਣ



ਲਈ ਹੀ ਵਰਤਿਆ ਜਾਂਦਾ ਤਾਂ ਨਦੀਆਂ ਦੇ ਪਾਣੀਆਂ ਦੀ ਤਸਵੀਰ ਕੁਝ ਹੋਰ ਹੋਣੀ ਸੀ।

ਧਰਤੀ ਹੇਠਲੇ ਪਾਣੀਆਂ ਨੂੰ ਬਚਾਉਣ ਅਤੇ ਵਾਤਵਰਣ ਦੀ ਸਵੱਛਤਾ ਲਈ ਸਾਨੂੰ ਹੋਰ ਵੱਡੇ ਕਦਮ ਚੁੱਕਣ ਦੀ ਲੋੜ ਹੈ। ਪਰ ਇਸ ਤੋਂ ਉਲਟ ਹੋ ਇਹ ਰਿਹਾ ਹੈ ਕਿ ਜੋ ਪਾਣੀ ਸਾਡੇ ਕੋਲ ਮੌਜੂਦ ਹੈ ਉਸ ਨੂੰ ਕੁਝ ਧਿਰਾਂ ਪਲੀਤ ਕਰਨ ਲੱਗੀਆਂ ਹੋਈਆਂ ਹਨ ਅਤੇ ਸਾਡੀਆਂ ਸਰਕਾਰਾਂ ਇਸ ਪ੍ਰਤੀ ਖ਼ਾਮੋਸ਼ ਹਨ। ਪੰਜਾਬ ਦੀ ਜੇਕਰ ਗੱਲ ਕਰੀਏ ਤਾਂ ਇੱਥੇ ਵੱਡੀਆਂ ਛੋਟੀਆਂ ਨਦੀਆਂ, ਨੈਆਂ ਦੇ ਪਾਣੀਆਂ ’ਤੇ ਨਿਰਭਰ ਰਹਿਣ ਵਾਲੇ ਜੀਵਾਂ ਦਾ ਇਕ ਅਲੌਕਿਕ ਸੰਸਾਰ ਸੀ। ਅਖੌਤੀ ਵਿਕਾਸ ਨਾਮ ਦੇ ਜ਼ਲਜ਼ਲੇ ਨੇ ਇਸ ਧਰਤੀ ਤੋਂ ਇਨ੍ਹਾਂ ਜੀਵਾਂ ਦੀ ਦੁਨੀਆਂ ਨੂੰ ਨੇਸਤੋ ਨਾਬੂਦ ਕਰ ਦਿੱਤਾ। ਇੱਥੇ ਮੱਛਲੀਆਂ, ਡੱਡੂ, ਕੱਛੂਕੁੰਮੇ, ਮੁਰਗ਼ਾਬੀਆਂ, ਝੀਂਗੇ, ਘੋਗੇ, ਸਿੱਪੀਆਂ ਅਤੇ ਹੋਰ ਕਈ ਤਰ੍ਹਾਂ ਦੇ ਜੀਵ ਸਨ ਜਿਨ੍ਹਾਂ ਦਾ ਧਰਤੀ ਦੇ ਇਸ ਖਿੱਤੇ ਤੋਂ ਸਫ਼ਾਇਆ ਕਰ ਦਿੱਤਾ ਗਿਆ। ਪਾਣੀਆਂ ਵਿੱਚ ਅਤੇ ਆਸ-ਪਾਸ ਉੱਗਣ ਵਾਲੀਆਂ ਕਈ ਤਰ੍ਹਾਂ ਦੀਆਂ ਬਨਸਪਤੀਆਂ ਤੋਂ ਇਲਾਵਾ ਕਾਹੀ, ਸਰ, ਡਿੱਬ, ਕਾਨੇ ਅਤੇ ਹੋਰ ਕਈ ਤਰ੍ਹਾਂ ਦੇ ਪੌਦੇ ਜਿਨ੍ਹਾਂ ਵਿੱਚ ਕਈ ਤਰ੍ਹਾਂ ਦੇ ਜਾਨਵਰਾਂ ਅਤੇ ਪੰਛੀਆਂ ਦੀਆਂ ਰਿਹਾਇਸ਼-ਗਾਹਾਂ ਸਨ, ਦਾ ਸਫ਼ਾਇਆ ਹੋ ਗਿਆ। ਅੱਜ ਦੇ ਵਿਕਾਸ ਮਾਡਲ ਨੇ ਸਾਨੂੰ ਅਨੇਕਾਂ ਪੰਛੀਆਂ ਅਤੇ ਬਨਸਪਤੀ ਦੀ ਵੰਨ-ਸੁਵੰਨਤਾ ਦੇ ਇਕ ਅਲੌਕਿਕ ਸੰਸਾਰ ਤੋਂ ਵਾਂਝਿਆਂ ਕਰ ਦਿੱਤਾ ਹੈ। ਹੁਣ ਆਲਮ (Situation) ਇਹ ਹੈ ਕਿ ਹਰ ਸਾਲ ਅਪ੍ਰੈਲ ਮਈ ਦੌਰਾਨ ਪੰਜਾਬ ਦੀ ਧਰਤੀ ਇਕ ਤਰ੍ਹਾਂ ਨਾਲ ਖੁਸ਼ਕ ਮੈਦਾਨ ਦਾ ਰੂਪ ਧਾਰਨ ਕਰ ਲੈਂਦੀ ਹੈ। ਕਈ ਕਿਲੋਮੀਟਰਾਂ ਤਕ ਪਾਣੀ ਦੀ ਬੂੰਦ ਵੀ ਦਿਖਾਈ ਨਹੀਂ ਦਿੰਦੀ। ਹਰਿਆਲੀ ਸੁੱਕ ਸੜ ਜਾਂਦੀ ਹੈ। ਅਜਿਹੀ ਸਥਿਤੀ ਜਿੱਥੇ ਜੀਵ-ਜੰਤੂਆਂ ਲਈ ਘਾਤਕ ਸਿੱਧ ਹੁੰਦੀ ਹੈ ਉੱਥੇ ਮਨੁੱਖਾਂ ਦੀ ਸਿਹਤ ’ਤੇ ਵੀ ਇਸ ਦੇ ਬੁਰੇ ਪ੍ਰਭਾਵ ਪੈਂਦੇ ਹਨ। ਇਹ ਸਥਿਤੀ ਜੂਨ ਦੇ ਪਹਿਲੇ ਦੂਜੇ ਹਫ਼ਤੇ ਤਕ ਜਾਰੀ ਰਹਿੰਦੀ ਹੈ। ਫਿਰ ਇਸ ਅੱਤ ਦੀ ਗਰਮੀ ਅਤੇ ਤਪਸ਼ ਵਿੱਚ ਸ਼ੁਰੂ ਹੁੰਦੀ ਹੈ ਝੋਨੇ ਦੀ ਲਵਾਈ। ਇਸ ਦੌਰਾਨ ਅਸੀਂ ਹਜ਼ਾਰਾਂ ਕਿਉਸਿਕ ਪਾਣੀ ਧਰਤੀ ’ਚੋਂ ਕੱਢ ਕੇ ਬਲਦੀ ਜ਼ਮੀਨ ’ਤੇ ਸੁੱਟ ਕੇ ਇਸ ਨੂੰ ਇਕ ਵਿਸ਼ਾਲ ਛੱਪੜ ਵਿੱਚ ਬਦਲ ਦਿੰਦੇ ਹਾਂ। ਹਰ ਸਾਲ ਇਹ ਪ੍ਰਕਿਰਿਆ ਦੁਹਰਾਈ ਜਾਂਦੀ ਹੈ। ਇਸ ਨਾਲ ਧਰਤੀ ਹੇਠਲੇ ਪਾਣੀ ਦੀ ਬੜੀ ਤੇਜ਼ੀ ਨਾਲ ਬਰਬਾਦੀ ਹੁੰਦੀ ਹੈ। ਆਉਣ ਵਾਲੇ ਸਮੇਂ ਦੌਰਾਨ ਜਦੋਂ ਅਸੀਂ ਵੱਡੀ ਪੱਧਰ ’ਤੇ ਪਾਣੀ ਦੀ ਬਰਬਾਦੀ ਕਰ ਚੁੱਕੇ ਹੋਵਾਂਗੇ ਤਾਂ ਸਾਨੂੰ ਸਮਝ ਵਿੱਚ ਇਹ ਆ ਜਾਵੇਗਾ ਕਿ ਜਿਸ ਵਿਕਾਸ ਦੇ ਦਮਗਜੇ ਅਸੀਂ ਮਾਰਦੇ ਰਹੇ ਹਾਂ ਉਹ ਵਿਕਾਸ ਨਹੀਂ ਇਕ ਕਿਸਮ ਨਾਲ ਮਹਾਂਵਿਨਾਸ਼ ਵੱਲ ਵਧਣ ਦੀ ਪ੍ਰਕਿਰਿਆ ਹੈ।

ਹਰ ਸਾਲ ਨਦੀਆਂ ਵਿੱਚ ਹੜ੍ਹ ਆਉਂਦੇ ਹਨ। ਹੜ੍ਹਾਂ ਦੇ ਪਾਣੀਆਂ ਦਾ ਤੇਜ਼ੀ ਨਾਲ ਵਹਿ ਜਾਣਾ ਜਿੱਥੇ ਸੰਕਟ ਪੈਦਾ ਕਰਦਾ ਹੈ ਉੱਥੇ ਇਹ ਪੰਜਾਬ ਦੀ ਧਰਤੀ ਲਈ ਨੁਕਸਾਨਦੇਹ ਸਾਬਤ ਹੋ ਰਿਹਾ ਹੈ। ਧਰਤੀ ਹੇਠਲੇ ਪਾਣੀ ਦੇ ਬਚਾਅ ਲਈ ਇਹ ਬੜਾ ਜ਼ਰੂਰੀ ਹੈ ਕਿ ਮੌਨਸੂਨੀ ਬਾਰਸ਼ਾਂ ਦੇ ਪਾਣੀ ਦੀ ਢੁਕਵੀਂ ਵਰਤੋਂ ਕੀਤੀ ਜਾਵੇ। ਚਾਹੀਦਾ ਤਾਂ ਇਹ ਹੈ ਕਿ ਸੂਬੇ ਭਰ ਵਿੱਚ ਵਗਦੀਆਂ ਛੋਟੀਆਂ ਨਦੀਆਂ/ ਨੈਆਂ ਨੂੰ ਮੁੜ ਤੋਂ ਸੁਰਜੀਤ ਕੀਤਾ ਜਾਵੇ। ਹਰ ਸਾਲ ਹੜ੍ਹਾਂ ਦਾ ਵਾਧੂ ਪਾਣੀ ਇਹਨਾਂ

ਨੈਆਂ ਵਿੱਚ ਛੱਡਿਆ ਜਾਵੇ। ਇਸ ਨਾਲ ਹਰ ਸਾਲ ਦਰਿਆਵਾਂ ਵਿੱਚ ਹੜ੍ਹਾਂ ਦੀ ਭਿਆਨਕ ਬਣਦੀ ਸਥਿਤੀ ਨੂੰ ਵੀ ਕਾਫ਼ੀ ਹੱਦ ਤਕ ਰੋਕਿਆ ਜਾ ਸਕਦਾ ਹੈ ਅਤੇ ਧਰਤੀ ਹੇਠਲੇ ਪਾਣੀ ਦਾ ਪੱਧਰ ਵੀ ਕੁਝ ਸਾਲਾਂ ਵਿੱਚ ਸੁਧਾਰਿਆ ਜਾ ਸਕਦਾ ਹੈ। ਇਸ ਨਾਲ ਪੰਜਾਬ ਦਾ ਧਰਤੀ ਹੇਠਲਾ ਪਾਣੀ ਜੋ ਤੇਜ਼ੀ ਨਾਲ ਦੂਸ਼ਿਤ ਹੋ ਰਿਹਾ ਹੈ ਅਤੇ ਬਿਮਾਰੀਆਂ ਪੈਦਾ ਕਰਨ ਦਾ ਜ਼ਰੀਆ ਬਣ ਰਿਹਾ ਹੈ ਦੀ ਗੁਣਵੱਤਾ ਵਿੱਚ ਵੀ ਸੁਧਾਰ ਆਵੇਗਾ। ਹੁਣ ਸ਼ਾਇਦ ਇਹ ਵਕਤ ਆ ਗਿਆ ਹੈ ਕਿ ਪੰਜਾਬ ਦੀ ਧਰਤੀ 'ਤੇ ਰੁੱਖਾਂ ਦੀ ਕਟਾਈ 'ਤੇ ਮੁਕੰਮਲ ਰੋਕ ਲਗਾ ਦਿੱਤੀ ਜਾਵੇ। ਪਰ ਅਫ਼ਸੋਸ ਵੋਟ ਅਧਾਰਤ ਰਾਜਨੀਤੀ ਨੇ ਮੁਲਕ ਦੇ ਲੋਕਾਂ ਦੀਆਂ ਭਵਿੱਖਮੁਖੀ ਯੋਜਨਾਵਾਂ, ਵਾਤਾਵਰਨ ਅਤੇ ਸਾਡੀ ਸਿਹਤ ਨਾਲ ਜੁੜੇ ਫ਼ਿਕਰਾਂ ਨੂੰ ਦਰਕਿਨਾਰ ਕਰਕੇ ਪਾਸੇ ਰੱਖ ਦਿੱਤਾ ਹੈ। ਲੋਕਾਂ ਨੂੰ ਵੋਟਾਂ ਵੇਲੇ ਕੁਝ ਰਾਹਤਾਂ ਦੇ ਕੇ ਪ੍ਰਚਾਅ ਲਿਆ ਜਾਂਦਾ ਹੈ ਤੇ ਫਿਰ ਪੰਜ ਸਾਲ ਲੋਕ ਵੱਖ-ਵੱਖ ਮੁਸ਼ਕਲਾਂ ਸਮੱਸਿਆਵਾਂ ਨਾਲ ਦੋ ਚਾਰ ਹੁੰਦੇ ਰਹਿੰਦੇ ਹਨ। ਧਰਤੀ ਹੇਠਲੇ ਪਾਣੀ ਨੂੰ ਬਚਾਉਣ ਅਤੇ ਵਾਤਾਵਰਣ ਨੂੰ ਸਵੱਛ ਬਣਾਉਣ ਲਈ ਵੱਧ ਤੋਂ ਵੱਧ ਰੁੱਖ ਲਾਉਣ ਅਤੇ ਇਹਨਾਂ ਦੀ ਸਾਂਭ-ਸੰਭਾਲ ਕਰਨ ਦੀ ਵੀ ਲੋੜ ਹੈ ਜਦਕਿ ਇਸ ਵੇਲੇ ਸਭ ਤੋਂ ਵੱਧ ਰੁੱਖ ਸਰਕਾਰੀ ਸਰਪ੍ਰਸਤੀ ਹੇਠ ਹੀ ਵਿਕਾਸ ਦੇ ਨਾਮ 'ਤੇ ਪੁੱਟੇ ਜਾ ਰਹੇ ਹਨ। ਹਰ ਸਾਲ ਹੋਰ ਰੁੱਖ ਲਾਉਣ ਦੇ ਵਿਖਾਵੇ ਤਾਂ ਬਹੁਤ ਨਜ਼ਰ ਆਉਂਦੇ ਹਨ ਪਰ ਰੁੱਖਾਂ ਨਾਲ ਲੱਦੀਆਂ ਸੰਘਣੀਆਂ ਵਾਦੀਆਂ ਕਿਧਰੇ ਨਜ਼ਰ ਨਹੀਂ ਆਉਂਦੀਆਂ।

ਇਹ ਗੱਲ ਚਿੱਟੇ ਦਿਨ ਵਾਂਗ ਸਾਫ਼ ਹੈ ਕਿ ਸਾਨੂੰ ਪਾਣੀਆਂ ਦੀ ਕੀਮਤ ਦਾ ਪਤਾ ਹੀ ਨਹੀਂ ਕਿ ਇਹ ਕਿੰਨੀ ਗੁਣਵਾਨ ਕੀਮਤੀ ਵਸਤ ਹੈ। ਸਾਡੇ ਸਮਾਜ ਦੇ ਕੁਝ ਸਵਾਰਥੀ ਲੋਕ ਨਦੀਆਂ ਦਰਿਆਵਾਂ ਦੇ ਪਵਿੱਤਰ ਪਾਣੀਆਂ ਵਿੱਚ ਜ਼ਹਿਰ ਘੋਲ ਕੇ ਆਪਣੀ ਦੌਲਤ ਦੇ ਢੇਰ ਨੂੰ ਉੱਚੇ ਕਰਨ ਦੀ ਤਾਕ ਵਿੱਚ ਹਨ। ਸਾਡੇ ਰਾਜਨੀਤਕ ਲੋਕ ਦਰਿਆਵਾਂ ਪ੍ਰਤੀ ਫ਼ਿਕਰਮੰਦ ਨਹੀਂ ਹਨ। ਕਦੇ ਅਸੀਂ ਇੱਥੇ ਪੰਜਾਬ ਵਿੱਚ ਇਹ ਅਕਸਰ ਕਹਿੰਦੇ ਸਾਂ ਕਿ ਪਾਣੀ ਕਿਹੜਾ ਮੁੱਲ ਵਿਕਦਾ ਹੈ। ਅੱਜ ਪਾਣੀ ਮੁੱਲ ਵਿਕਣ ਲੱਗਿਆ ਹੈ ਅਤੇ ਇਸ ਵਰਤਾਰੇ ਪ੍ਰਤੀ ਸੀਲ ਹੋ ਗਏ ਹਾਂ। ਜਦੋਂ ਪੀਣ ਵਾਲਾ ਪਾਣੀ ਸਾਡੇ ਤੋਂ ਕੁਝ ਹੋਰ ਵਿੱਥ ਬਣਾ ਲਵੇਗਾ ਅਤੇ ਸਾਡੀ ਕਮਾਈ ਦਾ ਵੱਡਾ ਬਜਟ ਪਾਣੀ 'ਤੇ ਖ਼ਰਚ ਹੋਣ ਲੱਗੇਗਾ ਤਾਂ ਸ਼ਾਇਦ ਸਾਨੂੰ ਸਮਝ ਆਵੇਗੀ ਕਿ ਪਾਣੀ ਦਾ ਕੀ ਮੁੱਲ ਹੈ। ਸਾਨੂੰ ਹਰ ਉਹ ਧਿਰ ਜੋ ਪਾਣੀ ਨੂੰ ਪਲੀਤ ਕਰਦੀ ਹੈ, ਦੇ ਖ਼ਿਲਾਫ਼ ਬੋਲਣ ਦੀ ਲੋੜ ਹੈ। ਪਵਿੱਤਰ ਪਾਣੀਆਂ ਵਿੱਚ ਘੋਲੇ ਜ਼ਹਿਰਾਂ ਨਾਲ ਹੁੰਦੇ ਕਤਲ ਅਤੇ ਬਿਮਾਰੀਆਂ ਦੇ ਪ੍ਰਕੋਪ ਨੂੰ ਅਸੀਂ ਕਦੋਂ ਤਕ ਸਹਿਣ ਕਰਦੇ ਰਹਾਂਗੇ? ਇਹ ਸਿਲਸਿਲਾ ਤੁਰੰਤ ਬੰਦ ਹੋਣਾ ਚਾਹੀਦਾ ਹੈ।

ਪਾਣੀਆਂ ਵਿੱਚ ਜ਼ਹਿਰ ਘੋਲ ਕੇ ਮੌਤ ਦਾ ਮੰਜ਼ਰ ਸਿਰਜਣ ਵਾਲਿਆਂ ਲਈ ਸਾਡੇ ਸੰਵਿਧਾਨ ਦੀ ਕਿਹੜੀ ਧਾਰਾ ਵਿੱਚ ਕਿੰਨੀ ਸਜ਼ਾ ਹੈ? ਇਹ ਤਾਂ ਕਾਨੂੰਨ ਦੀ ਕਿਤਾਬ ਪੜ੍ਹਨ ਵਾਲੇ ਜਾਣਦੇ ਹੋਣਗੇ ਪਰ ਸਾਨੂੰ ਇਹ ਗੱਲ ਬੜੀ ਸ਼ਿੱਦਤ ਨਾਲ ਸਮਝ ਲੈਣੀ ਚਾਹੀਦੀ ਹੈ ਕਿ ਚੁੱਪ ਕਈ ਅਰਥਾਂ ਵਿੱਚ ਸਾਡੀ ਮੌਤ ਦਾ ਸਮਾਨ ਵੀ ਹੁੰਦੀ ਹੈ।



# ਧਰਤੀ ਦੀ ਹਰ ਨੁੱਕਰੇ ਕਬਜ਼ਾ....

ਧਰਤੀ 'ਤੇ ਮਨੁੱਖ ਇਕ ਐਸਾ ਜੀਵ ਹੈ ਜਿਸ ਨੇ ਬਾਕੀ ਜੀਵਾਂ ਦੀਆਂ ਕਈ ਨਸਲਾਂ ਨੂੰ ਖ਼ਤਮ ਕਰ ਦਿੱਤਾ ਹੈ ਅਤੇ ਕਈਆਂ ਦੀ ਹੋਂਦ ਖ਼ਤਰੇ ਵਿੱਚ ਪਾ ਦਿੱਤੀ ਹੈ।

ਧਰਤੀ ਦੇ ਜੀਵਾਂ ਨੂੰ ਜੇਕਰ ਮਨੁੱਖ ਦੇ ਦ੍ਰਿਸ਼ਟੀਕੋਣ ਤੋਂ ਦੇਖਿਆ ਜਾਵੇ ਤਾਂ ਮਨੁੱਖ ਇਸ ਧਰਤੀ ਦਾ ਸਭ ਤੋਂ ਉੱਤਮ ਜੀਵ ਹੈ। ਪਰ ਜੇ ਇਸ ਗੱਲ ਨੂੰ ਦੂਜੇ ਜਾਨਵਰਾਂ ਅਤੇ ਕੁਦਰਤ ਦੀ ਦ੍ਰਿਸ਼ਟੀ ਤੋਂ ਦੇਖਿਆ ਜਾਵੇ ਤਾਂ ਅੱਜ ਮਨੁੱਖ ਇਕ ਅਜਿਹਾ ਨਿਰਦਈ ਜਾਨਵਰ ਹੈ ਜੋ ਦੂਜੇ ਜੀਵਾਂ ਦੀ ਹੋਂਦ ਲਈ ਖ਼ਤਰਾ ਬਣਿਆ ਹੋਇਆ ਹੈ।

ਅੱਜ ਤੋਂ ਕਰੀਬ ਇਕ ਕਰੋੜ ਸਾਲ ਪਹਿਲਾਂ ਅਫਰੀਕਾ ਦੇ ਜੰਗਲਾਂ ਵਿੱਚ ਜਦੋਂ ਬਾਂਦਰ ਨੁਮਾ ਜਾਨਵਰਾਂ ਦੀ ਇਕ ਨਸਲ ਚਾਰ ਪੈਰਾਂ ਦੀ ਬਜਾਏ ਦੋ ਪੈਰਾਂ 'ਤੇ ਚੱਲਣ ਲੱਗੀ ਤੇ ਹੌਲੀ-ਹੌਲੀ ਉਨ੍ਹਾਂ ਜਾਨਵਰਾਂ ਤੋਂ ਅਲੱਗ ਹੋ ਕੇ ਪੂਰੀ ਧਰਤੀ 'ਤੇ ਫੈਲ ਗਈ। ਬੋਲਣਾ ਅਜੇ ਇਸ ਨੇ ਸਿੱਖਿਆ ਨਹੀਂ ਸੀ। ਇਸ ਨੂੰ ਸਿਰਫ਼ ਚੀਕਾਂ ਕੂਕਾਂ ਮਾਰਨੀਆਂ ਹੀ ਆਉਂਦੀਆਂ ਸਨ। ਪਹਿਲਾਂ ਇਹ ਜਾਤੀ ਜੋ ਜਾਨਵਰਾਂ ਦੇ ਮੁਕਾਬਲੇ ਵਧੇਰੇ ਡਰਾਕਲ ਸੀ, ਦਾ ਟਿਕਾਣਾ ਜ਼ਿਆਦਾਤਰ ਜੰਗਲੀ ਦਰੱਖਤਾਂ 'ਤੇ ਸੀ। ਵਣਾਂ ਦਰੱਖਤਾਂ ਦੀਆਂ ਟਹਿਣੀਆਂ 'ਤੇ ਝੂਟਦਿਆਂ ਹੌਲੀ-ਹੌਲੀ ਇਸ ਨੂੰ ਚੀਜ਼ਾਂ ਨੂੰ ਹੱਥਾਂ ਵਿੱਚ ਫੜਨ ਦੀ ਜਾਚ ਆ ਗਈ। ਫਿਰ ਜਦੋਂ ਕਦੇ ਇਸ ਨੇ ਦਰੱਖਤ ਤੋਂ ਟੁੱਟ ਕੇ ਹੇਠਾਂ ਡਿੱਗੀ ਟਾਹਣੀ ਚੁੱਕੀ ਤਾਂ ਉਹ ਟਹਿਣੀ ਇਸ ਲਈ ਹਥਿਆਰ ਬਣ ਗਈ। ਇੱਥੋਂ ਹੀ ਸ਼ੁਰੂ ਹੁੰਦੀ ਹੈ ਇਸ ਦੇ ਵਿਕਾਸ ਦੀ ਕਹਾਣੀ। ਵਣਾਂ 'ਤੇ ਰਹਿੰਦਿਆਂ ਇਸ ਨੇ ਦੂਜੇ ਜਾਨਵਰਾਂ ਨੂੰ ਟੋਲਿਆਂ ਦੇ ਰੂਪ ਵਿੱਚ ਘੁੰਮਦਿਆਂ ਵੇਖਿਆ। ਉਨ੍ਹਾਂ ਦੀ ਰੀਸ ਕਰਦਿਆਂ ਇਸ ਨੇ ਵਣਾਂ ਤੋਂ ਉੱਤਰ ਹੌਲੀ-ਹੌਲੀ ਧਰਤੀ 'ਤੇ ਟੋਲਿਆਂ ਦੇ ਰੂਪ ਵਿੱਚ ਰਹਿਣਾ ਸ਼ੁਰੂ ਕਰ ਦਿੱਤਾ ।

ਆਦਿ ਕਾਲ ਦੇ ਇਸ ਮਨੁੱਖ ਨੇ ਵਣਾਂ ਨੂੰ ਛੱਡ ਕੇ ਧਰਤੀ ਦੀਆਂ ਗੁਫ਼ਾਵਾਂ, ਪਹਾੜਾਂ ਦੀਆਂ ਕੁੰਦਰਾਂ ਨੂੰ ਆਪਣਾ ਰੈਣ-ਬਸੇਰਾ ਬਣਾ ਲਿਆ ਤੇ ਪਹਿਲਾਂ ਨਾਲੋਂ ਵਧੇਰੇ ਸੁਰੱਖਿਅਤ ਹੋ ਗਿਆ। ਹੁਣ ਇਸ ਨੇ ਆਪਣੀ ਸੋਟੀ ਨਾਲ ਪੱਥਰ ਬੰਨ੍ਹ ਕੇ ਇਹਨੂੰ ਇਕ ਬਰਸ਼ਾ ਨੁਮਾ ਹਥਿਆਰ ਵਜੋਂ ਵਿਕਸਿਤ ਕਰ ਲਿਆ ਤੇ ਇਸ ਦੀ ਮਦਦ ਨਾਲ ਦੂਜੇ ਜਾਨਵਰਾਂ ਨੂੰ ਘੇਰ ਕੇ ਸ਼ਿਕਾਰ ਕਰਨ ਲੱਗ ਪਿਆ। ਸ਼ਿਕਾਰ ਕਰਨ ਅਤੇ ਦੂਜੇ ਜਾਨਵਰਾਂ ਨਾਲ ਆਢਾ ਲਾਉਣ ਨਾਲ ਇਸ ਦੀ ਸਮਝ ਵੀ ਵਧੀ ਅਤੇ ਇਸ ਦੇ ਪੱਠੇ ਵੀ ਪਹਿਲਾਂ ਦੇ ਮੁਕਾਬਲੇ ਹੋਰ ਮਜ਼ਬੂਤ ਹੁੰਦੇ ਗਏ।

ਫਿਰ ਜਦ ਇਸ ਨੇ ਕਿਤੇ ਪੱਥਰ ਦੇ ਕਿਸੇ ਵੱਟੇ ਨੂੰ ਰਾਤ ਦੇ ਹਨੇਰੇ ਵਿੱਚ ਕਿਸੇ ਪਹਾੜ 'ਤੇ ਵਗਾਹ ਮਾਰਿਆ ਤਾਂ ਇਸ ਤੋਂ ਨਿਕਲੇ ਚੰਗਿਆੜਿਆਂ ਤੋਂ ਇਸ ਨੂੰ ਹੱਥੀਂ ਅੱਗ ਬਾਲਣ ਦੀ ਸਮਝ ਆਈ। ਹੱਥ 'ਚੋਂ ਆਈ ਅੱਗ ਦੀ ਮਸ਼ਾਲ ਨਾਲ

ਇਹ ਰਾਤ ਨੂੰ ਚਾਨਣ ਕਰਨ ਅਤੇ ਖੂੰਖ਼ਾਰ ਜਾਨਵਰਾਂ ਤੋਂ ਆਪਣਾ ਬਚਾਅ ਕਰਨ ਲਈ ਕਾਮਯਾਬ ਹੋ ਗਿਆ। ਇਕ ਦਿਨ ਜਦੋਂ ਕਿਤੇ ਇਸ ਨੇ ਕੁਦਰਤੀ ਲੱਗੀ ਅੱਗ ਨਾਲ ਮਰੇ ਜਾਨਵਰ ਦਾ ਮਾਸ ਖਾਧਾ ਤਾਂ ਇਸ ਨੂੰ ਪਤਾ ਚੱਲਿਆ ਕਿ ਅੱਗ ਵਿੱਚ ਭੁੰਨਿਆ ਮਾਸ ਕੱਚੇ ਮਾਸ ਨਾਲੋਂ ਵਧੇਰੇ ਸੁਆਦ ਹੈ ਤਾਂ ਇਸ ਨੇ ਅੱਗ ਦੀ ਵਰਤੋਂ ਚੀਜ਼ਾਂ ਨੂੰ ਪਕਾਉਣ ਲਈ ਕਰਨੀ ਸ਼ੁਰੂ ਕਰ ਦਿੱਤੀ।

ਉਸ ਸਮੇਂ ਦੇ ਮਨੁੱਖ ਦੀ ਸਰਗਰਮੀ ਬੱਚੇ ਪੈਦਾ ਕਰਨੇ ਅਤੇ ਸ਼ਿਕਾਰ ਕਰਕੇ ਆਪਣਾ ਪੇਟ ਭਰਨ ਤਕ ਹੀ ਸੀਮਿਤ ਸੀ। ਸ਼ਿਕਾਰ ਕਰਨ ਨਿਕਲੇ ਟੋਲਿਆਂ ਦੀਆਂ ਚੀਕਾਂ ਕੂਕਾਂ ਅਤੇ ਇਸ਼ਾਰਿਆਂ ਤੋਂ ਹੌਲੀ-ਹੌਲੀ ਕੁਝ ਕੁ ਸੀਮਿਤ ਜਿਹੇ ਸ਼ਬਦ ਹੋਂਦ ਵਿੱਚ ਆਏ ਜਿਨ੍ਹਾਂ ਤੋਂ ਬੋਲੀਆਂ ਦਾ ਵਿਕਾਸ ਹੋਇਆ। ਧਰਤੀ ’ਤੇ ਜਿੱਥੇ ਵੀ ਕਿਤੇ ਕੋਈ ਕਬੀਲਾ ਰਹਿੰਦਾ ਜਾਂ ਘੁੰਮਦਾ ਸੀ ਉਨ੍ਹਾਂ ਨੇ ਆਪਣੀ-ਆਪਣੀ ਬੋਲੀ ਵਿਕਸਿਤ ਕੀਤੀ। ਇਨ੍ਹਾਂ ਬੋਲੀਆਂ ’ਚੋਂ ਕਈ ਬੋਲੀਆਂ ਤਾਂ ਵਿਕਾਸ ਕਰਦੀਆਂ ਗਈਆਂ ਅਤੇ ਕਈ ਹੌਲੀ-ਹੌਲੀ ਖ਼ਤਮ ਹੋ ਗਈਆਂ। ਅੱਜ ਵੀ ਸਾਡੀਆਂ ਬੋਲੀਆਂ ਵਿਕਾਸ ਕਰ ਰਹੀਆਂ ਹਨ। ਸਮਾਂ ਪਾ ਕੇ ਕਿਸੇ ਨਾ ਕਿਸੇ ਦਿਨ ਪੂਰੀ ਦੁਨੀਆਂ ਦੀ ਬੋਲੀ ਇਕ ਹੋ ਜਾਵੇਗੀ।

ਮਨੁੱਖ ਦੇ ਵਿਕਾਸ ਨੂੰ ਉਸ ਸਮੇਂ ਜ਼ਰਬਾਂ ਆਉਣੀਆਂ ਸ਼ੁਰੂ ਹੋਈਆਂ ਜਦੋਂ ਉਸ ਨੇ ਪਹੀਏ ਦੀ ਖੋਜ ਕਰ ਲਈ। ਪਹੀਏ ਦੀ ਖੋਜ ਨਾਲ ਉਸ ਦਾ ਪੂਰਾ ਜੀਵਨ ਹੀ ਬਦਲ ਗਿਆ ਅਤੇ ਜੀਵਨ ਦੇ ਵਿਕਾਸ ਦੀ ਗਤੀ ਪਹਿਲਾਂ ਨਾਲੋਂ ਤੇਜ਼ ਹੋ ਗਈ। ਕਿਸੇ ਸਮੇਂ ਜੰਗਲਾਂ ’ਚ ਜਾਨਵਰਾਂ ਵਾਂਗ ਰਹਿਣ ਅਤੇ ਬਹੁਤ ਕੁਝ ਉਹਨਾਂ ਤੋਂ ਸਿੱਖ ਕੇ ਉਡਾਰ ਹੋਏ ਅੱਜ ਦੇ ਮਨੁੱਖ ਨੂੰ ਸਮਝ ਨਹੀਂ ਆ ਰਹੀ ਕਿ ਧਰਤੀ ਉੱਪਰ ਕੁਝ ਕੁ ਸਾਲਾਂ ਦੇ ਉਸ ਦੇ ਜੀਵਨ ਦਾ ਆਖ਼ਿਰ ਮਕਸਦ ਕੀ ਹੈ? ਮਨੁੱਖ ਦੇ ਵਿਕਾਸ-ਵਿਕਾਸ ਦੀ ਰੱਟ ਨੇ ਜਿੱਥੇ ਕੁਦਰਤੀ ਵਾਤਾਵਰਨ ਨੂੰ ਤਬਾਹ ਕਰਕੇ ਰੱਖ ਦਿੱਤਾ ਹੈ ਉੱਥੇ ਇਸ ਨੇ ਜੰਗਲੀ ਵਣਾਂ ਦਾ ਸਫ਼ਾਇਆ ਕਰਨਾ ਆਰੰਭ ਕਰ ਦਿੱਤਾ ਹੈ। ਧਰਤੀ ਉੱਪਰ ਜਿੱਥੇ ਕਦੇ ਹਰੇ ਕਚੂਰ ਦਰੱਖਤਾਂ ਦੇ ਜੰਗਲ ਹੁੰਦੇ ਸਨ ਉੱਥੇ ਅਸਮਾਨ ਛੂੰਹਦੀਆਂ ਬਿਲਡਿੰਗਾਂ ਦੇ ਜੰਗਲ ਉਸਾਰ ਦਿੱਤੇ ਗਏ ਹਨ। ਦਿਨ ਰਾਤ ਆਪਣੀਆਂ ਜ਼ਿਆਦਾਤਰ ਬੇਤੁਕੀਆਂ ਲੋੜਾਂ ਲਈ ਹਾਬੜਿਆ ਫਿਰਦਾ ਮਨੁੱਖ ਪਹਾੜਾਂ ਜੰਗਲਾਂ ਦੀ ਖ਼ੂਬਸੂਰਤੀ ਨੂੰ ਲਗਾਤਾਰ ਨਸ਼ਟ ਕਰਨ ’ਤੇ ਤੁਲਿਆ ਹੋਇਆ ਹੈ, ਜਿਸ ਨਾਲ ਦੂਜੇ ਕਈ ਜਾਨਵਰਾਂ ਦੀਆਂ ਨਸਲਾਂ ਲੁਪਤ ਹੋਣੀਆਂ ਆਰੰਭ ਹੋ ਗਈਆਂ ਹਨ। ਧਰਤੀ ’ਤੇ ਹੀ ਨਹੀਂ ਅਸਮਾਨ ਅਤੇ ਸਮੁੰਦਰਾਂ ਦੇ ਪਾਣੀਆਂ ਤਕ ਇਸ ਨੇ ਕਬਜ਼ੇ ਕਰ ਲਏ ਹਨ। ਕੁਦਰਤੀ ਵਰਤਾਰਿਆਂ ਵਿੱਚ ਹੱਦੋਂ ਵੱਧ ਕੀਤੀ ਦਖ਼ਲ-ਅੰਦਾਜ਼ੀ ਕਰਕੇ ਪੈਦਾ ਕੀਤੇ ਸਾਧਨਾਂ ਨਾਲ ਸੁੱਖ ਅਰਾਮ ਦੇ ਸਾਧਨ ਤਾਂ ਵਧੇ ਹਨ ਪਰ ਕਈ ਤਰ੍ਹਾਂ ਦੀਆਂ ਬਿਮਾਰੀਆਂ ਦੁਸ਼ਵਾਰੀਆਂ ਵੀ ਮਨੁੱਖ ਦੇ ਸਾਹਵੇਂ ਸਿਰ ਚੁੱਕ ਖਲੋਤੀਆਂ ਹਨ। ਨੇੜ ਭਵਿੱਖ ਵਿੱਚ ਜਿਨ੍ਹਾਂ ’ਤੇ ਕਾਬੂ ਪਾਉਣਾ ਮਨੁੱਖ ਦੇ ਵੱਸੋਂ ਬਾਹਰ ਹੋ ਰਿਹਾ ਹੈ।

ਦਰਿਆਵਾਂ, ਨਦੀਆਂ, ਨਾਲਿਆਂ ਦੇ ਪਾਣੀਆਂ ਨੂੰ ਮਨੁੱਖ ਨੇ ਪਲੀਤ ਕਰ



ਦਿੱਤਾ ਹੈ। ਇਹਨਾਂ ਦੂਸ਼ਿਤ ਜ਼ਹਿਰੀਲੇ ਪਾਣੀਆਂ ਵਿੱਚ ਪੰਛੀ ਕਲੋਲਾਂ ਅਠਖੇਲੀਆਂ ਕਰਨ ਤਾਂ ਕਿਵੇਂ ਕਰਨ? ਜਾਨਵਰਾਂ ਦੇ ਰੈਣ ਬਸੇਰਿਆਂ ਨੂੰ ਖ਼ਤਮ ਕਰਕੇ ਜੰਗਲੀ ਦਰੱਖਤਾਂ ਦਾ ਸਫ਼ਾਇਆ ਕੀਤਾ ਜਾ ਰਿਹਾ ਹੈ। ਉਹਨਾਂ ਦੀ ਥਾਂ ਅਸਮਾਨ ਛੂੰਹਦੀਆਂ ਬਿਲਡਿੰਗਾਂ ਟੈਂਕੀਆਂ ਤੇ ਉੱਚੇ-ਉੱਚੇ ਟਾਵਰਾਂ ਨੇ ਲੈ ਲਈ ਹੈ। ਹਰ ਥਾਂ ਮਨੁੱਖ ਨੇ ਕਬਜ਼ੇ ਕਰ ਲਏ ਹਨ; ਜਿਵੇਂ ਧਰਤੀ ਸਿਰਫ਼ ਤੇ ਸਿਰਫ਼ ਮਨੁੱਖ ਲਈ ਹੀ ਹੋਵੇ। ਅੱਜ ਜਦੋਂ ਅਨੇਕਾਂ ਜੀਵ-ਜਾਤੀਆਂ ਦਾ ਖ਼ਾਤਮਾ ਹੋ ਗਿਆ ਹੈ ਅਤੇ ਕਈ ਖ਼ਤਮ ਹੋਣ ਵਾਲੀਆਂ ਹਨ ਤਾਂ ਮਨੁੱਖ ਹੁਣ ਲੁਪਤ ਹੋ ਰਹੀਆਂ ਜੀਵ-ਜਾਤੀਆਂ ਨੂੰ ਲੱਭਣ ਲਈ ਪਿੰਜਰੇ ਅਤੇ ਦੂਰਬੀਨਾਂ ਚੁੱਕੀ ਫਿਰਦਾ ਹੈ।

ਦੋਸਤੋ, ਸਾਡੇ ਗ੍ਰੰਥ ਸ਼ਾਸਤਰ ਦੱਸਦੇ ਹਨ ਕਿ ਇਹ ਧਰਤੀ ਕਿਸੇ ਰੱਬ ਦੀ ਪੈਦਾ ਕੀਤੀ ਹੋਈ ਹੈ ਅਤੇ ਇਹ ਮਨੁੱਖ ਨਾਮ ਦਾ ਜੀਵ ਵੀ ਉਸੇ ਰੱਬ ਦੀ ਹੀ ਪੈਦਾਵਾਰ ਹੈ। ਗ੍ਰੰਥਾਂ, ਸ਼ਾਸਤਰਾਂ ਵਿੱਚ ਇਹ ਵੀ ਲਿਖਿਆ ਹੈ ਕਿ ਜੇ ਕਿਸੇ ਨੇ ਰੱਬ ਨੂੰ ਪਾਉਣਾ ਹੈ ਤਾਂ ਉਸ ਲਈ ਸਿਰਫ਼ ਮਨੁੱਖਾ ਜਨਮ ਹੀ ਢੁਕਵਾਂ ਹੈ ਜਿਸ ਨਾਲ ਰੱਬ ਦੀ ਭਜਨ ਬੰਦਗੀ ਕਰਕੇ ਇਸ ਨੂੰ ਪਾਇਆ ਜਾ ਸਕਦਾ ਹੈ। ਕੁਦਰਤ ਦੇ ਪੈਦਾ ਕੀਤੇ ਅਨੇਕਾਂ ਜਾਨਵਰਾਂ ਦੇ ਖ਼ਾਤਮੇ ਦਾ ਕਾਰਨ ਬਣਨ ਵਾਲਾ ਮਨੁੱਖ ਜੇ ਕੁਝ ਸਮਾਂ ਰੱਬ-ਰੱਬ ਕਰ ਲੈਂਦਾ ਹੈ ਤਾਂ ਇਹ ਰੱਬ ਨੂੰ ਜਾ ਮਿਲਦਾ ਹੈ ਤੇ ਰੱਬ ਵੀ ਇਹਨੂੰ ਆਪਣੇ ਚਰਨਾਂ ਨਾਲ ਜੋੜ ਲੈਂਦਾ ਹੈ। ਕਿੰਨੀ ਅਜੀਬ ਗੱਲ ਹੈ! ਆਖ਼ਿਰ ਕਿਸੇ ਹੋਰ ਜੀਵ ਨੂੰ ਅਜਿਹੀ ਸਹੂਲਤ ਕਿਉਂ ਨਹੀਂ ਹੈ? ਦੋਸਤੋ, ਇਹ ਗ੍ਰੰਥ, ਸ਼ਾਸਤਰ ਵੀ ਤਾਂ ਆਖ਼ਿਰ ਬੰਦੇ ਨੇ ਹੀ ਲਿਖੇ ਨੇ, ਕਿਸੇ ਜਾਨਵਰ ਨੇ ਤਾਂ ਨਹੀਂ ਨਾ ਲਿਖੇ। ਜੇ ਉਨ੍ਹਾਂ ਨੇ ਵੀ ਲਿਖੇ ਹੁੰਦੇ ਤਾਂ ਉਨ੍ਹਾਂ ਸ਼ਾਸਤਰਾਂ ਵਿੱਚ ਧਰਤੀ ’ਤੇ ਹਰਲ-ਹਰਲ ਕਰਦੇ ਫਿਰਦੇ ਮਨੁੱਖਾਂ ਦਾ ਜ਼ਿਕਰ ਕਿਸ-ਕਿਸ ਤਰ੍ਹਾਂ ਦਾ ਹੁੰਦਾ ਭਲਾ? ਤੁਸੀਂ ਸੋਚੋ! ਇਕ ਸ਼ੇਅਰ ਨਾਲ ਸਮਾਪਤ ਕਰਦਾ ਹਾਂ।

***ਧਰਤੀ ਦੀ ਹਰ ਨੁੱਕਰੇ ਕਬਜ਼ਾ ਮਨੁੱਖ ਦਾ ਨਫ਼ੇ ਕਮਾਉਣ ਲਈ,***
***ਸੋਚੋ ਕਿੱਥੇ ਤੁਰ ਜਾਈਏ ਅਸੀਂ ਆਪਣੀ ਅਉਧ ਹੰਢਾਉਣ ਲਈ।***

# ਧੀਮੀ ਮੌਤ ਦਾ ਸੁਨੇਹਾ ਹੈ ਪ੍ਰਦੂਸ਼ਣ ਦਾ ਪ੍ਰਕੋਪ

ਅਸੀਂ ਸਾਰੇ ਇਕ ਧੀਮੀ ਮੌਤ ਵੱਲ ਵਧ ਰਹੇ ਹਾਂ। ਮੌਤ ਦੇ ਇਸ ਮੰਜ਼ਰ ਦਾ ਸਿਰਜਕ ਮਨੁੱਖ ਆਪ ਹੈ। ਸਾਡਾ ਆਲਾ-ਦੁਆਲਾ ਸਾਨੂੰ ਦੱਸਣ ਲੱਗ ਪਿਆ ਹੈ ਕਿ ਅਸੀਂ ਵਿਕਾਸ ਨਹੀਂ ਕੀਤਾ ਬਲਕਿ ਆਪਣੇ ਅਤੇ ਆਪਣੀਆਂ ਆਉਣ ਵਾਲੀਆਂ ਨਸਲਾਂ ਲਈ ਵਿਨਾਸ਼ ਦਾ ਮੁੱਢ ਬੰਨ੍ਹਿਆ ਹੈ। ਧੂੰਏਂ, ਘੱਟੇ-ਮਿੱਟੀ ਅਤੇ ਕਾਲਖ ਦੀ ਗਰਦ ਨੇ ਪਿਛਲੇ ਦਿਨਾਂ ਤੋਂ ਪੰਜਾਬ, ਹਰਿਆਣਾ ਅਤੇ ਦਿੱਲੀ ਵਿੱਚ ਅਜਿਹਾ ਗੈਸ ਚੈਂਬਰ ਬਣਾਇਆ ਹੈ ਕਿ ਇਸ ਵਿੱਚ ਸਾਹ ਲੈਣਾ ਔਖਾ ਹੋਇਆ ਪਿਆ ਹੈ। ਹਵਾ ਵਿੱਚ ਇੰਨਾ ਜ਼ਿਆਦਾ ਪ੍ਰਦੂਸ਼ਣ ਹੈ ਕਿ ਮਾਹਰ ਦੱਸਦੇ ਹਨ ਕਿ ਹਰ ਵਿਅਕਤੀ ਰੋਜ਼ਾਨਾ ਤਿੰਨ ਦਰਜਨ ਸਿਗਰਟਾਂ ਜਿੰਨਾ ਧੂੰਆਂ ਅੰਦਰ ਖਿੱਚ ਰਿਹਾ ਹੈ। ਪ੍ਰਦੂਸ਼ਣ ਰੂਪੀ ਜ਼ਹਿਰ ਦੀਆਂ ਸਿਲਾਈਆਂ ਲਗਾਤਾਰ ਅੱਖਾਂ ਵਿੱਚ ਪੈ ਰਹੀਆਂ ਹਨ। ਨਿੱਕੇ ਬੱਚੇ ਤੇਜ਼ੀ ਨਾਲ ਬਿਮਾਰ ਹੋ ਰਹੇ ਹਨ। ਇਹ ਮਾਸੂਮ ਬਿਨਾਂ ਕਿਸੇ ਜ਼ੁਰਮ ਦੇ ਸਾਡੇ ਅਖੌਤੀ ਵਿਕਾਸ ਦੀ ਸਜ਼ਾ ਭੁਗਤ ਰਹੇ ਹਨ। ਦਵਾਈਆਂ, ਟੀਕਿਆਂ ਦੀ ਮਦਦ ਨਾਲ ਸਾਹ ਲੈ ਰਹੇ ਹਨ। ਇਨ੍ਹਾਂ 'ਚੋਂ ਕਿੰਨੇ ਮਾਸੂਮ ਸਾਡੇ ਇਸ ਅਖੌਤੀ ਵਿਕਾਸ ਦੀ ਭੇਂਟ ਚੜ੍ਹ ਜਾਣਗੇ? ਸਾਨੂੰ ਅਤੇ ਸਾਡੇ ਸਮਾਜ ਦੇ ਤੰਤਰ ਨੂੰ ਚਲਾਉਣ ਵਾਲਿਆਂ ਨੇ ਨਾ ਕਦੇ ਅਜਿਹਾ ਫ਼ਿਕਰ ਜ਼ਾਹਰ ਕੀਤਾ ਹੈ ਅਤੇ ਨਾ ਇਸ ਦੀ ਕਦੀ ਲੋੜ ਸਮਝੀ ਹੈ।

ਕਈ ਦਿਨਾਂ ਤੋਂ ਪੰਛੀ ਬਹੁਤ ਘੱਟ ਬੋਲਦੇ ਹਨ। ਨਿੱਕੇ-ਨਿੱਕੇ ਪੰਛੀਆਂ ਖ਼ਾਸ ਕਰਕੇ ਚਿੜੀਆਂ ਨੇ ਚਹਿਕਣਾ ਘੱਟ ਕਰ ਦਿੱਤਾ ਹੈ। ਇਨ੍ਹਾਂ ਮਾਸੂਮ ਜਿੰਦਾਂ ਲਈ ਗਰਦ-ਗ਼ੁਬਾਰ ਵਿੱਚ ਉੱਡਣਾ, ਸਾਹ ਲੈਣਾ ਅਤੇ ਚੋਗਾ ਲੱਭਣਾ ਮੁਸ਼ਕਲ ਹੋ ਜਾਂਦਾ ਹੈ। ਹਵਾਵਾਂ ਵਿੱਚ ਘੁਲੇ ਇਸ ਜ਼ਹਿਰ ਨਾਲ ਕਿੰਨੀਆਂ ਹੀ ਇਹ ਮਾਲੂਕ ਜਿੰਦਾਂ ਦਮ ਘੁੱਟ ਕੇ ਮਰ ਜਾਣਗੀਆਂ। ਪਿਛਲੇ ਕਈ ਸਾਲਾਂ ਤੋਂ ਇਹਨਾਂ ਦਿਨਾਂ ਵਿੱਚ ਧੂੰਏਂ ਅਤੇ ਗਰਦ-ਗ਼ੁਬਾਰ ਦਾ ਮੰਜ਼ਰ ਵੇਖਣ ਨੂੰ ਮਿਲਦਾ ਹੈ। ਪਰ ਇਸ ਵਾਰ ਤਾਂ ਇਸ ਨੇ ਪਿਛਲੇ ਰਿਕਾਰਡ ਤੋੜ ਦਿੱਤੇ। ਵੱਡੇ ਸ਼ਹਿਰਾਂ ਵਿੱਚ ਨਿੱਕੇ-ਨਿੱਕੇ ਮਾਸੂਮ ਬੱਚੇ ਤਖ਼ਤੀ ਲੈ ਕੇ ਸੜਕਾਂ 'ਤੇ ਆ ਗਏ ਜਿਨ੍ਹਾਂ 'ਤੇ ਲਿਖਿਆ ਹੈ: 'ਇਸ ਹਵਾ ਵਿੱਚ ਸਾਡਾ ਦਮ ਘੁੱਟਦਾ ਹੈ' 'ਸਾਨੂੰ ਸਾਹ ਲੈਣ ਦਿਉ', 'ਸਾਡੇ ਸਾਹ ਲੈਣ ਲਈ ਕੁਝ ਕਰੋ'। ਪਰਾਲੀ ਨੂੰ ਲਾਈਆਂ ਅੱਗਾਂ, ਦੀਵਾਲੀ ਦੇ ਪਟਾਕਿਆਂ ਦਾ ਧੂੰਆਂ, ਗੱਡੀਆਂ ਮੋਟਰਾਂ ਦਾ ਬੇਤਹਾਸ਼ਾ ਵਾਧਾ, ਸ਼ਹਿਰਾਂ ਪਿੰਡਾਂ ਵਿੱਚ ਲਮਕੇ ਪਏ ਵਿਕਾਸ ਕਾਰਜਾਂ ਕਰਕੇ ਉੱਡਦੀ ਧੂੜ ਨੇ ਹਵਾ ਨੂੰ ਬੁਰੀ ਤਰ੍ਹਾਂ ਪਲੀਤ ਕਰ ਦਿੱਤਾ ਹੈ। ਇਨ੍ਹਾਂ ਦਿਨਾਂ ਵਿੱਚ ਜਦੋਂ ਗਰਮੀ ਤੋਂ ਕੁਝ ਰਾਹਤ ਹੋਣ ਲੱਗਦੀ ਹੈ ਤਾਂ ਹਵਾ ਵਿੱਚ ਨਮੀ ਵਧ ਜਾਂਦੀ ਹੈ ਤੇ ਇਹਨਾਂ ਦਿਨਾਂ ਵਿੱਚ ਪੈਦਾ ਹੋਇਆ ਧੂੰਆਂ ਅਤੇ ਧੂੜ ਦੇ ਕਣ ਉੱਡ ਕੇ ਦੂਰ ਨਹੀਂ ਜਾਂਦੇ, ਇਹ ਜ਼ਮੀਨ ਦੇ ਦੁਆਲੇ ਹੀ ਆਪਣੀ ਇਕ ਪਰਤ ਬਣਾਈ ਰੱਖਦੇ ਹਨ, ਜਿਸ ਸਦਕਾ ਹਵਾ ਬੜੀ ਬੁਰੀ ਤਰ੍ਹਾਂ ਦੂਸ਼ਿਤ ਹੋ ਜਾਂਦੀ ਹੈ। ਦੂਜੇ ਪਾਸੇ ਸਾਡੀ ਮਨੋਬਿਰਤੀ ਇਹ ਹੈ ਕਿ ਹੁਣ ਅਸੀਂ ਵਿਆਹਾਂ ਸ਼ਾਦੀਆਂ ਤੋਂ



ਇਲਾਵਾ ਗੁਰਪੁਰਬ ਅਤੇ ਪ੍ਰਭਾਤ ਫੇਰੀਆਂ 'ਤੇ ਵੀ ਵੱਡੇ-ਵੱਡੇ ਬੰਬ ਪਟਾਕੇ ਚਲਾ ਕੇ ਬਿਨਾਂ ਕਿਸੇ ਰੋਕ-ਟੋਕ ਹਵਾ ਨੂੰ ਹਰ ਹਾਲ ਵਿੱਚ ਦੂਸ਼ਿਤ ਕਰਨ ਦਾ ਅਹਿਦ ਕਰ ਲਿਆ ਹੈ। ਧਾਰਮਿਕ ਅਸਥਾਨਾਂ 'ਤੇ ਹਵਾ ਨੂੰ ਵੱਧ ਤੋਂ ਵੱਧ ਪਲੀਤ ਕਰਨ ਲਈ ਆਤਿਸ਼ਬਾਜ਼ੀਆਂ ਦੇ ਇਕ ਤਰ੍ਹਾਂ ਨਾਲ ਮੁਕਾਬਲੇ ਹੋਣ ਲੱਗ ਪਏ ਹਨ। ਸਾਡੀਆਂ ਸਰਕਾਰਾਂ, ਧਾਰਮਿਕ ਅਤੇ ਸਮਾਜਿਕ ਜਥੇਬੰਦੀਆਂ ਅਜਿਹੀਆਂ ਗਤੀਵਿਧੀਆਂ ਪ੍ਰਤੀ ਖ਼ਾਮੋਸ਼ ਹਨ।

ਸਾਡੇ ਰਾਜਨੀਤਕ ਦਲਾਂ ਦੀ ਸਾਰੀ ਸਰਗਰਮੀ ਵੋਟ ਦੁਆਲੇ ਕੇਂਦਰਤ ਹੋ ਗਈ ਹੈ। ਸਾਨੂੰ ਉਹਨਾਂ ਚੀਜ਼ਾਂ ਲਈ ਤਿਆਰ ਕੀਤਾ ਜਾਂਦਾ ਹੈ ਜਿਸ ਦੀ ਸਾਨੂੰ ਲੋੜ ਨਹੀਂ ਹੁੰਦੀ। ਇਹ ਜਾਣਦਿਆਂ ਬੁੱਝਦਿਆਂ ਕਿ ਜਿਸ ਦਿਸ਼ਾ ਵੱਲ ਅਸੀਂ ਵਧ ਰਹੇ ਹਾਂ ਇਸ 'ਤੇ ਚੱਲਦਿਆਂ ਨਤੀਜੇ ਭਿਆਨਕ ਹੋ ਸਕਦੇ ਹਨ। ਸਭ ਕੁਝ ਹੋਣ ਦਿੱਤਾ ਜਾਂਦਾ ਹੈ। ਮੌਜੂਦਾ ਦੌਰ ਵਿੱਚ ਸਾਨੂੰ ਸਿਖਾਇਆ ਗਿਆ ਹੈ ਕਿ ਸਾਡੀ ਹਰ ਸਰਗਰਮੀ ਪੈਸੇ ਲਈ ਹੈ। ਅਸੀਂ ਆਪਣਾ ਕੀਮਤੀ ਸਮਾਂ, ਐਨਰਜੀ ਅਤੇ ਇਸ ਜ਼ਮੀਨ 'ਤੇ ਹੋਣਾ ਸਭ ਕੁਝ ਪੈਸੇ ਨੂੰ ਸਮਰਪਿਤ ਕਰ ਦਿੱਤਾ ਹੈ। ਰਾਜਨੀਤਕ, ਧਾਰਮਿਕ ਅਤੇ ਅਕਾਦਮਿਕ ਪੱਖ ਤੋਂ ਸਾਨੂੰ ਦੱਸਿਆ ਜਾ ਰਿਹਾ ਹੈ ਕਿ ਵੱਧ ਤੋਂ ਵੱਧ ਵਸਤਾਂ ਅਤੇ ਵੱਧ ਪੈਸਾ ਇਕੱਠਾ ਕਰਨ ਵਿੱਚ ਹੀ ਸਾਡਾ ਵਿਕਾਸ ਹੈ। ਇਸ ਤਰਜੀਹ 'ਤੇ ਚੱਲਦਿਆਂ ਸਾਡੇ ਕਾਰ ਵਿਹਾਰ ਅਤੇ ਸੁਭਾਅ 'ਚੋਂ ਕੁਦਰਤੀ ਵਿਹਾਰ ਖ਼ਤਮ ਹੋ ਗਿਆ ਹੈ। ਬੀਤੇ ਸਮੇਂ ਦੌਰਾਨ ਜ਼ਮੀਨ ਵਿੱਚ ਫ਼ਸਲ ਦੇ ਬੀਜ ਦਾ ਪਹਿਲਾ ਛੱਟਾ ਦੇਣ ਲੱਗਿਆਂ ਪੰਜਾਬ ਦੇ ਲੋਕ ਉਚਾਰਦੇ ਸਨ, 'ਚਿੜੀ ਜਨੌਰ ਦੇ ਨਾਂਅ।' ਹੁਣ ਸਾਡਾ ਕੁਦਰਤੀ ਹੋਣਾ ਗਵਾਚ ਗਿਆ ਹੈ। ਪਿਛਲੇ ਕੁਝ ਅਰਸੇ ਦੌਰਾਨ ਹਰੇ ਇਨਕਲਾਬ ਦੀ ਤਰਜ਼ 'ਤੇ ਚੱਲਦਿਆਂ ਬੜੀ ਤੇਜ਼ੀ ਨਾਲ ਅਸੀਂ ਕੁਦਰਤ ਪ੍ਰਤੀ ਆਪਣਾ ਰਵੱਈਆ ਬਦਲਿਆ ਹੈ, ਜਿਸ ਦਾ ਨਤੀਜਾ ਸਾਡੇ ਲਈ ਬੜਾ ਘਾਤਕ ਸਾਬਤ ਹੋਣ ਲੱਗਿਆ ਹੈ । ਅਸੀਂ ਬਿਮਾਰੀਆਂ ਦੁਸ਼ਵਾਰੀਆਂ ਅਤੇ ਗੰਦੇ ਵਾਤਾਵਰਣ ਨੂੰ ਸਹੇੜ ਕੇ ਇਕ ਠੰਡੀ ਮੌਤ ਵੱਲ ਵਧਣ ਲੱਗ ਪਏ ਹਾਂ। ਆਪਣੇ ਬੇਸ਼ਕੀਮਤੀ ਸਾਧਨਾਂ ਮਿੱਟੀ, ਰੇਤ, ਪਾਣੀ ਅਤੇ ਹਵਾ ਦੀ ਬਰਬਾਦੀ ਕਰਕੇ ਵੱਟੀ ਵੱਟਕ ਨਾਲ ਅਸੀਂ ਆਪਣੀ ਬਾਹਰੀ ਦਿੱਖ ਬੇਸ਼ੱਕ ਕੁਝ ਹੱਦ ਤਕ ਸਵਾਰ ਲਈ ਹੈ ਪਰ ਅੰਦਰੋਂ ਅਸੀਂ ਖੋਖਲੇ ਹੋ ਗਏ ਹਾਂ।

ਇਹ ਠੀਕ ਹੈ ਕਿ ਮਨੁੱਖ ਆਪਣੀ ਸਮਝ ਨਾਲ ਵਿਗਿਆਨਿਕ ਤਕਨੀਕ ਦੀ ਮਦਦ ਨਾਲ ਕੁਦਰਤੀ ਵਰਤਾਰਿਆਂ ਨੂੰ ਆਪਣੇ ਅਨੁਸਾਰ ਢਾਲ ਕੇ ਆਪਣੇ ਹਿੱਤਾਂ ਲਈ ਵਰਤਣ ਵਿੱਚ ਕਾਮਯਾਬ ਹੋਇਆ ਹੈ। ਇਸ ਨਾਲ ਉਸ ਦਾ ਜੀਵਨ ਸੁਖਾਲਾ ਵੀ ਹੋਇਆ ਹੈ। ਇਹ ਵੀ ਮੰਨਿਆ ਜਾਂਦਾ ਹੈ ਕਿ ਵਿਗਿਆਨਿਕ ਵਿਕਾਸ ਤੋਂ ਪੈਦਾ ਹੋਈਆਂ ਸਮੱਸਿਆਵਾਂ ਨਾਲ ਵਿਗਿਆਨਿਕ ਤਰਜੀਹਾਂ 'ਤੇ ਚੱਲ ਕੇ ਬੜੀ ਜਲਦੀ ਕਾਬੂ ਪਾ ਲਿਆ ਜਾਵੇਗਾ। ਇੱਥੇ ਇਹ ਵਿਚਾਰ ਕਰਨਾ ਬਣਦਾ ਹੈ ਕਿ ਸਾਡਾ ਅਜੋਕਾ ਰਾਜ-ਤੰਤਰ ਜਿਸ ਨੂੰ ਪੂੰਜੀਵਾਦੀ ਤਾਕਤਾਂ ਸੰਚਾਲਿਤ ਕਰਦੀਆਂ

ਹਨ ਦਾ ਲੋਕ ਸਮੱਸਿਆਵਾਂ ਨਾਲ ਕੋਈ ਸਰੋਕਾਰ ਨਹੀਂ; ਸਗੋਂ ਲੋਕ ਸਮੱਸਿਆਵਾਂ ਉਨ੍ਹਾਂ ਲਈ ਵੱਡੀਆਂ ਕਮਾਈਆਂ ਦੇ ਸਾਧਨ ਹੋ ਨਿਬੜਦੀਆਂ ਹਨ। ਜਿਵੇਂ ਔੜਾਂ ਸੋਕਿਆਂ ਵਿੱਚ ਬੰਦ ਬੋਤਲ ਪਾਣੀ ਦੀ ਵਿਕਰੀ ਵਧਦੀ ਹੈ। ਪੰਜਾਬ ਵਿੱਚ ਪਿਛਲੇ ਕੁਝ ਅਰਸੇ ਤੋਂ ਕੈਂਸਰ, ਹੈਪੇਟਾਈਟਸ ਬੀ ਅਤੇ ਸੀ, ਹਾਰਟ ਅਟੈਕ, ਸਾਹ ਦਮਾ, ਸ਼ੁਕਰਾਣੂਆਂ ਦਾ ਘਟਣਾ, ਬਲੱਡ-ਪ੍ਰੈਸ਼ਰ, ਲਿਵਰ ਸਿਰੋਸਸ, ਯੂਰਿਕ ਐਸਿਡ, ਬਲੱਡ-ਸ਼ੂਗਰ ਜਿਹੀਆਂ ਬਿਮਾਰੀਆਂ ਬੜੀਆਂ ਤੇਜ਼ੀ ਨਾਲ ਵਧਣ ਲੱਗੀਆਂ ਹਨ। ਵੱਡੀ ਗਿਣਤੀ ਲੋਕ ਮਾਨਸਿਕ ਵਿਕਾਰਾਂ ਦੇ ਸ਼ਿਕਾਰ ਹੋ ਰਹੇ ਹਨ। ਧੂੰਏਂ ਅਤੇ ਗੰਦੇ ਵਾਤਾਵਰਣ ਤੋਂ ਪੈਦਾ ਹੋਈਆਂ ਬਿਮਾਰੀਆਂ ਨਾਲ ਵੱਡੇ ਹਸਪਤਾਲ ਉਸਰਦੇ ਹਨ। ਆਕਸੀਜਨ ਕਿੱਟਾਂ ਅਤੇ ਕਮਰਿਆਂ ਦੀ ਹਵਾ ਨੂੰ ਸਾਫ਼ ਕਰਨ ਵਾਲੇ ਯੰਤਰਾਂ ਦੀ ਵਿਕਰੀ ਵਧਦੀ ਹੈ। ਮਾਸਕ ਵਿਕਦੇ ਹਨ। ਦਵਾਈਆਂ ਦੇ ਕਾਰੋਬਾਰ ਤੋਂ ਅਰਬਾਂ ਖ਼ਰਬਾਂ ਦੀ ਕਮਾਈ ਹੁੰਦੀ ਹੈ। ਉਪਰੋਕਤ ਕਥਨ ਦਾ ਇਕ ਦੂਜਾ ਪੱਖ ਇਹ ਵੀ ਹੈ ਕਿ ਹੁਣ ਵਿਗਿਆਨਿਕ ਖੋਜਾਂ ਦੀ ਵਰਤੋਂ ਲੋਕ-ਪੱਖੀ ਨਹੀਂ ਬਲਕਿ ਲੋਕ-ਮਾਰੂ ਨੀਤੀ ਨੂੰ ਸਰਅੰਜ਼ਾਮ ਦੇਣ ਲਈ ਕੀਤੀ ਜਾ ਰਹੀ ਹੈ; ਜਿਵੇਂ ਦੁਨੀਆਂ ਭਰ ਵਿੱਚ ਬੀਜਾਂ ’ਤੇ ਕਾਬਜ਼ ਹੋਣ ਲਈ ਵੰਸ਼ ਰਹਿਤ ਬੀਜਾਂ ਦੀ ਖੋਜ ਆਦਿ। ਇਸ ਤਰ੍ਹਾਂ ਅਸੀਂ ਕਹਿ ਕਹਿ ਸਕਦੇ ਹਾਂ ਕਿ ਵਿਗਿਆਨਿਕ ਖੋਜਾਂ ਹੁਣ ਧਨਾਢ ਕਾਰਪੋਰੇਟ ਘਰਾਣਿਆਂ ਦੀਆਂ ਰਖੇਲ ਬਣਨ ਜਾ ਰਹੀਆਂ ਹਨ। ਅਜਿਹੀ ਸਥਿਤੀ ਵਿੱਚ ਸਾਨੂੰ ਕੁਦਰਤੀ ਵਾਤਾਵਰਣ ਅਤੇ ਇਸ ਨਾਲ ਜੁੜੇ ਖ਼ਤਰਿਆਂ ਪ੍ਰਤੀ ਬੇਹੱਦ ਸੁਚੇਤ ਹੋਣ ਦੀ ਲੋੜ ਹੈ।

ਤੇਜ਼ੀ ਨਾਲ ਵਧ ਰਹੀ ਅਬਾਦੀ, ਇਸ ਦੀਆਂ ਲੋੜਾਂ ਅਤੇ ਤਕਨੀਕੀ ਵਿਕਾਸ ’ਤੇ ਚੱਲਦਿਆਂ ਭੱਠਿਆਂ, ਫ਼ੈਕਟਰੀਆਂ ਅਤੇ ਆਵਾਜਾਈ ਦੇ ਸਾਧਨਾਂ ਦੀ ਗਿਣਤੀ ਤੇਜ਼ੀ ਨਾਲ ਵਧਣੀ ਸ਼ੁਰੂ ਹੋ ਗਈ ਹੈ। ਵਿਕਸਿਤ ਮੁਲਕਾਂ ਵਿੱਚ ਗਰੀਨ ਹਾਊਸ ਗੈਸਾਂ ਦਾ ਪ੍ਰਭਾਵ ਤੇਜ਼ੀ ਨਾਲ ਵਧ ਰਿਹਾ ਹੈ। ਇਸ ਦਾ ਅਸਰ ਪੂਰੀ ਧਰਤੀ ਦੇ ਮੌਸਮਾਂ ਵਿੱਚ ਗੜਬੜੀ ਕਰਨ ਦਾ ਕਾਰਨ ਬਣ ਰਿਹਾ ਹੈ। ਗਰਮੀ ਦੀ ਰੁੱਤ ਲੰਬੀ ਹੋ ਗਈ ਹੈ। ਮੌਸਮਾਂ ਵਿੱਚ ਇਕ ਅੱਥਰਾ ਵੇਗ ਆ ਗਿਆ ਹੈ। ਜੇਕਰ ਅਸੀਂ ਪੰਜਾਬ ਦੀ ਗੱਲ ਕਰੀਏ ਤਾਂ ਇੱਥੇ ਮੀਂਹ ਦੀਆਂ ਝੜੀਆਂ ਲੱਗਣੀਆਂ ਘਟ ਗਈਆਂ ਹਨ। ਸਰਦੀ ਦੀ ਰੁੱਤ ਗਿਣਤੀ ਦੇ ਦਿਨਾਂ ਤਕ ਸਿਮਟ ਗਈ ਹੈ। ਹੁਣ ਜਦੋਂ ਸਰਦੀ ਦੀ ਰੁੱਤ ਦੀ ਸ਼ੁਰੂਆਤ ਹੀ ਹੋਈ ਹੈ ਦੇਸ਼ ਦੇ ਵੱਖ-ਵੱਖ ਹਿੱਸਿਆਂ ਤੋਂ ਖ਼ਬਰਾਂ ਇਹ ਆਉਣ ਲੱਗੀਆਂ ਹਨ ਕਿ ਦੇਸ਼ ਦੇ ਪਾਣੀ ਦੇ ਸਰੋਤਾਂ ਵਿੱਚ ਪਾਣੀ ਦਾ ਪੱਧਰ ਨੀਵਾਂ ਹੋਣ ਲੱਗਿਆ ਹੈ। ਇਸ ਸਾਲ ਗਰਮੀਆਂ ਵਿੱਚ ਭਾਰਤ ਦੇ ਲੱਖਾਂ ਲੋਕ ਪਾਣੀ ਦੀ ਬੂੰਦ-ਬੂੰਦ ਨੂੰ ਤਰਸਣ ਲਈ ਮਜਬੂਰ ਹੋ ਗਏ ਸਨ। ਅੱਜ ਅਸੀਂ ਹਵਾ ਵਿੱਚ ਘੁਲੇ ਜ਼ਹਿਰ ਦਾ ਪ੍ਰਕੋਪ ਭੁਗਤ ਰਹੇ ਹਾਂ। ਸਾਡੀਆਂ ਸਰਕਾਰਾਂ/ ਰਾਜਨੀਤਕ ਪਾਰਟੀਆਂ ਇਸ ਪ੍ਰਤੀ ਉੱਕਾ ਹੀ ਗੰਭੀਰ ਨਹੀਂ ਹਨ ਕਿ ਅਜਿਹੀਆਂ ਭਿਆਨਕ ਬਣ ਰਹੀਆਂ ਸਮੱਸਿਆਵਾਂ ਪ੍ਰਤੀ ਸੁਚੇਤ ਹੋ ਕੇ ਕੁਝ ਕਾਰਗਰ ਕਦਮ ਉਠਾਏ ਜਾਣ। ਜਿਵੇਂ ਇਸ ਵੇਲੇ ਕੁਝ ਮਹੀਨੇ ਪਹਿਲਾਂ ਮੱਧ ਪ੍ਰਦੇਸ਼ ਅਤੇ ਕੁਝ ਹੋਰ ਸੂਬਿਆਂ ਵਿੱਚ ਲੱਗੀ ਔੜ



ਹੁਣ ਸਮੱਸਿਆ ਨਹੀਂ ਰਹੀ ਉਸੇ ਤਰ੍ਹਾਂ ਪ੍ਰਦੂਸ਼ਣ ਦੀ ਇਸ ਸਮੱਸਿਆ ਨੂੰ ਕੁਝ ਦਿਨਾਂ ਵਿੱਚ ਵਿਸਾਰ ਦਿੱਤਾ ਜਾਵੇਗਾ। ਸ਼ਾਇਦ ਅਗਲੇ ਕੁਝ ਦਿਨ ਵਿੱਚ ਕੁਝ ਹਵਾ ਦੇ ਬੁੱਲ੍ਹੇ ਆਉਣ ਨਾਲ ਪ੍ਰਦੂਸ਼ਣ ਦਾ ਪ੍ਰਕੋਪ ਕੁਝ ਘੱਟ ਹੋਵੇ ਅਤੇ ਇਸ ਹਵਾ ਨਾਲ ਸਾਡੀਆਂ ਸਰਕਾਰਾਂ ਅਤੇ ਸਾਡਾ ਫ਼ਿਕਰ ਵੀ ਹਵਾ ਹੋ ਜਾਣਗੇ ਅਤੇ ਵਾਤਾਵਰਣ ਨਾਲ ਜੁੜੀਆਂ ਸਮੱਸਿਆਵਾਂ ਭਿਆਨਕ ਤੋਂ ਹੋਰ ਭਿਆਨਕ ਰੂਪ ਅਖ਼ਤਿਆਰ ਕਰਦੀਆਂ ਜਾਣਗੀਆਂ।

ਵਾਤਾਵਰਣ ਅਤੇ ਇਸ ਨਾਲ ਜੁੜੀਆਂ ਹੋਰ ਸਮੱਸਿਆਵਾਂ ਤੋਂ ਬਚਾਅ ਲਈ ਸਰਕਾਰਾਂ ਨੂੰ ਵੱਡੀ ਪੱਧਰ ’ਤੇ ਕਾਰਜਸ਼ੀਲ ਹੋਣ ਦੀ ਲੋੜ ਹੈ। ਇੱਥੇ ਸਵਾਲ ਕਿਸਾਨਾਂ ਵੱਲੋਂ ਸਾੜੀ ਜਾ ਰਹੀ ਪਰਾਲੀ ’ਤੇ ਹੋ ਰਹੀ ਦਿੱਲੀ, ਹਰਿਆਣਾ ਅਤੇ ਪੰਜਾਬ ਦੀ ਸਿਆਸਤ ਦਾ ਨਹੀਂ ਹੈ ਬਲਕਿ ਸਵਾਲ ਇਹ ਹੈ ਕਿ ਚਿੱਟੀਆਂ ਹਰੀਆਂ-ਕ੍ਰਾਂਤੀਆਂ ’ਤੇ ਚੱਲਦਿਆਂ ਸਾਡੀਆਂ ਸਮੱਸਿਆਵਾਂ ਲਗਾਤਾਰ ਵਿਕਰਾਲ ਰੂਪ ਲੈ ਰਹੀਆਂ ਹਨ। ਸਰਕਾਰ ਨੂੰ ਚਾਹੀਦਾ ਹੈ ਕਿ ਉਹ ਖੇਤੀਬਾੜੀ ਪ੍ਰਤੀ ਗ਼ੈਰ-ਜ਼ਿੰਮੇਵਾਰੀ ਵਾਲਾ ਵਤੀਰਾ ਛੱਡ ਕੇ ਸਭ ਤਰ੍ਹਾਂ ਦੀਆਂ ਫ਼ਸਲਾਂ ਦੇ ਭਾਅ ਨਿਯਤ ਕਰੇ। ਪੰਜਾਬ ਅਤੇ ਹਰਿਆਣਾ ਨੂੰ ਝੋਨੇ ਦੀ ਫ਼ਸਲ ਤੋਂ ਨਿਜਾਤ ਦਿਵਾਈ ਜਾਵੇ। ਹੋਰ ਫ਼ਸਲਾਂ ਦੇ ਚੰਗੇ ਭਾਅ ਨਿਯਤ ਕੀਤੇ ਜਾਣ ਅਤੇ ਇਨ੍ਹਾਂ ਦੇ ਮੰਡੀਕਰਨ ਦਾ ਢੁੱਕਵਾਂ ਪ੍ਰਬੰਧ ਹੋਵੇ। ਇਸ ਦੇ ਨਾਲ-ਨਾਲ ਫ਼ੈਕਟਰੀਆਂ, ਭੱਠਿਆਂ ਅਤੇ ਮੋਟਰ-ਗੱਡੀਆਂ ਤੋਂ ਪੈਦਾ ਹੋ ਰਹੇ ਪ੍ਰਦੂਸ਼ਣ ਨੂੰ ਰੋਕਣ ਲਈ ਵੀ ਢੁਕਵੇਂ ਕਦਮ ਉਠਾਏ ਜਾਣ, ਰੁੱਖਾਂ ਦੀ ਅੰਨ੍ਹੇਵਾਹ ਕਟਾਈ ’ਤੇ ਰੋਕ ਲਾਈ ਜਾਵੇ। ਨਹਿਰਾਂ ਦਰਿਆਵਾਂ ਵਿੱਚ ਪੈਂਦੇ ਫ਼ੈਕਟਰੀਆਂ ਦੇ ਗੰਦੇ ਪਾਣੀ ਨੂੰ ਰੋਕਣ ਲਈ ਢੁਕਵੇਂ ਪ੍ਰਬੰਧ ਕੀਤੇ ਜਾਣ। ਰੁੱਖ ਲਗਾਉਣ ਅਤੇ ਇਨ੍ਹਾਂ ਨੂੰ ਪਾਲਣ ਲਈ ਵੱਡੀ ਪੱਧਰ ’ਤੇ ਉਪਰਾਲੇ ਕੀਤੇ ਜਾਣ। ਕਿਸੇ ਵੀ ਦਿਨ ਤਿਉਹਾਰ ਜਾਂ ਨਿੱਜੀ ਪ੍ਰੋਗਰਾਮਾਂ ਵਿੱਚ ਚੱਲਦੇ ਪਟਾਕਿਆਂ ਆਦਿ ’ਤੇ ਸਖ਼ਤੀ ਨਾਲ ਰੋਕ ਲਾਈ ਜਾਵੇ। ਆਪਸੀ ਧੜੇਬੰਦੀਆਂ ਤੋਂ ਉੱਪਰ ਉੱਠ ਕੇ ਅੱਜ ਸਾਨੂੰ ਵਿਚਾਰਨ ਦੀ ਲੋੜ ਹੈ ਕਿ ਅਖੌਤੀ ਵਿਕਾਸ ਦੇ ਮੰਤਰ ਨਾਲ ਅਸੀਂ ਕਿੰਨੀ ਕੁ ਦੇਰ ਪ੍ਰਚਦੇ ਰਹਾਂਗੇ? ਸਾਨੂੰ ਸਵਾਲ ਖੜ੍ਹੇ ਕਰਨ ਦੀ ਲੋੜ ਹੈ। ਸਾਡੀਆਂ ਸਰਕਾਰਾਂ ਵਾਤਾਵਰਣ ਵਰਗੇ ਅਤਿ ਸੰਵੇਦਨਸ਼ੀਲ ਮੁੱਦਿਆਂ ਅਤੇ ਮਨੁੱਖ ਦੀਆਂ ਬੁਨਿਆਦੀ ਲੋੜਾਂ ਪ੍ਰਤੀ ਕਦੋਂ ਗੰਭੀਰ ਹੋਣਗੀਆਂ। ਸਾਡੀਆਂ ਮਾਣਯੋਗ ਅਦਾਲਤਾਂ ਵੱਲੋਂ ਜ਼ਾਹਰ ਹੋ ਰਹੇ ਫ਼ਿਕਰ ਸਾਡੀਆਂ ਸਰਕਾਰਾਂ ਦੇ ਜ਼ਿਹਨ ਦਾ ਹਿੱਸਾ ਕਦੋਂ ਬਣਨਗੇ?

ਅੱਜ ਅਸੀਂ ਕੁਦਰਤ ਨਾਲੋਂ ਟੁੱਟ ਕੇ ਜ਼ਿੰਦਗੀ ਦਾ ਸਬਰ, ਸੰਤੋਖ ਅਤੇ ਸਹਿਜ ਗਵਾ ਲਿਆ ਹੈ। ਇਹ ਸਥਿਤੀ ਇਕ ਤਰ੍ਹਾਂ ਨਾਲ ਮੌਤ ਦੀ ਉਡੀਕ ਕਰਨ ਜਿਹੀ ਸਥਿਤੀ ਹੈ। ਸਾਨੂੰ ਹੁਣ ਫ਼ੈਸਲਾ ਕਰਨਾ ਚਾਹੀਦਾ ਹੈ ਕਿ ਅਸੀਂ ਇਸ ਗੰਦੇ ਵਾਤਾਵਰਣ ਵਿੱਚ ਘੁੱਟ-ਘੁੱਟ ਹੌਲੀ-ਹੌਲੀ ਮਰਦੇ ਰਹਿਣਾ ਹੈ ਜਾਂ ਇਸ ਨੂੰ ਬਿਹਤਰ ਬਣਾਉਣ ਲਈ ਵੱਡੀ ਪੱਧਰ ’ਤੇ ਯਤਨਸ਼ੀਲ ਹੋਣਾ ਹੈ।

# ਨਹੀਂ ਵੱਸਦਾ ਹੁਣ ਪੰਜਾਬ ਦੇ ਪਿੰਡਾਂ ਵਿੱਚ ਰੱਬ

ਯੁਨਾਨ ਦਾ ਪ੍ਰਸਿੱਧ ਦਾਰਸ਼ਨਿਕ ਹਰਕੁਲੀਕਸ ਕਹਿੰਦਾ ਹੈ ਤੁਸੀਂ ਇਕ ਨਦੀ ਵਿੱਚ ਦੁਬਾਰਾ ਪੈਰ ਨਹੀਂ ਪਾ ਸਕਦੇ। ਦੂਜੀ ਵਾਰ ਜਦੋਂ ਪੈਰ ਪਾਉਗੇ ਨਦੀ ਵੀ ਬਦਲ ਚੁੱਕੀ ਹੋਵੇਗੀ। ਇਸੇ ਤਰ੍ਹਾਂ ਕਿਸੇ ਵੀ ਸਮਾਜ ਦਾ ਸਭਿਆਚਾਰ ਵੀ ਲਗਾਤਾਰ ਤੇਜ਼ੀ ਨਾਲ ਬਦਲਦਾ ਵਰਤਾਰਾ ਹੈ। ਤਕਨੀਕੀ ਵਿਕਾਸ ਵਿੱਚ ਹੋਏ ਇਨਕਲਾਬ ਨਾਲ ਮਨੁੱਖ ਦੀ ਵਰਤੋਂ ਦੀਆਂ ਚੀਜ਼ਾਂ ਬੜੀ ਤੇਜ਼ੀ ਨਾਲ ਬਦਲੀਆਂ ਹਨ। ਵਸਤਾਂ ਦਾ ਬਦਲਾਅ ਮਨੁੱਖੀ ਵਿਹਾਰ ਨੂੰ ਵੀ ਉਨੀ ਹੀ ਤੇਜ਼ੀ ਨਾਲ ਤਬਦੀਲ ਕਰਦਾ ਹੈ। ਤਬਦੀਲੀ ਦੇ ਇਸ ਵਰਤਾਰੇ ਨੂੰ ਜੇਕਰ ਅਸੀਂ ਪੰਜਾਬੀ ਸਮਾਜ ਦੇ ਸੰਦਰਭ ਵਿੱਚ ਵੇਖੀਏ ਤਾਂ ਇੱਥੇ ਹਰੇ, ਚਿੱਟੇ, ਇਨਕਲਾਬ ਅਤੇ ਇਸ ਤੋਂ ਬਾਅਦ ਦੇ ਦੌਰ ਨੂੰ ਵੱਡੀਆਂ ਤਬਦੀਲੀਆਂ ਦਾ ਦੌਰ ਕਿਹਾ ਜਾ ਸਕਦਾ ਹੈ, ਜਿਸ ਨਾਲ ਪੰਜਾਬੀ ਲੋਕਾਂ ਦਾ ਰਹਿਣ ਸਹਿਣ, ਸੁਭਾਅ, ਖਾਣ-ਪੀਣ ਅਤੇ ਰਸਮਾਂ-ਰਿਵਾਜ ਬੜੀ ਤੇਜ਼ੀ ਨਾਲ ਤਬਦੀਲ ਹੋਏ। ਖੇਤੀ ਦੇ ਸੰਦ ਅਤੇ ਇਸ ਨਾਲ ਜੁੜੇ ਕੰਮਕਾਜ, ਆਵਾਜਾਈ ਦੇ ਸਾਧਨ, ਵਿਆਹ-ਸ਼ਾਦੀਆਂ ਦੇ ਰਸਮੋ-ਰਿਵਾਜ, ਇਕ ਕਿਰਸਾਨ ਅਤੇ ਘਰ ਵਿੱਚ ਕੰਮ ਕਰਦੀ ਸੁਆਣੀ ਦੇ ਰੁਝੇਵੇਂ ਆਦਿ ਸਭ ਕੁਝ ਭਾਰਤ ਦੇ ਦੂਜੇ ਸੂਬਿਆਂ ਦੇ ਮੁਕਾਬਲੇ ਬੜੇ ਤੇਜ਼ੀ ਨਾਲ ਤਬਦੀਲ ਹੋਏ।

ਪੰਜਾਬੀ ਸਮਾਜ ਦਾ ਇਹ ਖਾਸਾ ਰਿਹਾ ਹੈ ਕਿ ਪੰਜਾਬ ਦੇ ਲੋਕ ਸਖ਼ਤ ਘਾਲਣਾ ਘਾਲਣ ਵਾਲੇ ਮਿਹਨਤੀ ਲੋਕਾਂ ਵਜੋਂ ਜਾਣੇ ਜਾਂਦੇ ਸਨ। ਦੂਜਿਆਂ ਪ੍ਰਤੀ ਸਨੇਹ, ਮੋਹ, ਮੁਹੱਬਤ ਅਤੇ ਸਬਰ ਸੰਤੋਖ ਵਾਲੇ ਜੀਵਨ ਨੂੰ ਤਰਜੀਹ ਦਿੰਦੇ ਰਹੇ ਹਨ; ਪਰ ਅੱਜ ਮੰਡੀ ਦੀਆਂ ਮੁਨਾਫ਼ਾ ਬਟੋਰੂ ਨੀਤੀਆਂ ਨੂੰ ਇਸ ਕਦਰ ਹਾਵੀ ਕਰ ਦਿੱਤਾ ਗਿਆ ਹੈ ਕਿ ਸਮਾਜ ਦੀ ਬਹੁਗਿਣਤੀ ਦਾ ਵਿਵਹਾਰ ਬਜ਼ਾਰਮੁਖੀ ਹੋ ਕੇ ਰਹਿ ਗਿਆ ਹੈ। ਕਿਰਤ ਕਰਨਾ ਪੰਜਾਬ ਸਮਾਜ ਦਾ ਖਾਸਾ ਮੰਨਿਆ ਜਾਂਦਾ ਸੀ, ਇਸ ਨੂੰ ਅੱਜ ਪੰਜਾਬ ਦੇ ਲੋਕ ਵਿਸਾਰ ਗਏ ਹਨ। ਸਰਕਾਰਾਂ ਦੀ ਖੇਤੀ ਪ੍ਰਤੀ ਬੇਰੁਖ਼ੀ ਨੇ ਕਿਸਾਨਾਂ ਦੀ ਔਲਾਦ ਨੂੰ ਖੇਤੀ ਤੋਂ ਟਾਲਾ ਕਰਨ ਲਈ ਤਿਆਰ ਕਰ ਲਿਆ ਹੈ। ਸਹਾਇਕ ਧੰਦਿਆਂ ਅਤੇ ਛੋਟੀਆਂ ਸਨਅਤਾਂ ਪ੍ਰਤੀ ਵੀ ਸਰਕਾਰਾਂ ਦਾ ਰਵੱਈਆ ਕੋਈ ਬਾਹਲਾ ਵਧੀਆ ਨਹੀਂ ਰਿਹਾ। ਸਰਕਾਰੀ ਨੌਕਰੀਆਂ ਲਈ ਦਰ ਦਰਵਾਜ਼ੇ ਉਂਞ ਹੀ ਲਗਭਗ ਬੰਦ ਕਰ ਦਿੱਤੇ ਗਏ ਹਨ। ਪੜ੍ਹੇ ਲਿਖੇ ਬੇਰੁਜ਼ਗਾਰ ਨੌਜਵਾਨਾਂ ਦੀ ਗਿਣਤੀ ਹਰ ਸਾਲ ਵਧ ਰਹੀ ਹੈ। ਪੰਜਾਬ ਦੇ ਪੜ੍ਹੇ ਲਿਖੇ ਨੌਜਵਾਨਾਂ ਨੂੰ ਇੱਥੇ ਆਪਣਾ ਭਵਿੱਖ ਧੁੰਦਲਾ ਨਜ਼ਰ ਆਉਣ ਲੱਗਿਆ ਹੈ। ਉਹ ਬਾਹਰਲੇ ਮੁਲਕਾਂ ਵਿੱਚ ਪੜ੍ਹਾਈ ਲਈ ਜਾਣ ਅਤੇ ਉੱਥੋਂ ਦੇ ਵਸਨੀਕ ਬਣਨ ਦੀ ਕੋਸ਼ਿਸ਼ ਕਰਨ ਵਿੱਚ ਆਪਣੀ ਭਲਾਈ ਸਮਝਣ ਲੱਗ ਪਏ ਹਨ। ਸੀਮਿਤ ਸਾਧਨਾਂ ਦੇ ਹੁੰਦਿਆਂ ਸਭ ਲੋਕ



ਅਜਿਹਾ ਨਹੀਂ ਕਰ ਸਕਦੇ। ਪੜ੍ਹ ਰਹੇ ਅਤੇ ਪੜ੍ਹੇ ਲਿਖੇ ਵਿਦਿਆਰਥੀ/ ਨੌਜਵਾਨਾਂ ਲਈ ਬੜਾ ਵੱਡਾ ਸੰਕਟ ਇਹ ਖੜ੍ਹਾ ਹੋ ਗਿਆ ਹੈ ਕਿ ਇਸ ਧਰਤੀ ’ਤੇ ਉਨ੍ਹਾਂ ਦਾ ਭਵਿੱਖ ਕੀ ਹੋਵੇਗਾ। ਅੱਜ ਜਦੋਂ ਹਰ ਖੇਤਰ ਵਿੱਚ ਇਕ ਪਾਸੇ ਬਜ਼ਾਰੂ ਤਾਕਤਾਂ ਨੇ ਆਪਣੇ ਬੜੇ ਵੱਡੇ ਜਾਲ ਵਿਛਾਏ ਹਨ। ਮੁਨਾਫ਼ਾ ਬਟੋਰੂ ਨੀਤੀਆਂ ਨੂੰ ਤੇਜ਼ੀ ਨਾਲ ਵਧਾਇਆ ਜਾ ਰਿਹਾ। ਇਸ ਵਰਤਾਰੇ ਤਹਿਤ ਸਮਾਜ ਵਿੱਚ ਵਿਖਾਵਾ ਕਰਨ ਦੀ ਮਨੋਬਿਰਤੀ ਹਾਵੀ ਹੋਈ ਹੈ। ਗ਼ਲਤ ਸਰਕਾਰੀ ਨੀਤੀਆਂ ਦੇ ਨਾਲ-ਨਾਲ, ਬੱਚਿਆਂ ਦੀ ਮਹਿੰਗੀ ਪੜ੍ਹਾਈ, ਵੱਡੀਆਂ-ਵੱਡੀਆਂ ਉੱਚੀਆਂ ਕੋਠੀਆਂ, ਵਿਆਹਾਂ ਅਤੇ ਮਰਗਾਂ ’ਤੇ ਵਿਖਾਵੇ ਲਈ ਕੀਤਾ ਜਾਂਦੇ ਬੇਤਹਾਸ਼ੇ ਖ਼ਰਚਿਆਂ ਨੇ ਵੀ ਬਹੁਗਿਣਤੀ ਲੋਕਾਂ ਨੂੰ ਕਰਜ਼ਾਈ ਕਰਨ ਵਿੱਚ ਵੱਡਾ ਰੋਲ ਅਦਾ ਕੀਤਾ ਹੈ। ਪੰਜਾਬੀ ਸਮਾਜ ਵਿੱਚ ਇਹ ਵੇਖਿਆ ਗਿਆ ਹੈ ਕਿ ਆਰਥਿਕ ਪੱਖੋਂ ਕਮਜ਼ੋਰ ਹੋਣ ਦੇ ਬਾਵਜੂਦ ਵੀ ਲੋਕਾਂ ਵਿੱਚ ਇੱਕ ਦੂਜੇ ਤੋਂ ਵੱਧ ਵਿਖਾਵੇ ਦੀ ਬਿਰਤੀ ਭਾਰੂ ਹੋ ਰਹੀ ਹੈ।

ਵਾਤਾਵਰਣਕ ਤਬਦੀਲੀਆਂ ਅਤੇ ਕਿਰਤ ਦੇ ਖਾਸੇ ਤੋਂ ਟੁੱਟਣ ਕਾਰਨ ਸਰੀਰਕ ਪੱਖੋਂ ਕਈ ਤਰ੍ਹਾਂ ਦੀਆਂ ਬਿਮਾਰੀਆਂ ਅਤੇ ਮਾਨਸਿਕ ਵਿਕਾਰਾਂ ਦੇ ਸ਼ਿਕਾਰ ਹੋ ਰਹੇ ਹਨ। ਪੰਜਾਬ ਇਸ ਵੇਲੇ ਦਵਾਈ ਕੰਪਨੀਆਂ ਦੀ ਇਕ ਵੱਡੀ ਮੰਡੀ ਹੈ। ਲੋਕਾਂ ਦਾ ਬੇਤਹਾਸ਼ਾ ਪੈਸਾ ਦਵਾਈਆਂ/ਡਾਕਟਰਾਂ ਦੀਆਂ ਫ਼ੀਸਾਂ ਲਈ ਖ਼ਰਚ ਹੋ ਰਿਹਾ ਹੈ। ਕਿਸੇ ਵੀ ਖਿੱਤੇ ਦੇ ਲੋਕਾਂ ਦੀ ਖ਼ੁਸ਼ਹਾਲੀ ਇਸ ਗੱਲ ਵਿੱਚ ਨਹੀਂ ਕਿ ਉਨ੍ਹਾਂ ਕੋਲ ਸਰਮਾਇਆ ਕਿੰਨਾ ਹੈ ਬਲਕਿ ਇਸ ਗੱਲ ਵਿੱਚ ਹੈ ਕਿ ਜਿਸ ਖਿੱਤੇ ਵਿੱਚ ਉਹ ਰਹਿ ਰਹੇ ਹਨ ਉੱਥੇ ਕੁਦਰਤੀ ਵਾਤਾਵਰਣ ਅਤੇ ਪੌਣ-ਪਾਣੀ ਕਿਹੋ ਜਿਹਾ ਹੈ। ਪੰਜਾਬ ਦੀ ਧਰਤੀ ਦੇ ਅੱਜ ਹਾਲਾਤ ਇਹ ਹਨ ਕਿ ਇੱਥੋਂ ਦੇ ਪੌਣ-ਪਾਣੀ ਨੂੰ ਬਰਬਾਦ ਕਰਕੇ ਇੱਥੋਂ ਜੋ ਕੁਝ ਖੱਟਿਆ ਕਮਾਇਆ ਸੀ ਉਹ ਵੀ ਹੁਣ ਲੋਕਾਂ ਕੋਲ ਨਹੀਂ ਰਿਹਾ। ਸਰਕਾਰਾਂ ਦੀਆਂ ਗ਼ਲਤ ਨੀਤੀਆਂ ਸਦਕਾ ਸਗੋਂ ਉਲਟਾ ਕਰਜ਼ਾਈ ਹੋ ਗਏ ਹਨ ਅਤੇ ਪ੍ਰਦੂਸ਼ਿਤ ਹੋਏ ਮਿੱਟੀ, ਪਾਣੀ, ਹਵਾ ਹੁਣ ਬਿਮਾਰੀਆਂ ਦੇ ਵਾਹਕ ਬਣਦੇ ਜਾ ਰਹੇ ਹਨ। ਸਾਨੂੰ ਇਹ ਵਿਚਾਰਨ ਦੀ ਲੋੜ ਹੈ ਕਿ ਅੱਜ ਰਹਿਣ ਲਈ ਬੇਸ਼ੱਕ ਸਾਡੇ ਕੋਲ ਬਹੁਤ ਸਾਰੇ ਕਮਰਿਆਂ ਵਾਲਾ ਘਰ ਨਾ ਹੋਵੇ ਪਰ ਜਿਸ ਹਵਾ ਵਿੱਚ ਅਸੀਂ ਸਾਹ ਲੈਣਾ ਹੈ ਜ਼ਰੂਰ ਸਵੱਛ ਹੋਣੀ ਚਾਹੀਦੀ ਹੈ। ਪਲੀਤ ਪਾਣੀ ਅਤੇ ਗੰਦੀ ਹਵਾ ਕਾਰਨ ਇਸ ਖਿੱਤੇ ਵਿੱਚ ਅਨੇਕਾਂ ਬਿਮਾਰੀਆਂ ਪਨਪ ਰਹੀਆਂ ਹਨ। ਇਸ ਪ੍ਰਤੀ ਸਾਨੂੰ ਪੰਜਾਬ ਵਾਸੀਆਂ ਨੂੰ ਸੁਚੇਤ ਹੋਣ ਦੀ ਲੋੜ ਹੈ।

ਪੰਜਾਬ ਦੀ ਜ਼ਿਆਦਾ ਵੱਸੋਂ ਪਿੰਡਾਂ ਵਿੱਚ ਵੱਸਦੀ ਹੈ ਅਤੇ ਕੁਝ ਅਰਸੇ ਪਹਿਲਾਂ ਇਹ ਕਿਹਾ ਜਾਂਦਾ ਸੀ ਕਿ ‘ਪਿੰਡਾਂ ਵਿੱਚ ਰੱਬ ਵੱਸਦਾ।’ ਕਿਹਾ ਜਾਂਦਾ ਹੈ ਕਿ ‘ਪਿੰਡ’ ਸ਼ਬਦ, ਪਿੰਡੇ (ਸਰੀਰ) ਤੋਂ ਬਣਿਆ ਹੈ। ਪਿੰਡ ਤੋਂ ਭਾਵ ਕੁਝ ਕੁ ਲੋਕਾਂ ਦਾ ਉਹ ਸਮੂਹ ਜੋ ਆਪਸ ਵਿੱਚ ਇਕ ਜਾਨ ਹੋ ਕੇ ਰਹਿੰਦੇ ਹਨ। ਇਕ ਦੂਜੇ ਦੇ ਦੁੱਖ-ਸੁੱਖ ਵਿੱਚ ਕੰਮ ਆਉਂਦੇ ਹਨ ਕਿਸੇ ਇਕ ਨੂੰ ਜੇਕਰ ਕੋਈ ਤਕਲੀਫ਼ ਹੁੰਦੀ ਤਾਂ

ਇਸ ਦਾ ਦੁੱਖ ਦੂਜਿਆਂ ਨੂੰ ਵੀ ਮਹਿਸੂਸ ਹੁੰਦਾ ਸੀ। ਪਰ ਹੁਣ ਪੰਜਾਬ ਦੇ ਪਿੰਡਾਂ ਵਿੱਚ ਰੱਬ ਨਹੀਂ ਵੱਸਦਾ। ਦਿੱਲੀ ਤੋਂ ਸੰਚਾਲਿਤ ਹੁੰਦੀ ਰਾਜਨੀਤੀ ਨੇ ਹੁਣ ਪਿੰਡਾਂ ਨੂੰ ਬੜੀ ਬੁਰੀ ਤਰ੍ਹਾਂ ਆਪਣੀ ਗ੍ਰਿਫ਼ਤ ਵਿੱਚ ਲੈ ਲਿਆ ਹੈ। ਲਗਭਗ ਹਰ ਪਿੰਡ ਰਾਜਨੀਤਕ ਧੜੇਬੰਦੀ ਦਾ ਸ਼ਿਕਾਰ ਹੈ। ਲੋਕ ਆਪਸ ਵਿੱਚ ਲੜ ਝਗੜ ਰਹੇ ਹਨ। ਆਪਣੀ ਹਉਮੈਂ ਨੂੰ ਪੱਠੇ ਪਾਉਣ ਅਤੇ ਦੂਜਿਆਂ ਦੀ ਨਿਗ੍ਹਾ ਵਿੱਚ ਵੱਧ ਤਾਕਤਵਰ ਹੋਣ ਦੀ ਮਨੋਬਿਰਤੀ ਵਧ ਰਹੀ ਹੈ। ਪਿੰਡਾਂ ਦੇ ਗੁਰਦਵਾਰਿਆਂ ਦੇ ਸਪੀਕਰ ਬੇਸ਼ੱਕ ਹੋਰ ਉੱਚੇ ਹੋ ਗਏ ਹਨ, ਪਰ ਗੁਰੂ ਨਾਨਕ ਦੇਵ ਜੀ ਦੇ ਨੀਵਾਂ ਹੋ ਕੇ ਚੱਲਣ ਦੇ ਉਪਦੇਸ਼ ਨੂੰ ਮਨੋ ਵਿਸਾਰ ਦਿੱਤਾ ਗਿਆ ਹੈ। ਰਾਜਨੀਤਕ ਧੜੇਬੰਦੀਆਂ ਨਾਲ ਪਏ ਕਲੇਸ਼ਾਂ ਦੇ ਵੱਡੀ ਗਿਣਤੀ ਵਿੱਚ ਕੇਸ ਅਦਾਲਤਾਂ ਵਿੱਚ ਸਾਲਾਂ ਤੋਂ ਚੱਲ ਰਹੇ ਹਨ ਅਤੇ ਹਰ ਸਾਲ ਇਨ੍ਹਾਂ ਦੀ ਗਿਣਤੀ ਵਧਦੀ ਜਾਂਦੀ ਹੈ। ਕਈ ਕੇਸ ਅਜਿਹੇ ਵੀ ਹਨ ਜਿਨ੍ਹਾਂ ਵਿੱਚ ਪਾਰਟੀ ਦੀ ਧੜੇਬੰਦੀ ਦੀ ਹੋਈ ਲੜਾਈ ਤੋਂ ਬਾਅਦ ਲੀਡਰ ਨੇ ਆਪਣੀ ਪਾਰਟੀ ਵੀ ਬਦਲ ਲਈ, ਪਰ ਲੋਕਾਂ ਦਾ ਇਕ ਦੂਜੇ ਨੂੰ ਨੀਵਾਂ ਵਿਖਾਉਣ ਲਈ ਅਜੇ ਵੀ ਸਮਾਂ ਅਤੇ ਐਨਰਜੀ ਅਦਾਲਤਾਂ, ਥਾਣਿਆਂ, ਕਚਹਿਰੀਆਂ ਵਿੱਚ ਲੱਗ ਰਿਹਾ ਹੈ। ਇਹ ਇੱਕ ਵੱਡਾ ਮਸਲਾ ਹੈ; ਪਰ ਇਸ ਨੂੰ ਕਦੇ ਕਿਸੇ ਸਮਾਜਿਕ ਜਾਂ ਧਾਰਮਿਕ ਸੰਸਥਾ ਨੇ ਗੌਲਿਆ ਨਹੀਂ। ਕਿਸੇ ਵੀ ਰਾਜਸੀ ਪਾਰਟੀ ਤੋਂ ਅਜਿਹੇ ਲੋਕ ਮਸਲਿਆਂ ਦੇ ਹੱਲ ਦੀ ਝਾਕ ਕਰਨਾ ਤਾਂ ਉਠ ਦੇ ਬੁੱਲ੍ਹ ਡਿੱਗਣ ਦੀ ਉਡੀਕ ਕਰਨ ਵਾਂਗ ਹੈ।

ਮੇਲੇ, ਤਿਓਹਾਰ ਸਾਡੇ ਸੱਭਿਆਚਾਰ ਦਾ ਅਨਿੱਖੜਵਾਂ ਅੰਗ ਰਹੇ ਹਨ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਪਿਛਲੇ ਕੁਝ ਅਰਸੇ ਤੋਂ ਇਹ ਵੀ ਵੇਖਿਆ ਗਿਆ ਹੈ ਕਿ ਪੰਜਾਬ ਵਿੱਚ ਮੇਲਿਆਂ ਦੀ ਭਰਮਾਰ ਹੋ ਗਈ ਹੈ। ਪੰਜਾਬ ਦੇ ਬਹੁਗਿਣਤੀ ਪਿੰਡਾਂ ਵਿੱਚ ਕੁਝ ਥਾਵਾਂ ’ਤੇ ਮੇਲੇ ਲਾ ਕੇ ਲੱਖਾਂ ਰੁਪਏ ਖ਼ਰਚ ਕਰਨੇ ਆਮ ਵਰਤਾਰਾ ਹੋ ਗਿਆ ਹੈ। ਕੁਝ ਪਿੰਡ ਜੋ ਬੁਰੀ ਤਰ੍ਹਾਂ ਧੜੇ ਬੰਦੀਆਂ ਦੇ ਸ਼ਿਕਾਰ ਹਨ ਉੱਥੇ ਇੱਕੋ ਜਗ੍ਹਾ ’ਤੇ ਪਹਿਲਾਂ ਇਕ ਧੜੇ ਵੱਲੋਂ ਮੇਲਾ ਕਰਵਾਇਆ ਜਾਂਦਾ ਹੈ ਤੇ ਫਿਰ ਕੁਝ ਦਿਨਾਂ ਬਾਅਦ ਦੂਜਾ ਧੜਾ ਕੋਈ ਗਾਇਕ ਜਾਂ ਗਾਇਕਾ ਸੱਦ ਕੇ ਤਨ ਮਨ ਧਨ ਨਾਲ ਸਭਿਆਚਾਰ ਦੀ ਸੇਵਾ ਵਿੱਚ ਆਣ ਜੁੱਟਦਾ ਹੈ। ਸਭਿਆਚਾਰ ਦੇ ਨਾਮ ਹੇਠ ਲਾਏ ਜਾਂਦੇ ਇਨ੍ਹਾਂ ਮੇਲਿਆਂ ਦੌਰਾਨ ਗੰਦੇ ਗੀਤ, ਚਿੱਤਰਹਾਰ ਪੇਸ਼ ਕਰਕੇ ਆਪਣੇ ਬੱਚਿਆਂ ਨੂੰ ਵਿਖਾਉਣਾ ਅਤੇ ਅਜਿਹੇ ਪ੍ਰੋਗਰਾਮਾਂ ਲਈ ਬੇਤਹਾਸ਼ਾ ਪੈਸਾ ਖ਼ਰਚ ਕਰਨ ਜਿਹੇ ਵਰਤਾਰੇ ਸਾਡੇ ਬੌਧਿਕ ਪੱਖੋਂ ਕੰਗਾਲ ਹੋ ਜਾਣ ਦੀ ਗਵਾਹੀ ਭਰਦੇ ਹਨ। ਜੇ ਇਸ ਪੈਸੇ ਨੂੰ ਕਿਸੇ ਸਾਰਥਿਕ ਢੰਗ ਨਾਲ ਵਰਤਿਆ ਜਾਵੇ ਤਾਂ ਹਰ ਪਿੰਡ ਵਿੱਚ ਵੱਡੇ ਪ੍ਰੋਗਰਾਮ ਕਰਨ ਲਈ ਇਕ ਖ਼ੂਬਸੂਰਤ ਇਮਾਰਤ ਬਣਾਈ ਜਾ ਸਕਦੀ ਹੈ। ਹਰ ਪਿੰਡ ਵਿੱਚ ਇੱਕ-ਇੱਕ ਖ਼ੂਬਸੂਰਤ ਪਾਰਕ ਬਣਾਇਆ ਜਾ ਸਕਦਾ ਹੈ। ਪਰ ਅਜਿਹੀਆਂ ਸੋਚਾਂ ਅਜੇ ਸਾਡੇ ਸਮਾਜ ਦੀ ਮਾਨਸਿਕਤਾ ਦਾ ਹਿੱਸਾ ਨਹੀਂ ਬਣੀਆਂ।



ਸਮੱਸਿਆਵਾਂ ਦੇ ਸ਼ਿਕਾਰ ਹੋ ਰਹੇ ਸਮਾਜ ਵਿੱਚ ਆਪਾ-ਧਾਪੀ ਦਾ ਆਲਮ ਹੈ। ਸਮਾਜਿਕ ਕਦਰਾਂ-ਕੀਮਤਾਂ ਅਤੇ ਬੌਧਿਕ ਪੱਖੋਂ ਸਾਡਾ ਸਮਾਜ ਲਗਾਤਾਰ ਗਿਰਾਵਟ ਵੱਲ ਜਾ ਰਿਹਾ ਹੈ। ਹਕੀਕਤਾਂ ਤੋਂ ਉਲਟ ਵਿਖਾਵਾ ਕਰਨ ਅਤੇ ਆਪਣੀ ਹਉਮੈਂ ਨੂੰ ਪੱਠੇ ਪਾਉਣ ਦੀ ਮਨੋਬਿਰਤੀ ਲਗਾਤਾਰ ਭਾਰੂ ਹੋ ਰਹੀ ਹੈ। ਤੇਜ਼ੀ ਨਾਲ ਬਦਲਦੇ ਦੌਰ ਵਿੱਚ ਮਿਹਨਤ ਮੁਸ਼ੱਕਤ ਕਰਨ ਵਾਲਾ ਸਮਾਂ ਹੁਣ ਬੀਤੇ ਦਾ ਇਤਿਹਾਸ ਬਣਦਾ ਜਾ ਰਿਹਾ ਹੈ। ਵਸਤਾਂ ਦੀ ਬਹੁਤਾਤ ਅਤੇ ਮੰਡੀ ਨੇ ਮਨੁੱਖ ਦਾ ਵਸਤਾਂ ਪ੍ਰਤੀ ਵਿਵਹਾਰ ਅਤੇ ਨਜ਼ਰੀਆ ਬਦਲ ਦਿੱਤਾ ਹੈ। ਮਨੁੱਖ ਅਤੇ ਸਮਾਜੀ ਕਦਰਾਂ ਕੀਮਤਾਂ ਪਿੱਛੇ ਹੋ ਗਈਆਂ ਹਨ। ਮੰਡੀ ਦੇ ਇਸ ਦੌਰ ਵਿੱਚ ਦੁਨੀਆਂ ਦੇ ਨਾਲ-ਨਾਲ ਵਸਤਾਂ ਪੰਜਾਬੀ ਸਮਾਜ ਦੀ ਵੀ ਸਭ ਤੋਂ ਪਹਿਲੀ ਤਰਜੀਹ ਬਣ ਗਈਆਂ ਹਨ। ਸਮਾਜ ਵਿੱਚ ਬੇਰੁਜ਼ਗਾਰੀ ਵਿਕਰਾਲ ਰੂਪ ਅਖ਼ਤਿਆਰ ਕਰ ਗਈ ਹੈ, ਨਸ਼ਿਆਂ ਦੀ ਸਮੱਸਿਆ ਨਾਲ ਘਰ ਬਰਬਾਦ ਹੋ ਰਹੇ ਹਨ, ਬਿਮਾਰੀਆਂ ਦਾ ਪ੍ਰਕੋਪ ਵਧ ਰਿਹਾ ਹੈ, ਧਰਤੀ ਹੇਠਲਾ ਪਾਣੀ ਹਰ ਸਾਲ ਹੋਰ ਡੂੰਘਾ ਹੋ ਰਿਹਾ ਹੈ। ਲੜਾਈਆਂ ਝਗੜੇ, ਲੁੱਟਮਾਰ ਦੀਆਂ ਘਟਨਾਵਾਂ ਲਗਾਤਾਰ ਵਧ ਰਹੀਆਂ ਹਨ। ਮਾੜੀ ਆਰਥਿਕਤਾ ਅਤੇ ਕਰਜ਼ਿਆਂ ਦੇ ਭੰਨੇ ਲੋਕ ਆਤਮ-ਹੱਤਿਆਵਾਂ ਕਰ ਰਹੇ ਹਨ। ਮਾਨਸਿਕ ਵਿਕਾਰ ਵਧ ਰਹੇ ਹਨ। ਤੇਜ਼ੀ ਨਾਲ ਗੰਧਲਾ ਹੋ ਰਿਹਾ ਵਾਤਾਵਰਣ ਆਦਿ ਕਈ ਸਮੱਸਿਆਵਾਂ ਹਨ ਜੋ ਇਸ ਵੇਲੇ ਸਾਡੇ ਸਮਾਜ ਨੂੰ ਦਰਪੇਸ਼ ਹਨ। ਇਨ੍ਹਾਂ ’ਚੋਂ ਬਹੁਤ ਸਾਰੀਆਂ ਅਜਿਹੀਆਂ ਸਮੱਸਿਆਵਾਂ ਹਨ ਜੋ ਕੇਵਲ ਸਰਕਾਰਾਂ ਦੇ ਸਾਰਥਿਕ ਉਪਰਾਲੇ ਕਰਨ ਨਾਲ ਹੱਲ ਹੋਣੀਆਂ ਹਨ। ਪਰ ਆਮ ਲੋਕਾਂ ਨੂੰ ਵੀ ਆਪਣੀਆਂ ਮੁਸ਼ਕਲਾਂ ਪ੍ਰਤੀ ਜਾਗਰੂਕ ਹੋਣ ਦੀ ਵੱਡੀ ਲੋੜ ਹੈ। ਨਿੱਜੀ ਅਤੇ ਸਮੂਹਿਕ ਤੌਰ ’ਤੇ ਹੋ ਰਹੀ ਪੈਸੇ ਦੀ ਬਰਬਾਦੀ ਅਤੇ ਮਨੁੱਖੀ ਐਨਰਜੀ ਨੂੰ ਯੋਗ ਕੰਮਾਂ ਲਈ ਖ਼ਰਚੇ ਜਾਣ ਦੀ ਲੋੜ ਹੈ।

ਮਨੁੱਖ ਨੇ ਇਸ ਧਰਤੀ ’ਤੇ ਰਹਿੰਦਿਆਂ ਕੇਵਲ ਪੈਸੇ ਨੂੰ ਹੀ ਸਮਰਪਿਤ ਨਹੀਂ ਹੋ ਜਾਣਾ ਹੁੰਦਾ। ਸਗੋਂ ਆਪਣੇ ਨਿੱਜ ਤੋਂ ਉੱਪਰ ਉੱਠ ਕੇ ਉਸ ਨੇ ਅਜਿਹੇ ਕਾਰਜਾਂ ਲਈ ਕਾਰਜਸ਼ੀਲ ਹੋਣਾ ਹੁੰਦਾ ਹੈ ਜਿਸ ਨਾਲ ਉਸ ਦੀ ਜਨਮ ਭੂਮੀ ’ਤੇ ਜੀਵਨ ਲਈ ਸਾਜ਼ਗਾਰ ਹਾਲਾਤ ਬਣੇ ਰਹਿਣ। ਸਭਿਆਚਾਰ, ਸਿੱਖਿਆ, ਰਾਜਨੀਤੀ ਅਤੇ ਧਾਰਮਿਕ ਪੱਖੋਂ ਸਾਡੀ ਅਗਵਾਈ ਕਰਨ ਵਾਲੇ ਲੋਕ ਅੱਜ ਚੰਗੇ ਰੋਲ ਮਾਡਲ ਨਹੀਂ ਰਹੇ। ਸਾਡੇ ਸਮਾਜ ਸਾਹਮਣੇ ਚੰਗੇ ਰੋਲ ਮਾਡਲਾਂ ਦਾ ਵੀ ਬੜਾ ਵੱਡਾ ਸੰਕਟ ਹੈ। ਤੇਜ਼ੀ ਨਾਲ ਬਦਲ ਰਹੀ ਦੁਨੀਆਂ ਦੇ ਕਦਮ ਨਾਲ ਕਦਮ ਮਿਲਾ ਕੇ ਚੱਲਣ ਲਈ ਇਹ ਜ਼ਰੂਰੀ ਹੈ ਕਿ ਅਸੀਂ ਆਪਣੇ ਆਲੇ-ਦੁਆਲੇ ਤੋਂ ਚੰਗੀ ਤਰ੍ਹਾਂ ਵਾਕਫ਼ ਹੋਈਏ।

# ਖ਼ੁਦਕੁਸ਼ੀਆਂ ਨਹੀਂ ਸਗੋਂ ਸੰਗਰਾਮਾਂ ਦਾ ਪਿੜ ਰਹੀ ਹੈ ਪੰਜਾਬ ਦੀ ਧਰਤੀ

ਪੰਜਾਬ ਦਾ ਇਤਿਹਾਸ ਖ਼ੁਦਕੁਸ਼ੀਆਂ ਕਰਨ ਵਾਲਿਆਂ ਦਾ ਇਤਿਹਾਸ ਨਹੀਂ ਬਲਕਿ ਡਾਢਿਆਂ ਨਾਲ ਆਢਾ ਲਾਉਣ ਵਾਲਿਆਂ ਦਾ ਇਤਿਹਾਸ ਹੈ। ਸਦੀਆਂ ਪਹਿਲਾਂ ਦੁਨੀਆਂ ਦੇ ਵੱਖ-ਵੱਖ ਦੇਸ਼ਾਂ ਨੂੰ ਜਿੱਤਦਾ ਹੋਇਆ ਸਿਕੰਦਰ, ਜਦੋਂ ਪੰਜਾਬ ਦੀ ਧਰਤੀ 'ਤੇ ਪਹੁੰਚਿਆਂ ਤਾਂ ਇੱਥੇ ਦੀ ਮਿੱਟੀ ਦੇ ਜਾਇਆਂ ਨੇ ਉਸ ਦੀ ਧੌਂਸ ਭੰਨ ਕੇ ਉਸ ਨੂੰ ਪਿਛਾਂਹ ਮੁੜਨ 'ਤੇ ਮਜਬੂਰ ਕਰ ਦਿੱਤਾ—ਤੇ ਉਹ ਦੁਨੀਆਂ ਦਾ ਜੇਤੂ ਬਣਨ ਦਾ ਸੁਪਨਾ ਆਪਣੇ ਅੰਦਰ ਮਾਰ ਕੇ ਹੀ ਇਸ ਧਰਤੀ ਤੋਂ ਵਿਦਾ ਹੋ ਗਿਆ। ਇਸੇ ਧਰਤੀ 'ਤੇ ਸਾਡੇ ਮਹਾਨ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਬਾਬਰ ਨੂੰ ਜਾਬਰ ਕਿਹਾ ਤੇ ਉਸ ਦੇ ਜ਼ੁਲਮਾਂ ਦੀ ਸ਼ਰੇਆਮ ਮੁਖ਼ਾਲਫ਼ਤ ਕੀਤੀ। ਮਹਿਮੂਦ ਗਜਨਵੀ ਅਤੇ ਅਬਦਾਲੀ ਵਰਗੇ ਧਾੜਵੀ ਪੰਜਾਬ ਦੇ ਰਸਤਿਉਂ ਹੀ ਹਿੰਦੁਸਤਾਨ ਵਿੱਚ ਲੁੱਟ ਮਾਰ ਕਰਨ ਆਉਂਦੇ ਰਹੇ। ਪੂਰੇ ਹਿੰਦੁਸਤਾਨ ਅੰਦਰ ਕੋਈ ਉਨ੍ਹਾਂ ਵੱਲ ਉਂਗਲ ਖੜ੍ਹੀ ਕਰਨ ਦਾ ਹੀਆ ਨਹੀਂ ਕਰਦਾ ਸੀ। ਪਰ ਪੰਜਾਬ ਦੇ ਲੋਕ ਦੇਰ ਸਵੇਰ ਆਪਣੀ ਹੈਸੀਅਤ ਤੋਂ ਵਧ ਕੇ ਇਨ੍ਹਾਂ ਜਾਬਰਾਂ ਨਾਲ ਆਢੇ ਲਾਉਂਦੇ ਰਹੇ ਅਤੇ ਇਨ੍ਹਾਂ ਨੂੰ ਦੱਸਦੇ ਰਹੇ ਕਿ ਉਨ੍ਹਾਂ ਨੂੰ ਚੁਣੌਤੀ ਦੇਣ ਵਾਲੇ ਇਸ ਧਰਤੀ 'ਤੇ ਜਿਊਂਦੇ ਹਨ। ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਆਪਣੇ ਸਾਰੇ ਪਰਿਵਾਰ ਅਤੇ ਅਨੇਕਾਂ ਸਿੰਘਾਂ ਦੀਆਂ ਸ਼ਹਾਦਤਾਂ ਤੋਂ ਬਾਅਦ 'ਯਾਰੜੇ ਦਾ ਸਾਨੂੰ ਸੱਥਰ ਚੰਗਾ ਭੱਠ ਖੇੜਿਆਂ ਦਾ ਰਹਿਣਾ' ਕਹਿ ਕੇ ਸਾਨੂੰ ਹਰ ਹਾਲ ਵਿੱਚ ਚੜ੍ਹਦੀਆਂ ਕਲਾਂ ਵਿੱਚ ਰਹਿਣ ਦੀ ਤਾਕੀਦ ਕਰਦੇ ਹਨ। ਜ਼ਕਰੀਆ ਖ਼ਾਨ, ਮੀਰ ਮੰਨੂ ਵਰਗੇ ਜ਼ਾਲਮ ਬਾਦਸ਼ਾਹਾਂ ਨੇ ਪੰਜਾਬੀ ਸੱਭਿਅਤਾ ਨੂੰ ਮਿੱਟੀ ਵਿੱਚ ਮਿਲਾਉਣ ਦੀ ਬੜੀ ਕੋਸ਼ਿਸ਼ ਕੀਤੀ, ਪਰ ਇੱਥੋਂ ਦੀ ਮਿੱਟੀ ਦੇ ਜਾਏ ਇਨ੍ਹਾਂ ਦੇ ਜ਼ੁਲਮਾਂ ਅੱਗੇ ਝੁਕੇ ਨਹੀਂ। ਜਦੋਂ ਜ਼ਕਰੀਆ ਖ਼ਾਨ ਨੇ ਐਲਾਨ ਕਰ ਦਿੱਤਾ ਕਿ ਪੰਜਾਬ 'ਚੋਂ ਸਿੱਖਾਂ ਦਾ ਖੁਰਾ ਖੋਜ ਮਿਟਾ ਦਿੱਤਾ ਗਿਆ ਹੈ ਤਾਂ ਗਰਜਾ ਸਿੰਘ ਅਤੇ ਬੋਤਾ ਸਿੰਘ ਵਰਗੇ ਸੂਰਮੇ ਹਕੂਮਤ ਨੂੰ ਇਹ ਦੱਸਣ ਲਈ ਕਿ ਅਸੀਂ ਖ਼ਤਮ ਨਹੀਂ ਹੋਏ, ਇਹ ਜਾਣਦੇ ਹੋਏ ਕਿ ਅਗਲੇ ਦਿਨਾਂ ਵਿੱਚ ਉਨ੍ਹਾਂ ਨੂੰ ਸ਼ਹਾਦਤ ਦੇਣੀ ਪੈਣੀ ਹੈ। ਲਾਹੌਰ ਨੂੰ ਜਾਂਦੇ ਰਾਹ 'ਤੇ ਆਪਣੀ ਹਕੂਮਤ ਕਾਇਮ ਕਰਨ ਦਾ ਐਲਾਨ ਕਰ ਦਿੰਦੇ ਹਨ। ਸਰਕਾਰੀ ਤਰਜ਼ 'ਤੇ ਟੈਕਸ ਲਾ ਕੇ ਖ਼ਾਲਸਾ ਰਾਜ ਦਾ ਐਲਾਨ ਕਰ ਦਿੰਦੇ ਹਨ ਅਤੇ ਹਕੂਮਤ ਨਾਲ ਮੱਥਾ ਲਾ ਕੇ ਲੜਦੇ-ਲੜਦੇ ਸ਼ਹੀਦ ਹੋ ਜਾਂਦੇ ਹਨ। ਸਾਡਾ ਇਤਿਹਾਸ ਦੱਸਦਾ ਹੈ ਕਿ ਜਦੋਂ ਪੰਜਾਬ ਦੇ ਜੰਮਿਆਂ ਲਈ ਅਤਿ ਨਾਜ਼ਕ ਹਾਲਾਤ ਸਨ, ਜਦੋਂ ਇਨ੍ਹਾਂ ਦੇ ਸਿਰਾਂ ਦੇ ਮੁੱਲ ਰੱਖੇ ਗਏ ਉਦੋਂ ਵੀ ਇਨ੍ਹਾਂ ਨੇ ਜ਼ਬਰ ਜ਼ੁਲਮ ਖ਼ਿਲਾਫ਼ ਝੰਡਾ ਬੁਲੰਦ ਰੱਖਿਆ। ਖ਼ੁਦਕੁਸ਼ੀਆਂ ਕਰਨ ਦੀ ਬਜਾਏ ਦੇਰ ਸਵੇਰ ਹਕੂਮਤਾਂ ਦੇ ਸਿਰ 'ਤੇ ਬੱਦਲ ਬਣ ਗਰਜਦੇ ਰਹੇ।

ਪੰਜਾਬ ਦੇ ਮਹਾਨਾਇਕ ਸਰਦਾਰ ਭਗਤ ਸਿੰਘ ਨੂੰ ਜਦੋਂ ਫ਼ਾਂਸੀ ਲਾਈ



ਜਾਣੀ ਸੀ ਤਾਂ ਡਰੀ ਹੋਈ ਅੰਗਰੇਜ਼ ਹਕੂਮਤ ਨੇ ਉਸ ਦੇ ਕ੍ਰਾਂਤੀਕਾਰੀ ਸਾਥੀਆਂ ਨੂੰ ਲਾਹੌਰ ਜੇਲ੍ਹ ਤੋਂ ਕੱਢ ਕੇ ਹੋਰ ਜੇਲ੍ਹਾਂ ਵਿੱਚ ਭੇਜਣਾ ਸ਼ੁਰੂ ਕਰ ਦਿੱਤਾ। ਭਗਤ ਸਿੰਘ ਦਾ ਕ੍ਰਾਂਤੀਕਾਰੀ ਸਾਥੀ ਸ਼ਿਵ ਵਰਮਾ ਆਪਣੀ ਸਵੈ-ਜੀਵਨੀ ਵਿੱਚ ਲਿਖਦੇ ਹਨ ਕਿ ਜਦੋਂ ਇਕ ਦਿਨ ਮੈਨੂੰ ਵੀ ਸ਼ਾਮ ਦੇ ਸਮੇਂ ਕਿਸੇ ਹੋਰ ਜੇਲ੍ਹ ਵਿੱਚ ਲਿਜਾਇਆ ਜਾ ਰਿਹਾ ਸੀ ਤਾਂ ਮੈਂ ਜੇਲ੍ਹ ਦਰੋਗੇ ਨੂੰ ਭਗਤ ਸਿੰਘ ਨੂੰ ਮਿਲਣ ਦੀ ਇੱਛਾ ਜ਼ਾਹਰ ਕੀਤੀ। ਪਤਾ ਨਹੀਂ ਕਿਵੇਂ ਦਰੋਗੇ ਦੇ ਦਿਲ ਵਿੱਚ ਰਹਿਮ ਆ ਗਿਆ ਤੇ ਉਸ ਮੈਨੂੰ ਕੁਝ ਮਿੰਟ ਭਗਤ ਸਿੰਘ ਨੂੰ ਮਿਲਣ ਲਈ ਉਸ ਦੀ ਕੋਠੜੀ ਅੱਗੇ ਲਿਜਾ ਖੜ੍ਹਾ ਕੀਤਾ। ਸ਼ਿਵ ਵਰਮਾ ਲਿਖਦੇ ਹਨ ਕਿ **ਜਦੋਂ ਭਗਤ ਸਿੰਘ ਜਿਸ ਨੂੰ ਅਗਲੇ ਦਿਨੀਂ ਫ਼ਾਂਸੀ ਲਾਇਆ ਜਾਣਾ ਸੀ, ਮੈਂ ਮਿਲਿਆ ਤਾਂ ਉਸ ਨੂੰ ਵੇਖ ਕੇ ਮੇਰੀਆਂ ਅੱਖਾਂ ਭਰ ਆਈਆਂ ਤੇ ਮੂੰਹੋਂ ਇੰਨਾ ਹੀ ਨਿਕਲਿਆ, ''ਸਰਦਾਰ ਆਖਰੀ ਵਾਰ ਦਾ ਮੇਲ ਹੈ ਹੁਣ...।'' ਉਲਟਾ ਮੈਨੂੰ ਦਿਲਾਸਾ ਦਿੰਦਿਆਂ ਭਗਤ ਸਿੰਘ ਨੇ ਕਿਹਾ ''ਮੈਂ ਤਾਂ ਕੁਝ ਦਿਨਾਂ ਬਾਅਦ ਤੁਹਾਡੇ 'ਚੋਂ ਵਿਦਾ ਹੋ ਜਾਣਾ ਹੈ ਪਰ ਤੁਹਾਨੂੰ ਤਾਂ ਅਜੇ ਹੋਰ ਲੰਮੀ ਲੜਾਈ ਲੜਨੀ ਪੈਣੀ ਹੈ। ਤੁਹਾਡਾ ਪੰਧ ਤਾਂ ਮੇਰੇ ਪੰਧ ਨਾਲੋਂ ਕਿਤੇ ਲੰਮਾ ਹੈ। ਤੁਸੀਂ ਦਿਲ ਉਦਾਸ ਨਹੀਂ ਕਰਨਾ, ਸਗੋਂ ਅਗਲੀ ਲੜਾਈ ਲੜਨ ਲਈ ਤਿਆਰ ਹੋਣਾ ਹੈ।''** ਉਹ ਅਗਲੀ ਲੜਾਈ ਜਿਸ ਵੱਲ ਭਗਤ ਸਿੰਘ ਨੇ ਆਪਣੇ ਸਾਥੀ ਸ਼ਿਵ ਵਰਮਾ ਨੂੰ ਇਸ਼ਾਰਾ ਕੀਤਾ ਸੀ ਉਹ ਲੜਾਈ ਲੜੇ ਜਾਣ ਦੀ ਲੋੜ ਸ਼ਾਇਦ ਹਰ ਯੁੱਗ ਵਿੱਚ ਬਾਕੀ ਰਹੇਗੀ। ਅਸੀਂ ਪੰਜਾਬੀ ਭਗਤ ਸਿੰਘ ਵਰਗੇ ਮਹਾਨ ਮਹਾਨਾਇਕਾਂ ਦੀ ਵਿਰਾਸਤ ਦੇ ਮਾਲਕ ਹਾਂ। ਖ਼ੁਦਕੁਸ਼ੀਆਂ ਦਾ ਰਾਹ ਪੰਜਾਬ ਦਾ ਵਿਰਾਸਤੀ ਰਾਹ ਨਹੀਂ ਸਗੋਂ ਪੰਜਾਬ ਦੇ ਲੋਕ ਹਰ ਹਾਲ ਵਿੱਚ ਸੰਘਰਸ਼ ਕਰਕੇ ਆਪਣੇ ਹੱਕਾਂ ਦੀ ਪੈਰਵੀ ਕਰਨਾ ਜਾਣਦੇ ਹਨ।

ਅੱਜ ਹਾਲਾਤ ਇਹ ਹਨ ਕਿ ਪੰਜਾਬ ਜੋ ਇਕ ਛੋਟਾ ਜਿਹਾ ਸੂਬਾ ਹੈ, ਵਿੱਚ ਹਰ ਰੋਜ਼ ੨ ਤੋਂ ੩ ਕਿਸਾਨ ਆਤਮ-ਹੱਤਿਆਵਾਂ ਕਰ ਰਹੇ ਹਨ। ਪੰਜਾਬ ਅਜਿਹੀ ਹਾਲਤ ਨੂੰ ਕਿਵੇਂ ਪੁੱਜਿਆ ਇਸ ਦੇ ਕਈ ਕਾਰਨ ਹਨ। ਲੰਮੇ ਸਮੇਂ ਤੋਂ ਬਦਲ-ਬਦਲ ਕੇ ਰਾਜ ਕਰਦੀਆਂ ਸਰਕਾਰਾਂ ਦੀਆਂ ਗ਼ਲਤ ਨੀਤੀਆਂ ਅਤੇ ਕੇਂਦਰ ਸਰਕਾਰ ਦੇ ਮਤਰੇਈ ਮਾਂ ਵਾਲੇ ਸਲੂਕ ਦਾ ਪੰਜਾਬ ਲਈ ਅਜਿਹੇ ਹਾਲਾਤਾਂ ਦੀ ਸਿਰਜਣਾ ਕਰਨ ਵਿੱਚ ਮਹੱਤਵਪੂਰਨ ਰੋਲ ਹੈ। ਕਿਸੇ ਵੀ ਖਿੱਤੇ ਜਾਂ ਦੇਸ਼ ਦੀ ਵਿਵਸਥਾ ਹੀ ਚੰਗੇ ਮਾੜੇ ਸਮਾਜ ਦੀ ਸਿਰਜਣਾ ਕਰਦੀ ਹੈ। ਅੱਜ ਅਸੀਂ ਸਮੁੱਚੇ ਰੂਪ ਵਿੱਚ ਜਿਹੋ ਜਿਹੇ ਹਾਂ ਇਸ ਨੂੰ ਬਣਾਉਣ ਵਿੱਚ ਵਿਵਸਥਾ ਦਾ ਵੱਡਾ ਰੋਲ ਹੈ। ਅੱਜ ਜੇਕਰ ਲੋਕਾਂ ਵਿੱਚ ਫ਼ਜ਼ੂਲ ਖ਼ਰਚੀ, ਲੋੜੋਂ ਵੱਧ ਕਰਜ਼ੇ ਲੈਣ ਅਤੇ ਰੁਤਬਿਆਂ ਲਈ ਜਿਊਣ ਦਾ ਪ੍ਰਚਲਣ ਪੈਦਾ ਹੋਇਆ ਹੈ ਤਾਂ ਇਸ ਨੂੰ ਪੈਦਾ ਕਰਨ ਵਿੱਚ ਬਜ਼ਾਰ ਦੀ ਵਿਵਸਥਾ ਜੋ ਸੱਤਾ ਨਾਲ ਭਾਈਵਾਲੀ ਬਣਾ ਕੇ ਚੱਲਦੀ ਹੈ, ਨੇ ਇਸ ਵਿੱਚ ਬਹੁਤ ਵੱਡਾ ਰੋਲ ਅਦਾ ਕੀਤਾ ਹੈ। ਅੱਜ ਸਮਾਂ ਬੀਤਣ 'ਤੇ ਪੰਜਾਬ ਦੇ ਲੋਕਾਂ ਦੇ ਇਕ ਵੱਡੇ ਜਨ-ਸਮੂਹ ਨੂੰ ਇਹ ਸਮਝ ਆਉਣ ਲੱਗੀ ਹੈ ਕਿ ਉਹ ਜਿਸ ਰਾਹ 'ਤੇ ਚੱਲ ਪਏ ਹਨ ਉਸ 'ਤੇ ਚੱਲਦਿਆਂ ਭਵਿੱਖ ਵਿੱਚ ਕਈ ਤਰ੍ਹਾਂ ਦੀਆਂ ਸਮੱਸਿਆਵਾਂ ਪੈਦਾ ਹੋਣ ਲੱਗੀਆਂ

ਹਨ। ਪਿਛਲੇ ਅਰਸੇ ਤੋਂ ਸੋਸ਼ਲ ਮੀਡੀਆ 'ਤੇ ਕੁਝ ਪਿੰਡਾਂ ਤੋਂ ਇਹ ਖ਼ਬਰਾਂ ਆਉਣ ਲੱਗੀਆਂ ਹਨ ਕਿ ਪੰਜਾਬ ਦੇ ਕੁਝ ਪਿੰਡਾਂ ਦੇ ਲੋਕ ਇਕੱਠੇ ਹੋ ਕੇ ਇਹ ਪ੍ਰਣ ਕਰਨ ਲੱਗ ਪਏ ਹਨ ਕਿ ਵਿਆਹਾਂ-ਸ਼ਾਦੀਆਂ, ਮਰਨਿਆਂ-ਪਰਨਿਆਂ ਤੇ ਸਮਾਗਮਾਂ 'ਤੇ ਫ਼ਜ਼ੂਲ ਖ਼ਰਚੇ ਬੰਦ ਕੀਤੇ ਜਾਣ। ਖ਼ਰਚੀਲੇ ਵਾਧੂ ਦੇ ਵਿਖਾਵੇ ਅਤੇ ਨਸ਼ਿਆਂ ਦੇ ਪ੍ਰਚਲਣ ਵਾਲੇ ਸਮਾਗਮ ਤੋਂ ਕਿਨਾਰਾਕਸ਼ੀ ਇਕ ਚੰਗਾ ਰੁਝਾਨ ਹੈ ਅਤੇ ਅਜਿਹੀਆਂ ਤਰਜੀਹਾਂ ਨੂੰ ਅੱਗੇ ਵਧਾਉਣ ਦੀ ਸਾਡੇ ਸਮਾਜ ਨੂੰ ਬਹੁਤ ਲੋੜ ਹੈ। ਪੰਜਾਬੀਆਂ ਵਿੱਚ ਇਹ ਮਨੋਬਿਰਤੀ ਭਾਰੂ ਹੈ ਕਿ ਇੱਥੇ ਵੇਖੋ ਵੇਖੀ ਦੂਜਿਆਂ ਦੀ ਰੀਸ ਔਖੇ ਹੋ ਕੇ ਵੀ ਕੀਤੀ ਜਾਂਦੀ ਹੈ। ਜੇਕਰ ਲੋਕ ਪਿੰਡ ਪੱਧਰ ਸਭਾ ਸੋਸਾਇਟੀਆਂ ਬਣਾ ਕੇ ਸਾਦੇ ਸਮਾਗਮ ਕਰਨ ਦਾ ਪ੍ਰਣ ਕਰਨਗੇ ਤਾਂ ਇਸ ਨਾਲ ਵਾਧੂ ਦੇ ਖ਼ਰਚਿਆਂ ਤੋਂ ਕਾਫ਼ੀ ਹੱਦ ਤਕ ਬਚਿਆ ਜਾ ਸਕਦਾ ਹੈ ਅਤੇ ਸਮਾਜ ਵਿੱਚ ਫੈਲੀਆਂ ਬੁਰਾਈਆਂ, ਸਮੱਸਿਆਵਾਂ ਪ੍ਰਤੀ ਵੀ ਲੋਕ ਜਾਗਰੂਕ ਹੋਣ ਦੇ ਨਾਲ-ਨਾਲ ਆਪਣੇ ਹੱਕਾਂ ਪ੍ਰਤੀ ਵੀ ਲਾਮਬੰਦ ਹੋਣਗੇ। ਅੱਜ ਪੰਜਾਬੀਆਂ ਨੂੰ ਨਿਰਾਸ਼ਾ ਦੇ ਆਲਮ 'ਚੋਂ ਨਿਕਲ ਕੇ ਆਪਣੀਆਂ ਮੁਸ਼ਕਲਾਂ ਸਮੱਸਿਆਵਾਂ ਪ੍ਰਤੀ ਸੰਘਰਸ਼ਸ਼ੀਲ ਬਣਨ ਦੀ ਲੋੜ ਹੈ ਅਤੇ ਇਸ ਦੇ ਨਾਲ-ਨਾਲ ਆਤਮ-ਚਿੰਤਨ ਦੀ ਵੀ ਵੱਡੀ ਲੋੜ ਹੈ।

ਕਿਹਾ ਜਾਂਦਾ ਹੈ ਕਿ ਖ਼ੁਦਕੁਸ਼ੀ ਕਿਸੇ ਸਮੱਸਿਆ ਦਾ ਹੱਲ ਨਹੀਂ ਹੈ। ਲੋਕ ਆਪਣੇ ਆਪ ਵਿੱਚ ਬਹੁਤ ਵੱਡੀ ਸ਼ਕਤੀ ਹੁੰਦੇ ਹਨ, ਜੇਕਰ ਕਿਸੇ ਖਿੱਤੇ ਦੇ ਲੋਕ ਜਾਗਦੇ ਹਨ ਤਾਂ ਉਹ ਮਾੜੇ ਤੋਂ ਮਾੜੇ ਦੌਰ ਦਾ ਵੀ ਡਟ ਕੇ ਮੁਕਾਬਲਾ ਕਰ ਸਕਦੇ ਹਨ। ਅੱਜ ਹਾਲਾਤ ਇਹ ਹਨ ਕਿ ਪੰਜਾਬ ਹੀ ਨਹੀਂ ਪੂਰੇ ਹਿੰਦੁਸਤਾਨ ਵਿੱਚ ਕਿਸਾਨਾਂ ਦੀ ਹਾਲਤ ਬਦਤਰ ਹੋ ਗਈ ਹੈ। ਖੇਤੀਬਾੜੀ ਜੋ ਸਾਡੇ ਜੀਵਨ ਦਾ ਧੁਰਾ ਹੈ ਦੇ ਵਿਕਾਸ ਲਈ ਸਾਡੀਆਂ ਸਰਕਾਰਾਂ ਸੁਹਿਰਦ ਨਹੀਂ ਹਨ। ਖੇਤੀਬਾੜੀ ਦਾ ਵਿਕਾਸ ਕਰਕੇ ਜਿੱਥੇ ਆਮ ਲੋਕਾਂ ਦੇ ਜੀਵਨ ਵਿੱਚ ਖ਼ੁਸ਼ਹਾਲੀ ਲਿਆਂਦੀ ਜਾ ਸਕਦੀ ਸੀ ਉੱਥੇ ਦੇਸ਼ ਨੂੰ ਵੀ ਵਿਕਸਿਤ ਲੀਹਾਂ 'ਤੇ ਪਾਇਆ ਜਾ ਸਕਦਾ ਸੀ। ਅਨਾਜ, ਫਲ, ਸਬਜ਼ੀਆਂ ਨੂੰ ਸਟੋਰ ਕਰਨ ਅਤੇ ਇਨ੍ਹਾਂ ਤੋਂ ਹੋਰ ਖਾਦ ਪਦਾਰਥ ਬਣਾਉਣ ਦੇ ਪ੍ਰੋਜੈਕਟ ਲਗਾ ਕੇ ਦੇਸ਼ ਦੇ ਨੌਜੁਆਨਾਂ ਲਈ ਰੁਜ਼ਗਾਰ ਪੈਦਾ ਕੀਤੇ ਜਾ ਸਕਦੇ ਸਨ। ਪਰ ਸਰਕਾਰਾਂ ਦੀ ਖੇਤੀਬਾੜੀ ਪ੍ਰਤੀ ਬੇਗਾਨਗੀ ਇਹ ਦੱਸਦੀ ਹੈ ਕਿ ਇਸ ਵਿਸ਼ੇ ਪ੍ਰਤੀ ਉਹ ਗੰਭੀਰ ਨਹੀਂ ਹਨ। ਹਾਂ, ਦੇਸ਼ ਵਿੱਚ ਰੇਲਵੇ ਲਾਈਨਾਂ ਦੇ ਨੇੜੇ ਪ੍ਰਾਈਵੇਟ ਕੰਪਨੀਆਂ ਦੇ ਅਨਾਜ ਗ਼ੁਦਾਮ ਅਤੇ ਵੱਖ-ਵੱਖ ਫ਼ਸਲਾਂ ਦੇ ਬੀਜਾਂ 'ਤੇ ਗ਼ਲਬੇ ਪਾਉਣ ਲਈ ਦੇਸ਼ੀ-ਵਿਦੇਸ਼ੀ ਕੰਪਨੀਆਂ ਹਰ ਰੋਜ਼ ਕਰੋੜਾਂ ਅਰਬਾਂ ਦਾ ਕਾਰੋਬਾਰ ਕਰਦੀਆਂ ਹਨ। ਇਹ ਮੋਟੀਆਂ ਕਮਾਈਆਂ ਕਿਸਾਨਾਂ ਤੋਂ ਕੀਤੀਆਂ ਜਾਂਦੀਆਂ ਹਨ। ਕੀ ਅਜਿਹਾ ਨਹੀਂ ਹੋ ਸਕਦਾ ਕਿ ਅਨਾਜ ਪੈਦਾ ਕਰਨ ਵਾਲੇ ਹੀ ਅਨਾਜ ਦੇ ਬੀਜਾਂ ਦੀ ਸੋਧ ਕਰਕੇ ਇਸਦੇ ਵਿਕਰੇਤਾ ਵੀ ਬਣਦੇ? ਕੀ ਹਰ ਤਰ੍ਹਾਂ ਦੇ ਅਨਾਜ ਨੂੰ ਸਟੋਰ ਕਰਨ, ਬੀਜ ਕਾਰੋਬਾਰ ਅਤੇ ਫੂਡ ਪ੍ਰੋਸੈਸਿੰਗ ਦੇ ਕਾਰੋਬਾਰ ਵਿੱਚ ਆਮ ਲੋਕਾਂ ਦੀ ਸ਼ਮੂਲੀਅਤ ਨਹੀਂ ਹੋਣੀ ਚਾਹੀਦੀ ਸੀ? ਇਕ ਪਾਸੇ ਦੇਸ਼ ਦੀ ਖੇਤੀਬਾੜੀ ਸਰਕਾਰੀ ਬੇਰੁਖ਼ੀ ਦੀ ਸ਼ਿਕਾਰ ਹੈ ਦੂਜੇ ਪਾਸੇ ਜਨਤਕ ਅਦਾਰਿਆਂ ਵਿੱਚ ਨੌਕਰੀਆਂ ਵਿੱਚ



ਲਗਾਤਾਰ ਕਟੌਤੀ ਕੀਤੀ ਜਾ ਰਹੀ ਹੈ। ਦੇਸ਼ ਦੇ ਕਿਸਾਨ ਮਜ਼ਦੂਰ ਅਤੇ ਨੌਜਵਾਨ ਨਿਰਾਸ਼ਾ ਦੇ ਆਲਮ ਵਿੱਚ ਹਨ। ਸਰਕਾਰਾਂ ਨੇ ਜਿਵੇਂ ਇਹ ਤਹੱਈਆ ਹੀ ਕਰ ਲਿਆ ਹੈ ਕਿ ਉਨ੍ਹਾਂ ਦੀ ਤਰਜੀਹ ਦੇਸ਼ ਦੇ ਲੋਕਾਂ ਦੀ ਬਜਾਏ ਕਾਰਪੋਰੇਟ ਕੰਪਨੀਆਂ ਲਈ ਹੈ। ਖੇਤੀਬਾੜੀ ਦੇਸ਼ ਦੇ ਵਿਕਾਸ ਦੀ ਇਕ ਤਰ੍ਹਾਂ ਨਾਲ ਰੀੜ ਦੀ ਹੱਡੀ ਹੈ ਇਸ ਦੇ ਵਿਕਾਸ ਤੋਂ ਬਗੈਰ ਸਾਡਾ ਪਾਰ ਉਤਾਰਾ ਨਹੀਂ ਹੋ ਸਕਦਾ। ਅਫ਼ਸੋਸ ਉਦੋਂ ਹੁੰਦਾ ਹੈ ਜਦੋਂ ਅਸੀਂ ਖ਼ਬਰਾਂ ਪੜ੍ਹਦੇ ਹਾਂ ਕਿ ਲਲਿਤ ਮੋਦੀ, ਵਿਜੇ ਮਾਲੀਆ, ਨੀਰਵ ਮੋਦੀ, ਵਰਗੇ ਲੋਕ ਸਰਕਾਰ ਦੇ ਹਜ਼ਾਰਾਂ ਕਰੋੜ ਡਕਾਰ ਕੇ ਅਰਾਮ ਨਾਲ ਬਾਹਰਲੇ ਮੁਲਕਾਂ ਵਿੱਚ ਜਾ ਬਹਿੰਦੇ ਹਨ ਪਰ ਕਿਸਾਨਾਂ ਨੂੰ ਰਾਹਤ ਦੇਣ ਦੇ ਖੇਖਣ ਕੇਵਲ ਚੋਣਾਂ ਨੇੜੇ ਕੀਤੇ ਜਾਂਦੇ ਹਨ ਅਤੇ ਚੋਣਾਂ ਲੰਘਦਿਆਂ ਹੀ ਇਹ ਮੁੜ ਅਗਲੀਆਂ ਚੋਣਾਂ ਤਕ ਵਿਸਾਰ ਦਿੱਤੇ ਜਾਂਦੇ ਹਨ। ਇਸ ਤਰ੍ਹਾਂ ਦੀਆਂ ਸਰਕਾਰੀ ਨੀਤੀਆਂ ਸੰਕਟ ਵਿੱਚ ਫਸੀ ਕਿਸਾਨੀ ਲਈ ਹੋਰ ਸੰਕਟ ਪੈਦਾ ਕਰ ਰਹੀਆਂ ਹਨ। ਸਰਕਾਰ ਧਨਾਢ ਕਾਰਪੋਰੇਸ਼ਨਾਂ ਦੇ ਤਾਂ ਅਰਬਾਂ ਰੁਪਏ ਮੁਆਫ਼ ਕਰ ਸਕਦੀ ਹੈ ਪਰ ਕਿਸਾਨਾਂ ਨੂੰ ਰਾਹਤ ਦੇਣ ਲਈ ਟਾਲ ਮਟੋਲ ਦੀ ਨੀਤੀ ਅਪਣਾਈ ਜਾਂਦੀ ਹੈ। ਕਿਸੇ ਵੀ ਦੇਸ਼ ਦੇ ਲੋਕਾਂ ਲਈ ਅਨਾਜ ਪੈਦਾ ਕਰਨ ਵਾਲੇ ਗ਼ਰੀਬ ਕਿਰਸਾਨ, ਮਜ਼ਦੂਰ ਸਰਕਾਰਾਂ ਤੋਂ ਨਿਰਾਸ਼ ਹੋ ਕੇ ਜੇਕਰ ਆਤਮ-ਹੱਤਿਆਵਾਂ ਦੇ ਰਾਹ ਪੈਂਦੇ ਹਨ ਤਾਂ ਇਹ ਹੁਣ ਤਕ ਸੱਤਾ ਦਾ ਨਿੱਘ ਮਾਣਦੀਆਂ ਆਈਆਂ ਅਤੇ ਮਾਣ ਰਹੀਆਂ ਧਿਰਾਂ ਲਈ ਸ਼ਰਮਨਾਕ ਵਰਤਾਰਾ ਹੈ।

ਕੋਝੀਆਂ ਰਾਜਨੀਤਕ ਚਾਲਾਂ ਦੇ ਸ਼ਿਕਾਰ ਹੋਏ ਦੇਸ਼ ਵਾਸੀਆਂ, ਖ਼ਾਸ ਕਰਕੇ ਪੰਜਾਬੀਆਂ ਨੇ ਸੰਨ ਸੰਤਾਲੀ ਦੇ ਸੰਤਾਪ ਨੂੰ ਆਪਣੇ ਤਨ 'ਤੇ ਜ਼ਰਿਆ। ਲੱਖਾਂ ਦੀ ਗਿਣਤੀ ਵਿੱਚ ਲੋਕਾਂ ਦੇ ਕਤਲ ਹੋਏ, ਲੱਖਾਂ ਲੋਕ ਘਰੋਂ ਬੇਘਰ ਹੋਏ, ਮਹੀਨਿਆਂ ਬੱਧੀ ਲੋਕ ਸਿਰਾਂ ਲਈ ਛੱਤ ਲੱਭਦੇ ਮਾਰੇ ਮਾਰੇ ਫਿਰਦੇ ਰਹੇ, ਅਜਿਹੀਆਂ ਅਤਿ ਮਾੜੀਆਂ ਤੋਂ ਮਾੜੀਆਂ ਹਾਲਤਾਂ ਦੇ ਸ਼ਿਕਾਰ ਹੋਏ ਹਾਲਾਤ ਦੇ ਝੰਭੇ ਹਾਰੇ ਲੋਕ ਹੌਲੀ-ਹੌਲੀ ਉੱਠੇ, ਖੜ੍ਹੇ ਹੋਏ ਅਤੇ ਜ਼ਿੰਦਗੀ ਦੀ ਤੋਰ ਨੂੰ ਅਗਾਂਹ ਤੋਰਨ ਦੇ ਸਮਰੱਥ ਹੋ ਗਏ। ਅੱਜ ਪੰਜਾਬ ਦੇ ਬਹੁਗਿਣਤੀ ਲੋਕ ਬੇਸ਼ੱਕ ਆਰਥਿਕ ਮੰਦਹਾਲੀ ਦੇ ਸ਼ਿਕਾਰ ਹਨ, ਪਰ ਮੰਦਹਾਲੀ ਅਤੇ ਨਿਰਾਸ਼ਾ ਦਾ ਮਤਲਬ ਇਹ ਨਹੀਂ ਕਿ ਆਤਮ-ਹੱਤਿਆ ਦਾ ਰਾਹ ਚੁਣ ਲਿਆ ਜਾਵੇ। ਅੱਜ ਲੋੜ ਹੈ ਪੰਜਾਬ ਦੇ ਲੋਕ ਆਪਣੇ ਗੌਰਵਸ਼ਾਲੀ ਵਿਰਸੇ ਤੋਂ ਸੇਧ ਲੈ ਕੇ ਆਪਣੀ ਮੁਸ਼ਕਲਾਂ ਸਮੱਸਿਆਵਾਂ ਪ੍ਰਤੀ ਸੰਘਰਸ਼ਸ਼ੀਲ ਬਣਨ।

# ਬਜ਼ਾਰ ਦਾ ਵਿਸਥਾਰ ਤੇ ਖਪਤ ਸੱਭਿਆਚਾਰ

ਖਪਤ ਸਭਿਆਚਾਰ ਨੂੰ ਸੰਚਾਲਤ ਕਰਨ ਵਾਲੀ ਤਾਕਤ ਦਾ ਨਾਂ ਬਜ਼ਾਰ ਹੈ ਅਤੇ ਬਜ਼ਾਰ ਦੀ ਹੁਣ ਇਹ ਕੋਸ਼ਿਸ਼ ਹੈ ਕਿ ਮਨੁੱਖ ਵਸਤਾਂ ਲਈ ਜੀਵੇ। ਹੁਣ ਵੰਨ-ਸੁਵੰਨੀਆਂ ਵਸਤਾਂ ਹੀ ਪੈਦਾ ਨਹੀਂ ਕੀਤੀਆਂ ਜਾ ਰਹੀਆਂ ਬਲਕਿ ਵਸਤਾਂ ਨੂੰ ਖ਼ਰੀਦਦੇ ਰਹਿਣ ਲਈ ਮਨੁੱਖ ਨੂੰ ਮਾਨਸਿਕ ਤੌਰ 'ਤੇ ਤਿਆਰ ਵੀ ਕੀਤਾ ਜਾਂਦਾ ਹੈ। ਮਨੁੱਖ ਅੰਦਰ ਵੱਖ-ਵੱਖ ਚੀਜ਼ਾਂ ਲਈ ਲਾਲਸਾਵਾਂ ਕਿਵੇਂ ਪੈਦਾ ਹੋਣ ਇਸ ਵਿਸ਼ੇ 'ਤੇ ਖੋਜਾਂ ਹੋ ਰਹੀਆਂ ਹਨ। ਅੱਜ ਬਜ਼ਾਰ ਦਾ ਵਿਸਥਾਰ ਸਾਡੇ ਆਲੇ-ਦੁਆਲੇ ਫੈਲਿਆ ਹੋਇਆ ਹੈ, ਹਰ ਮਨੁੱਖ ਹਰ ਰੋਜ਼ ਸੈਂਕੜੇ ਇਸ਼ਤਿਹਾਰ ਦੇਖਦਾ ਹੈ। ਘਰ, ਦਫ਼ਤਰ, ਬੱਸ, ਰੇਲ, ਹਵਾਈ ਜਹਾਜ਼, ਰੇਲਵੇ ਸਟੇਸ਼ਨਾਂ, ਅੱਡਿਆਂ, ਸਮੁੰਦਰੀ ਬੀਚਾਂ ਤੋਂ ਲੈ ਕੇ ਪਹਾੜਾਂ ਤਕ ਸਭ ਪਾਸੇ ਇਸ਼ਤਿਹਾਰਬਾਜ਼ੀ ਦੀ ਭਰਮਾਰ ਸਾਨੂੰ ਚੀਜ਼ਾਂ ਵਸਤਾਂ ਲਈ ਉਕਸਾਉਂਦੀ ਹੈ। ਹਰ ਰੇਡੀਓ, ਟੀ.ਵੀ., ਇੰਟਰਨੈੱਟ 'ਤੇ ਵੱਡੀ ਪੱਧਰ 'ਤੇ ਹੋ ਰਹੀ ਇਸ਼ਤਿਹਾਰਬਾਜ਼ੀ ਲਈ ਰੋਜ਼ਾਨਾ ਕਰੋੜਾਂ ਰੁਪਏ ਖ਼ਰਚੇ ਜਾ ਰਹੇ ਹਨ।

ਸਾਡੇ ਸਭ ਦੇ ਵੱਡੇ-ਵਡੇਰੇ ਸਦੀਆਂ ਤਕ ਟੱਪਰੀਵਾਸਾਂ ਵਾਲਾ ਜੀਵਨ ਬਤੀਤ ਕਰਦੇ ਆਏ ਹਨ। ਇਕ ਥਾਂ ਤੋਂ ਸਾਗ ਪੱਤਾ ਖ਼ਤਮ ਹੋ ਜਾਣਾ ਤਾਂ ਦੂਜੀਆਂ ਥਾਵਾਂ ਦਾ ਰੁਖ਼ ਕਰ ਲੈਣਾ। ਇਸ ਤਰ੍ਹਾਂ ਦਰਿਆਵਾਂ ਨਦੀਆਂ ਦੇ ਕੰਢਿਆਂ, ਜਿੱਥੇ-ਜਿੱਥੇ ਮਨੁੱਖੀ ਕਬੀਲੇ ਠਹਿਰਦੇ ਸਨ ਕੁਦਰਤੀ ਵਾਤਾਵਰਨ ਬਣਿਆ ਰਹਿੰਦਾ ਸੀ। ਮਨੁੱਖ ਦੀ ਜਦੋਂ ਧਰਤੀ ਹੇਠਲੇ ਪਾਣੀ ਤਕ ਪਹੁੰਚ ਹੋ ਗਈ ਤਾਂ ਇਸ ਨੇ ਘਰ ਬਣਾ ਕੇ ਰਹਿਣਾ ਸ਼ੁਰੂ ਕਰ ਦਿੱਤਾ। ਧਰਤੀ ਜੋ ਮਨੁੱਖ ਨੂੰ ਵੱਖ-ਵੱਖ ਤਰ੍ਹਾਂ ਦੀਆਂ ਕੁਦਰਤੀ ਨਿਆਮਤਾਂ ਨਾਲ ਨਿਵਾਜਦੀ ਹੈ ਨਾਲ ਪੁਰਾਤਨ ਮਨੁੱਖ ਦਾ ਰਿਸ਼ਤਾ ਬੜਾ ਸਤਿਕਾਰਤ ਸੀ। ਜਿਵੇਂ-ਜਿਵੇਂ ਮਨੁੱਖ ਨੇ ਵਿਕਾਸ ਅਤੇ ਤਰੱਕੀ ਕਰਨੀ ਸ਼ੁਰੂ ਕੀਤੀ ਤਾਂ ਇਸ ਨੇ ਆਪਣੀਆਂ ਸੁਖ ਸਹੂਲਤਾਂ ਲਈ ਕੁਦਰਤੀ ਨੇਮਾਂ, ਵਰਤਾਰਿਆਂ ਨੂੰ ਸਮਝ ਕੇ ਆਪਣੇ ਆਲੇ-ਦੁਆਲੇ ਨੂੰ ਆਪਣੇ ਅਨੁਸਾਰ ਢਾਲਣਾ ਸ਼ੁਰੂ ਕਰ ਦਿੱਤਾ। ਮਨੁੱਖੀ ਜ਼ਿੰਦਗੀ ਦੀਆਂ ਲੋੜਾਂ ਜ਼ਰੂਰਤਾਂ ਲਈ ਤਾਂ ਇਹ ਸਭ ਕੁਝ ਜਾਇਜ਼ ਸੀ, ਪਰ ਅੱਜ ਗੱਲ ਉਸ ਤੋਂ ਕਿਤੇ ਅਗਾਂਹ ਚਲੀ ਗਈ। ਹੁਣ ਲੋੜਾਂ ਤੋਂ ਅਗਾਂਹ ਮੁਨਾਫ਼ਿਆਂ, ਲਾਲਚਾਂ ਅਤੇ ਖ਼ੁਦਗਰਜ਼ੀਆਂ ਲਈ ਪਹਿਲਾਂ ਨਾਲੋਂ (ਕਈ ਗੁਣਾਂ ਵੱਧ) ਤੇਜ਼ੀ ਨਾਲ ਕੁਦਰਤੀ ਵਸੀਲਿਆਂ ਦੀ ਬਰਬਾਦੀ ਕੀਤੀ ਜਾਣ ਲੱਗ ਪਈ ਹੈ। ਪਿਛਲੇ ੭੦ ਕੁ ਸਾਲਾਂ ਵਿੱਚ ਦੁਨੀਆਂ ਦੀ ਕੁੱਲ ਅਬਾਦੀ ਲਗਭਗ ਤਿੰਨ ਗੁਣਾਂ ਵਧ ਗਈ ਹੈ। ਵਧੀ ਅਬਾਦੀ ਨਾਲ ਮਨੁੱਖ ਦੀਆਂ ਲੋੜਾਂ ਹੀ ਨਹੀਂ ਵਧੀਆਂ ਬਲਕਿ ਮਨੁੱਖ ਦੀਆਂ ਲਾਲਸਾਵਾਂ ਤੋਂ ਮੁਨਾਫ਼ਾ ਕਮਾਉਣ ਵਾਲੀਆਂ ਤਾਕਤਾਂ ਨੇ ਉਸ ਲਈ ਹਜ਼ਾਰਾਂ ਤਰ੍ਹਾਂ ਦੀਆਂ ਵਸਤਾਂ ਪੈਦਾ ਕੀਤੀਆਂ ਹਨ। ਹੁਣ ਮਨੁੱਖ ਉਹੋ ਜਿਹਾ ਨਹੀਂ ਰਿਹਾ ਜਿਹੋ ਜਿਹਾ ਉਹ ਅੱਜ ਤੋਂ ੫੦ ਸਾਲ ਪਹਿਲਾਂ ਹੋਇਆ ਕਰਦਾ ਸੀ। ਉਸ ਲਈ ਪਹਿਲਾਂ ਦੇ ਮੁਕਾਬਲੇ ਹਜ਼ਾਰਾਂ ਨਵੀਆਂ ਵਸਤਾਂ ਹੋਂਦ ਵਿੱਚ ਆ ਗਈਆਂ ਹਨ ਅਤੇ ਮਨੁੱਖ



ਇਹਨਾਂ ਨੂੰ ਵਰਤਣ ਦਾ ਆਦੀ ਹੋ ਗਿਆ ਹੈ। ਵੱਧ ਵਸਤਾਂ ਦਾ ਸਿੱਧਾ ਮਤਲਬ ਕੁਦਰਤੀ ਵਸੀਲਿਆਂ ਦੀ ਵੱਧ ਵਰਤੋਂ ਅਤੇ ਇਸ ਨਾਲ ਪਹਿਲਾਂ ਦੇ ਮੁਕਾਬਲੇ ਕਿਤੇ ਵੱਧ ਕਚਰਾ ਪੈਦਾ ਹੋਣ ਲੱਗ ਪਿਆ ਹੈ। ਚਾਹੀਦਾ ਤਾਂ ਇਹ ਸੀ ਕਿ ਗਿਆਨ ਵਿਗਿਆਨ ਦੇ ਪਸਾਰ ਵਿੱਚ ਅਸੀਂ ਕੁਦਰਤੀ ਸਾਧਨਾਂ ਪ੍ਰਤੀ ਸੁਚੇਤ ਹੁੰਦੇ, ਪਰ ਇਸ ਦੇ ਉਲਟ ਕੁਦਰਤੀ ਸਾਧਨਾਂ ਕਾਰਨ ਖਪਤ ਕਈ ਗੁਣਾਂ ਵਧ ਗਈ ਹੈ। ਅੱਜ ਦੇ ਮਨੁੱਖ ਦੀਆਂ ਲੋੜਾਂ ਕੁੱਲੀ, ਗੁੱਲੀ ਅਤੇ ਜੁੱਲੀ ਤਕ ਹੀ ਸੀਮਿਤ ਨਹੀਂ ਹਨ। ਵੱਧ ਵੱਸੋਂ ਨੂੰ ਵੱਧ ਮਕਾਨਾਂ, ਬਿਜਲੀ, ਪਾਣੀ, ਕੱਪੜਿਆਂ, ਆਵਾਜਾਈ ਦੇ ਸਾਧਨ, ਮਨੋਰੰਜਨ, ਸਿੱਖਿਆ ਕੇਂਦਰਾਂ, ਕਈ ਤਰ੍ਹਾਂ ਦਾ ਅਨਾਜ, ਸਬਜ਼ੀਆਂ, ਵੱਖ-ਵੱਖ ਉਪਕਰਨ ਆਦਿ ਦੀ ਲੋੜ ਹੈ। ਵਧੀਆਂ ਲੋੜਾਂ ਨੂੰ ਪੂਰਾ ਕਰਨ ਲਈ ਵੱਧ ਖੇਤਾਂ, ਫੈਕਟਰੀਆਂ, ਕਾਰਖ਼ਾਨਿਆਂ, ਭੱਠਿਆਂ ਅਤੇ ਆਵਾਜਾਈ ਦੇ ਸਾਧਨਾਂ ਦੀ ਲੋੜ ਵੀ ਵਧਦੀ ਹੈ, ਜਿਸ ਨਾਲ ਤੇਜ਼ੀ ਨਾਲ ਧਰਤੀ ਉੱਪਰਲੇ ਜੰਗਲਾਂ ਅਤੇ ਹੋਰ ਕੁਦਰਤੀ ਸਰੋਤਾਂ ਦਾ ਖ਼ਾਤਮਾ ਹੁੰਦਾ ਹੈ ਅਤੇ ਵਾਤਾਵਰਣ ਵੀ ਬੜੀ ਬੁਰੀ ਤਰ੍ਹਾਂ ਪ੍ਰਭਾਵਿਤ ਹੁੰਦਾ ਹੈ। ਹੁਣ ਅਸੀਂ ਗਿਆਨ-ਵਿਗਿਆਨ ਨਹੀਂ ਬਲਕਿ ਬਜ਼ਾਰ ਦੇ ਯੁੱਗ ਵਿੱਚ ਪ੍ਰਵੇਸ਼ ਕਰ ਰਹੇ ਹਾਂ, ਜਿੱਥੇ ਬਜ਼ਾਰ ਸਾਡੀਆਂ ਮਨੋਬਿਰਤੀਆਂ ਨੂੰ ਸਮਝ ਕੇ ਸਾਡੀਆਂ ਲੋੜਾਂ ਤੋਂ ਤਾਂ ਕਮਾਈਆਂ ਕਰਦਾ ਹੈ। ਬੇਲਗ਼ਾਮ ਲਾਲਸਾਵਾਂ ਦੀ ਪੂਰਤੀ ਲਈ ਸਾਧਨਾਂ ਦੀ ਖੋਜ ਕਰਕੇ ਉਸ ਤੋਂ ਕਿਵੇਂ ਮੁਨਾਫ਼ੇ ਕਮਾਏ ਜਾ ਸਕਦੇ ਹਨ। ਬਜ਼ਾਰ ਨੇ ਹੁਣ ਲੋਕਾਂ ਨੂੰ ਸਿਖਾਉਣਾ ਸ਼ੁਰੂ ਕਰ ਦਿੱਤਾ ਹੈ। ਚੀਜ਼ਾਂ ਨੂੰ ਵਰਤੋ, ਸੁੱਟੋ ਅਤੇ ਹੋਰ ਖ਼ਰੀਦੋ, ਵੱਧ ਤੋਂ ਵੱਧ ਖ਼ਰੀਦੋ ਅਤੇ ਵੱਧ ਤੋਂ ਵੱਧ ਵਰਤੋ। ਟਰੈਕਟਰ, ਮੋਟਰ ਗੱਡੀਆਂ ਅਤੇ ਕਾਰਾਂ ਆਦਿ ਬਾਰੇ ਇਸ਼ਤਿਹਾਰਬਾਜ਼ੀ ਕੀਤੀ ਜਾਂਦੀ ਹੈ ਕਿ ਪੁਰਾਣੀ ਲਿਆਓ ਅਤੇ ਨਵੀਂ ਘਰ ਲੈ ਜਾਓ। ਬਜ਼ਾਰ ਦਾ ਹਿੱਤ ਇਸ ਵਿੱਚ ਹੈ ਕਿ ਤੁਸੀਂ ਖ਼ਰੀਦਦੇ ਰਹੋ ਬਸ ਖ਼ਰੀਦਦੇ ਰਹੋ। ਅੱਜ ਅਸੀਂ ਦੇਖਦੇ ਹਾਂ ਕਿ ਸਾਡੇ ਸਮਾਜ ਦੀ ਬਹੁ-ਗਿਣਤੀ ਕਰਜ਼ਾਈ ਹੋਈ ਮਾਨਸਿਕ ਵਿਕਾਰਾਂ ਦਾ ਸ਼ਿਕਾਰ ਹੋ ਰਹੀ ਹੈ। ਇਸ ਵਿੱਚ ਬਜ਼ਾਰੂ ਤਾਕਤਾਂ ਅਤੇ ਇਸ ਦੀ ਇਸ਼ਤਿਹਾਰਬਾਜ਼ੀ ਦਾ ਵੀ ਬੜਾ ਵੱਡਾ ਹੱਥ ਹੈ।

ਇਕ ਰਿਪੋਰਟ ਅਨੁਸਾਰ ਦੁਨੀਆਂ ਭਰ ਦੇ ਲੋਕ ਹਰ ਸਾਲ ੬੦ ਅਰਬ ਟਨ ਤੋਂ ਵੱਧ ਕੁਦਰਤੀ ਵਸੀਲਿਆਂ ਦੀ ਵਰਤੋਂ ਕਰਦੇ ਹਨ ਅਤੇ ਹਰ ਸਾਲ ਇਹ ਅੰਕੜਾ ਵਧ ਰਿਹਾ ਹੈ। ਨਿਊਯਾਰਕ ਟਾਈਮਜ਼ ਦੀ ਇਕ ਰਿਪੋਰਟ ਅਨੁਸਾਰ ਇਕ ਔਂਸ ਸੋਨਾ ਕੱਢਣ ਲਈ ਸੋਨੇ ਦੀਆਂ ਖਾਣਾਂ ਵਿੱਚ ਲਗਭਗ ੩੦ ਟਨ ਮਿੱਟੀ ਨੂੰ ਕਈ-ਕਾਈ ਵਾਰ ਪੁੱਟਣਾ ਉਥੱਲਣਾ ਪੈਂਦਾ ਹੈ। ਫਿਰ ਇਸ ਵਿੱਚੋਂ ਸੋਨਾ ਅਲੱਗ ਕਰਨ ਲਈ ਜ਼ਹਿਰੀਲੇ ਤੱਤ ਸਾਈਨਾਈਡ ਦਾ ਛਿੜਕਾਅ ਕਰਨਾ ਪੈਂਦਾ ਹੈ ਜਿਸ ਨਾਲ ਵਾਤਾਵਰਣ ਬੁਰੀ ਤਰ੍ਹਾਂ ਪਲੀਤ ਹੁੰਦਾ ਹੈ। ਇਸ ਰਿਪੋਰਟ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਸੋਨੇ ਦੀ ਪ੍ਰਾਪਤੀ ਲਈ ਵਰਤੇ ਜਾਂਦੇ ਰਸਾਇਣ ਅਤੇ ਐਟਮੀ ਰਹਿੰਦ-ਖੂੰਦ ਧਰਤੀ ਦੇ ਵਾਤਾਵਰਣ ਨੂੰ ਬਰਾਬਰ ਪ੍ਰਭਾਵਤ ਕਰਦੇ ਹਨ, ਜੋ ਮਿੱਟੀ ਦੀ ਸਿਹਤ ਲਈ ਸਾਲਾਂ ਤਕ ਹਾਨੀਕਾਰਕ ਬਣੇ ਰਹਿੰਦੇ ਹਨ। ਹਰ ਸਾਲ ਵਧਦੀ ਅਬਾਦੀ ਦੀਆਂ ਵਧਦੀਆਂ ਕੁਝ ਜ਼ਰੂਰੀ ਅਤੇ ਜ਼ਿਆਦਾਤਰ ਮਸਨੂਈ ਲੋੜਾਂ ਦੀ

ਪੂਰਤੀ ਲਈ ਕੁਦਰਤੀ ਵਸੀਲਿਆਂ ਦੀ ਅੰਨ੍ਹੇਵਾਹ ਵਰਤੋਂ ਹੋ ਰਹੀ ਹੈ। ਅਫਰੀਕਾ ਮਹਾਂਦੀਪ ਦਾ ਦੇਸ਼ ਨਾਇਜੀਰੀਆ ਸਭ ਤੋਂ ਵੱਧ ਤੇਲ ਪੈਦਾ ਕਰਨ ਵਾਲਾ ਦੇਸ਼ ਹੈ। ਨਾਇਜੀਰੀਆ ਦੇ ਕੁਝ ਅਜਿਹੇ ਵੱਡੇ ਖੇਤਰ ਸੀ ਜਿੱਥੇ ਕਦੇ ਹਰਿਆਲੀ ਹੁੰਦੀ ਸੀ, ਅਨਾਜ ਪੈਦਾ ਹੁੰਦਾ ਸੀ, ਉੱਥੇ ਤੇਲ ਦੇ ਖੂਹਾਂ ਦੀ ਸਥਾਪਤੀ ਨੇ ਇਨ੍ਹਾਂ ਇਲਾਕਿਆਂ ਦਾ ਭੋਂ-ਦ੍ਰਿਸ਼ ਹੀ ਬਦਲ ਦਿੱਤਾ। ਬੇਲੋੜੀਆਂ ਗੈਸਾਂ ਨੂੰ ਬਾਲਣ ਦੀ (ਤਪਸ਼) ਪ੍ਰਕਿਰਿਆ ਨਾਲ ਦੂਰ-ਦੂਰ ਤਕ ਧਰਤੀ ਬੰਜਰ ਹੋ ਗਈ। ਸਲਫਰ ਡਾਇਆਕਸਾਈਡ ਅਤੇ ਹਾਈਡ੍ਰੋਜਨ ਸਲਫਾਇਡ ਵਰਗੇ ਜ਼ਹਿਰੀਲੇ ਤੱਤ ਹਵਾ ਵਿੱਚ ਘੁੱਲ ਕੇ, ਛਾਤੀ ਅਤੇ ਗਲੇ ਦਾ ਕੈਂਸਰ, ਦਮਾ ਅਤੇ ਟੀ.ਬੀ. ਵਰਗੇ ਰੋਗ ਵੱਡੀ ਪੱਧਰ 'ਤੇ ਲੋਕਾਂ ਨੂੰ ਆਪਣੀ ਗ੍ਰਿਫ਼ਤ ਵਿੱਚ ਲੈਣ ਲੱਗ ਪਏ। ਜ਼ਹਿਰੀਲੀਆਂ ਗੈਸਾਂ ਕਾਰਨ ਇੱਥੇ ਤੇਜ਼ਾਬੀ ਵਰਖਾ ਹੋਣ ਲੱਗ ਪਈ ਹੈ ਜਿਸ ਨਾਲ ਦੂਰ-ਦੁਰਾਡੇ ਖੇਤਰਾਂ ਤਕ ਮਨੁੱਖਾਂ, ਪਸ਼ੂ-ਪੰਛੀਆਂ ਦੇ ਨਾਲ-ਨਾਲ ਰੁੱਖਾਂ, ਪਾਣੀਆਂ ਅਤੇ ਇਮਾਰਤਾਂ ਨੂੰ ਵੀ ਨੁਕਸਾਨ ਹੋਣਾ ਸ਼ੁਰੂ ਹੋ ਗਿਆ। ਇਹ ਤਾਂ ਇਕ ਦੋ ਉਦਾਹਰਣਾਂ ਹਨ। ਧਰਤੀ ਦੇ ਵੱਖ-ਵੱਖ ਖਿੱਤਿਆਂ ਵਿੱਚ, ਵੱਖ-ਵੱਖ ਖਣਿਜ ਪਦਾਰਥਾਂ ਦੀ ਪ੍ਰਾਪਤੀ ਲਈ ਚੱਲਦੀਆਂ ਖਾਣਾਂ ਨਾਲ ਧਰਤੀ ਦੀ ਅੰਦਰੂਨੀ ਅਤੇ ਬਾਹਰੀ ਸਿਹਤ ਵਿੱਚ ਬੜੀ ਤੇਜ਼ੀ ਨਾਲ ਵਿਗਾੜ ਪੈਦਾ ਕੀਤੇ ਜਾ ਰਹੇ ਹਨ। ਇਸ ਸਭ ਕੁਝ ਦਾ ਇਕ ਖ਼ਤਰਨਾਕ ਪਹਿਲੂ ਇਹ ਹੈ ਕਿ ਤਕਨੀਕੀ ਵਿਕਾਸ ਕਰਕੇ ਇਹ ਹੁਣ ਪਹਿਲਾਂ ਨਾਲੋਂ ਕਿਤੇ ਵੱਧ ਤੇਜ਼ੀ ਨਾਲ ਹੋਣ ਲੱਗਿਆ ਹੈ। ਭਾਵ ਅਸੀਂ ਪਹਿਲਾਂ ਦੇ ਮੁਕਾਬਲੇ ਵੱਧ ਤੇਜ਼ੀ ਨਾਲ ਵਿਨਾਸ਼ ਵੱਲ ਵਧ ਰਹੇ ਹਾਂ। ਅਜਿਹਾ ਧਰਤੀ ਦੇ ਬਹੁਤ ਸਾਰੇ ਖਿੱਤਿਆਂ ਵਿੱਚ ਹੋ ਰਿਹਾ ਹੈ ਅਤੇ ਹੁੰਦਾ ਰਹੇਗਾ, ਕਿਉਂਕਿ ਇਹ ਸਭ ਕੁਝ ਬਜ਼ਾਰ ਦੀ ਲੋੜ ਹੈ ਅਤੇ ਇਸ ਵੇਲੇ ਸੰਸਾਰ ਦੀ ਸਭ ਤੋਂ ਵੱਡੀ ਤਾਕਤ ਬਜ਼ਾਰੂ ਤਾਕਤਾਂ ਹਨ।

ਇਸ਼ਤਿਹਾਰਬਾਜ਼ੀ ਕਰ ਕਰ ਕੇ ਮਨੁੱਖ ਨੂੰ ਦੱਸਿਆ ਜਾਂਦਾ ਹੈ ਕਿ ਜੇਕਰ ਅਸੀਂ ਫਲਾਣੀ ਨਵੀਂ ਆਈ ਚੀਜ਼ ਦੀ ਵਰਤੋਂ ਨਹੀਂ ਕਰਦੇ ਤਾਂ ਤੁਸੀਂ ਜ਼ਮਾਨੇ ਦੇ ਹਾਣ ਦੇ ਨਹੀਂ ਹੋ। ਜੇਕਰ ਇਹ ਕਿਹਾ ਜਾਵੇ ਕਿ ਇਕ ਪਾਣੀ ਵਾਲੀ ਟੂਟੀ ਦੀ ਮਸ਼ਹੂਰੀ ਨਾਲ ਲੱਖਾਂ ਲੋਕਾਂ ਨੂੰ ਲੱਖਾਂ ਰੁਪਏ ਖ਼ਰਚਣ ਲਈ ਤਿਆਰ ਕੀਤਾ ਜਾ ਸਕਦਾ ਹੈ ਤਾਂ ਇਹ ਗੱਲ ਮੰਨਣ ਵਿੱਚ ਨਹੀਂ ਆਵੇਗੀ, ਪਰ ਅੱਜ ਦੇ ਦੌਰ ਵਿੱਚ ਇਹ ਸੰਭਵ ਹੈ। ਬਜ਼ਾਰ ਨੇ ਇਹ ਸਭ ਕੁਝ ਕਰ ਵਿਖਾਇਆ ਹੈ। ਇਹ ਟੂਟੀ ਦੀ ਮਸ਼ਹੂਰੀ ਵੀ ਕਿਸੇ ਨੂੰ ਵੱਡੀ ਕੋਠੀ ਉਸਾਰਨ ਅਤੇ ਉਸ ਵਿੱਚ ਆਧੁਨਿਕ ਸਾਜੋ-ਸਮਾਨ ਫਿੱਟ ਕਰਨ ਲਈ ਤਿਆਰ ਕਰ ਸਕਦੀ ਹੈ। ਇਸ਼ਤਿਹਾਰਬਾਜ਼ੀ ਸਾਡੀ ਸਵਾਲ ਕਰਨ ਦੀ ਮਨੋਬਿਰਤੀ ਖ਼ਤਮ ਕਰ ਦਿੰਦੀ ਹੈ। ਕਿਸਾਨ ਦੀ ਕਣਕ ਤਾਂ ਮੰਡੀ ਵਿੱਚ ਰੁਲਦੀ ਹੈ ਪਰ ਕਿਸੇ ਕੰਪਨੀ ਦਾ ਪੈਕਟ ਬੰਦ ਆਟਾ ਮਹਿੰਗੇ ਮੁੱਲ ਬਜ਼ਾਰ ਵਿੱਚ ਵਿਕਦਾ ਹੈ। ਅਸੀਂ ਕਦੇ ਸਵਾਲ ਨਹੀਂ ਕਰਦੇ ਕਿ ਇਸ ਆਟੇ ਲਈ ਕਣਕ ਕਿਹੜੇ ਮੰਗਲ ਗ੍ਰਹਿ 'ਤੇ ਬੀਜੀ ਸੀ? ਸਾਡੇ ਸਾਹਮਣੇ ਬਣਿਆ ਜੂਸ ਸਾਨੂੰ ਓਨਾ ਵਧੀਆ ਨਹੀਂ ਲੱਗਦਾ ਜਿੰਨਾ ਡੱਬਾ ਬੰਦ ਕਿਸੇ ਬਰੈਂਡ ਭਾਵੇਂ ਇਹ ਸਾਲ ਪੁਰਾਣਾ ਕਿਉਂ ਨਾ ਹੋਵੇ।



ਬਜ਼ਾਰ ਦੀ ਕਰਾਮਾਤ ਹੈ ਕਿ ਇਸ਼ਤਿਹਾਰਬਾਜ਼ੀ ਵਾਲਾ ਸ਼ਹਿਦ ਸਾਨੂੰ ਵਧੇਰੇ ਮਿੱਠਾ ਅਤੇ ਗੁਣਾਂ ਭਰਪੂਰ ਲੱਗਦਾ ਹੈ, ਅਸੀਂ ਕਦੇ ਸਵਾਲ ਨਹੀਂ ਕਰਦੇ। ਇਸ ਕੰਪਨੀ ਨੂੰ ਡੂੰਮਣੇ ਕਿਹੜੇ ਦਰੱਖਤਾਂ 'ਤੇ ਲੱਗਦੇ ਹਨ? ਸਾਡੇ ਆਲੇ-ਦੁਆਲੇ ਦੇ ਲੋਕ ਵੇਖਾ-ਵੇਖੀ ਜਿਵੇਂ ਕਰਜ਼ ਚੁੱਕ ਵੀ ਵੱਡੇ ਘਰ ਉਸਾਰਨ ਲਈ ਤਿਆਰ ਹੁੰਦੇ ਹਨ। ਇਨ੍ਹਾਂ ਅਜਿਹੇ ਹੋਰ ਨਿੱਕੇ-ਨਿੱਕੇ ਕਾਰਨ ਵੀ ਹੁੰਦੇ ਹਨ। ਮਨੁੱਖ ਨੇ ਕੁਦਰਤੀ ਵਸੀਲਿਆਂ ਦੀ ਬਰਬਾਦੀ ਦੇ ਤਾਂ ਆਧੁਨਿਕ ਢੰਗ ਤਰੀਕੇ ਖੋਜ ਲਏ ਹਨ ਪਰ ਇਹ ਨਹੀਂ ਖੋਜਿਆ ਕਿ ਕੁਦਰਤੀ ਵਸੀਲਿਆਂ ਨੂੰ ਬਚਾਇਆ ਕਿਵੇਂ ਜਾ ਸਕਦਾ ਹੈ। ਕੁਦਰਤੀ ਵਸੀਲਿਆਂ ਦੀ ਬਰਬਾਦੀ ਦੀ ਭਰਪਾਈ ਕਿਵੇਂ ਹੋ ਸਕਦੀ ਹੈ। ਇਸ ਲਈ ਕੇਵਲ ਮੀਟਿੰਗਾਂ, ਸੰਮੇਲਨ ਅਤੇ ਫ਼ਿਕਰ ਜ਼ਾਹਰ ਕੀਤੇ ਜਾਂਦੇ ਹਨ।

ਅੱਜ ਸਾਨੂੰ ਇਹ ਸਮਝਣ ਦੀ ਲੋੜ ਹੈ ਕਿ ਚੀਜ਼ਾਂ ਉਸ ਨੂੰ ਮਾਨਸਿਕ ਸੰਤੁਸ਼ਟੀ ਨਹੀਂ ਦੇ ਸਕਦੀਆਂ। ਵਸਤਾਂ ਲਈ ਲਾਈ ਜਾ ਰਹੀ ਅੰਨ੍ਹੀ ਦੌੜ ਮਨੁੱਖ ਨੂੰ ਕਿਸ ਪਾਸੇ ਲੈ ਜਾਵੇਗੀ? ਇੱਥੇ ਮਸਲਾ ਇਹ ਵੀ ਹੈ ਕਿ ਇਸ ਸਭ ਕੁਝ ਦੀ ਸਮਝ ਮਨੁੱਖ ਨੂੰ ਕਿੱਥੋਂ ਮਿਲੇ? ਅੱਜ ਹਾਲਾਤ ਇਹ ਹਨ ਕਿ ਮਨੁੱਖ ਨੂੰ ਸਬਰ ਸੰਤੋਖ ਦੀ ਸਿੱਖਿਆ ਦੇਣ ਵਾਲੇ ਵਸਤਾਂ ਚੀਜ਼ਾਂ ਅਤੇ ਜਾਇਦਾਦਾਂ ਲਈ ਸਭ ਤੋਂ ਵੱਧ ਹਾਬੜੇ ਫਿਰਦੇ ਹਨ। ਧਰਮ ਅਸਥਾਨਾਂ ਡੇਰਿਆਂ 'ਤੇ ਅਰਦਾਸਾਂ ਹੁਣ ਸਰਬੱਤ ਦੇ ਭਲੇ ਲਈ ਨਹੀਂ ਬਲਕਿ ਵਸਤਾਂ ਲਈ ਹੁੰਦੀਆਂ ਹਨ। ਇੱਥੋਂ ਤਕ ਕਿ ਧਰਮ ਕਰਮ ਦੇ ਕਾਰਜ ਕਰਨ ਵਾਲਿਆਂ ਨੇ ਵੀ ਆਪਣੀਆਂ ਸੰਗਤਾਂ ਲਈ ਕਰੀਮਾਂ ਪਾਊਡਰ ਤੇ ਹੋਰ ਵਾਧੂ ਹਜ਼ਾਰਾਂ ਤਰ੍ਹਾਂ ਦੇ ਵੱਖ-ਵੱਖ ਪ੍ਰੋਡਕਟ ਤਿਆਰ ਕਰਨੇ ਸ਼ੁਰੂ ਕਰ ਦਿੱਤੇ ਹਨ। ਕੁਦਰਤ ਨਾਲ ਇਕਮਿਕਤਾ ਉਸ ਦੀ ਮੁਕਤੀ ਦਾ ਰਾਹ ਹੈ। ਖਪਤ ਸਭਿਆਚਾਰ ਸਾਨੂੰ ਉਸ ਤਿਲਿੱਸ਼ਮੀ ਸੰਸਾਰ ਵੱਲ ਲੈ ਜਾ ਰਿਹਾ ਹੈ ਜਿੱਥੇ ਉਸ ਦੇ ਮਨ ਦੀ ਭਟਕਣਾ ਖ਼ਤਮ ਨਹੀਂ ਹੁੰਦੀ ਬਲਕਿ ਅਸੀਮ ਹੁੰਦੀ ਜਾਂਦੀ ਹੈ। ਬਜ਼ਾਰੂ ਕਾਰਪੋਰੇਟ ਤਾਕਤਾਂ ਦਾ ਗ਼ਲਬਾ ਇੰਨਾ ਵੱਡਾ ਹੈ ਕਿ ਇਸ ਨੇ ਸਾਡੇ ਸੰਚਾਰ ਸਾਧਨਾਂ, ਸਿੱਖਿਆ, ਖਾਣ-ਪੀਣ, ਰੀਤੀ-ਰਿਵਾਜਾਂ, ਤਿਉਹਾਰਾਂ, ਪਹਿਰਾਵੇ ਆਦਿ 'ਤੇ ਕਾਬਜ਼ ਹੋ ਕੇ ਇਸ ਨੇ ਸਾਨੂੰ ਆਪਣੇ ਅਨੁਸਾਰ ਤੋਰ ਲਿਆ ਹੈ ਅਤੇ ਮਨੁੱਖੀ ਜੀਵਨ ਦੀਆਂ ਸਰਗਰਮੀਆਂ ਅਤੇ ਮਨੋਰਥਾਂ ਨੂੰ ਇਸ ਨੇ ਬਦਲ ਕੇ ਰੱਖ ਦਿੱਤਾ ਹੈ। ਇਹ ਸਭ ਕੁਝ ਮਨੁੱਖ ਜਾਤੀ ਦੇ ਹਿੱਤ ਵਿੱਚ ਨਹੀਂ, ਬਲਕਿ ਇਹ ਕੁਦਰਤ ਦੇ ਵਿਨਾਸ਼ ਦਾ ਰਾਹ ਹੈ। ਵਿਨਾਸ਼ ਦੀ ਇਹ ਲੀਲ੍ਹਾ ਧਰਤੀ ਦੇ ਬਹੁਤ ਸਾਰੇ ਖਿੱਤਿਆਂ ਵਿੱਚ ਅੱਜ ਵੀ ਵੇਖੀ ਜਾ ਸਕਦੀ ਹੈ। ਇਹ ਖਪਤ ਸਭਿਆਚਾਰ ਇਕ ਬੇਰਹਿਮ ਸਭਿਆਚਾਰ ਹੈ। ਇਸ ਵਿੱਚ ਖਪਤ ਹੋ ਰਹੇ ਸਮਾਜ ਨੂੰ ਇਸ ਤੋਂ ਬਾਹਰ ਨਿਕਲਣ ਦਾ ਰਾਹ ਇਹ ਹੈ ਕਿ ਮਨੁੱਖ ਕੁਦਰਤ ਨਾਲ ਇਕਮਿਕਤਾ ਬਣਾ ਕੇ ਰੱਖੇ ਅਤੇ ਸਨਮਾਨ ਕਰੇ।

# ਬਜ਼ਾਰ ਦੇ ਗ਼ਲਬੇ ਵਿੱਚ ਗਵਾਚ ਰਹੇ ਹਨ ਮਨੁੱਖੀ ਆਜ਼ਾਦੀ ਦੇ ਅਰਥ

ਸਦੀਆਂ ਤੋਂ ਵੱਖ-ਵੱਖ ਇਲਾਕਿਆਂ ਨੂੰ ਜਿੱਤਣ, ਕਾਬਜ਼ ਹੋਣ ਅਤੇ ਆਪਣੀ ਸ਼ਕਤੀ ਦਾ ਵਿਸਥਾਰ ਕਰਨ ਲਈ ਇਕ ਦੇਸ਼ ਦੇ ਸ਼ਾਸਕ ਦੂਜੇ ਦੇਸ਼ਾਂ 'ਤੇ ਹਮਲੇ ਕਰਦੇ ਰਹੇ ਹਨ। ਮੱਧ ਯੁੱਗ ਵਿੱਚ ਇਸ ਵਰਤਾਰੇ ਰਾਹੀਂ ਲੋਕਾਂ ਨੂੰ ਬੰਨ੍ਹ ਕੇ ਗ਼ੁਲਾਮ ਬਣਾ ਲਿਆ ਜਾਂਦਾ ਸੀ। ਸ਼ਕਤੀਸ਼ਾਲੀ ਕਬੀਲੇ ਦੂਜੇ ਕਬੀਲੇ ਦੇ ਲੋਕਾਂ ਦਾ ਅਨਾਜ, ਪਸ਼ੂਆਂ ਦੇ ਇੱਜੜ ਅਤੇ ਔਰਤਾਂ ਨੂੰ ਬੰਦੀ ਬਣਾ ਕੇ ਆਪਣੇ ਇਲਾਕਿਆਂ ਵਿੱਚ ਲੈ ਜਾਂਦੇ ਸਨ। ਇਹ ਹਮਲੇ ਲੁੱਟਮਾਰ ਕਰਨ ਦੀ ਪ੍ਰਵਿਰਤੀ ਨਾਲ ਕੀਤੇ ਜਾਂਦੇ ਸਨ। ਫਿਰ ਜਦੋਂ ਦੁਨੀਆਂ ਵਿੱਚ ਹੱਦਬੰਦੀਆਂ ਕਾਇਮ ਹੋਈਆਂ ਤਾਂ ਦੁਨੀਆਂ ਦੇ ਵੱਡੇ ਇਲਾਕਿਆਂ ਨੂੰ ਜਿੱਤਣ ਅਤੇ ਆਪਣੇ ਰਾਜਾਂ ਦੀਆਂ ਸੀਮਾਵਾਂ ਦਾ ਵਿਸਥਾਰ ਕਰਨ ਲਈ ਲੜਾਈਆਂ ਲੜੀਆਂ ਜਾਣ ਲੱਗੀਆਂ। ਤਾਕਤ ਦੇ ਜ਼ੋਰ ਨਾਲ ਕਿਸੇ ਦੂਜੇ ਖਿੱਤੇ ਦੇ ਲੋਕਾਂ ਨੂੰ ਗ਼ੁਲਾਮ ਬਣਾਇਆ ਜਾਂਦਾ ਸੀ ਤਾਂ ਇਸ ਗ਼ੁਲਾਮੀ ਦੇ ਗ਼ੁਲਾਮ ਹੋ ਗਈਆਂ ਕੌਮਾਂ ਨੂੰ ਅਹਿਸਾਸ ਹੁੰਦਾ ਸੀ। ਪਰ ਅੱਜ ਗ਼ੁਲਾਮੀ ਦੇ ਅਰਥ ਬਦਲ ਗਏ ਹਨ। ਦੁਨੀਆਂ ਨੂੰ ਆਪਣੇ ਢੰਗ ਨਾਲ ਚਲਾਉਣ ਵਾਲੀਆਂ ਤਾਕਤਾਂ ਨੇ ਹੁਣ ਸਮਝ ਲਿਆ ਹੈ ਕਿ ਮਨੁੱਖ ਨੂੰ ਗ਼ੁਲਾਮ ਬਣਾਉਣ ਲਈ ਜੰਗਾਂ ਯੁੱਧਾਂ ਦੀ ਲੋੜ ਨਹੀਂ। ਅੱਜ ਇਲਾਕਿਆਂ, ਧਰਤੀਆਂ 'ਤੇ ਕਬਜ਼ੇ ਕਰਕੇ ਲੋਕਾਂ ਨੂੰ ਗ਼ੁਲਾਮ ਬਣਾਉਣ ਦੀ ਲੋੜ ਨਹੀਂ, ਬਲਕਿ ਮਨੁੱਖ ਨੂੰ ਜ਼ਿਹਨੀ ਤੌਰ 'ਤੇ ਗ਼ੁਲਾਮ ਬਣਾਉਣ ਲਈ ਪਹਿਲਾਂ ਉਸ ਨੂੰ ਅਜਿਹੀਆਂ ਵਸਤਾਂ ਦਾ ਆਦੀ ਬਣਾ ਦਿੱਤਾ ਜਾਂਦਾ ਹੈ, ਬਾਅਦ ਵਿੱਚ ਉਨ੍ਹਾਂ ਵਸਤਾਂ 'ਤੇ ਗ਼ਲਬਾ ਪਾ ਕੇ ਮਨੁੱਖ ਦੀ ਗ਼ੁਲਾਮੀ ਦਾ ਮੁੱਢ ਬੰਨ੍ਹਿਆ ਜਾਂਦਾ ਹੈ। ਇਹ ਇੱਕ ਨਵੀਂ ਕਿਸਮ ਦੀ ਅਦਿੱਖ ਗ਼ੁਲਾਮੀ ਹੈ ਜਿਸ ਦਾ ਬਹੁਗਿਣਤੀ ਨੂੰ ਅਹਿਸਾਸ ਤਕ ਨਹੀਂ ਹੈ।

ਆਮ ਮਨੁੱਖ ਨੂੰ ਇਹ ਪਤਾ ਵੀ ਨਹੀਂ ਚੱਲਦਾ ਕਿ ਉਹਨੂੰ ਕਿਹੜੇ ਕਿਹੜੇ ਢੰਗ ਤਰੀਕਿਆਂ ਨਾਲ ਠੱਗਿਆ ਲੁੱਟਿਆ ਜਾ ਰਿਹਾ ਹੈ। ਵਪਾਰੀ ਦਿਮਾਗ਼ਾਂ ਦੇ ਲੋਕ ਆਮ ਮਨੁੱਖ ਦੀਆਂ ਲੋੜਾਂ 'ਤੇ ਕਾਬਜ਼ ਹੋਣ ਦੀਆਂ ਚਾਲਾਂ ਚੱਲਣ ਲੱਗ ਪਏ ਹਨ। ਪਾਣੀ ਮਨੁੱਖ ਦੀ ਲੋੜ ਹੈ ਤਾਂ ਪਾਣੀ ਨੂੰ ਵਪਾਰੀ ਦਿਮਾਗ਼ ਆਪਣੇ ਹੱਥਾਂ ਵਿੱਚ ਕਰਨ ਤੁਰ ਪਏ ਹਨ। ਬਿਜਲੀ ਬਗੈਰ ਮਨੁੱਖ ਦਾ ਗੁਜ਼ਾਰਾ ਨਹੀਂ ਤਾਂ ਬਿਜਲੀ ਪ੍ਰਾਈਵੇਟ ਹੱਥਾਂ ਵਿੱਚ ਦਿੱਤੀ ਜਾ ਰਹੀ ਹੈ। ਪੈਟਰੋਲ, ਡੀਜ਼ਲ ਲੋਕਾਂ ਦੀ ਲੋੜ ਹੈ ਤਾਂ ਉਹ ਵਪਾਰਕ ਹੱਥਾਂ ਵਿੱਚ ਹਨ। ਦਵਾਈਆਂ ਲੋਕਾਂ ਦੀ ਲੋੜ ਹਨ ਤਾਂ ਇਨ੍ਹਾਂ ਨੂੰ ਬਿਮਾਰਾਂ ਦੀ ਸੇਵਾ ਲਈ ਨਹੀਂ ਬਲਕਿ 'ਬਿਮਾਰੀਆਂ ਨੂੰ ਵੱਡੇ ਰੋਜ਼ਗਾਰ' ਦੇ ਖੇਤਰ ਵਜੋਂ ਵੇਖਿਆ ਜਾਂਦਾ ਹੈ। ਬੱਚਿਆਂ ਨੂੰ ਪੜ੍ਹਾਉਣਾ ਜੇਕਰ ਲੋਕਾਂ ਦੀ ਲੋੜ ਹੈ ਤਾਂ 'ਵਿੱਦਿਆ ਨੂੰ ਇਕ ਵੱਡਾ ਕਾਰੋਬਾਰ' ਬਣਾ ਦਿੱਤਾ ਗਿਆ ਹੈ। ਹੋਰ ਤਾਂ ਹੋਰ ਅਨੇਕਾਂ ਲੋੜਾਂ 'ਚੋਂ



ਬਹੁ ਗਿਣਤੀ ਲੋਕਾਂ ਦੀ ਇਕ ਲੋੜ 'ਰੱਬ ਦਾ ਆਸਰਾ' ਵੀ ਹੈ। ਜਦੋਂ ਚਲਾਕ ਅਤੇ ਵਪਾਰੀ ਦਿਮਾਗ਼ ਵਾਲੇ ਲੋਕਾਂ ਨੇ ਸੋਚਿਆ ਕਿ ਕਮਾਈ ਇਹਦੇ ਤੋਂ ਵੀ ਮੋਟੀ ਕੀਤੀ ਜਾ ਸਕਦੀ ਹੈ ਤਾਂ ਵਪਾਰੀ ਇਸ ਖੇਤਰ ਵਿੱਚ ਵੀ ਕਾਬਜ਼ ਹੋ ਗਏ। ਮਲਟੀਨੈਸ਼ਨਲ ਕੰਪਨੀਆਂ ਫ਼ਸਲਾਂ ਦੇ ਵੰਸ਼ ਰਹਿਤ ਬੀਜ ਤਿਆਰ ਕਰਨ ਅਤੇ ਇਸ ਧੰਦੇ ਨੂੰ ਵਿਆਪਕ ਬਣਾਉਣ ਲਈ ਸਰਗਰਮ ਹਨ। ਜ਼ਮੀਨ ਮਨੁੱਖ ਦੀ ਲੋੜ ਹੀ ਨਹੀਂ ਬਲਕਿ ਦੂਜੀਆਂ ਜ਼ਰੂਰੀ ਲੋੜਾਂ ਦੀ ਪੂਰਤੀ ਕਰਨ ਦਾ ਜ਼ਰੀਆ ਵੀ ਹੈ। ਅੱਜ ਜ਼ਮੀਨ 'ਤੇ ਵੀ ਵੱਡੀਆਂ-ਵੱਡੀਆਂ ਕੰਪਨੀਆਂ ਕਾਬਜ਼ ਹੋ ਰਹੀਆਂ ਹਨ। ਵਿਰੋਧ ਕਰਨ ਵਾਲੇ ਜ਼ਮੀਨਾਂ ਦੇ ਮਾਲਕਾਂ ਨੂੰ ਡਾਂਗਾਂ ਸੋਟਿਆਂ ਨਾਲ ਨਿਵਾਜਿਆ ਜਾਂਦਾ ਹੈ। ਜਿਹੜੀਆਂ ਸਰਕਾਰਾਂ ਰੋਟੀ, ਕੱਪੜਾ, ਮਕਾਨ ਅਤੇ ਮੁਫ਼ਤ ਸਿੱਖਿਆ ਦੇਣ ਦੇ ਫੋਕੇ ਲਾਰੇ ਲੋਕਾਈ ਨੂੰ ਲਾਉਂਦੀਆਂ ਰਹੀਆਂ ਹਨ ਉਨ੍ਹਾਂ ਦੇ ਲੱਠਮਾਰ ਰੇਤਾ ਦੀਆਂ ਵਸੂਲੀਆਂ ਕਰਨ ਲਈ ਸੜਕਾਂ 'ਤੇ ਆ ਬੈਠੇ। ਗੱਲ ਤਾਂ ਆਖ਼ਿਰ ਕਾਰੋਬਾਰ ਕਰਨ ਦੀ ਹੈ, ਜਿਸ ਚੀਜ਼ 'ਚੋਂ ਕਾਰੋਬਾਰ ਨਿਕਲਦਾ ਹੈ ਡੰਡੇ ਵਾਲੇ ਕੱਢ ਲੈਂਦੇ ਹਨ। ਘਰ ਬਣਾਉਣ ਲਈ ਲੋੜੀਂਦਾ ਸਮਾਨ ਇੰਨਾ ਮਹਿੰਗਾ ਹੋ ਗਿਆ ਹੈ ਕਿ ਗ਼ਰੀਬ ਬੰਦਾ ਘਰ ਬਣਾਉਣ ਦਾ ਸੁਪਨਾ ਵੀ ਨਹੀਂ ਲੈ ਸਕਦਾ? ਇਸ ਵਪਾਰਕ, ਬੇਕਿਰਕ ਅਤੇ ਬੇਰਹਿਮੀ ਦੇ ਦੌਰ ਵਿੱਚ ਆਮ ਬੰਦਾ ਕਰੇ ਤਾਂ ਕੀ ਕਰੇ? ਆਮ ਗ਼ਰੀਬ ਲੋਕ ਜ਼ਿੰਦਗੀ ਜਿਊਣ ਲਈ ਜੱਦੋ-ਜਹਿਦ ਕਰਦੇ ਹਨ ਪਰ ਸਰਕਾਰਾਂ ਦੇ ਕਲ-ਪੁਰਜਿਆਂ ਨੂੰ ਸੰਚਾਲਿਤ ਕਰਨ ਵਾਲੇ ਦਿਮਾਗ਼ ਵੇਖਦੇ ਹਨ ਕਿ ਜੋ ਵਸਤ ਲੋਕਾਂ ਦੀ ਜ਼ਰੂਰੀ ਲੋੜ ਬਣ ਗਈ ਹੈ ਉਹਨੂੰ ਆਪਣੇ ਹੱਥਾਂ ਵਿੱਚ ਕਿਵੇਂ ਕਰਨਾ ਹੈ।

ਜਦੋਂ ਲੋਕਾਂ ਦੀ ਜ਼ਰੂਰਤ ਬਣੀ ਹੋਈ ਕਿਸੇ ਚੀਜ਼ ਦੇ ਰੇਟ ਵਧਦੇ ਹਨ ਲੋਕ ਚੀਕ ਚਿਹਾੜਾ ਪਾਉਂਦੇ ਹਨ। ਸਰਕਾਰਾਂ ਵੱਲੋਂ ਇਹ ਕਿਹਾ ਜਾਂਦਾ ਹੈ ਕਿ ਰੇਟ ਅਸੀਂ ਨਹੀਂ ਬਲਕਿ ਇਹ ਤਾਂ ਸੰਬੰਧਿਤ ਕੰਪਨੀ ਨੇ ਵਧਾਏ ਹਨ। ਨਾਲ ਹੀ ਤਰਕ ਇਹ ਵੀ ਹੁੰਦਾ ਹੈ ਕਿ ਸੰਬੰਧਿਤ ਕੰਪਨੀ ਘਾਟੇ ਵਿੱਚ ਚੱਲ ਰਹੀ ਸੀ। ਲੋਕ ਅਜਿਹੀਆਂ ਬਿਆਨਬਾਜ਼ੀਆਂ ਦਾ ਕੀ ਅਰਥ ਲੈਣ? ਜੇਕਰ ਲੋਕਾਂ ਦੀ ਜ਼ਿੰਦਗੀ ਨਾਲ ਜੁੜੀਆਂ ਜ਼ਰੂਰੀ ਵਸਤਾਂ ਦੇ ਭਾਅ ਵੱਖ-ਵੱਖ ਕੰਪਨੀਆਂ ਨੇ ਹੀ ਨਿਰਧਾਰਤ ਕਰਨੇ ਹਨ ਤਾਂ ਸਰਕਾਰਾਂ ਦਾ ਇਸ ਸੰਬੰਧੀ ਕੀ ਰੋਲ ਹੈ? ਲੋਕਾਂ ਦੀ ਜ਼ਿੰਦਗੀ ਖ਼ੁਸ਼ਹਾਲ ਬਣਾਉਣ ਲਈ ਚੋਣਾਂ ਦੌਰਾਨ ਕੀਤੇ ਵੱਡੇ-ਵੱਡੇ ਵਾਹਦਿਆਂ ਦਾਅਵਿਆਂ ਦੇ ਭਲਾ ਕੀ ਅਰਥ? ਜਿਵੇਂ ਪਹਿਲਾਂ ਲਿਖਿਆ ਗਿਆ ਹੈ ਕਿ ਹੁਣ ਬਿਮਾਰ ਦੀ ਸੇਵਾ ਨਹੀਂ ਬਲਕਿ ਬਿਮਾਰੀਆਂ ਤੋਂ ਪੈਦਾ ਹੋਣ ਜਾ ਰਹੇ ਕਾਰੋਬਾਰ ਨੂੰ ਵੇਖੇ ਜਾਣ ਦਾ ਸਮਾਂ ਹੈ। ਸਰਕਾਰੀ ਮਸ਼ੀਨਰੀ ਨੂੰ ਸੰਚਾਲਿਤ ਕਰਨ ਵਾਲੇ ਨੇਤਾਵਾਂ ਦੀਆਂ ਬਿਆਨਬਾਜ਼ੀਆਂ ਆਉਂਦੀਆਂ ਹਨ, '**ਅਦਾਰਾ ਲਗਾਤਾਰ ਘਾਟੇ ਦਾ ਸ਼ਿਕਾਰ ਹੋ ਰਿਹਾ ਹੈ। ਇਸ ਲਈ ਨਵੀਂ ਭਰਤੀ ਨਹੀਂ ਕੀਤੀ ਜਾ ਸਕਦੀ, ਫੰਡ ਜਾਰੀ ਨਹੀਂ ਕੀਤੇ ਜਾ ਸਕਦੇ**' ਵਗੈਰਾ ਵਗੈਰਾ। ਪਰ ਉਨ੍ਹਾਂ ਹੀ ਅਦਾਰਿਆਂ ਨੂੰ ਅਗਲੇ ਪੰਜਾਂ ਸਾਲਾਂ ਲਈ ਸੰਭਾਲਣ ਦੀ ਝਾਕ ਲਾਈ ਚੋਣਾਂ ਜਿੱਤਣ ਲਈ ਲੱਖਾਂ ਰੁਪਏ ਫਿਰ ਝੋਕ ਦਿੱਤੇ ਜਾਂਦੇ ਹਨ। ਆਖ਼ਿਰ ਕਿਉਂ? ਪਿਛਲੇ ੧੫-੨੦ ਸਾਲਾਂ ਤੋਂ ਬਹੁਤ ਸਾਰੇ ਅਜਿਹੇ ਸਰਕਾਰੀ ਅਦਾਰਿਆਂ ਦਾ ਜਾਣ-ਬੁੱਝ

ਕੇ ਬੇੜਾ ਗਰਕ ਕਰ ਦਿੱਤਾ ਗਿਆ ਅਤੇ ਬਾਅਦ ਵਿੱਚ ਉਨ੍ਹਾਂ ਨੂੰ ਲੋਕਾਂ ਦੀ ਲੰਬੀ ਗ਼ੁਲਾਮੀ ਦਾ ਮੁੱਢ ਬੰਨ੍ਹਣ ਲਈ ਗ਼ੈਰ-ਸਰਕਾਰੀ ਜਾਂ ਅਰਧ-ਸਰਕਾਰੀ ਹੱਥਾਂ ਵਿੱਚ ਸੌਂਪ ਦਿੱਤਾ ਗਿਆ।

ਅੱਜ ਦੀ ਰਾਜਨੀਤੀ, ਧਰਮ ਅਤੇ ਸਿੱਖਿਆ ਦਾ ਪ੍ਰਬੰਧ ਲੋਕਾਂ ਦੇ ਹੱਥਾਂ ਵਿੱਚ ਹੋਣ ਦੀ ਬਜਾਏ ਬਜ਼ਾਰ ਦੇ ਹੱਥਾਂ ਵਿੱਚ ਵਧੇਰੇ ਹੈ। ਬਜ਼ਾਰ ਨੇ ਮਨੁੱਖੀ ਮਨ ’ਤੇ ਕਬਜ਼ਾ ਜਮਾਉਣ ਲਈ ਹਜ਼ਾਰਾਂ ਕਿਸਮਾਂ ਦੇ ਢੰਗ ਤਰੀਕੇ ਖੋਜ ਲਏ ਹਨ। ਜਿਸ ਚੀਜ਼ ਦੀ ਮਨੁੱਖ ਨੂੰ ਲੋੜ ਨਹੀਂ ਵੀ ਹੁੰਦੀ ਉਹਦੀ ਲੋੜ ਪੈਦਾ ਕਰ ਦਿੱਤੀ ਜਾਂਦੀ ਹੈ। ਬਜ਼ਾਰ ਦੇ ਕਰੂਰ ਵਰਤਾਰਿਆਂ ਨਾਲ ਸਾਡੇ ਅੰਦਰਲੀ ਸੰਵੇਦਨਸ਼ੀਲਤਾ ਪੇਤਲੀ ਪੈਣ ਲੱਗ ਪਈ ਹੈ। ਮਨੁੱਖ ਨੂੰ ਉਨ੍ਹਾਂ ਸਭ ਤਰ੍ਹਾਂ ਦਿਆਂ ਵਰਤਾਰਿਆਂ ਜਿਨ੍ਹਾਂ ’ਤੇ ਉਹ ਕਿੰਤੂ ਕਰ ਸਕਦਾ ਹੈ ਪ੍ਰਤੀ ਸੀਲ ਕਰਨ ਲਈ ਢੰਗ ਤਰੀਕੇ ਖੋਜੇ ਜਾ ਰਹੇ ਹਨ। ਹੱਡ ਮਾਸ ਦੇ ਢਾਂਚਿਆਂ ’ਤੇ ਤੇਜ਼ੀ ਨਾਲ ਬਜ਼ਾਰ ਦਾ ਕਬਜ਼ਾ ਹੋ ਰਿਹਾ ਹੈ। ਬਜ਼ਾਰ ਅਤੇ ਵਪਾਰ ਦੇ ਇਸ ਯੁੱਗ ਵਿੱਚ ਮਨੁੱਖ ਨੂੰ ਵੀ ਮੰਡੀ ਦੀ ਵਸਤ ਵਾਂਗ ਵੇਖਿਆ ਅਤੇ ਸਮਝਿਆ ਜਾ ਰਿਹਾ ਹੈ। ਬਜ਼ਾਰ ਦਾ ਫੈਲਾਅ ਹੋ ਰਿਹਾ ਹੈ, ਇਨਸਾਨ ਸੁੰਗੜ ਰਿਹਾ ਹੈ। ਅਜ਼ਾਦੀ ਤਾਂ ਅਜ਼ਾਦੀ ਹੁੰਦੀ ਹੈ, ਅਜ਼ਾਦੀ ਦਾ ਸੰਕਲਪ ਕਦੇ ਬਦਲਦਾ ਨਹੀਂ, ਨਾ ਹੀ ਬਦਲੇਗਾ; ਪਰ ਗ਼ੁਲਾਮੀ ਦਾ ਸੰਕਲਪ ਬਦਲ ਗਿਆ ਹੈ। ਹੁਣ ਮਨੁੱਖ ਨੂੰ ਲੁੱਟਣ ਲਈ ਉਸ ਨੂੰ ਗ਼ੁਲਾਮ ਬਣਾਉਣ ਦੀ ਲੋੜ ਨਹੀਂ ਰਹੀ। ਉਸ ਦੇ ਜ਼ਿਹਨ ’ਤੇ ਕਬਜ਼ਾ ਕਰ ਲਿਆ ਜਾਂਦਾ ਹੈ। ਮਨੁੱਖ ਨੂੰ ਉਸ ਦੀਆਂ ਲੋੜਾਂ ਦਾ ਗ਼ੁਲਾਮ ਬਣਾ ਦਿੱਤਾ ਜਾਂਦਾ ਹੈ ਅਤੇ ਲੋੜਾਂ ਦੀ ਪੂਰਤੀ ਦਾ ਕਾਰੋਬਾਰ ਬਜ਼ਾਰ ਦੇ ਹੱਥ ਹੈ। ਜਿਵੇਂ-ਜਿਵੇਂ ਬਜ਼ਾਰ ਦਾ ਗ਼ਲਬਾ ਮਨੁੱਖ ’ਤੇ ਵਧ ਰਿਹਾ ਹੈ ਉਵੇਂ-ਉਵੇਂ ਉਹ ਅਜ਼ਾਦੀ ਦੇ ਅਰਥ ਗੁਆ ਰਿਹਾ ਹੈ। ਮਨੁੱਖ ਦਾ ਸ਼ੋਸ਼ਣ ਕਰਨ ਵਾਲੀਆਂ ਧਿਰਾਂ ਕੋਲ ਬੜੇ ਵੱਡੇ ਸਾਧਨ ਹਨ। ਬੜੇ ਵੱਡੇ ਦਿਮਾਗ਼ ਹਨ। ਉਹ ਕੁਝ ਵੀ ਕਰਨ ਦੇ ਸਮਰੱਥ ਹਨ। ਸਾਰਾ ਤੰਤਰ ਉਨ੍ਹਾਂ ਦੇ ਹੱਕ ਵਿੱਚ ਭੁਗਤਦਾ ਹੈ।

ਵਸਤਾਂ, ਜਿਣਸਾਂ ਦੇ ਜੰਗਲ ਵਿੱਚ ਗਵਾਚਿਆ ਮਨੁੱਖ ਵੀ ਇਕ ਜਿਣਸ ਬਣ ਕੇ ਰਹਿ ਗਿਆ ਹੈ। ਇਹਦੇ ਆਪਣੇ ਭਾਅ ਹਨ। ਅੱਜ ਦਾ ਯੁੱਗ, ਅਹੁਦੇਦਾਰੀਆਂ, ਸੱਤਾ ਦੀਆਂ ਕੁਰਸੀਆਂ ਆਦਿ ’ਤੇ ਮੋਟਾ ਪੈਸਾ ਖ਼ਰਚ ਕੇ ਮੋਟੀਆਂ ਕਮਾਈਆਂ ਕਰਨ ਦਾ ਯੁੱਗ ਹੈ। ਇੱਥੇ ਹੀ ਬੱਸ ਨਹੀਂ ਅੱਜ ਲੋਕਾਂ ਦੀ ਸ਼ਰਧਾ ਨੂੰ ਵੀ ਵੋਟਾਂ ਵਿੱਚ ਤਬਦੀਲ ਕਰਕੇ ਵੱਡੇ ਮੁਨਾਫ਼ੇ ਲਏ ਜਾ ਰਹੇ ਹਨ। ਅਧਿਆਤਮਵਾਦ ਦੇ ਪੱਖੋਂ ਮਨੁੱਖ ਦੀ ਅਗਵਾਈ ਕਰਨ ਵਾਲੇ ਵੀ ਇਸ ਵਰਤਾਰੇ ਤੋਂ ਅਭਿੱਜ ਨਹੀਂ ਰਹੇ। ਉਨ੍ਹਾਂ ਨੇ ਆਪਣੇ ਝੰਡੇ ਹੇਠ ਇਕੱਠੇ ਹੋਏ ਸ਼ਰਧਾਲੂਆਂ ਨੂੰ ਵੋਟ ਦੇ ਰੂਪ ਵਿੱਚ ਵੇਖਣਾ ਸ਼ੁਰੂ ਕਰ ਦਿੱਤਾ ਹੈ। ਇਸ ਨਾਲ ਆਪਣਾ ਰਾਜਨੀਤਕ ਖੇਤਰ ਵਿੱਚ ਮੁੱਲ ਪਵਾਉਣ ਲਈ ਇਸ ਨੂੰ ਬਜ਼ਾਰ ਵਿੱਚ ਲੈ ਆਂਦਾ ਹੈ। ਧਾਰਮਿਕ ਝੰਡਿਆਂ ਹੇਠ ਇਕੱਠੇ ਹੋਏ ਸਿਰਾਂ ਦਾ ਮੁੱਲ ਵੱਟਿਆ ਜਾਣ ਲੱਗਿਆ ਹੈ। ਧਰਮ ਦੇ ਕਿਹੜੇ ਰਹਿਨੁਮਾ ਕੋਲ ਕਿੰਨੇ ਸਿਰ ਹਨ, ਇਹਦੇ ਅਨੁਸਾਰ ਉਹ ਸੱਤਾ ਦਾ ਭਾਗੀਦਾਰ ਬਣ ਸਕਦਾ ਹੈ। ਬਜ਼ਾਰ ਦੇ ਕਰੂਰ ਵਰਤਾਰੇ ਅਤੇ ਖ਼ਰੀਦੋ-ਫਰੋਖ਼ਤ ਦੇ ਇਸ ਦੌਰ ਵਿੱਚ ਜੇਕਰ ਕੋਈ ਕਿਸੇ



ਤੋਂ ਲੋਕ ਭਲਾਈ ਦੀ ਆਸ ਰੱਖੇ ਤਾਂ ਇਹ ਆਸ ਊਠ ਦੇ ਬੁੱਲ੍ਹ ਡਿੱਗਣ ਦੀ ਝਾਕ ਵਾਂਗ ਹੈ, ਜਿਸ ਨੂੰ ਪੁਰਾਣੇ ਲੋਕ ਇਮਾਨ, ਸਵੈ-ਮਾਨ ਕਿਹਾ ਕਰਦੇ ਸਨ। ਉਹ ਹੁਣ ਬੀਤੇ ਸਮਿਆਂ ਦੀਆਂ ਬਾਤਾਂ ਬਣ ਗਏ ਹਨ। ਜਾਗਦੀ ਜ਼ਮੀਰ ਵਾਲੇ ਬੰਦੇ ਨੂੰ ਮੂਰਖ ਸਮਝਿਆ ਜਾਣ ਲੱਗਿਆ ਹੈ।

ਤਕਨੀਕੀ ਵਿਕਾਸ ਅਤੇ ਸਿੱਖਿਆ ਦੇ ਵਿਸਥਾਰ ਨਾਲ ਭਾਵੇਂ ਇਹ ਸਮਝਿਆ ਜਾਣ ਲੱਗਿਆ ਹੈ ਕਿ ਮਨੁੱਖ ਪਹਿਲਾਂ ਨਾਲੋਂ ਸਿਆਣਾ ਹੋ ਰਿਹਾ ਹੈ ਪਰ ਹਕੀਕਤ ਇਹ ਹੈ ਕਿ ਸਾਡੇ ਅੰਦਰਲੇ ਮਾਨਵੀਗੁਣ ਪਹਿਲਾਂ ਦੇ ਮੁਕਾਬਲੇ ਸੁੰਗੜ ਰਹੇ ਹਨ। ਅੱਜ ਹਾਲਾਤ ਇਹ ਹਨ ਕਿ ਮਨੁੱਖ ਅੰਦਰੋਂ ਭਾਵੁਕਤਾ, ਸੰਵੇਦਨਾ, ਬੌਧਿਕਤਾ ਪੇਤਲੀ ਪੈਣ ਲੱਗ ਪਈ ਹੈ। ਸਾਡੀ ਪੜ੍ਹਾਈ ਚੰਗੇ ਮਨੁੱਖ ਨਹੀਂ, ਬਲਕਿ ਵਪਾਰੀ ਦਿਮਾਗ਼ ਵਾਲੀ ਜਮਾਤ ਪੈਦਾ ਕਰਨ ਵੱਲ ਸੇਧਤ ਹੈ।

ਹੁਣ ਤਕ ਇਹ ਹੀ ਸਮਝਿਆ ਜਾਂਦਾ ਰਿਹਾ ਹੈ ਕਿ ਲੋਕਾਂ ਵਿੱਚ ਜਿਵੇਂ-ਜਿਵੇਂ ਜਾਗਰਿਤੀ ਆਏਗੀ ਲੋਕ ਆਪਣੇ ਹੱਕਾਂ ਪ੍ਰਤੀ ਜਾਗਰੂਕ ਹੋ ਜਾਣਗੇ। ਪਰ ਸਮਾਜ ਦੀ ਬਹੁਗਿਣਤੀ ਅਜੇ ਵੀ ਹਨੇਰੇ ਵਿੱਚ ਹੱਥ ਪੈਰ ਮਾਰ ਰਹੀ ਹੈ। ੬ ਦਹਾਕਿਆਂ ਤੋਂ ਦੇਸ਼ ਦੀ ਵਾਗਡੋਰ ਆਪਣੇ ਹੱਥਾਂ ਵਿੱਚ ਰੱਖਣ ਵਾਲਿਆਂ ਦੀ ਕਾਰਗੁਜ਼ਾਰੀ ਨੇ ਇਹ ਸਾਬਤ ਕਰ ਦਿੱਤਾ ਹੈ ਕਿ ਆਮ ਬੰਦੇ ਦੀ ਹੋਣੀ ਦੇ ਉਹ ਵਾਲੀਵਾਰਸ ਨਹੀਂ ਹਨ। ਮੰਡੀ ਅਤੇ ਵਪਾਰ ਦੇ ਇਸ ਯੁੱਗ ਵਿੱਚ ਆਮ ਬੰਦੇ ਨੂੰ ਤਾਂ ਪਤਾ ਵੀ ਨਹੀਂ ਲੱਗਦਾ ਕਿ ਉਹਦੇ ਨਾਲ ਹੋ ਕੀ ਰਿਹਾ ਹੈ। ਵਪਾਰੀ ਦਿਮਾਗ਼ਾਂ ਅਤੇ ਮੰਡੀ ਦੀਆਂ ਤਾਕਤਾਂ ਨੇ ਸਾਨੂੰ ਦਰਸਾਇਆ ਹੈ ਕਿ ਗ਼ੁਲਾਮੀ ਇਕ ਤਰ੍ਹਾਂ ਦੀ ਨਹੀਂ ਹੁੰਦੀ, ਇਹਦੇ ਕਈ ਰੂਪ ਹਨ। ਅੱਜ ਮਨੁੱਖ ਦੀਆਂ ਬੁਨਿਆਦੀ ਲੋੜਾਂ ’ਤੇ ਕਾਬਜ਼ ਹੋਣ ਲਈ ਕਾਰਪੋਰੇਟ ਤਾਕਤਾਂ ਹਰ ਹਰਬਾ ਵਰਤ ਰਹੀਆਂ ਹਨ। ਸੰਚਾਰ ਦੇ ਸਾਧਨਾਂ ਦੀ ਵਰਤੋਂ ਰਾਹੀਂ ਮਨੁੱਖ ਸਾਹਮਣੇ ਵਸਤਾਂ ਦਾ ਇਕ ਵਿਸ਼ਾਲ ਜੰਗਲ ਖੜ੍ਹਾ ਕੀਤਾ ਗਿਆ ਹੈ। ਸਾਡੀ ਵਿੱਦਿਆ-ਪ੍ਰਣਾਲੀ ਮਨੁੱਖ ਨੂੰ ਇਸ ਪ੍ਰਤੀ ਸੁਚੇਤ ਕਰਨ ਦੇ ਕਾਬਲ ਨਹੀਂ ਹੈ। ਸਾਡੇ ਲੋਕ ਨੁਮਾਇੰਦੇ ਹੁਣ ਆਮ ਲੋਕਾਂ ਨੂੰ ਦੱਸਣ ਲੱਗ ਪਏ ਹਨ ਕਿ ਹੁਣ ਦੇਸ਼ ਦਾ ਵਿਕਾਸ ਕਾਰਪੋਰੇਟ ਕੰਪਨੀਆਂ ਕਰਨਗੀਆਂ। ਇਹ ਆਮ ਲੋਕਾਂ ਨੂੰ ਇਕ ਅਜਿਹੀ ਗ਼ੁਲਾਮੀ ਵੱਲ ਧਕੇਲ ਦੇਣ ਦਾ ਵਰਤਾਰਾ ਹੈ ਜੋ ਆਮ ਜਨ-ਸਧਾਰਨ ਦੀ ਸਮਝ ਤੋਂ ਪਰ੍ਹੇ ਹੈ। ਅਦਿੱਖ ਗ਼ੁਲਾਮੀ ਦਾ ਇਹ ਵਰਤਾਰਾ ਇੰਨਾ ਖ਼ਤਰਨਾਕ ਸਾਬਤ ਹੋਵੇਗਾ, ਮਨੁੱਖ ਬਜ਼ਾਰ ਦਾ ਗ਼ੁਲਾਮ ਵੀ ਹੋਵੇਗਾ ਅਤੇ ਉਸ ਨੂੰ ਆਪਣੀ ਇਸ ਗ਼ੁਲਾਮੀ ਦਾ ਅਹਿਸਾਸ ਵੀ ਨਹੀਂ ਹੋਵੇਗਾ। ਸੋ ਮਨੁੱਖਤਾ ਲਈ ਦਰਦ ਰੱਖਣ ਵਾਲੇ ਮਾਨਵਤਾ ਦੇ ਹਿਤੈਸ਼ੀ ਲੇਖਕਾਂ, ਬੁੱਧੀਜੀਵੀਆਂ, ਪੱਤਰਕਾਰਾਂ ਦਾ ਇਹ ਫ਼ਰਜ਼ ਬਣਦਾ ਹੈ ਕਿ ਉਹ ਲੋਕਾਂ ਨੂੰ ਚੇਤੰਨ ਕਰਨ ਲਈ ਆਪਣਾ ਫ਼ਰਜ਼ ਨਿਭਾਉਣ ਅਤੇ ਵਰਤਮਾਨ ਸਮੇਂ ਦੀ ਜ਼ਿਹਨੀ ਅਤੇ ਅਦਿੱਖ ਗ਼ੁਲਾਮੀ ਤੋਂ ਮਨੁੱਖ ਨੂੰ ਸੁਚੇਤ ਕਰਨ।

# ਮਨਫ਼ੀ ਹੋ ਰਿਹਾ ਕਿਰਤ ਸੱਭਿਆਚਾਰ ਤੇ ਵਧ ਰਹੇ ਮਾਨਸਿਕ ਵਿਕਾਰ

ਕਿਸੇ ਦਾਰਸ਼ਨਿਕ ਨੇ ਕਿਹਾ ਹੈ 'ਮਨੁੱਖ ਕੋਲ ਜਿਊਣ ਲਈ ਕੇਵਲ ਇਕ ਜ਼ਿੰਦਗੀ ਹੈ, ਉਸ ਨੇ ਇਹ ਦੇਖਣਾ ਹੈ ਕਿ ਉਸ ਨੇ ਇਸ ਨੂੰ ਕਿਵੇਂ ਜਿਊਣਾ ਹੈ।' ਇਕ ਹੋਰ ਦਾਰਸ਼ਨਿਕ ਲਿਖਦਾ ਹੈ 'ਅਸੀਂ ਸਭ ਨੇ ਇਕ ਨਾ ਇਕ ਦਿਨ ਮੌਤ ਤੋਂ ਹਾਰ ਜਾਣਾ ਹੈ' ਭਾਵ ਇਕ ਨਾ ਇਕ ਦਿਨ ਇੱਥੇ ਨਹੀਂ ਹੋਵਾਂਗੇ, ਫਿਰ ਉਹ ਅੱਗੇ ਸਵਾਲ ਕਰਦਾ ਹੈ ਕਿ 'ਮਨੁੱਖ ਦੀ ਜ਼ਿੰਦਗੀ ਦਾ ਹਾਸਲ ਕੀ ਹੋਇਆ?' ਇਸ ਦੇ ਜਵਾਬ ਵਿੱਚ ਉਹ ਕਹਿੰਦਾ ਹੈ, 'ਮਨੁੱਖ ਦੀ ਜ਼ਿੰਦਗੀ ਦਾ ਹਾਸਲ ਇਹ ਹੈ ਕਿ ਉਸ ਨੇ ਇਸ ਜ਼ਿੰਦਗੀ ਨੂੰ ਕਿਵੇਂ ਜੀਵਿਆ।' ਸਾਡਾ ਧਰਤੀ 'ਤੇ ਆਉਣਾ ਤਾਂ ਹੀ ਸਾਰਥਿਕ ਹੈ ਜੇਕਰ ਅਸੀਂ ਇਸ ਸਮੇਂ ਦੌਰਾਨ ਵੱਧ ਤੋਂ ਵੱਧ ਉਹ ਕਾਰ-ਵਿਹਾਰ ਕਰੀਏ ਜਿਨ੍ਹਾਂ ਨਾਲ ਸਾਡੀ ਸ਼ਖ਼ਸੀਅਤ ਵਿੱਚ ਵੀ ਨਿਖਾਰ ਆਵੇ ਅਤੇ ਸਮਾਜ ਦਾ ਵੀ ਭਲਾ ਹੋਵੇ। ਪੁਰਾਣੇ ਵੇਲਿਆਂ ਵਿੱਚ ਇਕ ਅਖਾਣ ਵਰਤਿਆ ਜਾਂਦਾ ਸੀ 'ਕਿਰਤ ਵਿੱਚ ਸਦਾ ਬਰਕਤਾਂ ਨੇ' ਭਾਵ ਕਿਰਤ ਮਨੁੱਖ ਨੂੰ ਆਰਥਿਕ ਪੱਖੋਂ ਹੀ ਨਹੀਂ ਸਗੋਂ ਸਰੀਰਕ ਅਤੇ ਮਾਨਸਿਕ ਪੱਖੋਂ ਵੀ ਸਿਹਤਮੰਦ ਬਣਾਉਂਦੀ ਹੈ। ਕਿਰਤ ਬਾਰੇ ਕਾਰਲ ਮਾਰਕਸ ਨੇ ਲਿਖਿਆ ਹੈ 'ਕਿਰਤ ਉਹ ਪ੍ਰਕਿਰਿਆ ਹੈ ਜਿਸ ਵਿੱਚ ਮਨੁੱਖ ਅਤੇ ਪ੍ਰਕਿਰਤੀ ਦੋਵੇਂ ਸ਼ਾਮਲ ਹੁੰਦੇ ਹਨ।'

ਅਸੀਂ ਪੰਜਾਬ ਦੇ ਲੋਕ ਜੇ ਕਿਸੇ ਮਹਾਨ ਸ਼ਖ਼ਸੀਅਤ ਨੂੰ ਸਭ ਤੋਂ ਵੱਧ ਮਾਣ ਦਿੰਦੇ ਹਾਂ ਤਾਂ ਉਹ ਗੁਰੂ ਨਾਨਕ ਦੇਵ ਜੀ ਹਨ। ਉਹਨਾਂ ਦਾ ਪਹਿਲਾ ਉਪਦੇਸ਼ ਇਹ ਸੀ ਕਿ ਕਿਰਤ ਕਰੋ। ਉਹਨਾਂ ਗੁਰਬਾਣੀ ਵਿੱਚ ਫ਼ਰਮਾਇਆ ਹੈ:-

**ਘਾਲਿ ਖਾਇ ਕਿਛੁ ਹਥਹੁ ਦੇਹਿ॥ ਨਾਨਕ ਰਾਹੁ ਪਛਾਣਹਿ ਸੇਇ॥**

ਗੁਰੂ ਜੀ ਨੇ ਸੁਲਤਾਨਪੁਰ ਵਿਖੇ ਕਈ ਸਾਲ ਹੱਟ ਵੀ ਚਲਾਈ ਅਤੇ ਬਾਅਦ ਵਿੱਚ ਕਰਤਾਰਪੁਰ ਸਾਹਿਬ ਵਿਖੇ ਸਤਾਰਾਂ ਸਾਲ ਖੇਤੀ ਕੀਤੀ। ਉਹਨਾਂ ਨੇ ਕਿਰਤ ਦਾ ਕੇਵਲ ਉਪਦੇਸ਼ ਹੀ ਨਹੀਂ ਦਿੱਤਾ ਬਲਕਿ ਆਪਣੇ ਇਸ ਉਪਦੇਸ਼ ਨੂੰ ਜੀਵਿਆ ਵੀ। ਗੁਰੂ ਨਾਨਕ ਜੀ ਜਦੋਂ ਚਾਰ ਉਦਾਸੀਆਂ ਕਰਕੇ ਆਪਣੇ ਘਰ ਪਰਤੇ ਤਾਂ ਇਤਿਹਾਸਕਾਰ ਦੱਸਦੇ ਹਨ ਕਿ ਉਹਨਾਂ ਨੇ ਸਾਧਾਂ ਸੰਤਾਂ ਵਾਲਾ ਚੋਲਾ ਲਾਹ ਕੇ ਇਕ ਕਿਸਾਨ ਵਾਲੇ ਕੱਪੜੇ ਪਹਿਨ ਲਏ ਅਤੇ ਆਪਣੇ ਪੁੱਤਰਾਂ ਨੂੰ ਕਿਹਾ 'ਆਓ ਮੇਰੇ ਨਾਲ ਚੱਲੋ ਖੇਤਾਂ ਵਿੱਚ ਕੰਮ ਕਰੀਏ।' ਅੱਜਕੱਲ੍ਹ ਦੇ ਸਾਧ ਸੰਤ ਉਸ ਮਹਾਨ ਗੁਰੂ ਦਾ ਨਾਮ ਵਰਤ ਕੇ ਆਪ ਮਾਲਾ ਮਾਲ ਤਾਂ ਹੋ ਰਹੇ ਹਨ ਪਰ ਉਹਨਾਂ ਵੱਲੋਂ ਵਿਖਾਏ ਕਿਰਤ ਦੇ ਮਾਰਗ ਦੀ ਗੱਲ ਨਹੀਂ ਕਰਦੇ। ਗੁਰੂ ਜੀ ਦੀ ਇਕ ਬੜੀ ਪਿਆਰੀ ਤਸਵੀਰ ਹੈ ਜਿਸ ਵਿੱਚ ਉਹ ਹਲ ਵਾਹ ਰਹੇ ਹਨ, ਉਹ ਹੁਣ ਅਲੋਪ ਹੋ ਰਹੀ ਹੈ। ਡੇਰਿਆਂ ਸੰਪਰਦਾਵਾਂ 'ਤੇ ਤਾਂ ਉਹ ਤਸਵੀਰ ਬਿਲਕੁਲ ਹੀ ਕਿਤੇ ਨਜ਼ਰ



ਨਹੀਂ ਆਉਂਦੀ। ਸਾਡੇ ਸਮਾਜ ਦੀ ਹਕੀਕਤ ਇਹ ਹੈ ਕਿ ਅਸੀਂ ਗ੍ਰੰਥਾਂ ਸ਼ਾਸਤਰਾਂ ਦੀ ਪੂਜਾ ਤਾਂ ਕਰਨ ਲੱਗ ਪਏ ਹਾਂ ਪਰ ਅੰਦਰੋਂ ਖੋਖਲੇ ਹੋ ਗਏ ਹਾਂ। ਸਾਡੇ ਘਰਾਂ ਵਿੱਚ ਪੂਜਾ ਰੂਮ ਬਣ ਗਏ ਹਨ ਪਰ ਵਿਵਹਾਰ ਸਾਜ਼ਸ਼ੀ ਹੋ ਗਿਆ ਹੈ। ਲੋੜ ਇਸ ਗੱਲ ਦੀ ਸੀ ਕਿ ਇੱਥੇ ਸਭ ਲੋਕ ਕੰਮ ਕਰਦੇ, ਕਿਰਤ ਨਾਲ ਜੁੜਦੇ, ਪਰ ਅਸੀਂ ਇਸ ਤੋਂ ਉਲਟ ਇੱਥੇ ਪੂਜਾ ਨੂੰ ਕੰਮ ਬਣਾ ਲਿਆ ਹੈ। ਜਿਹੜੇ ਸਮਾਜਾਂ ਵਿੱਚ ਬਹੁਗਿਣਤੀ ਲੋਕ ਕਿਰਤ ਨਾਲ ਜੁੜੇ ਹੋਏ ਹੁੰਦੇ ਹਨ ਉੱਥੇ ਲੋਕਾਂ ਵਿੱਚ ਚੰਗੀਆਂ ਨੈਤਿਕ ਕਦਰਾਂ-ਕੀਮਤਾਂ ਦਾ ਸੰਚਾਰ ਹੁੰਦਾ ਹੈ ਅਤੇ ਇਹਦਾ ਪ੍ਰਭਾਵ ਅਗਲੀਆਂ ਪੀੜ੍ਹੀਆਂ ਤਕ ਵੀ ਰਹਿੰਦਾ ਹੈ। ਅੱਜ ਸਮਾਜ ਵਿੱਚ ਆਤਮ-ਹੱਤਿਆਵਾਂ ਵਧ ਰਹੀਆਂ ਹਨ। ਘਰੇਲੂ ਲੜਾਈਆਂ ਝਗੜੇ ਪਹਿਲਾਂ ਦੇ ਮੁਕਾਬਲੇ ਵਧ ਰਹੇ ਹਨ। ਲੋਕ ਵੱਡੀ ਗਿਣਤੀ ਵਿੱਚ ਮਾਨਸਿਕ ਤਣਾਵਾਂ ਦਾ ਸ਼ਿਕਾਰ ਹੋ ਰਹੇ ਹਨ। ਕੋਈ ਸਮਾਂ ਸੀ ਜਦੋਂ ਸਾਡੇ ਸਮਾਜ ਵਿੱਚ ਮਰਦ ਮਿਲ ਕੇ ਖੇਤੀ ਦਾ ਕੰਮ ਕਰਦੇ ਸਨ। ਔਰਤਾਂ ਮਿਲ ਕੇ ਕਈ ਤਰ੍ਹਾਂ ਦੇ ਕੰਮ ਕਰਦੀਆਂ ਸਨ। ਅੱਜ ਕਿਰਤ ਨਾਲ ਜੁੜੀਆਂ ਸਾਂਝਾਂ ਲਗਭਗ ਖ਼ਤਮ ਹੋ ਗਈਆਂ ਹਨ। ਜਦੋਂ ਵੱਡੇ ਛੋਟੇ ਲੋਕ ਮਿਲ ਕੇ ਕੰਮ ਕਰਦੇ ਸਨ ਤਾਂ ਉਹ ਮਾਨਸਿਕ ਪੱਖੋਂ ਅੱਜ ਦੇ ਮੁਕਾਬਲੇ ਵਧੇਰੇ ਤੰਦਰੁਸਤ ਸਨ।

ਚੀਨੀ ਦਾਰਸ਼ਨਿਕ ਕਨਫਿਊਸ਼ੀਅਸ ਦਾ ਕਥਨ ਹੈ '**ਮਨੁੱਖ ਨੂੰ ਪੂਰਨ ਮਨੁੱਖ ਬਣਨ ਲਈ ਧਰਮ ਅਤੇ ਸਿੱਖਿਆ ਗ੍ਰਹਿਣ ਕਰਨ ਨਾਲ ਕੋਈ ਮਨੁੱਖ ਪੂਰਨ ਮਨੁੱਖ ਨਹੀਂ ਬਣ ਜਾਂਦਾ, ਇਸ ਲਈ ਉਸ ਦਾ ਕਿਰਤ ਨਾਲ ਜੁੜਨਾ ਬਹੁਤ ਜ਼ਰੂਰੀ ਹੈ। ਭਾਵ ਕਿਰਤ ਮਨੁੱਖ ਨੂੰ ਪੂਰਨ ਮਨੁੱਖ ਬਣਾਉਣ ਵਿੱਚ ਵੱਡਾ ਰੋਲ ਅਦਾ ਕਰਦੀ ਹੈ।**' ਅੱਜ ਸਾਡੇ ਦੇਸ਼ ਦੇ ਨੌਜੁਆਨ ਵੱਡੀਆਂ ਰਕਮਾਂ ਖ਼ਰਚ ਕੇ ਵਿਕਸਿਤ ਦੇਸ਼ਾਂ ਵਿੱਚ ਜਾਣ ਨੂੰ ਬੇਤਾਬ ਹਨ। ਉੱਥੇ ਸਾਡੇ ਨਾਲੋਂ ਕੀ ਵੱਖਰਾ ਹੈ? ਉੱਥੇ ਕਿਰਤ ਨੂੰ ਸਨਮਾਨ ਮਿਲਿਆ। ਔਖੇ ਕੰਮ ਕਰਨ ਵਾਲਿਆਂ ਨੂੰ ਵੱਧ ਸਨਮਾਨ ਮਿਲਦਾ ਹੈ। ਇਕ ਪ੍ਰੋਫ਼ੈਸਰ ਨਾਲੋਂ ਟਰੱਕ ਡਰਾਈਵਰ ਨੂੰ ਵੱਧ ਮਿਲਦਾ ਹੈ। ਸਾਡੇ ਸਮਾਜ ਵਿੱਚ ਔਖੇ ਕੰਮ ਕਰਨ ਵਾਲਿਆਂ ਨੂੰ ਸਤਿਕਾਰ ਤਾਂ ਕੀ ਮਿਲਣਾ ਸੀ ਸਗੋਂ ਇਸ ਦੇ ਉਲਟ ਉਹਨਾਂ ਨੂੰ ਨੀਵਾਂ ਸਮਝਿਆ ਜਾਂਦਾ ਹੈ। ਬਰਨਾਰਡ ਸ਼ਾਹ ਨੇ ਬੜੀ ਵਧੀਆ ਗੱਲ ਕਹੀ ਹੈ ਕਿ ਜੋ ਔਖੇ ਕੰਮ ਕਰਦੇ ਹਨ ਉਹਨਾਂ ਨੂੰ ਸਭ ਤੋਂ ਘੱਟ ਸਨਮਾਨ ਮਿਲਦਾ ਹੈ, ਜੋ ਘੱਟ ਤੋਂ ਘੱਟ ਕੰਮ ਕਰਦੇ ਹਨ ਉਹਨਾਂ ਨੂੰ ਵੱਧ ਮਿਲਦਾ ਹੈ, ਜੋ ਬਿਲਕੁਲ ਕੁਝ ਨਹੀਂ ਕਰਦੇ ਉਹਨਾਂ ਕੋਲ ਸਭ ਤੋਂ ਵੱਧ ਹੈ। ਮਨੁੱਖ ਦੀ ਜ਼ਿੰਦਗੀ ਦਾ ਮਕਸਦ ਪੈਸਾ ਕਮਾਉਣਾ ਹੀ ਨਹੀਂ ਹੈ। ਉਸ ਨੇ ਅਜਿਹਾ ਬਣਨਾ ਹੁੰਦਾ ਹੈ ਕਿ ਉਸ 'ਤੇ ਦੂਜੇ ਲੋਕ ਮਾਣ ਕਰ ਸਕਣ।

ਹਰ ਦੇਸ਼ ਦੀ ਪ੍ਰਸ਼ਾਸਨਿਕ ਵਿਵਸਥਾ ਚੰਗੇ ਮਾੜੇ ਸਮਾਜਾਂ ਦੀ ਸਿਰਜਣਾ ਕਰਦੀ ਹੈ। ਅੱਜ ਜੇਕਰ ਸਾਡੇ ਸਮਾਜ ਦੀ ਬਹੁਗਿਣਤੀ ਕਿਰਤ ਵਿਹੂਣੀ ਹੋ ਗਈ ਹੈ ਤਾਂ ਉਸ ਦਾ ਕਾਰਨ ਇਹ ਹੈ ਕਿ ਜਿਸ ਤਰ੍ਹਾਂ ਲੋਕਾਂ ਲਈ ਕਿਰਤ ਦੇ ਵਸੀਲੇ ਪੈਦਾ ਕੀਤੇ ਜਾਣੇ ਸਨ ਨਹੀਂ ਕੀਤੇ ਗਏ। ਅੱਜਕੱਲ੍ਹ ਇਲੈਕਟ੍ਰੋਨਿਕ ਅਤੇ ਸੋਸ਼ਲ

ਮੀਡੀਆ 'ਤੇ ਇੱਕ ਪ੍ਰਚਾਰ ਬੜੇ ਜ਼ੋਰ ਸ਼ੋਰ ਨਾਲ ਚੱਲ ਰਿਹਾ ਹੈ ਕਿ ਚੀਨੀ ਸਮਾਨ ਦਾ ਬਾਈਕਾਟ ਕੀਤਾ ਜਾਵੇ। ਪਰ ਇੱਥੇ ਸਵਾਲ ਇਹ ਪੈਦਾ ਹੁੰਦਾ ਹੈ ਕਿ ਜੇਕਰ ਚੀਨ ਵਰਗਾ ਮੁਲਕ ਆਪਣੇ ਦੇਸ਼ ਦੀ ਵੱਡੀ ਆਬਾਦੀ ਨੂੰ ਵੱਖ-ਵੱਖ ਕੰਮਾਂ ਨਾਲ ਜੋੜ ਕੇ ਬਜ਼ਾਰ 'ਤੇ ਕਾਬਜ਼ ਹੋ ਸਕਦਾ ਹੈ ਤਾਂ ਅਸੀਂ ਅਜਿਹਾ ਕਿਉਂ ਨਹੀਂ ਕਰ ਸਕੇ? ਵਿਦੇਸ਼ੀ ਸਮਾਨ ਦਾ ਵਿਰੋਧ ਆਪਣੀ ਜਗ੍ਹਾ ਠੀਕ ਹੈ, ਪਰ ਸਾਨੂੰ ਇਹ ਹੀ ਕਿਉਂ ਦੱਸਿਆ ਜਾਂਦਾ ਹੈ ਕਿ ਇਨ੍ਹਾਂ ਸਭ ਚੀਜ਼ਾਂ ਦਾ ਵਿਰੋਧ ਕਰੋ। ਅੱਜ ਜਿਹੜੇ ਦੇਸ਼ ਬਜ਼ਾਰ 'ਤੇ ਕਾਬਜ਼ ਹੋ ਕੇ ਮਾਲਾ ਮਾਲ ਹੋ ਰਹੇ ਹਨ ਜਦੋਂ ਉਹ ਆਪਣੀ ਵੱਸੋਂ ਨੂੰ ਕਿਰਤ ਨਾਲ ਜੋੜਨ ਲਈ ਯਤਨਸ਼ੀਲ ਹੁੰਦੇ ਹਨ ਤਾਂ ਸਾਨੂੰ ਉਸ ਸਮੇਂ ਸਾਡੇ ਮੁਲਕ ਵਿੱਚ ਲੋਕਾਂ ਨੂੰ ਧਰਮ ਕਰਮ, ਜਾਤਾਂ ਪਾਤਾਂ ਅਤੇ ਰਾਜਨੀਤੀ ਦੀਆਂ ਕੋਝੀਆਂ ਚਾਲਾਂ ਵਿੱਚ ਉਲਝਾਇਆ ਜਾ ਰਿਹਾ ਹੁੰਦਾ ਹੈ। ਸਾਨੂੰ ਇੱਥੇ ਸਵਾਲ ਕਰਨ ਦੀ ਲੋੜ ਹੈ ਕਿ ਦੇਸ਼ ਦੀ ਬਹੁਗਿਣਤੀ ਨੂੰ ਇਸ ਢੰਗ ਨਾਲ ਕਿਰਤ ਨਾਲ ਕਿਉਂ ਨਹੀਂ ਜੋੜਿਆ ਗਿਆ ਕਿ ਅਸੀਂ ਦੂਜੇ ਦੇਸ਼ਾਂ ਦੀਆਂ ਮੰਡੀਆਂ 'ਤੇ ਕਾਬਜ਼ ਹੋ ਸਕਦੇ। ਸਾਡੇ ਲੋਕਾਂ ਨੂੰ ਇਸ ਲਈ ਕਿਉਂ ਨਹੀਂ ਤਿਆਰ ਕੀਤਾ ਜਾਂਦਾ ਕਿ ਅਸੀਂ ਆਪਣੇ ਦੇਸ਼ ਵਿੱਚ ਹੁਨਰ ਤੋਂ ਕੰਮ ਲੈ ਕੇ ਕਿਰਤ ਸਭਿਆਚਾਰ ਨੂੰ ਪ੍ਰਫੁੱਲਿਤ ਕਰੀਏ ਅਤੇ ਬਜ਼ਾਰ ਵਿੱਚ ਉਹਨਾਂ ਤੋਂ ਵੀ ਅਗਾਂਹ ਜਾਣ ਦੀ ਕੋਸ਼ਿਸ਼ ਕਰੀਏ।

ਸਾਡੇ ਸਮਾਜ ਵਿੱਚ ਸਰੀਰਕ ਮਿਹਨਤ ਘਟ ਗਈ ਹੈ। ਅਸੀਂ ਕਈ ਤਰ੍ਹਾਂ ਦੇ ਵਿਕਾਰਾਂ ਦਾ ਸ਼ਿਕਾਰ ਹੋ ਰਹੇ ਹਾਂ। ਮਾਨਸਿਕ ਅਤੇ ਸਰੀਰਕ ਵਿਗਾੜ ਅਤੇ ਬਿਮਾਰੀਆਂ ਲਗਾਤਾਰ ਵਧ ਰਹੀਆਂ ਹਨ। ਸਮਾਜ ਵਿੱਚ ਨਸ਼ੇ, ਲੁੱਟਮਾਰ, ਆਪਾ ਧਾਪੀ, ਲੜਾਈਆਂ ਝਗੜੇ, ਮਾਰਧਾੜ, ਮਾਨਸਿਕ ਤਨਾਅ ਅਤੇ ਹੋਰ ਕਈ ਤਰ੍ਹਾਂ ਦੀਆਂ ਅਲਾਮਤਾਂ ਇਸ ਕਰਕੇ ਹਨ ਕਿ ਸਾਡਾ ਸਮਾਜ ਕਿਰਤ ਨਾਲੋਂ ਟੁੱਟ ਚੁੱਕਿਆ ਹੈ। ਭਿਆਨਕ ਸਰੀਰਕ ਬਿਮਾਰੀਆਂ ਬੜੀ ਤੇਜ਼ੀ ਨਾਲ ਵਧ ਰਹੀਆਂ ਹਨ, ਹਾਈ ਬਲੱਡ-ਪ੍ਰੈਸ਼ਰ, ਸ਼ੂਗਰ, ਯੂਰਿਕ ਐਸਿਡ, ਬਲੱਡ-ਯੂਰੀਆ, ਕਲੈਸਟਰੋਲ, ਹਾਰਟ-ਅਟੈਕ ਵਰਗੇ ਕਈ ਭਿਆਨਕ ਰੋਗ ਵੱਡੀ ਗਿਣਤੀ ਵਿੱਚ ਲੋਕਾਂ ਨੂੰ ਆਪਣੀ ਗ੍ਰਿਫ਼ਤ ਵਿੱਚ ਲੈ ਰਹੇ ਹਨ। ਕੋਈ ਵੀ ਸਮਾਜ ਜਦੋਂ ਕਿਰਤ ਨਾਲੋਂ ਟੁੱਟਦਾ ਹੈ ਤਾਂ ਇਹ ਸਮੂਹਕ ਰੂਪ ਵਿੱਚ ਕਈ ਤਰ੍ਹਾਂ ਦੇ ਵਿਗਾੜਾਂ ਦਾ ਸ਼ਿਕਾਰ ਹੁੰਦਾ ਹੈ। ਅੱਜ ਹਾਲਾਤ ਇਹ ਹਨ ਕਿ ਸਮਾਜ ਦੀ ਬਹੁਗਿਣਤੀ ਦੇ ਜੀਵਨ ਦੀ ਸਾਰੀ ਸਰਗਰਮੀ ਅਰਾਮ ਦੀ ਤਲਾਸ਼ ਲਈ ਹੈ, ਜਦਕਿ ਸਾਡੀਆਂ ਸਰਗਰਮੀਆਂ ਕੰਮ ਦੀ ਤਲਾਸ਼ ਲਈ ਹੋਣੀਆਂ ਚਾਹੀਦੀਆਂ ਹਨ। ਇਕ ਮਨੁੱਖ ਦੀ ਜ਼ਿੰਦਗੀ ਵਿੱਚ ਕੰਮ ਕਰਨ ਦਾ ਇੱਕ ਨਿਸ਼ਚਿਤ ਸਮਾਂ ਹੁੰਦਾ ਹੈ, ਇਹ ਸਮਾਂ 18-20 ਸਾਲ ਤੋਂ ਸ਼ੁਰੂ ਹੁੰਦਾ ਹੈ ਅਤੇ 55-60 ਸਾਲ 'ਤੇ ਜਾ ਕੇ ਖ਼ਤਮ ਹੁੰਦਾ ਹੈ। ਇਹ ਵੱਖਰੀ ਗੱਲ ਹੈ ਕਿ ਕਈ ਸਿਰੜੀ ਇਨਸਾਨ 80 ਸਾਲ ਦੀ ਉਮਰ ਤਕ ਵੀ ਕੰਮ ਕਰਦੇ ਹਨ ਅਤੇ ਤੰਦਰੁਸਤ ਜੀਵਨ ਜਿਉਂਦੇ ਹਨ। ਪਰ ਉਮਰ ਦਾ ਕੰਮ ਕਰਨ ਦਾ 40 ਕੁ ਸਾਲਾਂ ਦੇ ਵਕਫ਼ੇ ਦੌਰਾਨ ਜੇਕਰ ਕੋਈ ਕੰਮ ਨਹੀਂ ਕਰਦਾ, ਕਿਰਤ ਨਾਲ ਨਹੀਂ ਜੁੜਦਾ ਤਾਂ ਸਮਝੋ ਉਸ ਦੀ ਸਾਰੀ ਜ਼ਿੰਦਗੀ ਬੇਕਾਰ ਗਈ। ਇਕ ਲੇਖਕ ਨੇ ਇਕ ਘਟਨਾ ਦਾ ਜ਼ਿਕਰ ਕਰਦਿਆਂ ਇੱਕ ਵਾਰ



ਲਿਖਿਆ ਸੀ : ਉਸ ਦੇ ਇਕ ਅੰਗਰੇਜ਼ ਦੋਸਤ ਜਿਸ ਕੋਲ ਬਹੁਤ ਵੱਡਾ ਆਪਣਾ ਕਾਰੋਬਾਰ ਅਤੇ ਧਨ ਦੌਲਤ ਸੀ, ਦੀਆਂ ਦੋ ਲੜਕੀਆਂ ਸਨ ਤੇ ਉਹ ਬਾਹਰ ਕਿਸੇ ਹੋਰ ਥਾਂ ਨੌਕਰੀ ਕਰਦੀਆਂ ਸਨ। **ਇਕ ਦਿਨ ਲੇਖਕ ਨੇ ਆਪਣੇ ਉਸ ਅੰਗਰੇਜ਼ ਦੋਸਤ ਦੇ ਘਰ ਬੈਠਿਆਂ ਕੁੜੀਆਂ ਨੂੰ ਕਿਹਾ ਤੁਸੀਂ ਹੁਣ ਜੌਬ ਛੱਡ ਦਿਓ ਅਤੇ ਆਪਣੇ ਪਿਤਾ ਦੀ ਧਨ ਦੌਲਤ ਨਾਲ ਅਰਾਮ ਦੀ ਜ਼ਿੰਦਗੀ ਜੀਓ। ਉਹਨਾਂ ਦੋਹਾਂ ਕੁੜੀਆਂ ਜੋ ਜਵਾਬ ਦਿੱਤਾ ਉਹ ਬੜਾ ਕਮਾਲ ਸੀ। ਉਹਨਾਂ ਕਿਹਾ 'ਨਹੀਂ, ਜੇਕਰ ਅਸੀਂ ਕੰਮ ਨਹੀਂ ਕਰਾਂਗੀਆਂ ਤਾਂ ਅਸੀਂ ਹੱਡ ਹਰਾਮ ਹੋ ਜਾਵਾਂਗੀਆਂ। ਇਹ ਕਾਰੋਬਾਰ ਇਹਨਾਂ ਨੇ ਖੜ੍ਹਾ ਕੀਤਾ ਹੈ ਅਸੀਂ ਆਪਣਾ ਕਾਰੋਬਾਰ ਆਪਣੇ ਬਲਬੂਤੇ 'ਤੇ ਖੜ੍ਹਾ ਕਰਾਂਗੀਆਂ। ਜੇ ਅਸੀਂ ਕੰਮ ਨਹੀਂ ਕਰਾਂਗੀਆਂ ਤਾਂ ਅਗਾਂਹ ਸਾਡੀਆਂ ਔਲਾਦਾਂ ਸਾਡੇ ਤੋਂ ਵੀ ਨਿਕੰਮੀਆਂ ਹੋ ਜਾਣਗੀਆਂ, ਫਿਰ ਇਸ ਸਮਾਜ ਦਾ ਕੀ ਬਣੇਗਾ?'**

ਸਰਕਾਰਾਂ ਦਾ ਫ਼ਰਜ਼ ਇਹ ਵੀ ਬਣਦਾ ਹੈ ਕਿ ਵੱਖ-ਵੱਖ ਅਦਾਰਿਆਂ ਵਿੱਚ ਹੁੰਦੀ ਕਿਰਤ ਦੀ ਲੁੱਟ ਨੂੰ ਰੋਕਣ ਵਿੱਚ ਸਾਕਾਰਾਤਮਿਕ ਭੂਮਿਕਾ ਨਿਭਾਵੇ, ਪਰ ਇੱਥੇ ਸਾਡੇ ਮੁਲਕ ਵਿੱਚ ਇਸ ਤੋਂ ਉਲਟ ਹੁੰਦਾ ਹੈ । ਇੱਥੇ ਅਦਾਰਿਆਂ ਵਿੱਚ ਨਵੀਂ ਭਰਤੀ ਕਰਨ ਦੀ ਬਜਾਏ ਸਰਕਾਰਾਂ ਮੁਲਾਜ਼ਮਾਂ ਦੀ ਨੌਕਰੀ ਦੇ ਸਾਲਾਂ ਵਿੱਚ ਵਾਧਾ ਕਰਦੀਆਂ ਹਨ ਰਿਟਾਇਰਡ ਹੋਏ ਬੰਦਿਆਂ ਨੂੰ ਘੱਟ ਤਨਖ਼ਾਹਾਂ ਜਾਂ ਠੇਕੇ 'ਤੇ ਰੱਖ ਕੇ ਕੰਮ ਸਾਰਿਆ ਜਾ ਰਿਹਾ ਹੈ। ਇੱਥੇ ਨਿੱਕੀ ਮੋਟੀ ਨੌਕਰੀ ਲਈ ਪੜ੍ਹੇ ਲਿਖੇ ਲੋਕਾਂ ਦੀਆਂ ਲਾਈਨਾਂ ਲੱਗ ਜਾਂਦੀਆਂ ਹਨ। ਗੱਲ ਕੀ ਅਸੀਂ ਕਿਰਤ ਨੂੰ ਪੈਦਾ ਵੀ ਨਹੀਂ ਹੋਣ ਦਿੱਤਾ। ਸਭ ਤਰ੍ਹਾਂ ਦੀਆਂ ਬਿਲਡਿੰਗਾਂ ਅਦਾਰਿਆਂ ਵਿੱਚ ਬਾਹਰਲੇ ਮੁਲਕਾਂ ਦੀ ਤਰਜ਼ 'ਤੇ ਕੰਮ ਨੂੰ ਸ਼ਿਫ਼ਟਾਂ ਵਿੱਚ ਵੰਡ ਕੇ ਕੀਤਾ ਜਾਣ ਦਾ ਸਿਲਸਿਲਾ ਸ਼ੁਰੂ ਕੀਤਾ ਜਾਣਾ ਚਾਹੀਦਾ ਹੈ। ਜੇਕਰ ਕੰਮ ਨਹੀਂ ਹੈ ਤਾਂ ਕੰਮ ਪੈਦਾ ਕਰਨਾ ਪਵੇਗਾ। ਸ਼ਿਫ਼ਟ ਵਾਈਜ਼ ਕੰਮ ਕਰਨ ਦਾ ਸਭਿਆਚਾਰ ਪੈਦਾ ਕਰਨ ਦੀ ਬੜੀ ਸਖ਼ਤ ਲੋੜ ਹੈ। ਛੁੱਟੀ ਤੋਂ ਬਾਅਦ ਵਿਹਲੀਆਂ ਹੋ ਗਈਆਂ ਸਕੂਲਾਂ ਕਾਲਜਾਂ ਅਤੇ ਯੂਨੀਵਰਸਿਟੀਆਂ ਦੀਆਂ ਇਮਾਰਤਾਂ ਵਿੱਚ ਸ਼ਾਮ ਦੇ ਟਾਈਮ ਸਰਕਾਰਾਂ ਵੱਲੋਂ ਅਜਿਹੇ ਸਿਲਸਿਲੇ ਸ਼ੁਰੂ ਕੀਤੇ ਜਾਣੇ ਚਾਹੀਦੇ ਹਨ ਕਿ ਲੋਕ ਆਪਣੇ ਜੀਵਨ ਵਿੱਚ ਅੱਗੇ ਵਧ ਸਕਣ। ਖੇਡਾਂ, ਕਾਰੋਬਾਰ ਸੰਬੰਧੀ ਵਰਕਸ਼ਾਪਾਂ, ਮੁਸ਼ਕਲਾਂ ਸਮੱਸਿਆਵਾਂ ਲਈ ਵਿਚਾਰ ਵਟਾਂਦਰੇ, ਕੈਰੀਅਰ ਗਾਇਡੈਂਸ ਅਤੇ ਹੋਰ ਸਿਲਸਿਲੇ ਸ਼ੁਰੂ ਕੀਤੇ ਜਾਣੇ ਚਾਹੀਦੇ ਹਨ। ਅਸੀਂ ਅਜੇ ਵੀ ਪੁਰਾਣੇ ਜ਼ਮਾਨੇ ਦੇ ਬਣਾਏ ਕਾਨੂੰਨਾਂ ਨੇਮਾਂ ਅਨੁਸਾਰ ਚੱਲ ਰਹੇ ਹਾਂ; ਪਰ ਜਿੰਨੀ ਦੇਰ, ਕਿਰਤ ਸਾਡੇ ਵਿਵਹਾਰ ਦਾ ਹਿੱਸਾ ਨਹੀਂ ਬਣਦੀ, ਅਸੀਂ ਠੀਕ ਅਰਥਾਂ ਵਿੱਚ ਤਰੱਕੀ ਨਹੀਂ ਕਰ ਸਕਦੇ। ਕਿਰਤ ਕਰਨ ਤੋਂ ਬਿਨਾਂ ਕੋਈ ਵੀ ਮਨੁੱਖ ਜ਼ਿੰਦਗੀ ਦੇ ਅਰਥ ਨਹੀਂ ਜਾਣ ਸਕਦਾ ਅਤੇ ਇਸ ਨੂੰ ਮੁਹੱਬਤ ਵੀ ਨਹੀਂ ਕਰ ਸਕਦਾ।

# ਮਨੁੱਖੀ ਮਨ ਦੀ ਭਟਕਣਾ ਅਤੇ ਵਸਤਾਂ ਦੇ ਜੰਗਲ ਦਾ ਵਿਸਥਾਰ

ਇਕ ਵਾਰ ਇਕ ਸੰਨਿਆਸੀ ਕਿਸੇ ਪਹਾੜੀ ਰਸਤੇ 'ਤੇ ਚੱਲ ਰਿਹਾ ਸੀ। ਪਹਾੜ ਦੀ ਚੜ੍ਹਾਈ ਅਤੇ ਸਿਰ 'ਤੇ ਚੁੱਕੀਆਂ ਚੀਜ਼ਾਂ ਵਸਤਾਂ ਦੇ ਭਾਰ ਨੇ ਉਸ ਨੂੰ ਥਕਾ ਦਿੱਤਾ ਸੀ। ਉਹ ਕੁਝ ਕਦਮ ਚੱਲਦਾ ਤੇ ਸਾਹੋ-ਸਾਹੀ ਹੋ ਕੇ ਰੁਕ ਜਾਂਦਾ। ਇਸ ਦੌਰਾਨ ਇਕ ਪਹਾੜੀ ਕੁੜੀ ਜੋ ਨਿੱਕੇ ਬੱਚੇ ਨੂੰ ਚੁੱਕੀ ਪਹਾੜ ਦੀ ਚੜ੍ਹਾਈ ਅਰਾਮ ਨਾਲ ਚੜ੍ਹ ਰਹੀ ਸੀ, ਉਸ ਦੇ ਕੋਲ ਦੀ ਲੰਘੀ। ਸੰਨਿਆਸੀ ਨੇ ਉਤਸੁਕ ਹੋ ਕੇ ਕੁੜੀ ਨੂੰ ਪੁੱਛਿਆ, "ਬੇਟੀ ਤੂੰ ਇੰਨਾ ਭਾਰ ਲੈ ਕੇ ਕਿਵੇਂ ਅਰਾਮ ਨਾਲ ਚੱਲਦੀ ਜਾ ਰਹੀ ਏਂ?" ਉਹ ਨਿੱਕੀ ਕੁੜੀ ਬੋਲੀ, "ਤੁਹਾਨੂੰ ਦੇਖਣ ਵਿੱਚ ਗ਼ਲਤੀ ਲੱਗੀ ਹੈ, ਇਹ ਭਾਰ ਕਦੋਂ ਏ? ਇਹ ਤਾਂ ਮੇਰਾ ਭਰਾ ਏ, ਭਾਰ ਤਾਂ ਤੁਸੀਂ ਚੁੱਕਿਆ ਹੋਇਆ ਹੈ।" ਜਿਊਣ ਲਈ ਜਿਸ ਦੀ ਵੱਧ ਲੋੜ ਹੁੰਦੀ ਹੈ ਉਸ ਨੂੰ ਅਕਸਰ ਅਸੀਂ ਅਣਗੌਲਿਆਂ ਕਰੀ ਰੱਖਦੇ ਹਾਂ ਅਤੇ ਸਾਨੂੰ ਇਹ ਅਹਿਸਾਸ ਨਹੀਂ ਹੁੰਦਾ ਕਿ ਅਸੀਂ ਕਿੰਨੀ ਹੀ ਤਰ੍ਹਾਂ ਦੇ ਵਾਧੂ ਬੋਝ ਉਮਰ ਭਰ ਢੋਂਦੇ ਰਹਿੰਦੇ ਹਾਂ।

ਦੁਨੀਆਂ ਨੂੰ ਜਿੱਤਣ ਦਾ ਸੁਪਨਾ ਲੈ ਕੇ ਮਕਦੂਨੀਆਂ ਤੋਂ ਤੁਰੇ ਸਿਕੰਦਰ ਬਾਦਸ਼ਾਹ ਦਾ ਸਾਹਮਣਾ ਜਦੋਂ ਕਾਲਕਟ ਨਾਮ ਦੇ ਫ਼ਕੀਰ ਨਾਲ ਹੋਇਆ, ਸਿਕੰਦਰ ਨੇ ਕਿਹਾ "ਮੈਂ ਦੁਨੀਆਂ ਨੂੰ ਜਿੱਤਣ ਤੁਰਿਆ ਉਹ ਸਿਕੰਦਰ ਹਾਂ ਜਿਸ ਦੇ ਪੈਰਾਂ ਉੱਤੇ ਸਲਤਨਤਾਂ ਝੁਕਦੀਆਂ ਹਨ, ਤੁਹਾਨੂੰ ਮਿਲਣ ਆਇਆ ਹਾਂ, ਜੋ ਚਾਹੋ ਪਲ ਵਿੱਚ ਤੁਹਾਡੇ ਲਈ ਹਾਜ਼ਰ ਕਰ ਸਕਦਾ ਹਾਂ। ਉੱਠ ਕੇ ਮੇਰੇ ਨਾਲ ਵਾਰਤਾਲਾਪ ਕਰੋ।" ਆਪਣੀ ਝੌਂਪੜੀ ਦੇ ਬਾਹਰ ਧੁੱਪ ਸੇਕ ਰਹੇ ਕਾਲਕਟ ਨੇ ਕਿਹਾ "ਜੇ ਮੇਰੇ ਲਈ ਕੁਝ ਕਰ ਸਕਦੇ ਹੋ ਤਾਂ ਜ਼ਰਾ ਕੁ ਪਾਸੇ ਹੋ ਕੇ ਖੜੋਵੋ, ਧੁੱਪ ਆਉਣ ਦਿਓ ਹੋਰ ਕੁਝ ਨਹੀਂ ਚਾਹੀਦਾ।" ਬੇਪਰਵਾਹ ਕਾਲਕਟ ਸਾਹਵੇਂ ਚਿੱਥੇ ਪੈ ਕੇ ਸਿਕੰਦਰ ਨੇ ਫਿਰ ਪੁੱਛਿਆ 'ਇਹ ਬੇਪਰਵਾਹੀ ਕਿੱਥੋਂ ਆਈ ਹੈ।' ਤਾਂ ਕਾਲਕਟ ਨੇ ਜਵਾਬ ਦਿੱਤਾ ਕਿ ਇਹ ਬੇਪਰਵਾਹੀ ਉਦੋਂ ਆਉਂਦੀ ਹੈ ਜਦੋਂ ਬੰਦਾ ਅੰਦਰੋਂ ਭਰਿਆ ਹੋਇਆ ਹੁੰਦਾ ਹੈ, ਜਦੋਂ ਅੰਦਰੋਂ ਖ਼ਾਲੀ ਹੋਵੇ ਤਾਂ ਉਹ ਦੁਨੀਆਂ ਭਰ ਦੀ ਧਨ ਦੌਲਤ ਨੂੰ ਇਕੱਠਾ ਕਰਨ ਲਈ ਹਰ ਹਰਬਾ ਵਰਤਦਾ ਹੈ, ਦਿਨ-ਰਾਤ ਭੱਜਦਾ ਹੈ। ਜਿੰਨਾ ਵੱਧ ਖ਼ਾਲੀ ਹੁੰਦਾ ਹੈ ਉਨਾ ਵਧੇਰੇ ਭਰਨ ਦੀ ਕੋਸ਼ਿਸ਼ ਕਰਦਾ ਹੈ। ਅਗਲੇ ਪਲ ਖਲਾਅ ਹੋਰ ਵਧਦਾ ਜਾਂਦਾ ਹੈ। ਇਹ ਖਲਾਅ ਕਦੇ ਨਹੀਂ ਭਰਦਾ। ਬੰਦਾ ਸਾਰੀ ਹਯਾਤੀ ਇਸ ਨੂੰ ਭਰਨ ਦੀ ਕੋਸ਼ਿਸ਼ ਵਿੱਚ ਰਹਿੰਦਾ ਹੈ, ਪਰ ਖਲਾਅ ਹੋਰ ਅੱਗੇ ਹੀ ਅੱਗੇ ਵਧਦਾ ਜਾਂਦਾ ਹੈ।

ਸਾਡੇ ਮਨਾਂ ਅੰਦਰਲਾ ਸਿਕੰਦਰ ਹੋਰ ਇਕੱਠਾ ਕਰਨ ਲਈ ਦਿਨ-ਰਾਤ ਭਟਕਦਾ ਹੈ। ਬਜ਼ਾਰ ਨੇ ਇਸ ਭਟਕਣਾ ਨੂੰ ਹਜ਼ਾਰਾਂ ਗੁਣਾਂ ਵਧਾ ਦਿੱਤਾ ਹੈ। ਜਿੱਥੇ ਸਮਾਜ ਦਾ ਵੱਡਾ ਵਰਗ ਆਪਣੀ ਨਿੱਤ ਦਿਨ ਦੀਆਂ ਲੋੜਾਂ ਦੀ ਪੂਰਤੀ ਲਈ ਨੱਠਭੱਜ ਕਰਦਾ ਹੈ ਉੱਥੇ ਸਾਧਨ ਸੰਪੰਨ ਲੋਕਾਂ ਦੀ ਖ਼ਰੀਦ ਸ਼ਕਤੀ ਵਧਾਉਣ ਲਈ ਨਿੱਤ



ਨਵੀਆਂ ਤਰਕੀਬਾਂ ਸੋਚੀਆਂ ਜਾ ਰਹੀਆਂ ਹਨ। ਮਨੁੱਖੀ ਲੋੜਾਂ ਦੀ ਪੂਰਤੀ ਲਈ ਨਹੀਂ ਬਲਕਿ ਮਨੁੱਖ ਨੂੰ ਮਨੋਵਿਗਿਆਨਿਕ ਦ੍ਰਿਸ਼ਟੀ ਤੋਂ ਸਮਝ ਕੇ, ਮਸਨੂਈ ਲੋੜਾਂ ਪੈਦਾ ਕਰਨ ਦੀਆਂ ਖੋਜਾਂ ਹੋ ਰਹੀਆਂ ਹਨ। ਭਾਵ ਬਜ਼ਾਰ ਸਾਨੂੰ ਉਹ ਕੁਝ ਵੀ ਖ਼ਰੀਦਣ ਲਈ ਉਕਸਾਉਂਦਾ ਹੈ ਜਿਹਦੀ ਸਾਨੂੰ ਲੋੜ ਨਹੀਂ ਹੁੰਦੀ। ਇਸ਼ਤਿਹਾਰਬਾਜ਼ੀ ਦਾ ਤਿਲਿੱਸ਼ਮੀ ਸੰਸਾਰ ਸਾਡੇ ਅੱਗੇ ਵੱਖ-ਵੱਖ ਤਰ੍ਹਾਂ ਦੀਆਂ ਵਸਤਾਂ ਪਰੋਸ ਰਿਹਾ ਹੈ ਅਤੇ ਦੱਸ ਰਿਹਾ ਹੈ ਕਿ ਦੁਨੀਆਂ ਦੇ ਹਾਣ ਦੇ ਹੋਣ ਲਈ ਇਹ ਸਭ ਕੁਝ ਤੁਹਾਡੇ ਲਈ ਬਹੁਤ ਜ਼ਰੂਰੀ ਹੈ। ਬਜ਼ਾਰ ਦੀ ਪਹੁੰਚ ਹੁਣ ਸਾਡੇ ਘਰਾਂ ਤਕ ਨਹੀਂ ਬਲਕਿ ਇਸ ਤੋਂ ਕਿਤੇ ਅਗਾਂਹ ਸਾਡੇ ਜ਼ਿਹਨ ਤਕ ਹੈ। ਬਜ਼ਾਰ ਦੀ ਇਹ ਸਮਰੱਥਾ ਹੈ ਕਿ ਇਹ ਇੱਕੋ ਨੁਸਖੇ ਨਾਲ ਮੋਟਿਆਂ ਨੂੰ ਪਤਲੇ ਅਤੇ ਪਤਲਿਆਂ ਨੂੰ ਮੋਟੇ ਹੋਣ ਦਾ ਦਾਹਵਾ ਕਰਕੇ ਸਫਲਤਾ ਪੂਰਵਕ ਆਪਣਾ ਸੌਦਾ ਵੇਚ ਸਕਦਾ ਹੈ। ਖ਼ਾਹਸ਼ਾਂ ਦੀ ਪੂਰਤੀ ਲਈ ਹਵਨ ਸਮੱਗਰੀਆਂ ਵੇਚੀਆਂ ਜਾ ਰਹੀਆਂ ਹਨ। ਕਰਾਮਾਤੀ ਢੰਗ ਨਾਲ ਕਿਸਮਤ ਬਦਲਣ ਦੇ ਗੁਰ ਵੇਚੇ ਜਾ ਰਹੇ ਹਨ। ਤਰੱਕੀ ਦੇ ਸ਼ਾਰਟਕੱਟ ਰਸਤੇ ਸੁਝਾਏ ਜਾ ਰਹੇ ਹਨ। ਵੱਡੇ ਛੋਟੇ ਟੋਟਕੇ ਦੱਸ ਕੇ ਜ਼ਿੰਦਗੀ ਨੂੰ ਖ਼ੁਸ਼ਹਾਲ ਬਣਾਉਣ ਦੀਆਂ ਤਰਕੀਬਾਂ ਵੇਚੀਆਂ ਜਾ ਰਹੀਆਂ ਹਨ। ਸਕੂਲਾਂ ਕਾਲਜਾਂ ਵਿੱਚ ਬੱਚਿਆਂ ਨੂੰ ਨਿੱਗਰ ਕਦਰਾਂ-ਕੀਮਤਾਂ ਨਹੀਂ ਬਲਕਿ ਵਿਸ਼ਾ ਮਾਹਰ ਪੈਦਾ ਕਰਨ ਦੀ ਕਵਾਇਦ ਚੱਲ ਰਹੀ ਹੈ। ਸਿੱਖਿਆ ਨੂੰ ਹੁਣ ਬੱਚਿਆਂ/ਨੌਜੁਆਨਾਂ ਵਿੱਚ ਗੁਣਵਤਾ ਪੈਦਾ ਕਰਨ ਲਈ ਨਹੀਂ ਬਲਕਿ ਪੈਸਾ ਲਾ ਕੇ ਪੈਸਾ ਕਮਾਉਣ ਦੇ ਸਾਧਨ ਵਜੋਂ ਵੇਖਿਆ ਜਾ ਰਿਹਾ ਹੈ। ਸਿੱਖਿਆ ਦੇਣ ਵਾਲੇ ਹੁਣ ਪਰਉਪਕਾਰੀ ਨਹੀਂ ਰਹੇ ਬਲਕਿ ਵਪਾਰੀ ਬਣ ਗਏ ਹਨ, ਸਿੱਖਿਆ ਲੈਣ ਵਾਲਿਆਂ ਨੂੰ ਸਿੱਖਿਆਰਥੀ ਨਹੀਂ ਬਲਕਿ ਇੱਕ ਗਾਹਕ ਵਜੋਂ ਵੇਖਿਆ ਜਾਣ ਲੱਗਿਆ ਹੈ। ਇਹੋ ਕਾਰਨ ਹੈ ਕਿ ਸਿੱਖਿਆ ਨੂੰ ਵੇਚਣ ਵਾਲਿਆਂ ਅਤੇ ਇਸ ਦੇ ਗਾਹਕ ਵਿੱਚ ਆਪਸੀ ਸੰਬੰਧ ਵਿਗੜ ਰਹੇ ਹਨ। ਨਿੱਗਰ ਕਦਰਾਂ-ਕੀਮਤਾਂ ਦੇ ਅਰਥ ਬਦਲ ਗਏ ਹਨ। ਚੇਨ ਚਲਾ ਕੇ ਵਸਤਾਂ ਵੇਚਣ ਵਾਲੀਆਂ ਕੰਪਨੀਆਂ ਜੋ ਆਪਣੇ ਗਾਹਕਾਂ ਨੂੰ ਵਿਕਰੇਤਾ ਵੀ ਬਣਾ ਲੈਂਦੀਆਂ ਹਨ, ਆਪਣੇ ਗਾਹਕਾਂ ਨੂੰ ਸਿਖਾਉਂਦੀਆਂ ਹਨ ਕਿ ਹੁਣ ਤਕ ਕੋਈ ਵੀ ਬੰਦਾ ਹੱਥੀਂ ਮਿਹਨਤ ਕਰਕੇ ਅਮੀਰ ਨਹੀਂ ਹੋਇਆ, ਬਲਕਿ ਅਮੀਰ ਉਹ ਬਣਦਾ ਹੈ ਜੋ ਹੱਥੀਂ ਕਿਰਤ ਕਰਨ ਦੀ ਬਜਾਏ ਦਿਮਾਗ਼ ਤੋਂ ਕੰਮ ਲਵੇ। ਦੂਜੇ ਅਰਥਾਂ ਵਿੱਚ ਇਹ ਕਿਹਾ ਜਾ ਰਿਹਾ ਹੈ ਕਿ ਅਮੀਰ ਤਾਂ ਹੋ ਸਕਦੇ ਹੋ ਜੇਕਰ ਤੁਸੀਂ ਚਾਲਬਾਜ਼ੀਆਂ ਕਰਨੀਆਂ ਸਿੱਖ ਜਾਓਗੇ। ਹੱਥੀਂ ਮਿਹਨਤ ਕਰਨ ਦਾ ਸੰਕਲਪ ਸਮਾਜ 'ਚੋਂ ਮਨਫ਼ੀ ਹੋ ਰਿਹਾ ਹੈ, ਪਰ ਬਹੁਤ ਸਾਰੀ ਵਿਅਰਥ ਦੀ ਨੱਠ-ਭੱਜ ਲਗਾਤਾਰ ਵਧ ਰਹੀ ਹੈ।

ਮਨ ਦੀ ਭਟਕਣਾ ਦੇ ਵਧਣ ਨਾਲ ਸਮਾਜ ਵਿੱਚ ਕਈ ਤਰ੍ਹਾਂ ਦੇ ਮਾਨਸਿਕ ਵਿਕਾਰ ਪੈਦਾ ਹੋ ਰਹੇ ਹਨ। ਵੱਡੀ ਗਿਣਤੀ ਵਿੱਚ ਲੋਕ ਡਿਪਰੇਸ਼ਨ ਦਾ ਸ਼ਿਕਾਰ ਬਣ ਰਹੇ ਹਨ। ਜਦੋਂ ਮਨੁੱਖਾਂ ਦੀਆਂ ਇੱਛਾਵਾਂ ਬੇਲਗਾਮ ਹੋ ਜਾਣ ਅਤੇ ਕਿਰਤ ਦੇ ਸਾਧਨ ਸੁੰਗੜ ਜਾਣ ਤਾਂ ਲੋਕ ਮਾਨਸਿਕ ਵਿਕਾਰਾਂ ਦੇ ਸ਼ਿਕਾਰ ਹੋਣ ਲੱਗਦੇ ਹਨ। ਜ਼ਿੰਦਗੀ ਦਾ ਸੁਹਜ ਸਵਾਦ ਲਗਾਤਾਰ ਗਵਾਚ ਰਿਹਾ ਹੈ। ਸਾਡੇ ਆਲੇ-ਦੁਆਲੇ

ਵਸਤਾਂ ਦੇ ਅੰਬਾਰ ਲੱਗ ਗਏ ਹਨ। ਮਕਾਨਾਂ ਕੋਠੀਆਂ ਦੇ ਕੱਦ ਵੱਡੇ ਹੋ ਰਹੇ ਹਨ, ਪਰ ਮਨੁੱਖਾਂ ਦੇ ਕਿਰਦਾਰ ਬੌਣੇ ਹੋ ਰਹੇ ਹਨ। ਸਾਡੇ ਦੁਆਰਾ ਹੰਢਾਈਆਂ/ਵਰਤੀਆਂ ਜਾਣ ਵਾਲੀਆਂ ਵਸਤਾਂ ਦੀ ਤਦਾਦ ਲਗਾਤਾਰ ਵਧ ਰਹੀ ਹੈ, ਪਰ ਮਨਾਂ ਅੰਦਰਲਾ ਖ਼ਾਲੀਪਣ ਉਸੇ ਮਿਕਦਾਰ ਵਿੱਚ ਵਧ ਰਿਹਾ ਹੈ। ਟੀ.ਵੀ. ਚੈਨਲਾਂ ਅਤੇ ਇੰਟਰਨੈੱਟ ਦੀ ਦੁਨੀਆਂ ਨੇ ਬਜ਼ਾਰ ਦੀ ਹਰ ਵਸਤ ਨੂੰ ਸਾਡੇ ਕਰੀਬ ਕਰ ਦਿੱਤਾ ਹੈ। ਬੇਲਗਾਮ ਖ਼ਾਹਸ਼ਾਂ ਦਾ ਸਤਾਇਆ ਮਨੁੱਖ ਲਗਾਤਾਰ ਬੇਚੈਨੀ ਦੇ ਆਲਮ (ਸਥਿਤੀ) ਵਿੱਚ ਹੈ। ਭਾਵੇਂ ਸਮਾਜ ਦੇ ਬਹੁਤ ਸਾਰੇ ਲੋਕਾਂ ਕੋਲ ਪੈਸਾ ਹੈ ਪਰ ਖ਼ੁਸ਼ਹਾਲੀ ਨਹੀਂ ਹੈ। ਅਮਰੀਕਾ ਵਰਗੇ ਵਿਕਸਿਤ ਦੇਸ਼ ਵਿੱਚ ਜਿੱਥੇ ਪੈਸੇ ਦੀ ਚਮਕ-ਦਮਕ ਸਾਡੇ ਨਾਲੋਂ ਕਿਤੇ ਵੱਧ ਹੈ ਬਹੁਗਿਣਤੀ ਲੋਕ ਡਿਪਰੇਸ਼ਨ ਦੇ ਸ਼ਿਕਾਰ ਹਨ। ਜੀਵਨ ਦੇ ਨਿਰਬਾਹ ਲਈ ਪੈਸਾ ਜ਼ਰੂਰੀ ਹੈ ਪਰ ਮਨੁੱਖ ਦੀਆਂ ਸਭ ਸਰਗਰਮੀਆਂ ਹੀ ਪੈਸੇ ਲਈ ਹੋਣ ਇਹ ਕੋਈ ਉਸ ਦੀ ਸੋਚ ਦਾ ਦਿਵਾਲੀਆਪਣ ਹੈ।

ਜਦੋਂ ਵੀ ਮਨੁੱਖ ਕਿਰਤ ਅਤੇ ਕੁਦਰਤ ਨਾਲੋਂ ਟੁੱਟਦਾ ਹੈ ਤਾਂ ਉਸ ਅੰਦਰ ਕਈ ਤਰ੍ਹਾਂ ਦੀਆਂ ਪ੍ਰੇਸ਼ਾਨੀਆਂ, ਮੁਸ਼ਕਲਾਂ, ਸਮੱਸਿਆਵਾਂ ਅਤੇ ਵਿਕਾਰ ਪੈਦਾ ਹੁੰਦੇ ਹਨ। ਸਾਡੇ ਸਮਾਜ ਦੀ ਵੀ ਅਜਿਹੀ ਸਥਿਤੀ ਹੈ। ਅਸੀਂ ਆਪਣੇ ਖਾਸੇ ਨਾਲੋਂ ਟੁੱਟ ਕੇ ਖੋਖਲੇ ਹੋ ਰਹੇ ਹਾਂ। ਇਹਨਾਂ ਖ਼ਾਲੀ ਥਾਵਾਂ ਨੂੰ ਭਰਨ ਲਈ ਕਈ ਤਰ੍ਹਾਂ ਦੇ ਅਡੰਬਰ ਰਚਣ ਦੀ ਕੋਸ਼ਿਸ਼ ਵਿੱਚ ਹਾਂ। ਆਪਣੀ ਅਹਿਮੀਅਤ ਦਿਖਾਉਣ, ਆਪਣੀ ਹਉਮੈਂ ਨੂੰ ਪੱਠੇ ਪਾਉਣ ਦੀ ਮਨੋਬਿਰਤੀ ਸਾਡੇ ਸਮਾਜ ਵਿੱਚ ਲਗਾਤਾਰ ਵਧ ਰਹੀ ਹੈ। ਕਰਜ਼ੇ ਚੁੱਕ ਕੇ ਵੀ ਵਿਆਹਾਂ ਸ਼ਾਦੀਆਂ ’ਤੇ ਵੱਡੇ ਇਕੱਠ ਕਰਨੇ, ਮਹਿੰਗੇ ਖਾਣੇ ਅਤੇ ਮਹਿੰਗੀਆਂ ਸ਼ਰਾਬਾਂ ਦਾ ਚਲਣ, ਬਰਾਤ ਵਿੱਚ ਆਏ ਸਾਕ ਸੰਬੰਧੀਆਂ ਨੂੰ ਸੋਨੇ ਦੇ ਕੜੇ, ਮੁੰਦਰੀਆਂ ਦੇ ਥਾਲ ਭਰ ਕੇ ਪੇਸ਼ ਕਰਨੇ, ਮਰਗਾਂ ਦੇ ਭੋਗਾਂ ’ਤੇ ਵੱਡੇ ਇਕੱਠ ਕਰਕੇ ਬੇਹਿਸਾਬਾ ਪੈਸਾ ਖ਼ਰਚ ਕਰਨਾ, ਇਹ ਸਭ ਕੁਝ ਮਨ ਦੇ ਖ਼ਾਲੀਪਣ ਨੂੰ ਭਰਨ ਦੀ ਵਿਅਰਥ ਕੋਸ਼ਿਸ਼ ਹੀ ਹੈ। ਇਕ ਬੰਦੇ ਨੇ ਜੇਕਰ ਦੋ ਮੰਜ਼ਲੀ ਕੋਠੀ ਪਾਈ ਹੈ ਤਾਂ ਵਿੱਤੋਂ ਵੱਧ ਪੈਸਾ ਖ਼ਰਚ ਕੇ ਉਸ ਦੇ ਬਰਾਬਰ ਜਾਂ ਉਸ ਤੋਂ ਉੱਚੀ ਕੋਠੀ ਪਾ ਕੇ ਪਿੰਡ ਵਿੱਚ ਆਪਣਾ ਮਾਨ-ਸਨਮਾਨ ਬਹਾਲ ਕਰਨ ਦੀ ਕੋਸ਼ਿਸ਼ ਕਰਨਾ ਇਹ ਦਰਸਾਉਂਦਾ ਹੈ ਕਿ ਅਸੀਂ ਅੰਦਰੋਂ ਭਰੇ ਹੋਏ ਨਹੀਂ ਹਾਂ, ਕਿਸੇ ਭਟਕਣਾ ਦੇ ਸ਼ਿਕਾਰ ਹਾਂ। ਜੇਕਰ ਇਹ ਵਿਚਾਰਿਆ ਜਾਵੇ ਕਿ ਪਿੰਡ ਵਿੱਚ ਰਹਿੰਦੇ ਚਾਲੀ ਪੰਜਾਹ ਘਰ ਸਾਡੀ ਬਹਿਜਾ-ਬਹਿਜਾ ਨਾ ਵੀ ਕਰਨ ਤਾਂ ਕੀ ਫ਼ਰਕ ਪਵੇਗਾ? ਆਪੇ ਆਲੇ-ਦੁਆਲੇ ਰਹਿੰਦੇ ਲੋਕਾਂ ਵਿੱਚ ਸਾਡੇ ਕਰਜ਼ਾ ਚੁੱਕ ਕੇ ਪਾਏ ਘਰ ਦੀ ਚਰਚਾ ਜੇਕਰ ਨਾ ਵੀ ਹੋਵੇਗੀ ਤਾਂ ਕੀ ਅਸੀਂ ਇਸ ਨਾਲ ਛੋਟੇ ਪੈ ਜਾਵਾਂਗੇ?

ਕਿਸੇ ਸਮੇਂ ਧਰਮ ਕਰਮ ਨਾਲ ਜੁੜੀਆਂ ਗਤੀਵਿਧੀਆਂ ਅਤੇ ਮਾਨਵਵਾਦੀ ਸੋਚਾਂ ਵਾਲੇ ਇਨਸਾਨ ਮਨੁੱਖ ਨੂੰ ਲੋਭ, ਲਾਲਚ, ਇੱਛਾਵਾਂ, ਲਾਲਸਾਵਾਂ ਤੋਂ ਸੁਚੇਤ ਰਹਿਣ ਦੀ ਗੱਲ ਕਰਦੇ ਸਨ। ਸਾਡੀ ਲੋਕਧਾਰਾ ਕਹਿੰਦੀ ਹੈ **‘ਸਾਢੇ ਤਿੰਨ ਹੱਥ ਧਰਤੀ ਤੇਰੀ ਬਹੁਤੀਆਂ ਜਗੀਰਾਂ ਵਾਲਿਆ।’** ਅਜਿਹੀਆਂ ਸਿੱਖਿਆਵਾਂ ਮਨੁੱਖ ਨੂੰ ਲੁੱਟ-ਖਸੁੱਟ ਕਰਕੇ ਧਨ ਇਕੱਠਾ ਕਰਨ ਤੋਂ ਸੁਚੇਤ ਕਰਦੀਆਂ ਸਨ। ਪਰ ਅੱਜ ਦੇ



ਦੌਰ ਵਿੱਚ ਆਮ ਲੋਕਾਂ ਦੀ ਧਾਰਮਿਕ ਪੱਖੋਂ ਅਗਵਾਈ ਕਰਨ ਵਾਲੇ ਵੀ ਮਾਇਆ ਦੇ ਇਸ ਤਿਲਿੱਸ਼ਮੀ ਵਹਿਣ ਵਿੱਚ ਵਹਿ ਗਏ ਹਨ। ਮੋਹ ਮਾਇਆ ਤੋਂ ਸੁਚੇਤ ਰਹਿਣ ਦਾ ਹੋਕਾ ਦੇਣ ਅਤੇ ਮਾਇਆ ਨੂੰ ਨਾਗਣੀ ਦੱਸਣ ਵਾਲਿਆਂ ਨੇ ਹੀ ਸਭ ਤੋਂ ਵੱਧ ਮਾਇਆ ਇਕੱਠੀ ਕੀਤੀ। ਵੱਡੇ-ਵੱਡੇ ਅਡੰਬਰ ਰਚਾ ਕੇ ਇਨ੍ਹਾਂ ਵਿੱਚ ਇਕ ਦੂਜੇ ਤੋਂ ਵੱਧ ਮੁਹਿੰਮਾਂ ਕਰਾਉਣ ਦੀ ਦੌੜ ਲੱਗੀ ਹੋਈ ਹੈ। ਸ਼ਰਧਾ ਨੂੰ ਕਾਰੋਬਾਰ ਬਣਾ ਲਿਆ ਗਿਆ ਹੈ ਅਤੇ ਇਸ ਤੋਂ ਮੋਟੀਆਂ ਕਮਾਈਆਂ ਕਰਕੇ ਵੱਧ ਤੋਂ ਵੱਧ ਧਨ ਇਕੱਠਾ ਕਰਨ ਦੀਆਂ ਕੋਸ਼ਿਸ਼ਾਂ ਹੋ ਰਹੀਆਂ ਹਨ। ਮਨ ਦੀ ਭਟਕਣਾ ਨੂੰ ਸ਼ਾਂਤ ਕਰਨ ਲਈ ਲਾਲਸਾਵਾਂ ਲਗਾਤਾਰ ਵਧਦੀਆਂ ਰਹਿੰਦੀਆਂ ਹਨ।

ਅਸੀਂ ਸਭ ਇਸ ਧਰਤੀ ’ਤੇ ਕੁਝ ਸਮਾਂ ਰਹਿਣ ਲਈ ਆਏ ਹਾਂ। ਅਸੀਂ ਇਸ ਮਿੱਟੀ ਤੋਂ ਪੈਦਾ ਹੋਏ ਅਤੇ ਇਕ ਨਾ ਇਕ ਦਿਨ ਇਸ ਮਿੱਟੀ ਵਿੱਚ ਹੀ ਸਮਾਅ ਜਾਣਾ ਹੈ। ਇਹ ਧਰਤੀ ਸਾਡੇ ਲਈ ਖ਼ੁਰਾਕ ਪੈਦਾ ਕਰਦੀ ਹੈ। ਇਹ ਕੁਦਰਤੀ ਖ਼ੁਰਾਕ ਅਤੇ ਕੁਦਰਤੀ ਰਹਿਣ-ਸਹਿਣ ਅਤੇ ਆਪਸੀ ਭਾਈਚਾਰਾ, ਮੋਹ, ਮੁਹੱਬਤ ਹੀ ਮਨੁੱਖ ਲਈ ਚੰਗੀ ਜ਼ਿੰਦਗੀ ਜਿਊਣ ਦੀਆਂ ਮੂਲ ਤਰਜੀਹਾਂ ਹੋਣੀਆਂ ਚਾਹੀਦੀਆਂ ਹਨ। ਅੱਜ ਬਹੁਤ ਜ਼ਰੂਰੀ ਹੈ ਕਿ ਮਨੁੱਖ ਬੇਤਹਾਸ਼ਾ ਪੈਸਾ ਧਨ ਦੌਲਤ ਇਕੱਠੀ ਕਰਨ ਦੀ ਬਜਾਏ ਧਰਮਾਂ, ਮਜ਼ਹਬਾਂ, ਜਾਤਾਂ-ਪਾਤਾਂ ਤੋਂ ਉੱਪਰ ਉੱਠ ਕੇ ਇਸ ਸਮਾਜ ਅਤੇ ਆਲੇ-ਦੁਆਲੇ ਨੂੰ ਚੰਗਾ ਬਣਾਉਣ ਲਈ ਯਤਨਸ਼ੀਲ ਹੋਵੇ। ਇਹ ਹੀ ਮਨੁੱਖਤਾ ਦੀ ਮੁਕਤੀ ਦਾ ਰਾਹ ਹੈ। ਕਿਸੇ ਵਿਚਾਰਕ ਨੂੰ ਇਕ ਸ਼ਖ਼ਸ ਨੇ ਪੁੱਛਿਆ ‘ ਜ਼ਿੰਦਗੀ ਦਾ ਜਸ਼ਨ ਕਿਸ ਦਿਨ ਮਨਾਉਣਾ ਚਾਹੀਦਾ ਹੈ?’ ਵਿਚਾਰਕ ਦਾ ਜਵਾਬ ਸੀ ‘ਮੌਤ ਤੋਂ ਇੱਕ ਦਿਨ ਪਹਿਲਾਂ।’ ਸਵਾਲ ਕਰਨ ਵਾਲੇ ਨੇ ਦੁਬਾਰਾ ਪੁੱਛਿਆ, “ਮੌਤ ਦਾ ਤਾਂ ਕੋਈ ਭਰੋਸਾ ਹੀ ਨਹੀਂ ਕਦੋਂ ਵਾਪਰ ਜਾਵੇ।” ਤਾਂ ਵਿਚਾਰਕ ਨੇ ਜਵਾਬ ਦਿੱਤਾ, “ਹਾਂ ਇਹੋ ਹੀ ਮੈਂ ਕਿਹਾ ਹੈ, ਹਰ ਦਿਨ ਨੂੰ ਜਸ਼ਨ ਮਨਾ ਕੇ ਜੀਓ।” ਆਓ ਇਸ ਸਮਾਜ ਨੂੰ ਹੋਰ ਚੰਗਾ ਬਣਾਉਣ ਲਈ ਯਤਨਸ਼ੀਲ ਹੋਈਏ।

# ਰੈਡੀਮੇਡ ਵਸਤਾਂ ਤੇ ਰੈਡੀਮੇਡ ਵਿਹਾਰ

ਮਨੁੱਖ ਦਿਨੋਂ-ਦਿਨ ਵਧੇਰੇ ਗੁੰਝਲਦਾਰ ਹੁੰਦਾ ਜਾ ਰਿਹਾ ਹੈ। ਮਨੁੱਖ ਅੰਦਰਲੀ ਨਿਰਛੱਲਤਾ ਹੌਲੀ-ਹੌਲੀ ਪੇਤਲੀ ਪੈਣ ਲੱਗੀ ਹੈ।

ਤਰੱਕੀ ਦੇ ਇਸ ਦੌਰ ਵਿੱਚ ਜਿੱਥੇ ਮਨੁੱਖ ਐਟਮ, ਹਾਈਡ੍ਰੋਜਨ ਬੰਬਾਂ ਦਾ ਤਾਜਰ (Trader) ਬਣਿਆ ਹੋਇਆ ਹੈ ਉੱਥੇ ਪੁਲਾੜ ਵਿੱਚ ਨਵੀਆਂ ਬਸਤੀਆਂ ਵਸਾਉਣ ਦੇ ਸਮਰੱਥ ਹੋ ਰਿਹਾ ਹੈ। ਮਨੁੱਖ ਅਤੇ ਹੋਰ ਜੀਵਾਂ ਦੇ ਜੀਨਾਂ ਨੂੰ ਪੜ੍ਹਨ ਅਤੇ ਉਨ੍ਹਾਂ ਦੇ ਵਖਰੇਵੇਂ ਕਰਨ ਦੀ ਗੱਲ ਹੋ ਰਹੀ ਹੈ। ਕੰਪਿਊਟਰ ਮੋਬਾਇਲ ਦੀ ਵਿਵਸਥਾ ਨੇ ਮਨੁੱਖੀ ਜ਼ਿੰਦਗੀ ਨੂੰ ਬੇਹੱਦ ਪ੍ਰਭਾਵਿਤ ਕੀਤਾ ਹੈ। ਸੂਚਨਾ ਤਕਨਾਲੋਜੀ ਦੇ ਵਿਕਾਸ ਨਾਲ ਮਨੁੱਖ ਬੜੀ ਤੇਜ਼ੀ ਨਾਲ ਦੁਨੀਆਂ ਨੂੰ ਆਪਣੇ ਕਲਾਵੇ ਵਿੱਚ ਲੈਣ ਦੇ ਸਮਰੱਥ ਹੋ ਰਿਹਾ ਹੈ। ਵਿਕਾਸ ਦੀ ਇਸ ਦੌੜ ਵਿੱਚ ਜੇਕਰ ਉਸ ਦੀ ਸਭ ਤੋਂ ਵੱਧ ਵਿੱਥ ਬਣੀ ਹੈ ਤਾਂ ਉਹ ਹੈ ਉਸ ਦਾ ਆਪਣਾ ਆਪ। ਮਨੁੱਖ ਦਾ ਆਪਣੇ ਆਪ ਤੋਂ ਫ਼ਾਸਲਾ ਲਗਾਤਾਰ ਅਸੀਮ ਹੁੰਦਾ ਜਾ ਰਿਹਾ ਹੈ।

ਆਖ਼ਿਰ ਕੀ ਹੈ ਜੀਵਣ? ਇਕ ਲਗਭਗ ਅੱਸੀ ਕੁ ਸਾਲ ਦਾ ਛੋਟਾ ਜਿਹਾ ਸਫ਼ਰ ਤੇ ਫਿਰ ਸਭ ਕੁਝ ਖ਼ਤਮ। ਇਸ ਬੜੇ ਛੋਟੇ ਜਿਹੇ ਸਫ਼ਰ ਨੂੰ ਅਸੀਂ ਬੜਾ ਸਦੀਵੀ ਸਮਝ ਲੈਂਦੇ ਹਾਂ। ਇਸ ਵਕਫ਼ੇ ਦੌਰਾਨ ਅਸੀਂ ਹਜ਼ਾਰਾਂ ਤਰ੍ਹਾਂ ਦੇ ਪਾਪੜ ਵੇਲਦੇ ਹਾਂ। ਮਹੱਲ ਉਸਾਰਦੇ ਹਾਂ ਵੈਰ-ਵਿਰੋਧ ਈਰਖਾ ਦੇ ਭਾਂਬੜ ਬਾਲ-ਬਾਲ ਸੇਕਦੇ ਹਾਂ ਤੇ ਫਿਰ ਸਭ ਕੁਝ ਛੱਡ ਕੇ ਵਿਦਾ ਹੋ ਜਾਂਦੇ ਹਾਂ। ਵਿਗਿਆਨ ਨੇ ਸਾਨੂੰ ਦੱਸਿਆ ਕਿ ਮੌਤ ਤੋਂ ਬਾਅਦ ਜ਼ਿੰਦਗੀ ਨਹੀਂ ਹੈ। ਕੋਈ ਆਤਮਾ ਨਹੀਂ ਹੈ, ਨਾ ਹੀ ਕੋਈ ਪ੍ਰਮਾਤਮਾ ਹੈ; ਪਰ ਧਰਮ ਨੇ ਸਾਨੂੰ ਕਿਹਾ ਕਿ ਮਨੁੱਖ ਮਰ ਕੇ ਦੁਬਾਰਾ ਜਨਮ ਲੈਂਦਾ ਹੈ ਅਤੇ ਜੋ ਇਸ ਜਨਮ ਵਿੱਚ ਬੀਜਾਂਗੇ ਉਹ ਅਗਲੇ ਜਨਮ ਵਿੱਚ ਵੱਢਣਾ ਪਵੇਗਾ। ਸਮੇਂ ਦੇ ਬੀਤਣ ਨਾਲ ਮਨੁੱਖ ਨਿੱਤ ਨਵੀਆਂ ਸੁੱਖ ਸਹੂਲਤਾਂ ਪੈਦਾ ਕਰਦਾ ਗਿਆ। ਇਸ ਨਾਲ ਮਨੁੱਖ ਦੀ ਮਨ ਅੰਦਰਲੀ ਜਿਊਣ ਦੀ ਭੁੱਖ ਨੂੰ ਹੋਰ ਬਲ ਮਿਲਿਆ ਅਤੇ ਇਸ ਦੇ ਨਾਲ ਹੀ ਮਨੁੱਖ ਦੇ ਅੰਦਰ ਅਜਿਹੀਆਂ ਭੁੱਖਾਂ ਵੀ ਜਾਗ ਪਈਆਂ ਜਿਨ੍ਹਾਂ ਦੀ ਪੂਰਤੀ ਲਈ ਉਹ ਦਿਨ-ਰਾਤ ਭਟਕਦਾ ਹੈ।

ਪੁਰਾਤਨ ਕਾਲ ਦੌਰਾਨ ਸਾਡੇ ਵੱਡੇ-ਵਡੇਰਿਆਂ ਦੀ ਇਕ ਜਾਤੀ ਜੋ ਚਾਰ ਟੰਗਾਂ ਨਾਲ ਤੁਰਨ ਵਾਲੀਆਂ ਜਾਤੀਆਂ ਨਾਲੋਂ ਅਲੱਗ ਹੋ ਗਈ ਸੀ ਨੇ ਚਾਰ ਪੈਰਾਂ ਦੀ ਬਜਾਏ ਹੌਲੀ-ਹੌਲੀ ਦੋ ਲੱਤਾਂ 'ਤੇ ਖੜ੍ਹਨਾ ਸ਼ੁਰੂ ਕਰ ਦਿੱਤਾ ਤੇ ਹੌਲੀ-ਹੌਲੀ ਸਾਡੇ ਇਹ ਪੂਰਵਜ ਦੋ ਪੈਰਾਂ ਦੇ ਸਹਾਰੇ ਹੀ ਚੱਲਣ ਲੱਗ ਪਏ। ਸਾਡੇ ਆਲੇ-ਦੁਆਲੇ ਮਨੁੱਖੀ ਸਮਝ ਨੇ ਜੋ ਕ੍ਰਿਸ਼ਮੇ ਕੀਤੇ ਹਨ ਉਹ ਇਨ੍ਹਾਂ ਦੇ ਉਸ ਸਮੇਂ ਹੋ ਗਏ ਹੱਥ ਦੀ ਹੀ ਕਰਾਮਾਤ ਹੈ। ਪੁਰਾਤਨ ਮਨੁੱਖ ਦੀ ਸਮਝ ਬੜੀ ਸੀਮਿਤ ਸੀ। ਜਿਉਂ-ਜਿਉਂ ਮਨੁੱਖੀ ਸਮਝ ਨੇ ਵਿਕਾਸ ਕੀਤਾ ਤਿਉਂ-ਤਿਉਂ ਹੀ ਇਸ ਅੰਦਰ ਕਦੇ ਨਾ ਮੁੱਕਣ ਵਾਲੀ ਭੁੱਖ ਦੀ ਪ੍ਰਵਿਰਤੀ ਪੈਦਾ ਹੁੰਦੀ ਗਈ। ਆਪਣੇ ਮਨ ਅੰਦਰ ਪਨਪਦੀਆਂ ਇਹਨਾਂ ਭੁੱਖਾਂ, ਲਾਲਸਾਵਾਂ ਦਾ ਸਤਾਇਆ ਮਨੁੱਖ ਨਾਮ ਦਾ ਇਹ ਜੀਵ ਆਪਣੀ



ਦੋ ਵੇਲੇ ਦੋ ਤੇ ਦੋ ਚਾਰ ਰੋਟੀਆਂ ਖਾਣ ਲਈ ਥੋੜ੍ਹਾ ਜਿਹਾ ਅਰਸਾ ਇਸ ਧਰਤੀ 'ਤੇ ਰਹਿਣ ਲਈ ਮਾਰਧਾੜ, ਰਿਸ਼ਵਤਖੋਰੀ, ਕਤਲ, ਡਾਕੇ, ਝੂਠ, ਫਰੇਬ ਕਰਕੇ ਦਿਨ-ਰਾਤ ਮਾਲ ਜਮ੍ਹਾਂ ਕਰਨ ਦੀ ਨਿਰੰਤਰ ਕੋਸ਼ਿਸ਼ ਵਿੱਚ ਹੈ। ਮਨੁੱਖ ਦਾ ਆਪਣੇ ਆਪ ਨਾਲੋਂ ਫ਼ਾਸਲਾ ਰੱਖਣ ਦਾ ਢੰਗ ਵੀ ਬੜਾ ਅਜੀਬ ਹੈ। ਉਹ ਜਿਸ ਤਰ੍ਹਾਂ ਦਾ ਅਸਲ ਵਿੱਚ ਹੈ ਉਸ ਤਰ੍ਹਾਂ ਦਾ ਦਿੱਸਣਾ ਨਹੀਂ ਚਾਹੁੰਦਾ ਅਤੇ ਜਿਸ ਤਰ੍ਹਾਂ ਦਾ ਉਹ ਨਹੀਂ ਹੈ ਉਸ ਤਰ੍ਹਾਂ ਦਾ ਨਜ਼ਰ ਆਉਣ ਲਈ ਅਨੇਕਾਂ ਸਾਧਨਾਂ ਦਾ ਸਹਾਰਾ ਲੈਂਦਾ ਹੈ। ਕਈ ਪਾਪੜ ਵੇਲਦਾ ਹੈ।

ਬਿਜਲਈ ਸਾਧਨਾਂ ਅਤੇ ਅਤਿ ਆਧੁਨਿਕ ਸਹੂਲਤਾਂ ਵਿੱਚ ਘਿਰੇ ਮਨੁੱਖ ਦਾ 'ਆਪਾ' ਵਸਤਾਂ ਦੇ ਸੰਘਣੇ ਜੰਗਲ ਵਿੱਚ ਜਿਵੇਂ ਭਟਕ ਗਿਆ ਹੋਵੇ, ਉਸ ਕੋਲ ਆਪਣੇ ਆਪ ਤੇ ਆਪਣੇ ਜੀਵਨ ਨੂੰ ਸਮਝਣ ਦੀ ਫੁਰਸਤ ਨਹੀਂ ਰਹੀ। ਉਸ ਕੋਲ ਸਮਾਂ ਨਹੀਂ ਕਿ ਉਹ ਪਦਾਰਥਾਂ ਦੇ ਇਸ ਸੰਘਣੇ ਜੰਗਲ 'ਚੋਂ ਬਾਹਰ ਆ ਕਦੇ ਪਲ ਦੋ ਪਲ ਆਪਣੇ ਆਪ ਕੋਲ ਬਹਿ ਲਵੇ। ਸ਼ਾਇਦ ਡਰਦਾ ਹੈ ਕਿ ਵਸਤਾਂ ਲਈ ਲੱਗੀ ਸੁਨਹਿਰੀ ਹਿਰਨ ਵਾਲੀ ਦੌੜ 'ਚੋਂ ਉਹ ਕਿਤੇ ਪਛੜ ਨਾ ਜਾਵੇ।

ਕੋਈ ਸਮਾਂ ਸੀ ਜਦੋਂ ਇਸ ਧਰਤੀ ਦੇ ਜਾਏ ਸਾਡੇ ਵੱਡੇ-ਵਡੇਰਿਆਂ ਦੀ ਕੁਦਰਤ ਨਾਲ ਬੜੀ ਡੂੰਘੀ ਸਾਂਝ ਸੀ। ਵਗਦੇ ਖੂਹਾਂ ਦੀਆਂ ਟਿੰਡਾਂ ਦੀ ਤੁਲਨਾ ਉਹਨਾਂ ਨੇ ਇਸ ਜੀਵਨ ਨਾਲ ਕੀਤੀ। ਪ੍ਰਾਣਾਂ ਨੂੰ ਪੰਖੇਰੂਆਂ ਦੇ ਉੱਡਣ ਨਾਲ ਤਸ਼ਬੀਹ ਦਿੱਤੀ। ਮਨੁੱਖ ਦੇ ਕੱਦ ਬਰੋਬਰ ਸਾਡੇ ਤਿੰਨ ਹੱਥ ਧਰਤੀ ਦੀ ਗੱਲ ਕਰਕੇ ਉਸ ਨੂੰ ਉਹਦੀ ਅਸਲੀਅਤ ਤੋਂ ਜਾਣੂ ਕਰਵਾਇਆ। ਆਪਣੇ ਆਪ ਨੂੰ ਮੁਸਾਫ਼ਰ ਤੇ ਦੁਨੀਆਂ ਨੂੰ ਮੁਸਾਫ਼ਰਖ਼ਾਨਾ ਦੱਸਿਆ। ਲਾਲਸਾਵਾਂ ਅਤੇ ਹਵਸਾਂ ਦੇ ਸ਼ਿਕਾਰ ਹੋਣ ਤੋਂ ਬਚਾਅ ਲਈ ਜ਼ਿੰਦਗੀ ਨੂੰ ਪਾਣੀ ਦੇ ਬੁਲਬਲੇ ਨਾਲ ਤੁਲਨਾਇਆ।

ਅੱਜ ਦੇ ਮਨੁੱਖ ਦੀ ਤਰਾਸਦੀ ਇਹ ਹੈ ਕਿ ਉਹ ਆਪਣੀ ਜ਼ਿੰਦਗੀ 'ਚੋਂ ਦੁੱਖ-ਤਕਲੀਫ਼ਾਂ, ਤੰਗੀਆਂ-ਤੁਰਸ਼ੀਆਂ ਨੂੰ ਖ਼ਾਰਜ ਕਰਨ ਲਈ ਜਿੰਨੀ ਵੱਧ ਸੁਰੱਖਿਆ ਜੁਟਾਉਣ ਦੀ ਕੋਸ਼ਿਸ਼ ਕਰਦਾ ਹੈ ਉਨਾ ਹੀ ਜ਼ਿਆਦਾ ਪ੍ਰੇਸ਼ਾਨ ਹੁੰਦਾ ਹੈ। ਆਪਣੀ ਜ਼ਿੰਦਗੀ ਵਿੱਚ ਜ਼ਿਆਦਾਤਰ ਦੁੱਖ-ਝਮੇਲੇ, ਪ੍ਰੇਸ਼ਾਨੀਆਂ-ਦੁਸ਼ਵਾਰੀਆਂ ਮਨੁੱਖ ਆਪਣੇ ਲਈ ਆਪ ਸਹੇੜਦਾ ਹੈ। ਜਿਵੇਂ ਅਕਸਰ ਕਿਹਾ ਜਾਂਦਾ ਹੈ ਕਿ ਅਸੀਂ ਆਪਣੇ ਦੁੱਖਾਂ ਨਾਲ ਉਨੇ ਦੁਖੀ ਨਹੀਂ ਹੁੰਦੇ ਜਿੰਨੇ ਦੂਜਿਆਂ ਨੂੰ ਸੁਖੀ ਵੇਖ ਕੇ ਦੁਖੀ ਹੁੰਦੇ ਹਾਂ।

ਦੇਸ਼-ਦੇਸ਼ਾਂਤਰਾਂ ਦੀਆਂ ਹੱਦਾਂ-ਸਰਹੱਦਾਂ ਨੂੰ ਉਲੰਘ ਕੇ ਵੱਡੀਆਂ-ਵੱਡੀਆਂ ਫ਼ੌਜਾਂ, ਰਾਜਿਆਂ, ਮਹਾਰਾਜਿਆਂ ਨੂੰ ਆਪਣੀ ਤਲਵਾਰ ਦੀ ਨੋਕ ਨਾਲ ਨਿਵਾਉਣ ਵਾਲਾ ਯੂਨਾਨ ਦਾ ਬਾਦਸ਼ਾਹ ਸਿਕੰਦਰ ਜਦੋਂ ਭਾਰਤ ਪੁੱਜਿਆ ਤਾਂ ਏਥੇ ਉਸ ਨੂੰ ਕਿਸੇ ਕਾਲਕਟ ਨਾਮ ਦੇ ਫ਼ਕੀਰ ਦੀ ਮਹਾਨਤਾ ਦਾ ਪਤਾ ਚੱਲਿਆ, ਜੋ ਹਰ ਤਰ੍ਹਾਂ ਦੇ ਦੁਨਿਆਵੀ ਪਦਾਰਥਾਂ ਤੋਂ ਉੱਪਰ ਉੱਠ ਗਿਆ ਸੀ। ਸਿਕੰਦਰ ਦੇ ਮਨ ਵਿੱਚ ਇੱਛਾ ਪੈਦਾ ਹੋਈ ਕਿ ਉਸ ਫ਼ਕੀਰ ਨੂੰ ਮਿਲਿਆ ਜਾਵੇ। ਕਹਿੰਦੇ ਹਨ ਕਿ ਸਿਕੰਦਰ ਆਪ ਚੱਲ ਕੇ ਉਹਦੇ ਦਰ 'ਤੇ ਗਿਆ। ਉਸ ਨੂੰ ਪੁੱਛਿਆ "ਮੈਂ ਦੁਨੀਆਂ ਦਾ ਜੇਤੂ ਸਿਕੰਦਰ ਬਾਦਸ਼ਾਹ ਤੇਰੇ ਸਾਹਮਣੇ ਖੜ੍ਹਾ ਹਾਂ। ਮੈਂ ਉਹ ਸਿਕੰਦਰ ਬਾਦਸ਼ਾਹ ਹਾਂ ਜਿੱਧਰ ਨੂੰ

ਤੁਰਦਾ ਹਾਂ ਪਹਾੜ ਵੀ ਮੇਰੇ ਅੱਗੇ ਨਿਉਂ ਜਾਂਦੇ ਨੇ। ਵੱਡੀਆਂ-ਵੱਡੀਆਂ ਬਾਦਸ਼ਾਹੀਆਂ ਮੈਂ ਆਪਣੇ ਪੈਰਾਂ ਹੇਠ ਰੋਲ ਛੱਡੀਆਂ ਨੇ। ਮੈਂ ਤੁਹਾਡੇ ਦਰਸ਼ਨ ਕਰਨ ਆਇਆ ਹਾਂ, ਤੁਸੀਂ ਜੋ ਚਾਹੋ ਮੈਂ ਇਸੇ ਵਕਤ ਤੁਹਾਡੇ ਅੱਗੇ ਹਾਜ਼ਰ ਕਰ ਸਕਦਾ ਹਾਂ, ਮੂੰਹੋਂ ਬੋਲੋ।" ਕਾਲਕਟ ਜੋ ਜ਼ਮੀਨ 'ਤੇ ਲੇਟਿਆ ਹੋਇਆ ਧੁੱਪ ਸੇਕ ਰਿਹਾ ਸੀ ਨੇ ਬੇਪ੍ਰਵਾਹੀ ਨਾਲ ਉੱਤਰ ਦਿੱਤਾ "ਠੀਕ ਏ, ਸਿਰਫ਼ ਇੱਕ ਕੰਮ ਕਰੋ ਜ਼ਰਾ ਪਾਸੇ ਹੋ ਕੇ ਖਲੋਵੋ, ਧੁੱਪ ਆਉਣ ਦਿਓ, ਤੁਹਾਡੀ ਹੋਰ ਕਿਸੇ ਚੀਜ਼ ਦੀ ਲੋੜ ਨਹੀਂ।" ਕਾਲਕਟ ਦੀ ਇਸ ਬੇਪਰਵਾਹੀ ਅੱਗੇ ਸਿਕੰਦਰ ਦੀਆਂ ਆਪਣੀਆਂ ਵੱਡੀਆਂ ਪ੍ਰਾਪਤੀਆਂ ਬੌਣੀਆਂ ਜਿਹੀਆਂ ਹੋ ਗਈਆਂ।

ਸਾਡੇ ਸਭ ਦੇ ਮਨਾਂ ਦਾ ਸਿਕੰਦਰ ਆਪਣੀ ਹਉਮੈਂ ਨੂੰ ਪੱਠੇ ਪਾਉਣ ਲਈ ਦਿਨ-ਰਾਤ ਭਟਕਦਾ ਹੈ ਤੇ ਮਨ ਦਾ ਇੱਕ ਦੂਜਾ ਕਾਲਕਟ ਨਾਮ ਦਾ ਪੱਖ ਜਿਸ ਦੇ ਸਾਹਮਣੇ ਸਿਕੰਦਰ ਸਦਾ ਨਿਰਉੱਤਰ ਰਿਹਾ ਹੈ, ਨੂੰ ਅਸੀਂ ਆਪਣੇ ਅੰਦਰੋਂ ਨਿਰੰਤਰ ਮਨਫ਼ੀ ਕਰਨ ਦੀ ਕੋਸ਼ਿਸ਼ ਵਿੱਚ ਰਹਿੰਦੇ ਹਾਂ।

ਪਦਾਰਥਕ ਵਸਤਾਂ ਦੀ ਨਾ ਮੁੱਕਣ ਵਾਲੀ ਇਸ ਦੌੜ ਨੇ ਅੱਜ ਮਨੁੱਖੀ ਜ਼ਿੰਦਗੀ ਨੂੰ ਨਵੇਂ ਅਰਥ ਦਿੱਤੇ ਹਨ। ਸਾਡੇ ਅੰਦਰੋਂ ਬਰਦਾਸ਼ਤ ਕਰਨ ਦੀ ਸਮਰੱਥਾ ਖ਼ਤਮ ਹੋਣ ਲੱਗੀ ਹੈ, ਜਿਸ ਨਾਲ ਛੋਟੀ-ਛੋਟੀ ਗੱਲ 'ਤੇ ਆਤਮ-ਹੱਤਿਆਵਾਂ ਲੜਾਈਆਂ, ਝਗੜੇ ਅਤੇ ਕਤਲ ਆਦਿ ਵਰਗੀਆਂ ਵਾਰਦਾਤਾਂ ਵਧ ਰਹੀਆਂ ਹਨ। ਸਾਡੇ ਅੰਦਰੋਂ ਸਹਿਜਤਾ ਖ਼ਤਮ ਹੋਣ ਲੱਗੀ ਹੈ। ਸਾਡੇ ਮਨਾਂ ਅੰਦਰ ਸਾਜ਼ਸ਼ੀ ਪ੍ਰਵਿਰਤੀ ਹੌਲੀ-ਹੌਲੀ ਭਾਰੂ ਹੋਣ ਲੱਗੀ ਹੈ। ਹੁਣ ਇਕ ਕਦਮ ਪੁੱਟਣ ਬਾਬਤ ਵੀ ਨਫ਼ੇ ਨੁਕਸਾਨ ਸੋਚੇ ਜਾਣ ਲੱਗੇ ਹਨ। ਪੁੱਠੇ ਸਿੱਧੇ ਢੰਗਾਂ ਨਾਲ ਵੱਧ ਪੈਸੇ ਕਮਾਉਣ ਵਾਲੇ ਲੋਕਾਂ ਨੂੰ ਸਨਮਾਨ ਮਿਲਣ ਲੱਗਾ ਹੈ, ਇਮਾਨਦਾਰ ਤੇ ਹੱਕ ਸੱਚ 'ਤੇ ਪਹਿਰਾ ਦੇਣ ਵਾਲਿਆਂ ਨੂੰ ਦੁਰਕਾਰਿਆ ਜਾਣ ਲੱਗਿਆ ਹੈ। ਰਿਸ਼ਵਤਖੋਰੀ, ਭ੍ਰਿਸ਼ਟਾਚਾਰ ਦੇ ਹੁਣ ਅਰਥ ਬਦਲ ਰਹੇ ਹਨ। ਮਨੁੱਖ ਦੇ ਮਾਨਵੀ ਗੁਣਾਂ ਦੀ ਬਜਾਏ ਉਸ ਵੱਲੋਂ ਚੱਲੀਆਂ ਜਾਂਦੀਆਂ ਕੁਚਾਲਾਂ ਦੀ ਸਮਾਜ ਵਿੱਚ ਪ੍ਰਸ਼ੰਸਾ ਹੋਣ ਲੱਗੀ ਹੈ।

ਹੁਣ ਵਧੀਆ ਲਿਖਤਾਂ ਲਿਖਣ ਵਾਲਿਆਂ ਦੀ ਬਜਾਏ ਭੱਦੇ ਅਤੇ ਕਾਮ ਉਕਸਾਊ ਇਸ਼ਾਰੇ ਕਰਨ ਵਾਲੇ ਵਧੇਰੇ ਸਨਮਾਨਯੋਗ ਹਨ। ਸਮਾਜ ਦੇ ਸੱਚੇ-ਸੁੱਚੇ ਹਿਤੈਸ਼ੀ ਲੋਕਾਂ ਨਾਲੋਂ ਅਖੌਤੀ ਲੀਡਰ ਦੀ ਹਰ ਥਾਂ ਵਧੇਰੇ ਬੱਲੇ-ਬੱਲੇ ਹੁੰਦੀ ਹੈ। ਅਜ਼ਾਦੀ ਪ੍ਰਵਾਨੇ ਸਾਡੇ ਹੀਰੋ ਨਹੀਂ ਰਹੇ, ਸਗੋਂ ਐਕਟਰ ਕ੍ਰਿਕਟਰ ਸਾਡੇ ਲੋਕਾਂ ਲਈ ਰੋਲ-ਮਾਡਲ ਬਣਨ ਲੱਗੇ ਹਨ। ਅਜ਼ਾਦੀ ਪ੍ਰਵਾਨੇ ਜਿਨ੍ਹਾਂ ਨੇ ਸਾਡੇ ਦੇਸ਼ ਦੇ ਵਡੇਰੇ ਹਿੱਤਾਂ ਲਈ ਕੁਰਬਾਨੀਆਂ ਕੀਤੀਆਂ, ਉਹ ਕਿਸੇ ਬੀਤੇ ਯੁੱਗ ਦੀ ਕਹਾਣੀ ਬਣ ਗਏ ਹਨ। ਭਗਤ ਪੂਰਨ ਸਿੰਘ ਤੇ ਭਾਈ ਘਨੱਈਆ ਜੀ ਦੀ ਥਾਂ ਹੁਣ ਉਹਨਾਂ ਅਖੌਤੀ ਸਮਾਜ ਸੇਵੀ ਲੋਕਾਂ ਨੇ ਲੈ ਲਈ ਹੈ ਜੋ ਕਿਤੇ ਜਾ ਕੇ ਇੱਕ ਦਰਜਨ ਕੇਲੇ ਵੰਡ ਕੇ ਆਪਣੀ ਫੋਟੋ ਅਖ਼ਬਾਰ ਵਿੱਚ ਲੱਗੀ ਵੇਖਣ ਦੇ ਸ਼ੌਕੀਨ ਹਨ। ਚਰਖੇ ਤੇ ਪੱਖੀਆਂ ਨੂੰ ਸ਼ਹਿਰੋ-ਸ਼ਹਿਰ ਨੁਮਾਇਸ਼ ਲਈ ਗੱਡੀਆਂ 'ਤੇ ਘੁਮਾਉਣ ਵਾਲੇ ਲੋਕ ਅੱਜ ਸੱਭਿਆਚਾਰ ਦੇ ਰਾਖੇ ਬਣ ਬੈਠੇ ਹਨ। ਦੇਸੀ ਘਿਓ ਅਤੇ ਬੂਰੀਆਂ ਦੇ ਦੁੱਧ



ਨਾਲੋਂ ਅੱਜ ਚਵਨਪ੍ਰਾਸ਼ ਵਧੇਰੇ ਮਹੱਤਵਪੂਰਨ ਹੋ ਗਿਆ ਹੈ। ਗੁੜ ਦੇ ਸ਼ਰਬਤ ਅਤੇ ਸ਼ਿਕੰਜਵੀ ਨੂੰ ਪਲਾਸਟਿਕ ਦੀਆਂ ਬੋਤਲਾਂ ਵਿਕਣ ਵਾਲੇ ਪਾਣੀਆਂ ਨੇ ਪਛਾੜ ਕੇ ਰੱਖ ਦਿੱਤਾ ਹੈ। ਸਾਹਮਣੇ ਪਏ ਅਨਾਰ ਓਨਾ ਆਕਰਸ਼ਣ ਪੈਦਾ ਨਹੀਂ ਕਰਦੇ ਜਿੰਨਾ ਬੰਦ ਡੱਬੇ ਵਿੱਚ ਪਿਆ ਸਾਲਾਂ ਦਾ ਜੂਸ ਕਰਦਾ ਹੈ। ਆਪੇ ਪਿਸਾਈ ਕਣਕ ਨਾਲੋਂ ਥੈਲੇ ਵਾਲਾ ਆਟਾ ਵਧੇਰੇ ਗੁਣਾਂ ਭਰਪੂਰ ਬਣਾ ਕੇ ਪੇਸ਼ ਕੀਤਾ ਜਾ ਰਿਹਾ ਹੈ। ਕੰਪਨੀਆਂ ਸਾਨੂੰ ਇਹ ਤਾਂ ਦੱਸਦੀਆਂ ਹਨ ਕਿ ਸਾਡਾ ਸ਼ਹਿਦ ਵਧੇਰੇ ਗੁਣਕਾਰੀ ਹੈ ਪਰ ਇਹ ਕਦੇ ਨਹੀਂ ਦੱਸਦੀਆਂ ਇਸ ਸ਼ਹਿਦ ਦੇ ਡੂਮਣੇ ਕਿਹੜੇ ਦਰੱਖਤਾਂ ਨੂੰ ਲੱਗਦੇ ਹਨ। ਸਾਨੂੰ ਕੰਮ ਕਰਨ ਦੀ ਸਿੱਖਿਆ ਨਹੀਂ ਬਲਕਿ ਵਿਹਲੇ ਰਹਿ ਕੇ ਯੋਗਾ ਕਰ ਕੇ ਸਰੀਰ ਨੂੰ ਵਧੀਆ ਰੱਖਣ ਦੀ ਸਿੱਖਿਆ ਦਿੱਤੀ ਜਾ ਰਹੀ ਹੈ।

ਅੱਜ ਸਾਨੂੰ ਲੋੜ ਹੈ ਕਿ ਮਨੁੱਖ ਨੂੰ ਪੁਰਾਤਨ ਰੂੜੀਵਾਦੀ ਧਾਰਨਾਵਾਂ ਤੋਂ ਮੁਕਤ ਕਰਵਾਇਆ ਜਾਵੇ। ਮਨੁੱਖ ਨੂੰ ਕਾਮ, ਕਰੋਧ, ਲੋਭ, ਮੋਹ, ਅਹੰਕਾਰ ਨੂੰ ਤਿਆਗਣ ਦੀ ਬਜਾਏ ਇਨ੍ਹਾਂ ਦੇ ਸਾਰ-ਅੰਸ਼ ਨੂੰ ਗਹਿਰਾਈ ਨਾਲ ਸਮਝਣ ਦੀ ਸਲਾਹ ਦਿੱਤੀ ਜਾਣੀ ਚਾਹੀਦੀ ਹੈ। ਸਾਡੀ ਵਿੱਦਿਅਕ ਪ੍ਰਣਾਲੀ ਜੋ ਬੇਹੱਦ ਨੁਕਸਦਾਰ ਹੈ ਨੂੰ ਸੁਯੋਗ ਬਣਾਉਣ ਦੀ ਲੋੜ ਹੈ। ਅਜੇ ਉਹ ਵਿਚਾਰਧਾਰਾ ਖੜ੍ਹੀ ਕੀਤੀ ਜਾਣੀ ਬਾਕੀ ਹੈ ਜਿਸ ਵਿੱਚ ਹਰ ਵਿਸ਼ੇ 'ਤੇ ਸਵਾਲ ਕਰਕੇ ਮਨੁੱਖੀ ਸਮੱਸਿਆਵਾਂ ਦੇ ਸਾਰਥਿਕ ਹੱਲ ਲੱਭੇ ਜਾ ਸਕਣ। ਸਾਡੇ ਪਾਸ ਹਰ ਵਿਸ਼ੇ 'ਤੇ ਰੈਡੀਮੇਡ ਘੜੇ ਘੜਾਏ ਜਵਾਬ ਹਨ। ਮਨੁੱਖੀ ਮਨੋਬਿਰਤੀ ਨੂੰ ਗਿਆਨਮਈ ਬਣਾਉਣ ਦੀ ਬਜਾਏ ਰੈਡੀਮੇਡ ਬਣਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਅਸੀਂ ਅਜੇ ਇਹ ਵੀ ਜਾਣਨਾ ਹੈ ਕਿ ਸਾਡੀ ਜ਼ਿੰਦਗੀ ਦਾ ਅਸਲ ਮੰਤਵ ਕੀ ਹੋਣਾ ਚਾਹੀਦਾ ਹੈ। ਹੁਣ ਤਕ ਮਨੁੱਖ ਨੂੰ ਇਸ ਦਾ ਇਕੋ-ਇਕ ਘੜਿਆ ਘੜਾਇਆ ਜਵਾਬ ਦਿੱਤਾ ਜਾਂਦਾ ਰਿਹਾ ਹੈ ਕਿ ਤੇਰੀ ਜ਼ਿੰਦਗੀ ਦਾ ਇਕੋ ਇਕ ਮਕਸਦ "ਨਾਮ" ਹੈ, ਇਹਨੂੰ ਜੱਪੀ ਜਾ। ਪਰ ਦੋਸਤੋ, ਧਰਤੀ ਦੀ ਕਿਸੇ ਵੀ ਨੁੱਕਰੇ ਨਜ਼ਰ ਮਾਰ ਕੇ ਦੇਖਿਆਂ ਸਾਨੂੰ ਪਤਾ ਚੱਲਦਾ ਹੈ ਕਿ ਮਨੁੱਖੀ ਜ਼ਿੰਦਗੀ ਦੇ ਅਰਥ ਸਿਰਫ਼ ਇੱਥੋਂ ਤਕ ਹੀ ਸੀਮਿਤ ਨਹੀਂ ਹਨ; ਸਗੋਂ ਇਹ ਸਿੱਖਿਆਵਾਂ ਦੇਣ ਵਾਲੇ ਅੱਜ ਦੁਨਿਆਵੀ ਸੁੱਖਾਂ ਨੂੰ ਭੋਗਣ ਵਿੱਚ ਆਮ ਲੋਕਾਂ ਨਾਲੋਂ ਚਾਰ ਕਦਮ ਅਗਾਂਹ ਹਨ।

ਦੋਸਤੋ, ਇਹ ਜ਼ਿੰਦਗੀ ਵਗਦੇ ਪਾਣੀਆਂ ਵਾਂਗ ਹੈ। ਕੋਸ਼ਿਸ਼ ਕਰੋ ਸਲੀਕਾ, ਸੁਹਜ, ਸੱਭਿਅਕ ਕਦਰਾਂ-ਕੀਮਤਾਂ ਨੂੰ ਨਾਲ ਲੈ ਕੇ ਚੱਲਿਆ ਜਾਵੇ। ਆਪਣੀ ਹਉਮੈਂ ਤੋਂ ਦੂਰ ਖੜ੍ਹ ਕੇ ਆਓ ਇੱਕ ਵਾਰ ਦੁਬਾਰਾ ਜ਼ਿੰਦਗੀ ਨੂੰ ਨਿਹਾਰੀਏ।

# ਦੇਸ਼ ਨੂੰ ਕਿਸ ਪਾਸੇ ਲੈ ਜਾਵੇਗੀ ਵਕਤੀ ਰਾਹਤਾਂ ਦੀ ਰਾਜਨੀਤੀ

ਰਾਜਸੀ ਪਾਰਟੀਆਂ ਦੇ ਏਜੰਡੇ 'ਤੇ ਹੁਣ ਦੇਸ਼ ਨਹੀਂ ਬਲਕਿ ਵੋਟ ਹੈ। ਲੋਕ-ਤੰਤਰ ਦੇ ਵਰਤਮਾਨ ਸਮੇਂ ਨੂੰ ਨਿੱਕੀਆਂ-ਨਿੱਕੀਆਂ ਖ਼ੈਰਾਤਾਂ, ਲੋੜਾਂ, ਖ਼ਾਹਸ਼ਾਂ ਤੋਂ ਵੋਟਾਂ ਬਟੋਰਨ ਦੇ ਸਮੇਂ ਵਜੋਂ ਜਾਣਿਆ ਜਾਵੇਗਾ। ਸਾਢੇ ਛੇ ਦਹਾਕੇ ਬੀਤ ਜਾਣ 'ਤੇ ਵੀ ਦੇਸ਼ ਦੇ ਲੋਕਾਂ ਦੀ ਵੱਡੀ ਗਿਣਤੀ ਜੇਕਰ ਆਟਾ ਦਾਲ ਦੀ ਮੁਥਾਜ ਹੈ ਤਾਂ ਉਹਨਾਂ ਨੂੰ ਸਸਤਾ ਅਨਾਜ ਦੇਣਾ ਮਾਣ ਕਰਨ ਵਾਲੀ ਗੱਲ ਨਹੀਂ ਬਲਕਿ ਬੇਹੱਦ ਅਫ਼ਸੋਸਜਨਕ ਸਥਿਤੀ ਹੈ। ਪਰ ਸਸਤੇ ਆਟਾ ਦਾਲ ਵਰਗੀਆਂ ਸਹੂਲਤਾਂ ਦੀ ਪੇਸ਼ਕਸ਼ ਇੰਞ ਮਾਣਮੱਤੇ ਢੰਗ ਨਾਲ ਕੀਤੀ ਜਾਂਦੀ ਹੈ ਜਿਵੇਂ ਇਹ ਕਣਕ ਕਿਸੇ ਰਾਜਨੇਤਾ ਦੇ ਘਰ ਦੀ ਛੱਤ 'ਤੇ ਉੱਗਦੀ ਹੋਵੇ।

ਕਣਕ, ਚੌਲ ਅਤੇ ਹੋਰ ਅਨਾਜ ਪੈਦਾ ਕਰਨ/ਸੰਭਾਲਣ ਵਾਲੇ ਇਸੇ ਦੇਸ਼ ਦੇ ਕਿਰਤੀ ਲੋਕ ਹਨ ਅਤੇ ਦੇਸ਼ ਦੇ ਲੋਕਾਂ ਦਾ ਪੈਦਾ ਕੀਤਾ ਅਨਾਜ ਜੇਕਰ ਠੀਕ ਰੇਟ 'ਤੇ ਲੋਕਾਂ ਤਕ ਨਹੀਂ ਪਹੁੰਚਦਾ ਤਾਂ ਇਸ ਵਿੱਚ ਅੜਿੱਕਾ ਕਿਹੜੀ ਧਿਰ ਹੈ? ਕਿਸਾਨ ਦੀ ਪੈਦਾ ਕੀਤੀ ਦਾਲ ਵੀਹ ਰੁਪਏ ਕਿੱਲੋ ਮੰਡੀ ਵਿੱਚ ਵਿਕਦੀ ਹੈ । ਬਜ਼ਾਰ 'ਚੋਂ ਖ਼ਰੀਦਣ ਵਾਲੇ ਨੂੰ ਇਹ 150 ਰੁਪਏ ਕਿੱਲੋ ਮਿਲਦੀ ਹੈ। ਉਹ ਕੌਣ ਲੋਕ ਹਨ ਜਿਨ੍ਹਾਂ ਦੇ ਹਿੱਸੇ ਵਿਚਲੇ 130 ਰੁਪਏ ਚਲੇ ਜਾਂਦੇ ਹਨ। ਹਰ ਸਾਲ ਹਜ਼ਾਰਾਂ ਟਨ ਕਣਕ ਚੌਲ ਗੁਦਾਮਾਂ ਵਿੱਚ ਖ਼ਰਾਬ ਹੁੰਦੇ ਹਨ, ਗ਼ਲ ਸੜ ਜਾਂਦੇ ਹਨ। ਕੌਣ ਹਨ ਜੋ ਇਨ੍ਹਾਂ ਨੂੰ ਭੁੱਖੇ ਢਿੱਡਾਂ ਤਕ ਨਹੀਂ ਜਾਣ ਦਿੰਦੇ? ਹਰ ਤਰ੍ਹਾਂ ਦੇ ਅਨਾਜ ਦੇ ਰੇਟ ਘੱਟ ਭਾਵ ਆਮ ਲੋਕਾਂ ਦੀ ਪਹੁੰਚ ਵਿੱਚ ਹੋਣੇ ਚਾਹੀਦੇ ਹਨ। ਸਰਕਾਰਾਂ ਨੂੰ ਚਾਹੀਦਾ ਹੈ ਕਿ ਬਾਹਰਲੇ ਕੁਝ ਮੁਲਕਾਂ ਵਾਂਗ ਖਾਦ ਪਦਾਰਥਾਂ ਦੀ ਪੈਦਾਵਾਰ ਕਰਨ ਵਾਲੇ ਕਿਸਾਨਾਂ ਨੂੰ ਸਬਸਿਡੀ ਜਾਂ ਬੋਨਸ ਦੇ ਕੇ ਖੇਤੀਬਾੜੀ ਨੂੰ ਉਤਸ਼ਾਹਿਤ ਕਰੇ।

ਲੈਪਟੋਪ, ਸਾਈਕਲ, ਮੋਬਾਇਲ, ਪਾਣੀ ਲਈ ਪਲਾਸਟਿਕ ਦੀਆਂ ਟੈਂਕੀਆਂ ਵੰਡਣ ਦੇ ਪ੍ਰਚਾਰ ਕਰਕੇ ਵੋਟਾਂ ਇਕੱਠੀਆਂ ਕਰਨੀਆਂ। ਵੱਡੀਆਂ-ਵੱਡੀਆਂ ਰੈਲੀਆਂ ਕਰਕੇ ਕਰੋੜਾਂ ਰੁਪਏ ਬਰਬਾਦ ਕਰਨੇ। ਲੋਕਾਂ ਲਈ ਕੁਝ ਕਰਨਾ ਹਰ ਸਰਕਾਰ ਦਾ ਫ਼ਰਜ਼ ਹੁੰਦਾ ਹੈ ਪਰ ਇਹਨਾਂ ਕੰਮਾਂ ਲਈ ਪ੍ਰਚਾਰ 'ਤੇ ਲੱਖਾਂ ਰੁਪਏ ਬਰਬਾਦ ਕਰਨੇ ਇਕ ਤਰ੍ਹਾਂ ਨਾਲ ਦੇਸ਼ ਦੇ ਪੈਸੇ ਦੀ ਬਰਬਾਦੀ ਹੈ ਅਤੇ ਇਸ ਲਈ ਯੋਗ ਕਾਨੂੰਨ ਬਣਾਉਣ ਦੀ ਲੋੜ ਹੈ। ਫ਼ਿਲਮੀ ਐਕਟਰਾਂ, ਗਾਇਕਾਂ, ਕ੍ਰਿਕਟਰਾਂ ਖਿਡਾਰੀਆਂ, ਸ਼ਰਾਬ ਅਤੇ ਪੈਸੇ ਦੇ ਬਲਬੂਤੇ 'ਤੇ ਚੋਣਾਂ ਜਿੱਤਣ ਦੀਆਂ ਕੋਸ਼ਿਸ਼ਾਂ ਦੇਸ਼ ਨੂੰ ਕਿਸ ਪਾਸੇ ਲੈ ਜਾ ਰਹੀਆਂ ਹਨ? ਹੁਣ ਇਲੈਕਟ੍ਰੋਨਿਕ ਮੀਡੀਆ ਦਾ ਜ਼ਮਾਨਾ ਹੈ। ਵੱਡੀਆਂ-ਵੱਡੀਆਂ ਰੈਲੀਆਂ ਅਤੇ ਇਕੱਠ ਕਰਕੇ ਲੋਕਾਂ ਨੂੰ ਖੱਜਲ ਖੁਆਰ ਕਰਨ ਦੀ ਲੋੜ ਨਹੀਂ। ਸਗੋਂ ਇਸ ਸਭ ਕੁਝ 'ਤੇ ਹੁਣ ਰੋਕ ਲੱਗਣੀ ਚਾਹੀਦੀ ਹੈ। ਇਸ ਨਾਲ ਜਿੱਥੇ ਸੜਕੀ ਆਵਾਜਾਈ ਪ੍ਰਭਾਵਿਤ ਹੁੰਦੀ ਹੈ ਉੱਥੇ ਸਰਕਾਰੀ ਕੰਮ ਕਾਜ ਵੀ ਠੱਪ ਹੋ ਕੇ ਰਹਿ ਜਾਂਦੇ ਹਨ। ਕਿਸੇ ਵੀ ਨੇਤਾ ਜਾਂ ਪਾਰਟੀ ਨੂੰ ਆਪਣੀ ਗੱਲ ਕਹਿਣ



ਲਈ ਟੀ.ਵੀ., ਅਖ਼ਬਾਰ ਜਾਂ ਮੋਬਾਇਲ ਫ਼ੋਨ ਦੀ ਮਦਦ ਲਈ ਜਾ ਸਕਦੀ ਹੈ। ਕਿਸੇ ਫ਼ੈਸਲੇ ਸੰਬੰਧੀ ਹੁਣ ਤਾਂ ਮੋਬਾਇਲ ਫ਼ੋਨ ਰਾਹੀਂ ਲੋਕ ਰਾਏ ਵੀ ਲਈ ਜਾ ਸਕਦੀ ਹੈ।

ਪਿਛਲੇ ਕੁਝ ਅਰਸੇ ਤੋਂ ਚੋਣਾਂ ਦੌਰਾਨ ਜੋ ਮੁੱਦੇ ਉਭਾਰੇ ਗਏ ਉਹਨਾਂ ਵਿੱਚ ਮਹਿੰਗਾਈ, ਭ੍ਰਿਸ਼ਟਾਚਾਰ, ਟਰੈਫ਼ਿਕ ਸਮੱਸਿਆ, ਔਰਤਾਂ ਦੀ ਸੁਰੱਖਿਆ ਅਤੇ ਬਿਜਲੀ ਪਾਣੀ ਦਿਾ ਜ਼ਿਕਰ ਵਾਰ-ਵਾਰ ਛਿੜਦਾ ਰਿਹਾ ਹੈ। ਇਸ ਤੋਂ ਇਲਾਵਾ ਲੋਕਾਂ ਨੂੰ ਧਰਮ ਜਾਤ ਦੇ ਨਾਮ 'ਤੇ ਵੰਡ ਕੇ ਵੋਟਾਂ ਬਟੋਰਨ ਦੀਆਂ ਫਿਰਕੂ ਬਿਆਨਬਾਜ਼ੀਆਂ ਵੀ ਸੁਣਨ ਨੂੰ ਮਿਲਦੀਆਂ ਹਨ। ਇਸ ਤੋਂ ਇਲਾਵਾ ਗੰਢਿਆਂ, ਟਮਾਟਰਾਂ ਅਤੇ ਪੈਟਰੋਲ ਡੀਜ਼ਲ ਦੇ ਅਸਮਾਨ ਚੜ੍ਹੇ ਭਾਅ ਵੀ ਚਰਚਾ ਦਾ ਵਿਸ਼ਾ ਬਣਦੇ ਰਹੇ। ਇਸ ਸਾਰੇ ਵਰਤਾਰੇ ਵਿੱਚ ਅਸੀਂ ਦੇਖ ਸਕਦੇ ਹਾਂ ਕਿ ਸਮਾਜ ਦੀ ਬਹੁਗਿਣਤੀ ਵਰਤਮਾਨ ਸਥਿਤੀ ਅਨੁਸਾਰ ਦੇਖਦੀ ਅਤੇ ਫ਼ੈਸਲੇ ਲੈਂਦੀ ਹੈ। ਬਿਲਕੁਲ ਇਸੇ ਤਰ੍ਹਾਂ ਬਹੁਗਿਣਤੀ ਦੀ ਨਬਜ਼ ਨੂੰ ਭਾਂਪਦਿਆਂ ਰਾਜਨੀਤਕ ਪਾਰਟੀਆਂ ਵੱਲੋਂ ਵੀ ਵੋਟਰਾਂ ਨੂੰ ਛੋਟੇ-ਛੋਟੇ ਲਾਲਚਾਂ ਵਿੱਚ ਪ੍ਰਚਾਉਣ ਦੀਆਂ ਕੋਸ਼ਿਸ਼ਾਂ ਕੀਤੀਆਂ ਜਾਂਦੀਆਂ ਹਨ। ਦੇਸ਼ ਦੀਆਂ ਮੂਲ ਸਮੱਸਿਆਵਾਂ ਦੀਆਂ ਜੜ੍ਹਾਂ ਤਕ ਜਾਣ ਦੀ ਬਜਾਏ ਉਹਨਾਂ ਦੇ ਫ਼ਰਜ਼ੀ ਅਤੇ ਵਕਤੀ ਹੱਲ ਕਰਨ ਦੀ ਗੱਲ ਕੀਤੀ ਜਾ ਰਹੀ ਹੈ, ਜਦਕਿ ਦੇਸ਼ ਦੀਆਂ ਸਮੱਸਿਆਵਾਂ ਸੰਬੰਧੀ ਹਕੀਕਤਾਂ ਇਹ ਨਹੀਂ ਹਨ। ਇਸ ਪੇਤਲੀ ਸਮਝ ਦੇ ਸੰਦਰਭ ਵਿੱਚ ਦੇਸ਼ ਦੀਆਂ ਮੂਲ ਸਮੱਸਿਆਵਾਂ ਅਤਿ ਗੰਭੀਰ ਬਣ ਰਹੀਆਂ ਹਨ। ਦੇਸ਼ ਦੀਆਂ ਹਕੀਕੀ ਸਮੱਸਿਆਵਾਂ ਪ੍ਰਤੀ ਇਲੈਕਟ੍ਰੋਨਿਕ ਮੀਡੀਆ ਤਾਂ ਬਿਲਕੁਲ ਵੀ ਗੰਭੀਰ ਨਜ਼ਰ ਨਹੀਂ ਆ ਰਿਹਾ। ਰਾਜਨੀਤਕ ਪਾਰਟੀਆਂ ਜਾਣ-ਬੁਝ ਕੇ ਇਹਨਾਂ ਨੂੰ ਨਜ਼ਰ-ਅੰਦਾਜ਼ ਕਰ ਰਹੀਆਂ ਹਨ। ਇਹ ਵੀ ਵੇਖਿਆ ਜਾ ਸਕਦਾ ਹੈ ਕਿ ਬਹੁਗਿਣਤੀ ਪੜ੍ਹੇ ਲਿਖੇ ਲੋਕਾਂ ਦਾ ਧਿਆਨ ਵੀ ਦੇਸ਼ ਵਿਆਪੀ ਹੋਣ ਦੀ ਬਜਾਏ ਨਿੱਜੀ ਮੁਫ਼ਾਦਾਂ ਦੁਆਲੇ ਕੇਂਦਰਤ ਹੈ। ਇੱਥੇ ਵੀ ਕਿਹਾ ਜਾ ਸਕਦਾ ਹੈ ਪਿਛਲੇ ਦੋ ਤਿੰਨ ਦਹਾਕਿਆਂ ਤੋਂ ਜਾਣ-ਬੁਝ ਕੇ ਅਵਾਮ ਨੂੰ ਅਜਿਹੀ ਸਥਿਤੀ ਲਈ ਉਕਸਾਇਆ ਗਿਆ ਹੈ।

ਪਿਛਲੇ ਅਰਸੇ ਦੌਰਾਨ ਹੋਈਆਂ ਦਿੱਲੀ ਵਿਧਾਨ ਸਭਾ ਚੋਣਾਂ ਵਿੱਚ ਵੋਟਰਾਂ ਵੱਲੋਂ ਕਿਹਾ ਗਿਆ ਕਿ ਸਾਨੂੰ ਦਸ ਜਾਂ ਬਾਰਾਂ ਲਿਟਰ ਪਾਣੀ ਰੋਜ਼ਾਨਾ ਮਿਲਦਾ ਹੈ, ਇਹ ਜ਼ਿਆਦਾ ਹੋਣਾ ਚਾਹੀਦਾ ਹੈ। ਰਾਜਨੀਤਕ ਪਾਰਟੀਆਂ ਲੋਕਾਂ ਦੀ ਮੰਗ ਅਨੁਸਾਰ ਦਾਹਵੇ ਕਰਦੀਆਂ ਰਹੀਆਂ ਕਿ ਅਸੀਂ ਵੱਧ ਪਾਣੀ ਦੇਵਾਂਗੇ। ਪਰ ਵਿਚਾਰਨ ਵਾਲੀ ਗੱਲ ਇਹ ਹੈ ਕਿ ਪੀਣ ਵਾਲੇ ਪਾਣੀ ਦੀ ਕਿੱਲਤ ਇਕ ਬੜੀ ਵੱਡੀ ਸਮੱਸਿਆ ਹੈ ਜਿਸ ਦਾ ਲੋਕਾਂ ਨੂੰ ਦੇਸ਼ ਦੇ ਹੋਰ ਕਈ ਖਿੱਤਿਆਂ ਵਿੱਚ ਸਾਹਮਣਾ ਕਰਨਾ ਪੈ ਰਿਹਾ ਹੈ। ਇਹ ਪਾਣੀ ਜੋ ਅੱਜ ਲਿਟਰਾਂ ਵਿੱਚ ਮਿਲ ਰਿਹਾ ਹੈ ਆਖ਼ਿਰ ਇਹ ਕਦੋਂ ਤਕ ਚੱਲਦਾ ਰਹੇਗਾ? ਪਾਣੀ ਜਿਸ ਨੂੰ ਸਦੀਆਂ ਤੋਂ ਮਨੁੱਖ ਅਮਿਣਵੇਂ ਢੰਗ ਨਾਲ ਵਰਤਦਾ ਆ ਰਿਹਾ ਹੈ ਦੀ ਮੰਗ ਅੱਜ ਲੋਕ ਸਰਕਾਰਾਂ ਤੋਂ ਕਰ ਰਹੇ ਹਨ। ਅੱਜ ਜਦੋਂ ਤੇਜ਼ੀ ਨਾਲ ਦੇਸ਼ ਦੀ ਅਬਾਦੀ ਵਧ ਰਹੀ ਹੈ ਤਾਂ ਪਾਣੀ ਦੀ ਕਿੱਲਤ ਨੂੰ ਲੈ ਕੇ ਸਾਡਾ ਭਵਿੱਖ ਕੀ ਹੋਵੇਗਾ? ਇਸ ਪ੍ਰਤੀ ਸਾਡੀਆਂ ਰਾਜਸੀ ਪਾਰਟੀਆਂ ਗੰਭੀਰ ਨਹੀਂ ਹਨ। ਇਸ ਲਈ ਵੱਡੇ ਪ੍ਰੋਗਰਾਮ ਉਲੀਕਣ ਦੀ ਤੁਰੰਤ ਲੋੜ ਹੈ। ਪਰ ਰਾਜਨੀਤਕ ਪਾਰਟੀਆਂ ਨੂੰ

ਇਹ ਸਮਝ ਹੈ ਅਜਿਹੇ ਕਾਰਜਾਂ ਨਾਲ ਵੋਟਾਂ ਨਹੀਂ ਮਿਲਦੀਆਂ। ਉਹ ਲੋਕਾਂ ਦੀਆਂ ਵਕਤੀ ਲੋੜਾਂ ਦੇ ਵਕਤੀ ਹੱਲ ਕਰਨ ਨੂੰ ਤਰਜੀਹ ਦੇ ਕੇ ਚੱਲ ਰਹੀਆਂ ਹਨ। ਵੋਟ ਰਾਜਨੀਤੀ ਦਾ ਇਹ ਸਭ ਤੋਂ ਕਰੂਰ ਵਰਤਾਰਾ ਹੈ ਕਿ ਕੁਦਰਤੀ ਵਸੀਲਿਆਂ ਨੂੰ ਤੇਜ਼ੀ ਨਾਲ ਬਰਬਾਦ ਤਾਂ ਕੀਤਾ ਜਾ ਰਿਹਾ ਹੈ ਪਰ ਇਹਨਾਂ ਦੀ ਭਰਪਾਈ ਕਰਨ ਵੱਲ ਕੋਈ ਧਿਆਨ ਨਹੀਂ ਦਿੱਤਾ ਜਾ ਰਿਹਾ। ਹਰ ਸਾਲ ਮੀਂਹਾਂ ਦੇ ਪਾਣੀਆਂ ਨਾਲ ਦਰਿਆਵਾਂ ਵਿੱਚ ਹੜ੍ਹ ਆਉਂਦੇ ਹਨ। ਸਾਨੂੰ ਅਜਿਹੀਆਂ ਵਿਗਿਆਨਿਕ ਤਕਨੀਕਾਂ ਵਿਕਸਿਤ ਕਰਨ ਦੀ ਲੋੜ ਹੈ ਜਿਨ੍ਹਾਂ ਰਾਹੀਂ ਬਾਰਸ਼ ਦੇ ਪਾਣੀ ਨੂੰ ਵੱਧ ਤੋਂ ਵੱਧ ਜ਼ਮੀਨ ’ਤੇ ਸੰਭਾਲਿਆ ਜਾ ਸਕੇ, ਜਿਸ ਨਾਲ ਜੀਵਨ ਦੀਆਂ ਹੋਰ ਲੋੜਾਂ ਜਿਵੇਂ ਗੱਡੀਆਂ ਧੋਣ, ਫ਼ੈਕਟਰੀਆਂ, ਮਿੱਲਾਂ, ਅਤੇ ਖੇਤੀਬਾੜੀ ਦੇ ਕੰਮ ਲਈ ਇਸ ਦੀ ਵੱਧ ਤੋਂ ਵੱਧ ਵਰਤੋਂ ਹੋਵੇ। ਜ਼ਮੀਨ ਹੇਠਲੇ ਪਾਣੀ ਦੀ ਵੱਧ ਤੋਂ ਵੱਧ ਬਚਤ ਕੀਤੀ ਜਾਵੇ। ਦਰਿਆਵਾਂ ਨਦੀਆਂ ਦੇ ਕੰਢਿਆਂ ’ਤੇ ਹੋਟਲ, ਬੰਗਲੇ, ਡੇਰੇ ਮੱਠ ਆਦਿ ਨੂੰ ਦੂਰ ਹਟਾ ਕੇ ਇਨ੍ਹਾਂ ਨੂੰ ਵੱਧ ਤੋਂ ਵੱਧ ਚੌੜਾ ਕੀਤਾ ਜਾਣਾ ਚਾਹੀਦਾ ਹੈ ਤਾਂ ਕਿ ਦਰਿਆਵਾਂ ਦੇ ਵਹਾਅ ਵਿੱਚ ਠਹਿਰਾਅ ਆ ਸਕੇ ਅਤੇ ਇਨ੍ਹਾਂ ਵਿੱਚ ਇਕੋ ਵਾਰ ਵਹਿ ਜਾਣ ਵਾਲਾ ਪਾਣੀ ਵੱਧ ਮਾਤਰਾ ਵਿੱਚ ਧਰਤੀ ਹੇਠਾਂ ਜ਼ੀਰ ਸਕੇ।

ਇਸੇ ਤਰ੍ਹਾਂ ਟ੍ਰੈਫ਼ਿਕ ਦੀ ਸਮੱਸਿਆ ਹਰ ਸ਼ਹਿਰ ਵਿੱਚ ਭਿਆਨਕ ਬਣ ਰਹੀ ਹੈ। ਅੱਜ ਹਾਲਾਤ ਇਹ ਹਨ ਕਿ ਲੰਮੇ-ਲੰਮੇ ਟ੍ਰੈਫ਼ਿਕ ਜਾਮ ਲੱਗਣ ਦੀਆਂ ਖ਼ਬਰਾਂ ਵੀ ਹੁਣ ਅਖ਼ਬਾਰਾਂ ਵਿੱਚ ਲੱਗਣ ਲੱਗ ਪਈਆਂ ਹਨ। ਘੰਟਿਆਂ ਬੱਧੀ ਕਈ ਕਿਲੋਮੀਟਰਾਂ ਵਿੱਚ ਟ੍ਰੈਫ਼ਿਕ ਜਾਮ ਲੱਗਣ ਲੱਗ ਪਏ ਹਨ। ਗੱਡੀਆਂ, ਕਾਰਾਂ, ਜੀਪਾਂ, ਬੱਸਾਂ, ਮੋਟਰਸਾਈਕਲਾਂ ਦਾ ਜਿਵੇਂ ਸਾਡੀਆਂ ਸੜਕਾਂ ’ਤੇ ਹੜ੍ਹ ਆ ਗਿਆ ਹੈ। ਰੋਜ਼ ਹਾਦਸੇ ਹੋ ਰਹੇ ਹਨ, ਲੋਕ ਮਰ ਰਹੇ ਹਨ। ਪੰਜਾਬ ਦੀ ਕਿਸੇ ਵੀ ਸੜਕ ’ਤੇ ਨਿਕਲ ਕੇ ਵੇਖੋ ਹਾਦਸਿਆਂ ਨਾਲ ਟੁੱਟੀਆਂ ਗੱਡੀਆਂ ਅਕਸਰ ਨਜ਼ਰ ਆਉਂਦੀਆਂ ਹਨ। ਦੇਸ਼ ਦੇ ਬਾਕੀ ਸੰਘਣੀ ਅਬਾਦੀ ਵਾਲੇ ਸੂਬਿਆਂ ਦਾ ਵੀ ਇਹੋ ਹਾਲ ਹੈ। ਇਹ ਸਭ ਕੁਝ ਦਰਸਾਉਂਦਾ ਹੈ। ਮੁਲਕ ਰੱਬ ਸਹਾਰੇ ਹੀ ਚੱਲ ਰਿਹਾ ਹੈ । ਸਾਡੇ ਕੋਲ ਟ੍ਰੈਫ਼ਿਕ ਨੂੰ ਕੰਟਰੋਲ ਕਰਨ ਲਈ ਦੇਸ਼ ਵਿਆਪੀ ਕੋਈ ਪ੍ਰੋਗਰਾਮ ਨਹੀਂ ਹੈ। ਇਸ ਲਈ ਸਾਨੂੰ ਗੰਭੀਰਤਾ ਨਾਲ ਵਿਚਾਰ ਕਰਨ ਦੀ ਲੋੜ ਹੈ ਕਿ ਸਾਡੇ ਸ਼ਹਿਰ/ਸੜਕਾਂ ਕਿੰਨੇ ਮਨੁੱਖਾਂ/ਗੱਡੀਆਂ ਨੂੰ ਸੰਭਾਲਣ ਦੀ ਸਮਰੱਥਾ ਰੱਖਦੇ ਹਨ। ਹਰ ਛੋਟੇ ਵੱਡੇ ਸ਼ਹਿਰਾਂ ਦੇ ਬਜ਼ਾਰ ਲੋਕਾਂ ਦੀਆਂ ਭੀੜਾਂ ਸਾਹਵੇਂ ਤੰਗ ਨਜ਼ਰ ਆ ਰਹੇ ਹਨ। ਆਉਣ ਵਾਲੇ ਦਸ ਬਾਰਾਂ ਸਾਲਾਂ ਨੂੰ ਕੀ ਸਥਿਤੀ ਹੋਵੇਗੀ? ਇਹ ਸਭ ਗੱਲਾਂ ਸਾਡੀ ਸਭ ਦੀ ਸੋਚ ਦਾ ਹਿੱਸਾ ਹੋਣੀਆਂ ਚਾਹੀਦੀਆਂ ਹਨ ਅਤੇ ਸਰਕਾਰਾਂ ਨੂੰ ਇਸ ਪ੍ਰਤੀ ਕਈ ਸਾਲ ਪਹਿਲਾਂ ਫ਼ਿਕਰਮੰਦ ਹੋਣਾ ਚਾਹੀਦਾ ਸੀ; ਪਰ ਅਜਿਹੀ ਫ਼ਿਕਰਮੰਦੀ ਕਿਸੇ ਰਾਜਸੀ ਪਾਰਟੀ ਦੇ ਏਜੰਡੇ ’ਤੇ ਨਹੀਂ।

ਅਬਾਦੀ ਤੇਜ਼ੀ ਨਾਲ ਵਧ ਰਹੀ ਹੈ, ਪਰ ਕੋਈ ਵੀ ਪਾਰਟੀ ਇਸ ਪ੍ਰਤੀ ਗੰਭੀਰ ਨਜ਼ਰ ਨਹੀਂ ਆ ਰਹੀ। ਵਧੀ ਅਬਾਦੀ ਨਾਲ ਬੇਤਹਾਸ਼ਾ ਕੂੜਾ ਕਚਰਾ ਪੈਦਾ ਹੋਣਾ ਲੱਗਿਆ ਹੈ। ਵੱਧ ਮਾਤਰਾ ਵਿੱਚ ਫ਼ੈਕਟਰੀਆਂ, ਭੱਠਿਆਂ ਦੀ ਲੋੜ ਪੈਦਾ ਹੋਈ



ਹੈ। ਵਧੀ ਵੱਸੋਂ ਦੀਆਂ ਵਧੀਆਂ ਲੋੜਾਂ ਨੂੰ ਪੂਰਾ ਕਰਨ ਲਈ ਤੇਜ਼ੀ ਨਾਲ ਕੁਦਰਤੀ ਸਾਧਨਾਂ ਦਾ ਸਫ਼ਾਇਆ ਹੋਣ ਲੱਗਿਆ ਹੈ, ਜਿਸ ਦੇ ਸਿੱਟੇ ਵਜੋਂ ਅੱਜ ਹਾਲਾਤ ਇਹ ਹਨ ਕਿ ਸਾਡੀ ਹਵਾ, ਪਾਣੀ, ਮਿੱਟੀ ਪੂਰੀ ਤਰ੍ਹਾਂ ਪਲੀਤ ਹੋ ਚੁੱਕੇ ਹਨ, ਜਿਸ ਸਦਕਾ ਬਿਮਾਰੀਆਂ ਦੁਸ਼ਵਾਰੀਆਂ ਦਾ ਪ੍ਰਕੋਪ ਤੇਜ਼ੀ ਨਾਲ ਵਧਣਾ ਸ਼ੁਰੂ ਹੋ ਗਿਆ ਹੈ। ਇਹ ਸਭ ਗੱਲਾਂ ਜੋ ਜੀਵਨ ਦੀ ਬੁਨਿਆਦ ਹਨ ਕਿਸੇ ਪਾਰਟੀ ਦੇ ਏਜੰਡੇ ’ਤੇ ਨਹੀਂ ਹਨ, ਨਾ ਹੀ ਲੋਕ ਇਸ ਪ੍ਰਤੀ ਗੰਭੀਰਤਾ ਨਾਲ ਅਜਿਹੀਆਂ ਸਮੱਸਿਆਵਾਂ ਪ੍ਰਤੀ ਸਵਾਲ ਉਠਾ ਰਹੇ ਹਨ। ਵੇਖਿਆ ਇਹ ਗਿਆ ਹੈ ਕਿ ਲੋਕ ਬਿਮਾਰੀ ਦੇ ਕਾਰਨਾਂ ਦੀ ਗੱਲ ਕਰਨ ਦੀ ਬਜਾਏ ਹਸਪਤਾਲ ਦੀ ਗੱਲ ਕਰਦੇ ਹਨ।

ਅੱਜ ਜਿੱਥੇ ਲੋਕਾਂ ਨੂੰ ਨਿੱਕੀਆਂ-ਨਿੱਕੀਆਂ ਵਕਤੀ ਖ਼ੈਰਾਤਾਂ ਦੇ ਕੇ ਵੋਟਾਂ ਖਿੱਚਣ ਦੀ ਗੱਲ ਹੁੰਦੀ ਹੈ। ਗ਼ਰੀਬਾਂ ਬੇਰੁਜ਼ਗਾਰਾਂ ਨੂੰ ਰੋਜ਼ਗਾਰ ਦੇ ਕੇ ਆਤਮ ਨਿਰਭਰ ਬਣਾਉਣ ਦੀ ਗੱਲ ਹੋਣੀ ਚਾਹੀਦੀ ਹੈ। ਕੀ ਕੋਈ ਰਾਜਨੀਤਕ ਪਾਰਟੀ ਦੱਸ ਸਕਦੀ ਹੈ ਕਿ ਗ਼ਰੀਬਾਂ ਨਿਤਾਣਿਆਂ ਨੂੰ ਸਰਕਾਰਾਂ ਦੇ ਰਹਿਮੋ ਕਰਮ ’ਤੇ ਆਖ਼ਿਰ ਕਿੰਨਾ ਕੁ ਚਿਰ ਰਹਿਣਾ ਹੋਵੇਗਾ? ਦੇਸ਼ ਵਿੱਚ ਬੇਰੁਜ਼ਗਾਰੀ ਬੜੀ ਗੰਭੀਰ ਸਮੱਸਿਆ ਬਣ ਰਹੀ, ਪਰ ਇਹ ਸਮੱਸਿਆ ਵੀ ਕਿਸੇ ਪਾਰਟੀ ਦੇ ਏਜੰਡੇ ’ਤੇ ਨਹੀਂ ਹੈ, ਸਿਰਫ਼ ਹਵਾਈ ਕਿਲ੍ਹੇ ਉਸਾਰ ਕੇ ਲੋਕਾਂ ਨੂੰ ਭਰਮਾਇਆ ਜਾ ਰਿਹਾ ਹੈ। ਵਧੀ ਵੱਸੋਂ ਅਤੇ ਪੜ੍ਹ ਲਿਖ ਕੇ ਵਿਹਲੇ ਫਿਰ ਰਹੇ ਨੌਜੁਆਨਾਂ ਦੀ ਵੱਡੀ ਗਿਣਤੀ ਨੂੰ ਕਿਵੇਂ ਕਿਰਤ ਵੱਲ ਮੋੜਿਆ ਜਾਵੇ ਇਹਦੇ ਲਈ ਕਿਸੇ ਪਾਰਟੀ ਨੇ ਨਾ ਕਦੇ ਚਿੰਤਨ ਕਰਨ ਦੀ ਗੱਲ ਕੀਤੀ ਹੈ ਨਾ ਹੀ ਅਜਿਹਾ ਉਹਨਾਂ ਦੀ ਸੋਚ ਦਾ ਹਿੱਸਾ ਬਣ ਸਕਿਆ ਹੈ। ਪੜ੍ਹੇ ਲਿਖੇ ਹੁਨਰਮੰਦ ਲੋਕ ਜਿਨ੍ਹਾਂ ਦੀ ਦੇਸ਼ ਨੂੰ ਅੱਜ ਸਭ ਤੋਂ ਵੱਧ ਲੋੜ ਹੈ ਬੜੀ ਤੇਜ਼ੀ ਨਾਲ ਬਾਹਰਲੇ ਮੁਲਕਾਂ ਵੱਲ ਜਾ ਰਹੇ ਹਨ। ਜੇਕਰ ਪੜ੍ਹੇ ਲਿਖੇ ਲੋਕਾਂ ਦੇ ਹੁਨਰ ਦੀ ਦੇਸ਼ ਵਿੱਚ ਕਦਰ ਹੋਵੇ ਤਾਂ ਇਹ ਵਰਤਾਰਾ ਰੋਕਿਆ ਜਾ ਸਕਦਾ ਹੈ। ਅਜਿਹੇ ਕਈ ਮੁੱਦੇ ਹਨ ਜੋ ਸਾਡੀਆਂ ਰਾਜਨੀਤਕ ਪਾਰਟੀਆਂ ਦੀ ਚੋਣ ਮੁਹਿੰਮ ਦਾ ਹਿੱਸਾ ਬਣਨਾ ਚਾਹੀਦੇ ਹਨ। ਪਰ ਅਫ਼ਸੋਸ ਦੀ ਗੱਲ ਇਹ ਹੈ ਕਿ ਦੇਸ਼ ਅਤੇ ਸਮਾਜ ਦੀਆਂ ਬੁਨਿਆਦੀ ਸਮੱਸਿਆਵਾਂ ਦੇ ਹੱਲ ਤਲਾਸ਼ਣ ਦੀ ਬਜਾਏ ਵੋਟਰ ਨੂੰ ਭਰਮਾਉਣ ਲਈ ਉਸ ਦੀਆਂ ਸਮੱਸਿਆਵਾਂ ਦੇ ਵਕਤੀ ਹੱਲ ਪੇਸ਼ ਕੀਤੇ ਜਾ ਰਹੇ ਹਨ, ਜੋ ਦੇਸ਼ ਦੇ ਵਡੇਰੇ ਹਿੱਤਾਂ ਵਿੱਚ ਨਹੀਂ ਹਨ। ਇਹੋ ਹੀ ਕਾਰਨ ਹੈ ਕਿ ਹਰ ਪੰਜ ਸਾਲ ਬਾਅਦ ਲੋਕਾਂ ਦੀਆਂ ਸਮੱਸਿਆਵਾਂ ਹਰ ਦਿਨ ਭਿਆਨਕ ਰੂਪ ਅਖ਼ਤਿਆਰ ਕਰ ਰਹੀਆਂ ਹਨ, ਜਿਸ ਕਾਰਨ ਅਸੀਂ ਆਪਣੇ ਮੁਲਕ ਵਿੱਚ ਅਮਰੀਕਾ, ਕੈਨੇਡਾ, ਆਸਟਰੇਲੀਆ ਜਾਂ ਚੀਨ ਵਰਗਾ ਪ੍ਰਸ਼ਾਸਨਿਕ ਢਾਂਚਾ ਖੜ੍ਹਾ ਨਹੀਂ ਕਰ ਸਕੇ। ਦੇਸ਼ ਦੀ ਬਹੁਗਿਣਤੀ ਲਈ ਰੁਜ਼ਗਾਰ ਦੇ ਵਧੀਆ ਵਸੀਲੇ ਪੈਦਾ ਨਹੀਂ ਕਰ ਸਕੇ। ਅੱਜ ਸਾਨੂੰ ਇਹ ਗੰਭੀਰ ਚਿੰਤਨ ਕਰਨ ਦੀ ਲੋੜ ਹੈ ਕਿ ਇਹ ਦੇਸ਼ ਜਿਸ ਦੀ ਸਰਜ਼ਮੀ ’ਤੇ ਅਸੀਂ ਹੀ ਨਹੀਂ ਬਲਕਿ ਸਾਡੀਆਂ ਆਉਣ ਵਾਲੀਆਂ ਨਸਲਾਂ ਨੇ ਵੀ ਵਿਚਰਨਾ ਹੈ। ਇਸ ਲਈ ਮਨੁੱਖਾਂ ਲਈ ਸਾਜ਼ਗਾਰ ਹਾਲਾਤ ਬਣਾਉਣ ਲਈ ਯਤਨਸ਼ੀਲ ਹੋਇਆ ਜਾਵੇ।

# ਵੱਖ ਵੱਖ ਤਰ੍ਹਾਂ ਦੇ ਸੰਕਟਾਂ ਦੇ ਮੁਹਾਣ ’ਤੇ ਖੜ੍ਹੀ ਦੁਨੀਆਂ

ਇੱਕ ਨਿੱਕਾ ਜਿਹਾ ਪ੍ਰੇਰਕ ਪ੍ਰਸੰਗ ਹੈ ਜੋ ਸਾਰੀ ਮਨੁੱਖ ਜਾਤੀ ’ਤੇ ਲਾਗੂ ਹੁੰਦਾ ਹੈ। ਇਸ ਵਿੱਚ ਇਕ ਵੱਡੇ ਸ਼ਾਹੂਕਾਰ ਦੇ ਘਰ ਅਚਾਨਕ ਅੱਗ ਲੱਗ ਗਈ। ਘਰ ਦੇ ਬਾਹਰ ਸ਼ਾਹੂਕਾਰ ਉਦਾਸ ਖੜ੍ਹਾ ਹੈ। ਉਹਦੇ ਨੌਕਰ ਅੱਗ ਵਿੱਚ ਜਾ ਕੇ ਕਾਹਲੀ-ਕਾਹਲੀ ਸਾਰਾ ਕੀਮਤੀ ਸਮਾਨ ਕੱਢ ਰਹੇ ਹਨ। ਸ਼ਾਹੂਕਾਰ ਕੀਮਤੀ ਸਮਾਨ ਨੂੰ ਵੇਖਦਾ ਹੈ ਅਤੇ ਹੌਂਸਲੇ ਵਿੱਚ ਹੋ ਜਾਂਦਾ ਹੈ—ਚਲੋ ਸੋਨਾ, ਚਾਂਦੀ, ਹੀਰੇ, ਜਵਾਹਰਾਤ ਅਤੇ ਨਗਦੀ ਅੱਗ ਤੋਂ ਬਚ ਗਏ। ਇਸ ਲਈ ਕੋਈ ਬਹੁਤਾ ਫ਼ਿਕਰ ਕਰਨ ਵਾਲੀ ਗੱਲ ਨਹੀਂ। ਇਕ ਦਮ ਉਸ ਨੂੰ ਖ਼ਿਆਲ ਆਉਂਦਾ ਹੈ ਕਿ ਲੋਕਾਂ ਦੇ ਕਰਜ਼ ਦੀਆਂ ਵਹੀਆਂ ਅੰਦਰ ਰਹਿ ਗਈਆਂ, ਉਹ ਫਿਰ ਚੀਕਣ ਲੱਗਦਾ ਹੈ। ਪਰ ਇਕ ਜਰਵਾਣਾ ਨੌਕਰ ਜਾਨ ਤਲੀ ’ਤੇ ਰੱਖ ਕੇ ਅੰਦਰ ਜਾਂਦਾ ਹੈ, ਕਰਜ਼ ਦੀਆਂ ਵਹੀਆਂ ਵੀ ਸੁਰੱਖਿਅਤ ਕੱਢ ਲਿਆਉਂਦਾ ਹੈ। ਹੁਣ ਸ਼ਾਹੂਕਾਰ ਹੋਰ ਹੌਂਸਲੇ ਵਿੱਚ ਹੋ ਜਾਂਦਾ ਹੈ। ਸ਼ਾਹੂਕਾਰ ਦੀ ਘਰਵਾਲੀ ਜੋ ਕਿਤੇ ਬਾਹਰ ਗਈ ਸੀ ਅੱਗ ਲੱਗੀ ਵੇਖ ਕੇ ਆਪਣੇ ਬੱਚੇ ਬਾਰੇ ਪੁੱਛਦੀ ਹੈ, ਜਿਸ ਨੂੰ ਉਹ ਦੁੱਧ ਪਿਆ ਕੇ ਅੰਦਰ ਸਵਾ ਕੇ ਗਈ ਸੀ। ਬੱਚੇ ਦਾ ਖ਼ਿਆਲ ਆਉਂਦਿਆਂ ਹੀ ਸ਼ਾਹੂਕਾਰ ਅਤੇ ਉਸ ਦੀ ਪਤਨੀ ਉੱਚੀ-ਉੱਚੀ ਰੋਣ ਕੁਰਲਾਉਣ ਲੱਗ ਪੈਂਦੇ ਹਨ। ਹੁਣ ਵੇਲਾ ਬੀਤ ਚੁੱਕਾ ਸੀ, ਸਭ ਚੀਜ਼ਾਂ ਜੋ ਵਕਤ ਸਿਰ ਕੱਢ ਲਈਆਂ ਗਈਆਂ ਸਨ ਉਹਨਾਂ ਲਈ ਵਿਅਰਥ ਹੋ ਗਈਆਂ ਸਨ।

ਇਹ ਕਾਲਪਨਿਕ ਕਹਾਣੀ ਕਿਸੇ ਸ਼ਾਹੂਕਾਰ ਦੀ ਕਹਾਣੀ ਨਹੀਂ, ਇਹ ਪੂਰੀ ਮਨੁੱਖ ਜਾਤੀ ਦੀ ਕਹਾਣੀ ਹੈ। ਜੀਵਨ ਨੂੰ ਬਚਾਉਣ ਅਤੇ ਸੁਖਾਲਾ ਬਣਾਉਣ ਲਈ ਮਨੁੱਖ ਜਾਤੀ ਨੇ ਜੋ ਆਪਣੇ ਲਈ ਵਿਵਸਥਾ ਕੀਤੀ ਹੈ ਉਹ ਵਿਵਸਥਾ ਉਸ ਦੀ ਮੌਤ ਦਾ ਕਾਰਨ ਬਣ ਰਹੀ ਹੈ। ਉਸ ਲਈ ਵੱਡੇ ਸੰਕਟ ਪੈਦਾ ਹੋ ਗਏ ਹਨ। ਹੁਣ ਤਕ ਇਹ ਸਮਝਿਆ ਜਾਂਦਾ ਰਿਹਾ ਹੈ ਕਿ ਵਿਗਿਆਨ ਮਨੁੱਖ ਦੇ ਸਭ ਤਰ੍ਹਾਂ ਦੇ ਸੰਕਟਾਂ ਦਾ ਹੱਲ ਲੱਭ ਲਵੇਗਾ। ਅਬਾਦੀ ਵਧ ਰਹੀ ਹੈ ਤਾਂ ਕੋਈ ਸਮੱਸਿਆ ਨਹੀਂ। ਮਨੁੱਖ ਵਿੱਚ ਇਹ ਸਮਰੱਥਾ ਹੈ ਕਿ ਉਹ ਅਬਾਦੀ ਦੇ ਵਾਧੇ ਤੋਂ ਪੈਦਾ ਹੋਈਆਂ ਸਮੱਸਿਆਵਾਂ ਨੂੰ ਸੌਖਿਆਂ ਹੀ ਨਜਿੱਠ ਲਵੇਗਾ। ਪ੍ਰਦੂਸ਼ਣ ਵਧ ਰਿਹਾ ਹੈ ਤਾਂ ਕੋਈ ਵੱਡੀ ਸਮੱਸਿਆ ਨਹੀਂ, ਮਨੁੱਖ ਕੋਲ ਵਿਗਿਆਨਿਕ ਸਮਝ ਹੈ ਅਤੇ ਇਹ ਇਸ ਨਾਲ ਸਭ ਸਮੱਸਿਆਵਾਂ ਤੋਂ ਪਾਰ ਲੰਘ ਜਾਵੇਗਾ। ਧਰਤੀ ਦਾ ਤਾਪਮਾਨ ਵਧ ਰਿਹਾ ਹੈ ਤਾਂ ਇਸ ਸੰਬੰਧੀ ਵੀ ਅਜਿਹੇ ਤਰਕ ਦਿੱਤੇ ਜਾਂਦੇ ਰਹੇ ਹਨ। ਪਰ ਹੁਣ ਸਮਝ ਵਿੱਚ ਆ ਰਿਹਾ ਹੈ ਕਿ ਹੋ ਇਸ ਤੋਂ ਉਲਟ ਰਿਹਾ ਹੈ। ਵਾਤਾਵਰਨ ਸੰਕਟ ਜਿਸ ਦਾ ਸਿਰਜਕ ਮਨੁੱਖ ਆਪ ਹੈ ਦਾ ਪ੍ਰਕੋਪ ਦਿਨੋਂ-ਦਿਨ ਵਧ ਰਿਹਾ ਹੈ ਅਤੇ ਧਰਤੀ ਦੀ ਅੱਧੀ ਅਬਾਦੀ ਇਸ ਤੋਂ ਪੈਦਾ ਹੋਏ ਸੰਕਟਾਂ ਨਾਲ ਜੂਝ ਰਹੀ ਹੈ।

ਵਿਗਿਆਨਿਕ ਸੋਚ ਰੱਖਣ ਵਾਲੇ ਮਾਨਵਵਾਦੀ ਲੋਕ ਹੁਣ ਤਕ ਇਹ ਸਮਝਦੇ ਆਏ ਹਨ ਕਿ ਵਿਗਿਆਨ ਮਨੁੱਖ ਦੇ ਸਭ ਦੁੱਖਾਂ ਦਾ ਦਾਰੂ ਲੱਭ ਲਵੇਗਾ।



ਇਹ ਭਾਵੇਂ ਵਧਦੀ ਅਬਾਦੀ ਹੋਵੇ ਜਾਂ ਗਲੋਬਲ ਵਾਰਮਿੰਗ ਜਾਂ ਬਿਮਾਰੀਆਂ ਦਾ ਵਧ ਰਿਹਾ ਪ੍ਰਕੋਪ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਵਿਗਿਆਨ ਨੇ ਮਨੁੱਖੀ ਜ਼ਿੰਦਗੀ ਨੂੰ ਤਬਦੀਲ ਕਰਕੇ ਇਸ ਨੂੰ ਸੁਖਾਲਾ ਬਣਾਇਆ ਹੈ । ਵਿਗਿਆਨ ਹੀ ਹੈ ਜਿਸ ਨੇ ਮਨੁੱਖੀ ਸਮਝ ਨੂੰ ਜ਼ਰਬਾਂ ਦਿੱਤੀਆਂ ਅਤੇ ਮਨੁੱਖ ਚੰਨ ਤਾਰਿਆਂ ਨਾਲ ਬਾਤਾਂ ਪਾਉਣ ਦੇ ਕਾਬਲ ਹੋ ਸਕਿਆ। ਵਿਗਿਆਨਿਕ ਸੋਚ ਰੱਖਣ ਵਾਲੇ ਮਾਨਵਵਾਦੀ ਲੋਕ ਹੁਣ ਤਕ ਇਹ ਸਮਝਦੇ ਆਏ ਹਨ ਕਿ ਭਵਿੱਖੀ ਚੁਣੌਤੀਆਂ ਦਾ ਮਨੁੱਖ ਜਲਦੀ ਹੀ ਹੱਲ ਲੱਭ ਲਵੇਗਾ। ਸਾਨੂੰ ਇਹ ਆਸ ਵੀ ਕਰਨੀ ਚਾਹੀਦੀ ਹੈ, ਪਰ ਮੌਜੂਦਾ ਦੌਰ ਜਦੋਂ ਦੁਨੀਆਂ ਲੋਕ-ਰਾਜੀ ਸਰਕਾਰਾਂ ਦੀ ਬਜਾਏ ਧਨਾਢ ਕਾਰਪੋਰੇਸ਼ਨਾਂ ਦੇ ਇਸ਼ਾਰਿਆਂ ’ਤੇ ਚੱਲਣ ਲੱਗੀਆਂ ਹਨ ਤਾਂ ਸਾਨੂੰ ਇਸ ਪ੍ਰਤੀ ਸੰਦੇਹ ਕਰਨਾ ਜ਼ਰੂਰੀ ਹੋ ਗਿਆ ਹੈ। ਹੁਣ ਖੋਜਾਂ ਮਨੁੱਖ ਜਾਤੀ ਦੀ ਭਲਾਈ ਲਈ ਨਹੀਂ ਬਲਕਿ ਮੁਨਾਫ਼ਿਆਂ ਨੂੰ ਮੁੱਖ ਰੱਖ ਕੇ ਹੋਣ ਲੱਗੀਆਂ ਹਨ। ਜਿਵੇਂ ਪਿਛਲੇ ਕੁਝ ਸਮੇਂ ਤੋਂ ਬੀਜਾਂ ਦੇ ਵੰਸ਼ ਰਹਿਤ ਬੀਜ ਤਿਆਰ ਕਰਨ ਵਿੱਚ ਸਫਲਤਾ ਹਾਸਲ ਕਰ ਲਈ ਗਈ ਹੈ। ਇਸੇ ਤਰ੍ਹਾਂ ਮਾਰੂ ਹਥਿਆਰਾਂ ਨੂੰ ਹੋਰ ਕਿਵੇਂ ਸ਼ਕਤੀਸ਼ਾਲੀ ਬਣਾਇਆ ਜਾਵੇ ਇਸ ਲਈ ਦੁਨੀਆਂ ਦਾ ਹੁਨਰ ਦਿਨ-ਰਾਤ ਕੰਮ ਕਰ ਰਿਹਾ ਹੈ। ਵਿਗਿਆਨਿਕ ਖੋਜਾਂ ਅਤੇ ਵਿਗਿਆਨਿਕਾਂ ਦੇ ਹੁਨਰ ਨੂੰ ਹੁਣ ਖ਼ਰੀਦਿਆ ਜਾਣ ਲੱਗਿਆ ਹੈ। ਵਿਗਿਆਨਿਕ ਖੋਜਾਂ ਨੂੰ ਨਿੱਜੀ ਮੁਨਾਫ਼ਿਆਂ ਲਈ ਵਰਤਿਆ ਜਾ ਰਿਹਾ ਹੈ। ਇਸ ਤਰ੍ਹਾਂ ਖੋਜਾਂ ਧਨਾਢ ਕੰਪਨੀਆਂ ਦੀਆਂ ਰਖੇਲਾਂ ਬਣਨ ਲੱਗੀਆਂ ਹਨ ਅਜਿਹੀ ਸਥਿਤੀ ਵਿਗਿਆਨਿਕ ਸੋਚ ਰੱਖਣ ਵਾਲਿਆਂ ਨੂੰ ਇਕ ਤਰ੍ਹਾਂ ਨਾਲ ਨਿਰਾਸ਼ ਕਰਨ ਵਾਲੀ ਸਥਿਤੀ ਹੈ। ਜੇਕਰ ਅਸੀਂ ਇਹ ਸੋਚੀਏ ਕਿ ਅੱਜ ਦੇ ਮਨੁੱਖ ਵਿੱਚ ਆਪਣੇ ਆਪ ਅਤੇ ਆਪਣੇ ਆਲੇ-ਦੁਆਲੇ ਨੂੰ ਠੀਕ ਕਰਨ ਦੀਆਂ ਵੱਡੀਆਂ ਸੰਭਾਵਨਾਵਾਂ ਹਨ ਤਾਂ ਸਾਨੂੰ ਇਹ ਵੀ ਕਦੇ ਨਹੀਂ ਭੁੱਲਣਾ ਚਾਹੀਦਾ ਕਿ ਮਨੁੱਖ ਅੰਦਰ ਲਾਲਸਾਵਾਂ ਇੱਛਾਵਾਂ ਅਤੇ ਮੁਨਾਫ਼ਿਆਂ ਲਈ ਕਿਸੇ ਹੱਦ ਤਕ ਜਾਣ ਵਾਲੀ ਲਾਲਚੀ ਮਨੋਬਿਰਤੀ ਵੀ ਹੈ। ਇਸ ਦੀ ਆਸ ਰੱਖੀ ਜਾਂਦੀ ਸੀ ਕਿ ਮਨੁੱਖ ਆਪਣੀ ਵਿਗਿਆਨਿਕ ਸਮਝ ਨਾਲ ਸਭ ਤਰ੍ਹਾਂ ਦੀਆਂ ਪ੍ਰਸਥਿਤੀਆਂ ਨਾਲ ਨਜਿੱਠ ਲਵੇਗਾ। ਉਹ ਆਸ ਕਿਸੇ ਪਾਸਿਓਂ ਪੂਰੀ ਹੁੰਦੀ ਨਹੀਂ ਦਿੱਸਦੀ। ਹਾਲਾਤ ਨਾਜ਼ਕ ਤੋਂ ਅਤਿ ਨਾਜ਼ਕ ਬਣ ਰਹੇ ਹਨ। ਦੁਨੀਆਂ ਦੇ ਦੋ ਅਰਬ ਲੋਕ ਹਨ ਜੋ ਗੰਦਾ ਪਾਣੀ ਪੀਣ ਲਈ ਮਜਬੂਰ ਹਨ ਅਤੇ ਪਾਣੀ ਤੋਂ ਪੈਦਾ ਹੋਈਆਂ ਬਿਮਾਰੀਆਂ ਨਾਲ ਜੂਝ ਰਹੇ ਹਨ। ਦੂਸ਼ਿਤ ਪਾਣੀ ਅਤੇ ਵਾਤਾਵਰਨ ਤੋਂ ਪੈਦਾ ਹੋਈਆਂ ਸਮੱਸਿਆਵਾਂ ਨਾਲ ਨਜਿੱਠਣ ਲਈ ਉਪਰਾਲੇ ਇੰਨੇ ਮਾਮੂਲੀ ਹਨ ਕਿ ਇਨ੍ਹਾਂ ਦਾ ਅਸਰ ਕਿਸੇ ਪਾਸੇ ਵਿਖਾਈ ਨਹੀਂ ਦੇ ਰਿਹਾ। ਇਸ ਦੇ ਉਲਟ ਵਾਤਾਵਰਨ ਦੇ ਵਿਗਾੜ ਤੇਜ਼ੀ ਨਾਲ ਵਧ ਰਹੇ ਹਨ। ਵਿਸ਼ਵ ਸਿਹਤ ਸੰਸਥਾ ਅਨੁਸਾਰ (W.H.O.) ਅਨੁਸਾਰ ਹਰ ਸਾਲ ੧੮ ਕਰੋੜ ਲੋਕ ਕੇਵਲ ਗੰਦੇ ਪਾਣੀ ਤੋਂ ਪੈਦਾ ਹੋਈਆਂ ਬਿਮਾਰੀਆਂ ਨਾਲ ਮਰਦੇ ਹਨ। ਜੇਕਰ ਅਸੀਂ ਪੰਜਾਬ ਦੀ ਗੱਲ ਕਰੀਏ ਤਾਂ ਇੱਥੇ ਵੀ ਸਾਡਾ ਵਾਤਾਵਰਣ ਬੜੀ ਤੇਜ਼ੀ ਨਾਲ ਗੰਧਲਾ ਹੋ ਰਿਹਾ ਹੈ। ਛੋਟੇ ਬੱਚਿਆਂ ਤੋਂ ਲੈ ਕੇ ਹਰ ਉਮਰ ਦੇ ਲੋਕ ਇਸ ਤੋਂ ਪੈਦਾ ਹੋਈਆਂ ਬਿਮਾਰੀਆਂ ਤੋਂ ਪੀੜਿਤ ਹੋ ਰਹੇ ਹਨ।

ਅੱਜ ਦੇ ਮਨੁੱਖ ਦੀ ਸਭ ਤੋਂ ਵੱਡੀ ਇਕ ਤਰਾਸਦੀ ਇਹ ਹੈ ਕਿ ਇਸ ਨੇ ਹੋਰ ਵਿਸ਼ਿਆਂ ਦਾ ਗਿਆਨ ਤਾਂ ਇਕੱਠਾ ਕਰ ਲਿਆ ਹੈ, ਪਰ ਜਿਸ ਹਾਲਾਤ ਅਤੇ ਵਾਤਾਵਰਣ ਵਿੱਚ ਇਸ ਨੇ ਰਹਿਣਾ ਹੈ ਉਸ ਸੰਬੰਧੀ ਜਨ ਸਮੂਹ ਨੂੰ ਕੋਈ ਬਾਹਲੀ ਸਮਝ ਨਹੀਂ ਹੈ। ਮੋਟਰਕਾਰਾਂ, ਗੱਡੀਆਂ, ਫੈਕਟਰੀਆਂ, ਕਾਰਖ਼ਾਨਿਆਂ, ਜ਼ਹਿਰੀਲੇ ਕੀਟਨਾਸ਼ਕਾਂ ਦਾ ਛਿੜਕਾਅ ਅਤੇ ਖੇਤੀ ਦੀ ਰਹਿੰਦ-ਖੂੰਦ ਦੀ ਸਾੜ ਤੋਂ ਪੈਦਾ ਹੋਏ ਪ੍ਰਦੂਸ਼ਣ ਅਤੇ ਤੇਜ਼ੀ ਨਾਲ ਹੋ  ਰਹੇ ਅਬਾਦੀ ਦੇ ਵਾਧੇ ਨੇ ਦੁਨੀਆਂ ਨੂੰ ਉਸ ਮੰਜ਼ਰ ’ਤੇ ਲਿਜਾ ਖੜ੍ਹਾ ਕੀਤਾ ਹੈ ਜਿੱਥੇ ਦੁਨੀਆਂ ਦੀ ਬਹੁਗਿਣਤੀ ਤੰਦਰੁਸਤੀ ਲਈ ਤਰਸਦੀ ਪ੍ਰਤੀਤ ਹੋ ਰਹੀ ਹੈ। ਜਦੋਂ ਸਾਡਾ ਖਾਣ-ਪੀਣ ਅਤੇ ਹਵਾ ਸ਼ੁੱਧ ਨਹੀਂ ਰਹੇ ਤਾਂ ਇਸ ਦੇ ਵਿਗਾੜ ਮਨੁੱਖ ਦੀ ਸਰੀਰਕ ਸਿਹਤ ਤਕ ਹੀ ਸੀਮਿਤ ਨਹੀਂ, ਬਲਕਿ ਘਟੀਆ ਖਾਣੇ ਅਤੇ ਜ਼ਿੰਦਗੀ ਦੀ ਕਸ਼ਮਕਸ਼ ਤੋਂ ਕਈ ਤਰ੍ਹਾਂ ਦੇ ਮਨੋਵਿਕਾਰ ਪੈਦਾ ਹੋਣ ਲੱਗੇ ਹਨ। ਅੱਜ ਦੀ ਵਿਕਸਿਤ ਹੋ ਰਹੀ ਦੁਨੀਆਂ ਵਿੱਚ ਜਿੰਨੇ ਲੋਕ ਮਾਨਸਿਕ ਵਿਕਾਰਾਂ ਦਾ ਸ਼ਿਕਾਰ ਹਨ, ਦੁਨੀਆਂ ਦੇ ਇਤਿਹਾਸ ਵਿੱਚ ਇੰਨੀ ਵੱਡੀ ਪੱਧਰ ’ਤੇ ਲੋਕ ਮਾਨਸਿਕ ਵਿਗਾੜਾਂ ਦੇ ਸ਼ਿਕਾਰ ਪਹਿਲਾਂ ਕਦੇ ਨਹੀਂ ਹੋਏ। ਦੂਸ਼ਿਤ ਆਲੇ-ਦੁਆਲੇ ਖਾਣ-ਪੀਣ ਦਾ ਅਸਰ ਮਨੁੱਖ ਦੀਆਂ ਜੀਨ ਲੜੀਆਂ ਨੂੰ ਪ੍ਰਭਾਵਿਤ ਕਰ ਰਿਹਾ ਹੈ। ਨਸ਼ਿਆਂ ਦੀ ਬਹੁਤਾਤ, ਗੰਦਾ ਵਾਤਾਵਰਣ, ਘਟੀਆ ਖਾਣੇ ਅਤੇ ਹਵਾ ਦੀ ਦੂਸ਼ਿਤਾ ਨੇ ਜਿੱਥੇ ਜੀਵ ਜੰਤੂਆਂ ਦੀ ਪ੍ਰਜਣਨ ਕਿਰਿਆ ਵਿੱਚ ਵਿਗਾੜ ਪੈਦਾ ਕੀਤੇ ਹਨ ਉੱਥੇ ਮਨੁੱਖ ਵੀ ਇਸ ਤੋਂ ਬਚਿਆ ਨਹੀਂ ਰਿਹਾ। ਵੱਡੀ ਗਿਣਤੀ ਵਿੱਚ, ਮਨੁੱਖਾਂ ਵਿੱਚ ਵੀ ਬੱਚਾ ਪੈਦਾ ਕਰਨ ਵਾਲੇ ਸ਼ੁਕਰਾਣੂ ਤੰਦਰੁਸਤ ਨਹੀਂ ਰਹੇ। ਇਸ ਸਥਿਤੀ ਨੇ ਲੱਖਾਂ ਲੋਕਾਂ ’ਚੋਂ ਬੱਚਾ ਪੈਦਾ ਕਰਨ ਦੀ ਸਮਰੱਥਾ ਗਵਾ ਦਿੱਤੀ ਹੈ।

ਹਰ ਸਾਲ ਧਰਤੀ ਦਾ ਈਕੋਸਿਸਟਮ ਵਿਗਾੜਾਂ ਦਾ ਸ਼ਿਕਾਰ ਹੋ ਰਿਹਾ ਹੈ। ਧਰੁੱਵਾਂ ’ਤੇ ਜੰਮੀ ਬਰਫ਼ ਪਿਘਲ ਰਹੀ ਹੈ। ਤਾਪਮਾਨ ਵਿੱਚ ਵਾਧਾ ਹੋ ਰਿਹਾ ਹੈ। ਧਰਤੀ ਹੇਠਲਾ ਪਾਣੀ ਤੇਜ਼ੀ ਨਾਲ ਘਟ ਰਿਹਾ ਹੈ। ਜੰਗਲਾਂ ਦਾ ਤੇਜ਼ੀ ਨਾਲ ਸਫ਼ਾਇਆ ਹੋ ਰਿਹਾ ਹੈ। ਪਹਾੜਾਂ ਨੂੰ ਕੱਟ ਕੇ ਸੜਕਾਂ, ਸੁਰੰਗਾਂ ਦਾ ਨਿਰਮਾਣ ਕੀਤਾ ਜਾ ਰਿਹਾ ਹੈ। ਧਰਤੀ ਹੇਠੋਂ ਹਰ ਪ੍ਰਕਾਰ ਦੇ ਖਣਿਜ ਬੜੀ ਤੇਜ਼ੀ ਨਾਲ ਕੱਢ ਕੇ ਇਸ ਦੀ ਕੁਦਰਤੀ ਦਿੱਖ ਨੂੰ ਖੋਖਲਾ ਕੀਤਾ ਜਾ ਰਿਹਾ ਹੈ। ਦਰਿਆਵਾਂ ਨਦੀਆਂ ਨੂੰ ਪਲੀਤ ਕਰ ਦਿੱਤਾ ਗਿਆ। ਕਈ ਭਿਆਨਕ ਬਿਮਾਰੀਆਂ ਤੇਜ਼ੀ ਨਾਲ ਵਧਣ ਲੱਗੀਆਂ ਹਨ। ਕਈ ਤਰ੍ਹਾਂ ਦੀਆਂ ਨਵੀਆਂ ਬਿਮਾਰੀਆਂ ਪੈਦਾ ਹੋ ਰਹੀਆਂ ਹਨ। ਵਧ ਰਹੀ ਵੱਸੋਂ ਦੀਆਂ ਵਧ ਰਹੀਆਂ ਲੋੜਾਂ ਲਈ ਹਰ ਦਿਨ ਕੰਕਰੀਟ ਦੇ ਜੰਗਲ ਉਸਾਰੇ ਜਾ ਰਹੇ ਹਨ। ਹਰ ਸਾਲ ਕੀਟਨਾਸ਼ਕਾਂ ਦੀ ਵਰਤੋਂ ਵਧ ਰਹੀ ਹੈ। ਵੱਖ-ਵੱਖ ਜੀਵਾਂ ਅਤੇ ਬਨਸਪਤੀਆਂ ਦੀਆਂ ਅਨੇਕਾਂ ਨਸਲਾਂ ਅਲੋਪ ਹੋ ਗਈਆਂ ਹਨ। ਇਨ੍ਹਾਂ ਜੈਵਿਕ ਵਿਭਿੰਨਤਾਵਾਂ ਦਾ ਖ਼ਤਮ ਹੋਣਾ ਮਨੁੱਖ ਜਾਤੀ ਲਈ ਇਕ ਤਰ੍ਹਾਂ ਨਾਲ ਵੱਡੇ ਸੰਕਟ ਦਾ ਸੰਕੇਤ ਹੈ। ਇਹ ਸਾਰੇ ਸੰਕਟ ਮਿਲ ਕੇ ਵੱਡੇ ਸੰਕਟਾਂ ਨੂੰ ਜਨਮ ਦੇ ਰਹੇ ਹਨ ਜਿਸ ਦੇ ਸਿੱਟੇ ਵਜੋਂ ਧਰਤੀ ਦਾ ਮੌਸਮੀ ਚੱਕਰ ਬੜੀ ਬੁਰੀ ਤਰ੍ਹਾਂ ਗੜਬੜਾ ਗਿਆ ਹੈ। ਕਦੇ ਤਾਂ ਹੜ੍ਹਾਂ ਨਾਲ ਬਰਬਾਦੀਆਂ ਹੋਣ ਲੱਗੀਆਂ ਹਨ, ਕਦੇ ਸੋਕੇ ਨਾਲ ਲੋਕ ਤਰਾਹ-ਤਰਾਹ



ਕਰਨ ਲੱਗ ਪੈਂਦੇ ਹਨ। ਇਹ ਸਭ ਤਰ੍ਹਾਂ ਦੇ ਸੰਕਟਾਂ ਦਾ ਸਿਰਜਕ ਮਨੁੱਖ ਹੈ। ਬੇਸ਼ੱਕ ਮਨੁੱਖ ਅੰਦਰ ਕੁਝ ਚੰਗਾ ਕਰਨ ਦੀਆਂ ਸੰਭਾਵਨਾਵਾਂ ਹਨ ਅਤੇ ਇਸ ਨੇ ਕਈ ਤਰ੍ਹਾਂ ਦੀਆਂ ਸਮੱਸਿਆਵਾਂ ਤੋਂ ਨਿਜ਼ਾਤ ਵੀ ਪਾਈ ਹੈ, ਪਰ ਇਸ ਦੇ ਬਾਵਜੂਦ ਜਿਸ ਦਿਸ਼ਾ ਵੱਲ ਮਨੁੱਖ ਜਾਤੀ ਵਧ ਰਹੀ ਹੈ ਉਸੇ ਪਾਸੇ ਫਿਲਹਾਲ ਕੋਈ ਸੁਨਹਿਰੇ ਭਵਿੱਖ ਦੀ ਆਸ ਦੀ ਕਿਰਨ ਕਿਧਰੇ ਨਜ਼ਰ ਨਹੀਂ ਆ ਰਹੀ। ਮਨੁੱਖ ਦੀਆਂ ਅਕਲਾਂ ਸਮਝਾਂ ਨੇ ਦੁਨੀਆਂ ਲਈ ਵੱਡੇ ਮਾਰੂ ਬਾਰੂਦ ਦੇ ਢੇਰਾਂ ਦਾ ਨਿਰਮਾਣ ਕੀਤਾ ਹੈ। ਇਕ ਸਿਰਫਿਰਿਆ ਵੀ ਹੁਣ ਪੂਰੀ ਦੁਨੀਆਂ ਨੂੰ ਤਬਾਹ ਕਰਨ ਦੀ ਸਮਰੱਥਾ ਰੱਖਦਾ ਹੈ।

ਹੁਣ ਤਕ ਦੇ ਲਗਭਗ ਸਭ ਤਰ੍ਹਾਂ ਦੇ ਧਰਮ ਗ੍ਰੰਥ ਮਨੁੱਖ ਨੇ ਲਿਖੇ। ਇਨ੍ਹਾਂ ਅਨੁਸਾਰ ਮਨੁੱਖ ਹੀ ਇੱਕੋ-ਇਕ ਅਜਿਹੀ ਜੂਨ ਹੈ ਜਿਸ ਰਾਹੀਂ ਪ੍ਰਮਾਤਮਾ ਨੂੰ ਲੱਭਿਆ ਖੋਜਿਆ ਜਾ ਸਕਦਾ ਹੈ। ਪਰ ਅੱਜ ਜੇਕਰ ਅਸੀਂ ਗਹੁ ਨਾਲ ਦੇਖੀਏ ਤਾਂ ਧਰਤੀ ’ਤੇ ਕੇਵਲ ਮਨੁੱਖ ਹੀ ਇੱਕੋ-ਇਕ ਅਜਿਹੀ ਜਾਤੀ ਹੈ ਜਿਸ ਨੇ ਬਾਕੀ ਸਭ ਜੀਵਾਂ ਲਈ ਇਸ ਧਰਤੀ ’ਤੇ ਰਹਿਣ ਲਈ ਬੜੀ ਭਿਆਨਕ ਸਥਿਤੀ ਪੈਦਾ ਕਰ ਦਿੱਤੀ ਹੈ। ਜੇਕਰ ਰੱਬ ਕਿਸੇ ਹੋਰ ਜੀਵ ਨੂੰ ਇਹ ਸਵਾਲ ਕਰੇ ਕਿ ਧਰਤੀ ’ਤੇ ਸਭ ਤੋਂ ਨਿਰਦਈ ਜੀਵ ਕਿਸ ਜਾਤੀ ਦੇ ਹਨ ਤਾਂ ਨਿਸ਼ਚਿਤ ਹੈ ਇਹ ਖਿਤਾਬ ਮਨੁੱਖ ਦੇ ਹਿੱਸੇ ਆਵੇਗਾ।

ਜਿਸ ਵਿਕਾਸ ਨੂੰ ਅਸੀਂ ਵਿਕਾਸ ਮੰਨ ਕੇ ਇਸ ਦੀ ਅਰਾਧਨਾ ਕਰਨ ਨਿਕਲ ਪਏ ਹਾਂ ਇਹ ਵਿਕਾਸ ਨਹੀਂ ਬਲਕਿ ਵਿਨਾਸ਼ ਹੈ। ਇਸ ਵਿਕਾਸ ਦੀ ਰੱਟ ਵਿੱਚ ਜੇਕਰ ਮਨੁੱਖ ਆਪਣੀਆਂ ਮੁੱਢਲੀਆਂ ਲੋੜਾਂ ਸ਼ੁੱਧ ਖਾਣਾ, ਸ਼ੁੱਧ ਪਾਣੀ ਅਤੇ ਸ਼ੁੱਧ ਹਵਾ ਨੂੰ ਗਵਾ ਲਵੇਗਾ ਤਾਂ ਇਸ ਦਾ ਅਰਥ ਇਹ ਲਿਆ ਜਾਵੇਗਾ ਕਿ ਉਸ ਨੇ ਜ਼ਿੰਦਗੀ ਲਈ ਚੀਜ਼ਾਂ ਵਸਤਾਂ ਦੇ ਢੇਰ ਤਾਂ ਲਾ ਲਏ ਪਰ ਆਪਣੇ ਆਪ ਨੂੰ ਗਵਾ ਲਿਆ। ਅੱਜ ਲੋੜ ਹੈ ਅਸੀਂ ਇਸ ਕੁਦਰਤ ਦੇ ਪਸਾਰੇ ਵਿੱਚ ਕੁਦਰਤ ਨਾਲ ਜੁੜ ਕੇ ਰਹੀਏ। ਜਿਸ ਤਰ੍ਹਾਂ ਦੇ ਅਖੌਤੀ ਵਿਕਾਸ ਸਿਰਜ ਕੇ ਮਨੁੱਖ ਦੀਆਂ ਜਿਊਣ ਹਾਲਤਾਂ ਤਬਾਹ ਕੀਤੀਆਂ ਜਾ ਰਹੀਆਂ ਹਨ ਇਹਨਾਂ ਦੀਆਂ ਹਕੀਕਤਾਂ ਨੂੰ ਪਛਾਣੀਏ, ਸਮਝੀਏ ਅਤੇ ਇਸ ਖ਼ਿਲਾਫ਼ ਖੜ੍ਹੇ ਹੋਣ ਦਾ ਹੀਆ ਕਰੀਏ।

### ਹਕੀਕਤਾਂ ਦੇ ਰੂ-ਬ-ਰੂ

# ਵੱਡੇ ਹਸਪਤਾਲ ਦਾ ਰੂਪ ਧਾਰਨ ਕਰ ਰਹੀ ਹੈ ਪੰਜਾਬ ਦੀ ਧਰਤੀ

ਕਿਸੇ ਵੀ ਖਿੱਤੇ ਦੇ ਵਿਕਾਸ ਨੂੰ ਇਸ ਨਜ਼ਰੀਏ ਤੋਂ ਵੇਖਿਆ ਜਾਣਾ ਚਾਹੀਦਾ ਹੈ ਕਿ ਉੱਥੇ ਰਹਿਣ ਵਾਲੇ ਮਨੁੱਖਾਂ ਅਤੇ ਦੂਜੇ ਪ੍ਰਾਣੀਆਂ ਦੀਆਂ ਜਿਊਣ ਹਾਲਤਾਂ ਕਿਹੋ ਜਿਹੀਆਂ ਹਨ। ਕੁਦਰਤੀ ਵਾਤਾਵਰਨ ਨੂੰ ਤਬਾਹ ਕਰਕੇ ਪੈਦਾ ਕੀਤਾ ਵਿਕਾਸ ਹਮੇਸ਼ਾਂ ਵਿਨਾਸ਼ ਸਾਬਤ ਹੁੰਦਾ ਹੈ।

ਪੰਜਾਬ ਦੀ ਧਰਤੀ ਨੂੰ ਗੁਰੂਆਂ, ਪੀਰਾਂ, ਪੈਗੰਬਰਾਂ ਦੀ ਧਰਤੀ ਹੋਣ ਦਾ ਮਾਣ ਹਾਸਲ ਹੈ। ਇੱਥੋਂ ਦੇ ਪਾਣੀਆਂ ਨੂੰ ਅੰਮ੍ਰਿਤ ਆਖ ਕੇ ਵਡਿਆਇਆ ਜਾਂਦਾ ਰਿਹਾ ਹੈ। ਗੁਰੂਆਂ ਅਤੇ ਗੁਰਬਾਣੀ ਦਾ ਸਤਿਕਾਰ ਕਰਨ ਵਾਲੇ ਪੰਜਾਬੀਆਂ ਨੇ ਪੰਜਾਬ ਦੀ ਮਿੱਟੀ, ਪਾਣੀ ਅਤੇ ਹਵਾ ਦੀ ਜਿੰਨੀ ਬਰਬਾਦੀ ਕੀਤੀ ਹੈ ਓਨੀ ਦੁਨੀਆਂ ਦੇ ਸ਼ਾਇਦ ਹੀ ਕਿਸੇ ਖਿੱਤੇ ਵਿੱਚ ਹੋਈ ਹੋਵੇ। ਅੱਜ ਪੰਜਾਬ ਦਾ ਵਾਤਾਵਰਣ ਬੁਰੀ ਤਰ੍ਹਾਂ ਗੰਧਲਾ ਹੋ ਗਿਆ ਹੈ। ਪਾਣੀ ਪਲੀਤ ਹੋ ਗਏ ਹਨ। ਇਸ ਦੀ ਮਿੱਟੀ ਜਿਸ ਨੂੰ ਕਦੇ ਸੋਨਾ ਪੈਦਾ ਕਰਨ ਵਾਲੀ ਮਿੱਟੀ ਕਿਹਾ ਜਾਂਦਾ ਸੀ, ਵਿੱਚ ਅੱਜ ਜ਼ਹਿਰ ਦੀ ਫ਼ਸਲ ਉੱਗਣ ਲੱਗ ਪਈ ਹੈ। ਰਾਜਨੀਤਕ ਅਤੇ ਧਾਰਮਿਕ ਪੱਖ ਤੋਂ ਅਗਵਾਈ ਕਰਨ ਵਾਲੇ ਆਗੂ ਅੱਜ ਵਾਤਾਵਰਨਿਕ ਵਿਗਾੜਾਂ ਪ੍ਰਤੀ ਸੰਵੇਦਨਸ਼ੀਲ ਨਹੀਂ ਰਹੇ।

ਪੰਜਾਬ ਦੀ ਧਰਤੀ ਇੱਕ ਵੱਡੇ ਹਸਪਤਾਲ ਵਿੱਚ ਤਬਦੀਲ ਹੋ ਰਹੀ ਹੈ। ਦਵਾਈ ਕੰਪਨੀਆਂ, ਵੱਡੀਆਂ ਇੰਟਰਨੈਸ਼ਨਲ ਲੈਬਜ਼ ਅਤੇ ਵੱਡੇ ਹਸਪਤਾਲਾਂ ਦੇ ਮਾਲਕ ਪੰਜਾਬ ਨੂੰ ਬਿਮਾਰੀਆਂ, ਟੈਸਟਾਂ, ਦਵਾਈਆਂ ਦੀ ਇਕ ਵੱਡੀ ਮੰਡੀ ਵਜੋਂ ਵੇਖ ਰਹੇ ਹਨ। ਪੰਜਾਬ ਦੇ ੯੫ ਫ਼ੀਸਦੀ ਲੋਕ ਕੋਈ ਨਾ ਕੋਈ ਦਵਾਈ ਦੀ ਵਰਤੋਂ ਕਰਦੇ ਹਨ। ੪੦ ਫ਼ੀਸਦੀ ਲੋਕ ਭਿਆਨਕ ਬਿਮਾਰੀਆਂ ਦੇ ਸ਼ਿਕਾਰ ਹਨ। ਨਾਮੁਰਾਦ ਬਿਮਾਰੀ ਕੈਂਸਰ ਨੇ ਇੱਥੇ ਹਾਹਾਕਾਰ ਮਚਾ ਦਿੱਤੀ ਹੈ। ਇਸ ਦਾ ਇਲਾਜ ਕਰਨ ਵਾਲੇ ਹਸਪਤਾਲਾਂ ਵਿੱਚ ਕੈਂਸਰ ਦਾ ਸ਼ਿਕਾਰ ਹੋ ਰਹੇ ਮਰੀਜ਼ਾਂ ਦੀਆਂ ਲਾਈਨਾਂ ਲਗਾਤਾਰ ਲੰਮੀਆਂ ਹੋ ਰਹੀਆਂ ਹਨ। ਹੈਪੇਟਾਈਟਸ (ਬੀ ਅਤੇ ਸੀ) ਨੇ ਵੱਡੀ ਪੱਧਰ ’ਤੇ ਲੋਕਾਂ ਨੂੰ ਆਪਣੇ ਗ੍ਰਿਫ਼ਤ ਵਿੱਚ ਲਿਆ ਹੈ। ਇਹ ਬਿਮਾਰੀ ਜਿਸ ਦੇ ਇਲਾਜ ਦਾ ਖ਼ਰਚ ਲੱਖਾਂ ਵਿੱਚ ਹੈ, ਦੀ ਦਵਾਈ ਵੇਚਣ ਵਾਲੀਆਂ ਕੰਪਨੀਆਂ ਨੇ ਪਿੰਡਾਂ ਵਿੱਚ ਜਾ ਕੇ ਲੋਕਾਂ ਦੇ ਫ੍ਰੀ ਟੈਸਟ ਕਰਨੇ ਸ਼ੁਰੂ ਕਰ ਦਿੱਤੇ ਹਨ। ਇਹਨਾਂ ਕੰਪਨੀਆਂ ਨੇ ਜਿਹੜੇ ਪਿੰਡਾਂ ਵਿੱਚ ਜਾ ਕੇ ਲੋਕਾਂ ਦੇ ਫ੍ਰੀ ਟੈਸਟ ਕੀਤੇ ਉਹਨਾਂ ’ਚੋਂ 40 ਤੋਂ 50 ਪ੍ਰਤੀਸ਼ਤ ਲੋਕ ਕਾਲੇ ਪੀਲੀਏ ਦੇ ਸ਼ਿਕਾਰ ਸਨ। ਪਿਛਲੇ ਕੁਝ ਕੁ ਸਾਲਾਂ ਵਿੱਚ ਕਾਲੇ ਪੀਲੀਏ ਦੀ ਪ੍ਰਕੋਪੀ ਬੜੀ ਤੇਜ਼ੀ ਨਾਲ ਵਧੀ ਹੈ ਅਤੇ ਇਹਦਾ ਅਸਰ ਪੰਜਾਬ ਦੇ ਹਰ ਕੋਨੇ



ਵਿੱਚ ਵੇਖਣ ਨੂੰ ਮਿਲ ਰਿਹਾ ਹੈ। ਗ਼ਰੀਬ ਲੋਕ ਇਸ ਬਿਮਾਰੀ ਦਾ ਅਤਿ ਮਹਿੰਗਾ ਇਲਾਜ ਤਾਂ ਦੂਰ ਇਸ ਦੇ ਲੋੜੀਂਦੇ ਟੈਸਟ ਵੀ ਨਹੀਂ ਕਰਵਾ ਸਕਦੇ।

ਪਿਛਲੇ ਕੁਝ ਅਰਸੇ ਤੋਂ ਪੰਜਾਬ ਦੇ ਲੋਕਾਂ ਦੀ ਜੀਵਨ ਸ਼ੈਲੀ ਬੜੀ ਤੇਜ਼ੀ ਨਾਲ ਤਬਦੀਲ ਹੋਈ ਹੈ। ਖਾਣ-ਪੀਣ ਦੀਆਂ ਆਦਤਾਂ ਵਿੱਚ ਵੀ ਵੱਡੀਆਂ ਤਬਦੀਲੀਆਂ ਆਈਆਂ ਹਨ, ਜਿਸ ਸਦਕਾ ਲੋਕ ਹਾਰਟ-ਅਟੈਕ, ਹਾਈ ਬਲੱਡ-ਪ੍ਰੈਸ਼ਰ, ਸ਼ੂਗਰ, ਯੂਰਿਕ ਐਸਿਡ, ਪੇਟ ਦੇ ਅਲਸਰ, ਲਿਵਰ ਸਿਰੋਸਸ, ਅਧਰੰਗ, ਸਰਵਾਈਕਲ, ਟਾਈਫਾਈਡ, ਮਲੇਰੀਆ, ਐਲਰਜੀ, ਸਾਹ, ਦਮਾ, ਟੀ.ਬੀ., ਤੇਜ਼ਾਬੀ ਮਾਦਾ, ਗੈਸ, ਜੋੜਾਂ ਦੇ ਦਰਦ ਆਦਿ ਬਿਮਾਰੀਆਂ ਦੇ ਬੜੀ ਤੇਜ਼ੀ ਨਾਲ ਸ਼ਿਕਾਰ ਹੋ ਰਹੇ ਹਨ। ਵੇਖਣ ਵਿੱਚ ਇਹ ਵੀ ਆਇਆ ਹੈ ਕਿ ਪੰਜਾਬੀਆਂ ਦੀ ਬਹੁਗਿਣਤੀ ਤੇਜ਼ੀ ਨਾਲ ਮੋਟਾਪੇ ਦਾ ਸ਼ਿਕਾਰ ਹੋ ਰਹੀ ਹੈ। ਅੰਧਾਧੁੰਦ ਨਸ਼ਿਆਂ ਦੀ ਵਰਤੋਂ ਅਤੇ ਪ੍ਰਦੂਸ਼ਿਤ ਹੋ ਰਹੇ ਵਾਤਾਵਰਣ ਕਰਕੇ ਪੰਜਾਬੀਆਂ ਦੀ ਪ੍ਰਜਣਨ ਸ਼ਕਤੀ ਵੀ ਬੁਰੀ ਤਰ੍ਹਾਂ ਪ੍ਰਭਾਵਿਤ ਹੋਈ ਹੈ। ੧੫ ਤੋਂ ੧੯ ਫ਼ੀਸਦੀ ਲੋਕ ਬਾਂਝਪਨ ਦਾ ਸ਼ਿਕਾਰ ਹੋ ਰਹੇ ਹਨ। ਪੰਜਾਬ ਦੀ ਧਰਤੀ ’ਤੇ ਬਹੁਤ ਸਾਰੀਆਂ ਅਜਿਹੀਆਂ ਬਿਮਾਰੀਆਂ ਵੀ ਵੇਖਣ ਨੂੰ ਮਿਲ ਰਹੀਆਂ ਹਨ ਜਿਨ੍ਹਾਂ ਦੀ ਡਾਕਟਰਾਂ ਵੱਲੋਂ ਸ਼ਨਾਖਤ ਨਹੀਂ ਹੋ ਰਹੀ। ਸਰੀਰਕ ਬਿਮਾਰੀਆਂ ਤੋਂ ਇਲਾਵਾ ਮਾਨਸਿਕ ਬਿਮਾਰੀਆਂ ਵੀ ਪੰਜਾਬ ਵਿੱਚ ਬੜੀ ਤੇਜ਼ੀ ਨਾਲ ਲੋਕਾਂ ਨੂੰ ਆਪਣੀ ਗ੍ਰਿਫ਼ਤ ਵਿੱਚ ਲੈ ਰਹੀਆਂ ਹਨ। ਅਸੁਰੱਖਿਆ ਦੀ ਭਾਵਨਾ, ਸਮਾਜਿਕ ਉਥੱਲ-ਪੁਥੱਲ ਅਤੇ ਹੜਬੜੀ ਦੇ ਇਸ ਦੌਰ ਵਿੱਚ ਵੱਡੀ ਗਿਣਤੀ ਵਿੱਚ ਲੋਕ ਡਿਪਰੇਸ਼ਨ ਦਾ ਸ਼ਿਕਾਰ ਬਣ ਰਹੇ ਹਨ। ਉਨੀਂਦਰੇ ਦੀ ਬਿਮਾਰੀ ਤੋਂ ਪੀੜਿਤ ਲੋਕਾਂ ਦੀ ਗਿਣਤੀ ਲਗਾਤਾਰ ਵਧ ਰਹੀ ਹੈ। ਵੱਖ-ਵੱਖ ਤਰ੍ਹਾਂ ਦੇ ਮਾਨਸਿਕ ਵਿਕਾਰ ਵੱਡੀ ਗਿਣਤੀ ਵਿੱਚ ਲੋਕਾਂ ਨੂੰ ਆਪਣੀ ਲਪੇਟ ਵਿੱਚ ਲੈ ਰਹੇ ਹਨ, ਜਿਸ ਤਹਿਤ ਆਤਮ-ਹੱਤਿਆਵਾਂ, ਘਰੇਲੂ ਕਲੇਸ਼, ਤਲਾਕ, ਲੜਾਈਆਂ ਝਗੜਿਆਂ ਦੇ ਕੇਸਾਂ ਵਿੱਚ ਬੜੀ ਤੇਜ਼ੀ ਨਾਲ ਵਾਧਾ ਹੋਣਾ ਸ਼ੁਰੂ ਹੋ ਗਿਆ ਹੈ। ਵੱਖ-ਵੱਖ ਤਰ੍ਹਾਂ ਦੇ ਮਾਨਸਿਕ ਵਿਕਾਰਾਂ ਦੇ ਸ਼ਿਕਾਰ ਲੋਕ ਤਾਂ ਆਪਣੀ ਬਿਮਾਰੀ ਅਤੇ ਇਸ ਦੇ ਅਸਲ ਕਾਰਨਾਂ ਨੂੰ ਨਾ ਸਮਝਦੇ ਹੋਏ ਅਗਿਆਨਤਾ ਵੱਸ ਅਖੌਤੀ ਸਾਧਾਂ, ਸਿਆਣਿਆਂ, ਤਾਂਤਰਿਕਾਂ ਤੋਂ ਆਪਣੀ ਲੁੱਟ ਕਰਵਾ ਰਹੇ ਹਨ। ਇਹੋ ਕਾਰਨ ਹੈ ਕਿ ਪੰਜਾਬ ਵਿੱਚ ਅੰਧ-ਵਿਸ਼ਵਾਸ ਦਾ ਸੌਦਾ ਵੇਚਣ ਵਾਲਿਆਂ ਦੀਆਂ ਦੁਕਾਨਦਾਰੀਆਂ ਵੀ ਖ਼ੂਬ ਚੱਲ ਰਹੀਆਂ ਹਨ।

ਅਸੀਂ ਪੰਜਾਬ ਵਾਸੀਆਂ ਨੇ ਕੁਦਰਤ ਪੱਖੀ ਵਾਤਾਵਰਣ ਨੂੰ ਤਬਾਹ ਕਰਕੇ ਰੱਖ ਦਿੱਤਾ ਹੈ। ਖੇਤੀਬਾੜੀ ਯੂਨੀਵਰਸਿਟੀ ਅਤੇ ਖੇਤੀ ਮਾਹਰ ਕਿਸਾਨਾਂ ਨੂੰ ਇਹ ਦੱਸਣ/ਸਮਝਾਉਣ ਵਿੱਚ ਬੁਰੀ ਤਰ੍ਹਾਂ ਅਸਫਲ ਸਿੱਧ ਹੋਏ ਹਨ। ਜਿਸ ਢੰਗ ਦੀ ਖੇਤੀ ਨੂੰ ਪੰਜਾਬ ਦੀ ਧਰਤੀ ’ਤੇ ਉਤਸ਼ਾਹਿਤ ਕੀਤਾ ਜਾ ਰਿਹਾ ਹੈ ਉਹਦੇ ਆਉਣ ਵਾਲੇ ਸਮੇਂ ਦੌਰਾਨ ਮਨੁੱਖ ਅਤੇ ਬਾਕੀ ਜੀਵਾਂ ਦੀਆਂ ਨਸਲਾਂ ਲਈ ਕਈ ਤਰ੍ਹਾਂ ਦੇ ਭਿਆਨਕ ਸਿੱਟੇ ਨਿਕਲ ਸਕਦੇ ਹਨ। ਪਿਛਲੇ ਅਰਸੇ ਤੋਂ ਧਰਤੀ ਹੇਠਲੇ ਪਾਣੀਆਂ

ਦੀ ਵੱਡੀ ਪੱਧਰ 'ਤੇ ਬਰਬਾਦੀ ਕੀਤੀ ਗਈ। ਜੰਗਲੀ ਇਲਾਕਿਆਂ 'ਚੋਂ ਰੁੱਖਾਂ ਨੂੰ ਕੱਟ ਕੇ ਪੱਧਰੇ ਮੈਦਾਨਾਂ ਦਾ ਰੂਪ ਦੇ ਦਿੱਤਾ ਗਿਆ। ਵਿਕਾਸ ਦੇ ਨਾਮ 'ਤੇ ਵੱਡੀ ਪੱਧਰ 'ਤੇ ਰੁੱਖਾਂ ਦੀ ਕਟਾਈ ਕਰ ਦਿੱਤੀ ਗਈ। ਬਹੁਤ ਸਾਰੀਆਂ ਅਜਿਹੀਆਂ ਥਾਵਾਂ ਨਹਿਰਾਂ, ਦਰਿਆਵਾਂ ਦੇ ਨੇੜਲੇ ਇਲਾਕਿਆਂ ਨੂੰ ਜੰਗਲ ਦਾ ਰੂਪ ਦਿੱਤਾ ਜਾ ਸਕਦਾ ਸੀ। ਇਨ੍ਹਾਂ ਇਲਾਕਿਆਂ 'ਤੇ ਬਹੁਤ ਥਾਈਂ ਧਾਰਮਿਕ ਡੇਰੇ ਉਸਾਰਨ ਵਾਲਿਆਂ ਨੇ ਕਬਜ਼ੇ ਕਰ ਲਏ ਅਤੇ ਕੰਕਰੀਟ ਦੇ ਜੰਗਲ ਉਸਾਰ ਦਿੱਤੇ। ਪੰਜਾਬ ਦੇ ਦਰਿਆ ਜਿਨ੍ਹਾਂ ਵਿੱਚ ਕਦੇ ਚਾਂਦੀ ਵਰਗਾ ਪਾਣੀ ਵਗਦਾ ਹੁੰਦਾ ਸੀ ਸੈਂਕੜੇ ਕਿਸਮ ਦੇ ਦੇਸ਼ੀ ਅਤੇ ਵਿਦੇਸ਼ੀ ਪੰਛੀ ਇਨ੍ਹਾਂ ਦਰਿਆਵਾਂ ਦੇ ਪਾਣੀਆਂ ਨਾਲ ਅਠਖੇਲੀਆਂ ਕਰਦੇ ਹੁੰਦੇ ਸਨ, ਇਹ ਦਰਿਆ ਹੁਣ ਮੁਸ਼ਕ ਮਾਰਦੇ ਨਾਲਿਆਂ ਵਿੱਚ ਤਬਦੀਲ ਹੋ ਗਏ। ਬਹੁਤ ਸਾਰੇ ਜੰਗਲੀ ਜਾਨਵਰ ਹਿਰਨ, ਸੂਰ, ਗਿੱਦੜ, ਖ਼ਰਗੋਸ਼ ਆਦਿ ਦੀਆਂ ਨਸਲਾਂ ਨੂੰ ਵਿਕਾਸ ਦੀ ਹਨੇਰੀ ਨੇ ਹੂੰਝ ਕੇ ਪਾਸੇ ਕਰ ਦਿੱਤਾ ਹੈ। ਹਰ ਸਾਲ ਅਤੇ ਹਰ ਕੀਮਤ 'ਤੇ ਪੈਸੇ ਦੀ ਹਵਸ ਨੇ ਪੰਜਾਬ ਤੋਂ ਧਰਤੀ ਦੀ ਕੁਦਰਤੀ ਦਿੱਖ, ਚਰਾਂਦਾਂ, ਰੋਹੀਆਂ ਜੰਗਲ ਬੇਲਿਆਂ ਦਾ ਸਫ਼ਾਇਆ ਕਰ ਦਿੱਤਾ ਹੈ। ਵੱਧ ਝਾੜ ਲੈਣ ਦੀ ਇੱਛਾ ਨਾਲ ਹਰ ਸਾਲ ਰਸਾਇਣਿਕ ਖਾਦਾਂ, ਕੀਟ-ਨਾਸ਼ਕਾਂ ਦੀ ਅੰਨ੍ਹੇਵਾਹ ਵਰਤੋਂ ਖੇਤੀ ਲਈ ਕੀਤੀ ਜਾ ਰਹੀ ਹੈ। ਜਿਸ ਧਰਤੀ ਨੂੰ ਅਸੀਂ ਮਾਂ ਆਖ ਕੇ ਆਪਣੇ ਆਪ ਨੂੰ ਚੰਗੇ ਹੋਣ ਦਾ ਭਰਮ ਪਾਲਦੇ ਹਾਂ ਉਸੇ ਧਰਤੀ ਮਾਂ ਨੂੰ ਹਰ ਛੇ ਮਹੀਨੇ ਬਾਅਦ ਆਪਣੇ ਹੱਥੀਂ ਲਾਂਬੂ ਲਾ ਦਿੰਦੇ ਹਾਂ। ਅਸੀਂ ਪੰਜਾਬੀਆਂ ਨੇ ਮਿੱਟੀ ਦੀ ਉਪਜਾਊ ਸ਼ਕਤੀ ਦਾ ਖ਼ਾਤਮਾ ਕਰਨ ਦੇ ਨਾਲ-ਨਾਲ ਹਵਾ ਨੂੰ ਦੂਸ਼ਿਤ ਕਰਨ ਦੀ ਕੋਈ ਕਸਰ ਬਾਕੀ ਨਹੀਂ ਰਹਿਣ ਦਿੱਤੀ। ਫ਼ਸਲ ਦੀ ਕਟਾਈ ਤੋਂ ਬਾਅਦ ਪੰਜਾਬ ਦੀ ਫਿਜਾ ਵਿੱਚ ਧੂੰਏਂ ਦਾ ਬੱਦਲ ਦਿੱਲੀ ਤਕ ਫੈਲ ਜਾਂਦਾ ਹੈ। ਅਜਿਹੀ ਭਿਆਨਕ ਸਥਿਤੀ ਦਾ ਮਨੁੱਖ, ਛੋਟੇ ਬੱਚਿਆਂ ਅਤੇ ਹੋਰ ਜੀਵਾਂ 'ਤੇ ਕੀ ਅਸਰ ਹੁੰਦਾ ਹੈ ਇਹ ਸਾਡੀ ਸੋਚ ਵਿਚਾਰ ਦਾ ਹਿੱਸਾ ਨਹੀਂ ਬਣਿਆ, ਨਾ ਹੀ ਅਸੀਂ ਇਸ ਪ੍ਰਤੀ ਚਿੰਤਤ ਹਾਂ। ਪੰਛੀਆਂ ਅਤੇ ਜਾਨਵਰਾਂ ਦੀਆਂ ਕੁਝ ਨਸਲਾਂ ਪੰਜਾਬ ਦੀ ਧਰਤੀ ਤੋਂ ਬੜੀ ਤੇਜ਼ੀ ਨਾਲ ਅਲੋਪ ਹੋ ਗਈਆਂ ਹਨ ਅਤੇ ਕੁਝ ਹੋ ਰਹੀਆਂ ਹਨ। ਵਿਚਾਰਨ ਵਾਲੀ ਗੱਲ ਇਹ ਹੈ ਕਿ ਅਜਿਹਾ ਵਾਤਾਵਰਣ ਮਨੁੱਖ ਲਈ ਵੀ ਘਾਤਕ ਹੋਵੇਗਾ। ਇਸ ਦੇ ਪ੍ਰਮਾਣ ਅੱਜ ਲੁਕਵੇਂ ਨਹੀਂ ਰਹੇ ਬਲਕਿ ਪ੍ਰਤੱਖ ਨਜ਼ਰ ਆਉਣ ਲੱਗ ਪਏ ਹਨ। ਪਰ ਸਾਡੀ ਮਾਨਸਿਕਤਾ ਹੀ ਇਹ ਬਣ ਗਈ ਹੈ ਕਿ ਜਦੋਂ ਤਕ ਕੋਈ ਸਥਿਤੀ ਅਤਿ ਭਿਆਨਕ ਰੂਪ ਅਖ਼ਤਿਆਰ ਨਾ ਕਰ ਲਵੇ ਉਨੀ ਦੇਰ ਅਸੀਂ ਉਸ ਨੂੰ ਸਮੱਸਿਆ ਮੰਨਣਾ ਹੀ ਨਹੀਂ।

ਪੰਜਾਬ ਦੇ ਵਾਤਾਵਰਨ ਨੂੰ ਮਨੁੱਖਾਂ ਦੇ ਰਹਿਣਯੋਗ ਬਣਾਉਣ ਲਈ ਕੁਝ ਜ਼ਰੂਰੀ ਫ਼ੈਸਲੇ ਹਨ ਜੋ ਸਰਕਾਰ ਨੂੰ ਤੁਰੰਤ ਲੈਣੇ ਚਾਹੀਦੇ ਹਨ। ਸਰਕਾਰ ਨੂੰ ਚਾਹੀਦਾ ਹੈ ਕਿ ਕਣਕ ਝੋਨੇ ਦੇ ਫ਼ਸਲੀ ਚੱਕਰ ਦੀ ਥਾਂ ਕਿਸਾਨਾਂ ਨੂੰ ਦੂਜੀਆਂ ਫ਼ਸਲਾਂ ਦੇ ਯੋਗ ਭਾਅ ਦੇ ਕੇ ਫ਼ਸਲੀ ਵਿਭਿੰਨਤਾ ਨੂੰ ਉਤਸ਼ਾਹਿਤ ਕਰੇ। ਇਸ ਦੇ ਨਾਲ-ਨਾਲ ਪੰਜਾਬ



ਦੇ ਹਰ ਕਿਸਾਨ ਨੂੰ ਚਾਹੀਦਾ ਹੈ ਕਿ ਉਹ ਆਪਣੇ ਖਾਣ-ਪੀਣ ਵਾਲੀਆਂ ਜ਼ਹਿਰ ਰਹਿਤ ਸਬਜ਼ੀਆਂ, ਫਲਾਂ ਅਤੇ ਅਨਾਜ ਦੀ ਪੈਦਾਵਾਰ ਆਪ ਕਰੇ। ਕਾਰਖ਼ਾਨਿਆਂ ਦਾ ਦੂਸ਼ਿਤ ਪਾਣੀ ਜਿਸ ਨੂੰ ਬੋਰਾਂ ਰਾਹੀਂ ਧਰਤੀ ਵਿੱਚ ਭੇਜਿਆ ਜਾਂਦਾ ਹੈ ਦੀ ਸ਼ਨਾਖ਼ਤ ਕਰਕੇ ਇਸ 'ਤੇ ਤੁਰੰਤ ਰੋਕ ਲਾਈ ਜਾਵੇ। ਪਖ਼ਾਨਿਆਂ ਲਈ ਬਣਾਈਆਂ ਕੱਚੀਆਂ ਖੂਹੀਆਂ ਦੀ ਥਾਂ ਪੱਕੇ ਗਟਰ ਬਣਾਏ ਜਾਣ। ਫ਼ਸਲਾਂ ਦੀ ਰਹਿੰਦ-ਖੂੰਦ ਸਮੇਤ ਹਰ ਤਰ੍ਹਾਂ ਦੇ ਧੂੰਏਂ ਦੇ ਪ੍ਰਦੂਸ਼ਣ 'ਤੇ ਸਖ਼ਤੀ ਨਾਲ ਰੋਕ ਲਗਾਈ ਜਾਣੀ ਚਾਹੀਦੀ ਹੈ। ਪਾਣੀ ਦੇ ਪੱਧਰ ਨੂੰ ਠੀਕ ਕਰਨ ਲਈ ਹਰ ਪਿੰਡ ਵਿੱਚ ਵਾਟਰ ਰੀਚਾਰਜ ਪ੍ਰੋਜੈਕਟ ਲਗਾਏ ਜਾਣ। ਦਰਿਆਵਾਂ ਨਦੀਆਂ ਦੇ ਕੰਢਿਆਂ 'ਤੇ ਕੀਤੀਆਂ ਜਾ ਰਹੀਆਂ ਉਸਾਰੀਆਂ 'ਤੇ ਤੁਰੰਤ ਰੋਕ ਲਗਾਈ ਜਾਵੇ। ਦਰਿਆਵਾਂ ਵਿੱਚ ਪੈਂਦੇ ਪ੍ਰਦੂਸ਼ਿਤ ਗੰਦੇ ਨਾਲਿਆਂ ਦੇ ਪਾਣੀਆਂ ਨੂੰ ਤੁਰੰਤ ਰੋਕਿਆ ਜਾਵੇ। ਪ੍ਰਦੂਸ਼ਿਤ ਪਾਣੀਆਂ ਨੂੰ ਟਰੀਟ ਕਰਨ ਦੇ ਢੁਕਵੇਂ ਪ੍ਰਬੰਧ ਕੀਤੇ ਜਾਣ। ਕਿਸਾਨਾਂ ਨੂੰ ਨਦੀਨ-ਨਾਸ਼ਕਾਂ ਅਤੇ ਕੀਟ-ਨਾਸ਼ਕਾਂ ਦੀ ਯੋਗ ਅਤੇ ਸੀਮਿਤ ਵਰਤੋਂ ਲਈ ਟਰੇਂਡ ਕੀਤਾ ਜਾਵੇ। ਵੱਡੇ ਪੱਧਰ 'ਤੇ ਇਕ ਜਾਗਰੂਕਤਾ ਮੁਹਿੰਮ ਆਰੰਭੀ ਜਾਵੇ ਜਿਸ ਵਿੱਚ ਬਿਜਲੀ, ਜੀਵਨ-ਸ਼ੈਲੀ ਅਤੇ ਖਾਣ-ਪੀਣ ਦੇ ਬਦਲੇ ਤੌਰ ਤਰੀਕਿਆਂ ਤੋਂ ਪੈਦਾ ਹੋਏ ਵਿਗਾੜਾਂ ਸੰਬੰਧੀ ਲੋਕਾਂ ਨੂੰ ਜਾਗਰੂਕ ਕੀਤਾ ਜਾਵੇ। ਸ਼ਹਿਰਾਂ, ਕਸਬਿਆਂ, ਪਿੰਡਾਂ ਵਿੱਚ ਲੱਗੇ ਦਰੱਖਤਾਂ ਦੀ ਸੰਭਾਲ ਲਈ ਸਖ਼ਤ ਕਾਨੂੰਨ ਬਣਾਏ ਜਾਣ ਅਤੇ ਨਹਿਰਾਂ ਦਰਿਆਵਾਂ ਦੇ ਕੰਢਿਆਂ 'ਤੇ ਵੱਧ ਤੋਂ ਵੱਧ ਦਰੱਖਤ ਲਗਾਏ ਜਾਣ। ਬਿਮਾਰ ਲੋਕਾਂ ਲਈ ਸਰਕਾਰਾਂ ਵੱਲੋਂ ਢੁਕਵੇਂ ਇਲਾਜ ਪ੍ਰਬੰਧ ਕੀਤੇ ਜਾਣ। ਏਡਜ਼, ਕੈਂਸਰ, ਹੈਪੇਟਾਈਟਸ ਬੀ ਅਤੇ ਸੀ ਵਰਗੀਆਂ ਭਿਆਨਕ ਬਿਮਾਰੀਆਂ ਦੇ ਇਲਾਜ ਲਈ ਗ਼ਰੀਬ ਲੋਕਾਂ ਵਾਸਤੇ ਮੁਫ਼ਤ ਅਤੇ ਢੁਕਵੇਂ ਇਲਾਜ ਪ੍ਰਬੰਧ ਕੀਤੇ ਜਾਣ। ਪੰਜਾਬ ਦੇ ਵਾਤਾਵਰਨ ਨੂੰ ਸਵੱਛ ਬਣਾਉਣ ਲਈ ਫੌਰੀ ਤੌਰ 'ਤੇ ਵੱਡੇ ਉਪਰਾਲੇ ਕਰਨ ਦੀ ਲੋੜ ਹੈ। ਜੇਕਰ ਅਜਿਹਾ ਨਾ ਹੋਇਆ ਤਾਂ ਤੇਜ਼ੀ ਨਾਲ ਵਧ ਰਹੀਆਂ ਬਿਮਾਰੀਆਂ ਦੀ ਭਰਮਾਰ ਹੋਰ ਭਿਆਨਕ ਰੂਪ ਅਖ਼ਤਿਆਰ ਕਰ ਲਵੇਗੀ।

# ਕੀ ਮਾਫ਼ੀਆ ਪ੍ਰਬੰਧ ਵੱਲ ਵਧ ਰਿਹਾ ਹੈ ਦੇਸ਼ ?

ਅਸੀਂ ਭਾਰਤੀ ਲੋਕ ਪਿਛਲੇ ਸੱਤ ਦਹਾਕਿਆਂ ਤੋਂ ਆਪਣੇ ਚੰਗੇ ਭਵਿੱਖ ਦੀ ਕਾਮਨਾ ਕਰਦੇ ਆ ਰਹੇ ਹਾਂ । ਪਿਛਲੇ ਸੱਤਰ ਸਾਲਾਂ ਦਾ ਜੇਕਰ ਲੇਖਾ ਜੋਖਾ ਕਰੀਏ ਤਾਂ ਇਸ ਸਮੇਂ ਦੌਰਾਨ ਬਹੁਤ ਕੁਝ ਚੰਗਾ ਵੀ ਵਾਪਰਿਆ ਅਤੇ ਬਹੁਤ ਕੁਝ ਅਜਿਹਾ ਵੀ ਹੋਇਆ ਜੋ ਨਹੀਂ ਹੋਣਾ ਚਾਹੀਦਾ ਸੀ । ਅਸੀਂ ਕਹਿ ਸਕਦੇ ਹਾਂ ਜਦੋਂ ਦੇਸ਼ ਆਜ਼ਾਦ ਹੋਇਆ ਉਸ ਸਮੇਂ ਦੇਸ਼ ਕੋਲ ਅਜਿਹੀਆਂ ਕੁਝ ਕੁ ਰਾਜਸੀ ਸ਼ਖ਼ਸੀਅਤਾਂ ਸਨ ਜਿਨ੍ਹਾਂ ਦਾ ਇਹ ਸੁਪਨਾ ਸੀ ਕਿ ਦੇਸ਼ ਤਰੱਕੀ ਕਰੇ, ਵਿਕਾਸ ਕਰੇ। ਕੀੜਿਆਂ ਮਕੌੜਿਆਂ ਦੀ ਜੂਨ ਭੋਗਦੇ ਗ਼ਰੀਬ ਭਾਰਤੀ ਲੋਕ ਆਪਣੀ ਕਿਸਮਤ ਆਪਣੇ ਹੱਥਾਂ ਨਾਲ ਲਿਖਣ ਦੇ ਸਮਰੱਥ ਹੋਣ । ਸਮਾਂ ਲੰਘਦਾ ਗਿਆ ਤੇ ਇਹ ਸੋਚ ਵੀ ਤਬਦੀਲ ਹੁੰਦੀ ਗਈ । ਸਾਡੇ ਦੇਸ਼ ਦਾ ਸੰਵਿਧਾਨ ਹਰ ਤਰ੍ਹਾਂ ਦੀ ਅਗਿਆਨਤਾ, ਉਚ-ਨੀਚ, ਭੇਦ-ਭਾਵ, ਜਾਤੀਵਾਦ ਦੀ ਮੁਖਾਲਫ਼ਤ ਕਰਦਾ ਹੈ। ਇਹ ਸਮਾਜਿਕ/ਆਰਥਿਕ ਬਰਾਬਰਤਾ, ਸਭ ਲਈ ਇਕਸਾਰ ਨਿਆਂ ਦਾ ਆਦੇਸ਼ ਦਿੰਦਾ ਹੈ। ਸੰਵਿਧਾਨ ਨੂੰ ਲਾਗੂ ਕਰਨ ਦੀ ਭੂਮਿਕਾ ਦੇਸ਼ ਦੀਆਂ ਸਰਕਾਰਾਂ ਨੇ ਦੇਸ਼ ਦੇ ਪ੍ਰਸ਼ਾਸਕੀ ਢਾਂਚੇ ਰਾਹੀਂ ਨਿਭਾਉਣੀ ਹੁੰਦੀ ਹੈ । ਇੱਥੋਂ ਹੀ ਸਭ ਵਿਗਾੜਾਂ ਦੀ ਸ਼ੁਰੂਆਤ ਹੁੰਦੀ ਹੈ। ਜਿਹੜੇ ਲੋਕਾਂ ਦੀ ਜ਼ਿੰਮੇਵਾਰੀ ਸੰਵਿਧਾਨ ਤੇ ਕਾਨੂੰਨ ਨੂੰ ਲਾਗੂ ਕਰਨ ਦੀ ਹੁੰਦੀ ਹੈ ਉਹ ਆਪਣੇ ਆਪ ਨੂੰ ਹਰ ਤਰ੍ਹਾਂ ਦੇ ਕਾਨੂੰਨ ਤੋਂ ਉੱਪਰ ਸਮਝਣ ਲੱਗ ਪੈਂਦੇ ਹਨ। ਹਕੀਕਤ ਇਹ ਹੈ ਕਿ ਦੇਸ਼ ਵਿੱਚ ਹੁਣ ਸਭ ਤੋਂ ਵੱਧ ਕਾਨੂੰਨ/ਸੰਵਿਧਾਨ ਦੀਆਂ ਧੱਜੀਆਂ ਉਨ੍ਹਾਂ ਧਿਰਾਂ ਨੇ ਉਡਾਈਆਂ ਜਿਹੜੀਆਂ ਅਵਾਮ ਨੂੰ ਕਹਿੰਦੀਆਂ ਹਨ ਕਿ 'ਕਾਨੂੰਨ ਆਪਣਾ ਕੰਮ ਕਰੇਗਾ।' ਦੇਸ਼ ਦੇ ਸੰਵਿਧਾਨ ਤੋਂ ਉੱਪਰ ਕੁਝ ਨਹੀਂ? ਹੁਣ ਸ਼ਾਇਦ ਇਹ ਵਕਤ ਆ ਗਿਆ ਹੈ ਕਿ ਦੇਸ਼ ਦੇ ਲੋਕ ਪੁੱਛਣ ਕਿ ਕਾਨੂੰਨ ਨੂੰ ਲਾਗੂ ਕਰਨ ਵਾਲੇ ਹੀ ਕਾਨੂੰਨ ਦੀ ਸਭ ਤੋਂ ਵੱਧ ਦੁਰਵਰਤੋਂ ਕਿਉਂ ਕਰਦੇ ਹਨ ।

ਹਰ ਪੰਜ ਸਾਲਾਂ ਬਾਅਦ ਵੋਟ ਦੇ ਅਧਿਕਾਰ ਦੀ ਵਰਤੋਂ ਕਰਕੇ ਲੋਕ ਸੋਚਦੇ ਹਨ ਕਿ ਆਉਣ ਵਾਲਾ ਭਵਿੱਖ ਉਨ੍ਹਾਂ ਦਾ ਆਪਣਾ ਹੋਵੇਗਾ। ਪਰ ਇਸ ਦੌਰਾਨ ਹੀ ਉਨ੍ਹਾਂ ਨੂੰ ਇਸ ਗੱਲ ਦਾ ਅਹਿਸਾਸ ਹੋਣ ਲੱਗਦਾ ਹੈ ਕਿ ਬੀਤੇ ਪੰਜ ਸਾਲ ਮੌਜੂਦਾ ਦੌਰ ਨਾਲੋਂ ਚੰਗੇ ਸਨ। ਇਸ ਦੀ ਹਕੀਕਤ ਸ਼ਾਇਦ ਇਹ ਹੈ ਕਿ ਹਰ ਪੰਜ ਸਾਲ ਬਾਅਦ ਬਦਲਦਾ ਕੁਝ ਨਹੀਂ ਕੇਵਲ ਚਿਹਰੇ ਹੀ ਬਦਲਦੇ ਹਨ, ਨੀਤੀਆਂ ਉਹੀ ਵੱਖ-ਵੱਖ ਢੰਗਾਂ ਰਾਹੀਂ ਦੇਸ਼ ਦੇ ਸਾਧਨਾਂ ਦੀ ਲੁੱਟ ਕਰਕੇ ਆਪਣੇ ਕੋੜਮੇ ਦਾ ਵਿਕਾਸ ਕਰਨ ਵਾਲੀਆਂ ਹੀ ਰਹਿੰਦੀਆਂ ਹਨ। ਵਿਕਾਸ ਦੇ ਅਰਥ ਹੁਣ ਲੋਕਾਂ ਦੀ ਖੁਸ਼ਹਾਲੀ ਨਹੀਂ ਰਿਹਾ । ਬਲਕਿ ਸਾਨੂੰ ਦੱਸਿਆ ਜਾ ਰਿਹਾ ਹੈ ਟੋਲ ਟੈਕਸ ਵਾਲੀਆਂ ਚਹੁੰਮਾਰਗੀ ਸੜਕਾਂ ਜਿਹੜੀਆਂ ਕਿਸੇ ਕਾਰਪੋਰੇਟ ਕੰਪਨੀ ਦੀ ਜਾਗੀਰ ਹਨ ਨੂੰ ਤੁਸੀਂ ਹੁਣ 'ਵਿਕਾਸ' ਆਖਣਾ ਹੈ। ਜਨਮ, ਮੌਤ ਅਤੇ ਜਾਤਾਂ-ਪਾਤਾਂ 'ਤੇ ਅਧਾਰਤ ਸਰਟੀਫਿਕੇਟ ਲੈਣ ਲਈ ਖੁੱਲ੍ਹੇ 'ਟਾਵਰਾਂ ਵਾਲੇ ਅਖੌਤੀ ਸੇਵਾ ਕੇਂਦਰਾਂ', ਜ਼ਮੀਨਾਂ



ਦੇ ਕਾਗ਼ਜ਼ ਲੈਣ, ਕਿਸੇ ਲਾਇਸੈਂਸ ਨੂੰ ਨਵਿਆਉਣ ਲਈ ਦਫਤਰਾਂ ਦੇ ਸ਼ੀਸ਼ਿਆਂ ਦੀਆਂ ਮੋਰੀਆਂ ਅੱਗੇ ਪੈਸੇ ਦੇ ਕੇ ਕੰਮ ਕਰਵਾਉਣ ਵਾਲਿਆਂ ਦੀਆਂ ਲੱਗੀਆਂ ਲੰਮੀਆਂ ਲਾਈਨਾਂ ਵੀ ਮੌਜੂਦਾ ਦੌਰ ਦਾ ਆਧੁਨਿਕ ਵਿਕਾਸ ਮਾਡਲ ਹੈ। ਇਹ ਕੰਮ ਪਹਿਲਾਂ ਬਿਨਾਂ ਪੈਸੇ ਤੋਂ ਹੁੰਦੇ ਸਨ । ਕੁਝ ਲੋਕ ਖੱਜਲ ਖੁਆਰੀ ਤੋਂ ਬਚਣ ਲਈ ਰਿਸ਼ਵਤ ਦੇ ਕੇ ਇਹ ਕੰਮ ਕਰਵਾ ਲੈਂਦੇ ਸਨ। ਫਿਰ ਇਸ ਵਿਵਸਥਾ ਨੂੰ ਚਲਾਉਣ ਵਾਲਿਆਂ ਨੇ ਸੋਚਿਆ ਕਿ ਕਿਉਂ ਨਾ ਇਸੇ ਰਿਸ਼ਵਤ ਨੂੰ ਨੇਮਬੱਧ ਕਰਕੇ ਇਸ ਤੋਂ ਕਮਾਈ ਕੀਤੀ ਜਾਵੇ, ਫਿਰ ਇਹ ਕੰਮ ਆਪਣੇ ਕੁਝ ਪ੍ਰਾਈਵੇਟ ਬੰਦਿਆਂ/ਕੰਪਨੀਆਂ ਨੂੰ ਸੌਂਪ ਦਿੱਤੇ। ਇਹੋ ਕੁਝ ਰੇਤ ਬੱਜਰੀ ਦੀ ਨਿਕਾਸੀ ਨਾਲ ਹੋਇਆ । ਇਨ੍ਹਾਂ ਦੇ ਰੇਟ ਵਧ ਗਏ, ਪਰ ਲੋਕਾਂ ਦੀ ਖੱਜਲ ਖੁਆਰੀ ਉਹੋ ਹੀ ਰਹੀ । ਇਹ ਸਭ ਕੁਝ ਵੀ 'ਆਧੁਨਿਕ ਵਿਕਾਸ' ਦੀ ਸ਼੍ਰੇਣੀ ਵਿੱਚ ਆਉਂਦਾ ਹੈ। ਇਸ ਤੋਂ ਅਸੀਂ ਇਹ ਵੀ ਸਮਝ ਸਕਦੇ ਹਾਂ ਕਿ ਅੱਜ ਦਾ ਦੌਰ ਭ੍ਰਿਸ਼ਟਾਚਾਰ ਨੂੰ ਖ਼ਤਮ ਕਰਨ ਦਾ ਦੌਰ ਨਹੀਂ ਬਲਕਿ ਭ੍ਰਿਸ਼ਟਾਚਾਰ ਨੂੰ ਮਾਨਤਾ ਦਿੱਤੇ ਜਾਣ ਦਾ ਦੌਰ ਹੈ । ਭ੍ਰਿਸ਼ਟ ਸਿਸਟਮ ਵਿੱਚ ਕੁਝ ਕੁ ਸੋਧਾਂ ਕਰਕੇ ਉਸ ਤੋਂ ਹੋਰ ਵੱਧ ਕਮਾਈਆਂ ਕਰਨ ਦਾ ਦੌਰ ਹੈ। ਲੋਕਤੰਤਰਿਕ ਢੰਗ ਨਾਲ ਚੁਣੀਆਂ ਸਰਕਾਰਾਂ ਭ੍ਰਿਸ਼ਟਾਚਾਰ ਨੂੰ ਪੈਦਾ ਕਰਨ ਵਿੱਚ ਕਿਵੇਂ ਆਪਣੀ ਭੂਮਿਕਾ ਨਿਭਾਉਂਦੀਆਂ ਹਨ ਇਸ ਨੂੰ ਅਸੀਂ ਇਕ ਛੋਟੀ ਜਿਹੀ ਉਦਾਹਰਣ ਨਾਲ ਸਮਝ ਸਕਦੇ ਹਾਂ-'ਹਰ ਪੰਜ ਸਾਲਾਂ ਬਾਅਦ ਜਦੋਂ ਕੁਝ ਦਿਨ ਚੋਣ ਜ਼ਾਬਤਾ ਲੱਗਦਾ ਹੈ ਤਾਂ ਅਖੌਤੀ ਵਿਕਾਸ ਦੇ ਕੰਮਾਂ ਨੂੰ ਭਾਵੇਂ ਕੁਝ ਬਰੇਕ ਲੱਗ ਜਾਂਦੀ ਹੈ ਪਰ ਇਨ੍ਹਾਂ ਦਿਨਾਂ ਦੌਰਾਨ ਲੋਕਾਂ ਨੂੰ ਲੱਗਦਾ ਹੈ ਕਿ ਜਿਵੇਂ ਕਾਨੂੰਨ ਦਾ ਰਾਜ ਲਾਗੂ ਹੋ ਗਿਆ । ਭ੍ਰਿਸ਼ਟਾਚਾਰ, ਰਿਸ਼ਵਤਖੋਰੀ ਅਤੇ ਸਿਫ਼ਾਰਸ਼ੀ ਸੱਭਿਆਚਾਰ ਨੂੰ ਇਨ੍ਹਾਂ ਦਿਨਾਂ ਵਿੱਚ ਬਰੇਕ ਲੱਗ ਜਾਂਦੀ ਹੈ । ਲੋਕਾਂ ਨੂੰ ਕੁਝ ਦਿਨ ਸੁੱਖ ਦਾ ਸਾਹ ਆਉਣ ਲੱਗਦਾ ਹੈ। ਇਸ ਤੋਂ ਸਾਨੂੰ ਦੋ ਗੱਲਾਂ ਨੂੰ ਸਮਝਣ ਦੀ ਲੋੜ ਹੈ: ਇਕ ਇਹ ਕਿ ਵੱਖ-ਵੱਖ ਦਫ਼ਤਰਾਂ ਅਦਾਰਿਆਂ ਵਿੱਚ ਭ੍ਰਿਸ਼ਟਾਚਾਰ ਨੂੰ ਰੋਕ ਕੇ ਕੰਮ ਦੀ ਰਫ਼ਤਾਰ ਨੂੰ ਵਧਾਇਆ ਜਾ ਸਕਦਾ ਹੈ, ਲੋਕਾਂ ਦੀ ਖਜਲ ਖੁਆਰੀ ਰੋਕੀ ਜਾ ਸਕਦੀ ਹੈ । ਦੂਜਾ ਇਹ ਕਿ ਜਦੋਂ ਰਾਜਸੀ ਜਮਾਤਾਂ ਕੁਝ ਦਿਨਾਂ ਲਈ ਸੱਤਾ ਤੋਂ ਲਾਂਭੇ ਹੋ ਜਾਂਦੀਆਂ ਹਨ ਤਾਂ ਸਰਕਾਰੀ ਮਸ਼ੀਨਰੀ ਪਹਿਲਾਂ ਨਾਲੋਂ ਵਧੀਆ ਢੰਗ ਨਾਲ ਕੰਮ ਕਿਵੇਂ ਕਰਨ ਲੱਗ ਪੈਂਦੀ ਹੈ? ਹਰ ਤਰ੍ਹਾਂ ਦੇ ਦੰਗੇ ਫ਼ਸਾਦ, ਰਿਸ਼ਵਤਖੋਰੀ, ਲੋਕਾਂ ਦੀ ਖੱਜਲ ਖੁਆਰੀ ਨੂੰ ਬਰੇਕ ਲੱਗ ਜਾਂਦੀ ਹੈ, ਆਖਰ ਕਿਉਂ? ਇਸ ਦਾ ਅਰਥ ਤਾਂ ਫਿਰ ਇਹੋ ਹੀ ਹੋਵੇਗਾ ਕਿ ਰਾਜ ਸੱਤਾ 'ਤੇ ਕਾਬਜ਼ ਧਿਰਾਂ ਹੀ ਜੋ ਦੇਸ਼ ਦੇ ਵਿਕਾਸ ਦੀ ਗੱਲ ਕਰਦੀਆਂ ਹਨ ਲੋਕਾਂ ਦੇ ਦੁੱਖਾਂ ਦਰਦਾਂ 'ਤੇ ਫੇਹੇ ਬੰਨ੍ਹਣ ਦਾ ਮਕਰ ਕਰਦੀਆਂ ਹਨ। ਉਹੀ ਧਿਰਾਂ ਹਨ ਜਿਨ੍ਹਾਂ ਦੀ ਸਰਪਰਸਤੀ ਹੇਠ ਕਈ ਤਰ੍ਹਾਂ ਦੇ ਜੁਰਮ ਅਤੇ ਭ੍ਰਿਸ਼ਟਾਚਾਰ ਪਨਪਦੇ ਹਨ। ਮਤਲਬ ਇਹ ਕਿ ਕਾਨੂੰਨ ਦਾ ਰਾਜ ਲਾਗੂ ਕਰਨ ਦਾ ਦਾਅਵਾ ਕਰਨ ਵਾਲੀਆਂ ਧਿਰਾਂ ਦੇ ਹੱਥ ਜਦੋਂ ਸ਼ਾਸਨ ਦੀ ਵਾਗਡੋਰ ਆਉਂਦੀ ਹੈ ਤਾਂ ਉਦੋਂ ਹੀ ਹਰ ਤਰ੍ਹਾਂ ਦੇ ਕਾਨੂੰਨ ਦੀਆਂ ਧੱਜੀਆਂ ਉਡਾਉਂਦੀਆਂ ਜਾਂਦੀਆਂ ਹਨ। ਬੇਸ਼ੱਕ ਦੇਸ਼ ਵਿੱਚ ਹਰ ਪੰਜ ਸਾਲ ਬਾਅਦ ਚੋਣਾਂ ਹੁੰਦੀਆਂ ਹਨ, ਲੋਕਾਂ ਲਈ ਸਰਕਾਰਾਂ ਨੂੰ

ਚੁਣਨ ਦਾ ਭਰਮ ਸਿਰਜਿਆ ਜਾਂਦਾ ਹੈ, ਪਰ ਚੋਣਾਂ ਦੇ ਮਾਹੌਲ ਦੌਰਾਨ ਲੋਕਾਂ ਦੀ ਇਕ ਸੀਮਿਤ ਭੂਮਿਕਾ ਹੀ ਹੁੰਦੀ ਹੈ। ਫਿਰ ਕੁਝ ਦਿਨਾਂ ਬਾਅਦ ਹੀ ਲੋਕ ਇਸ ਤੋਂ ਬਾਹਰ ਕਰ ਦਿੱਤੇ ਜਾਂਦੇ ਹਨ। ਨਿੱਜੀਕਰਨ ਦੀਆਂ ਨੀਤੀਆਂ ’ਤੇ ਚਲਦਿਆਂ ਲੋਕਾਂ ਅਤੇ ਲੋਕ ਮੱਤ ਦੀ ਭੂਮਿਕਾ ਲਗਾਤਾਰ ਮਨਫ਼ੀ ਹੋ ਰਹੀ ਹੈ । ਗ਼ਰੀਬੀ ਅਮੀਰੀ ਦਾ ਪਾੜਾ ਹੁਣ ਪਾੜਾ ਨਹੀਂ ਰਿਹਾ, ਇਸ ਦੇ ਲੰਗਾਰ ਲਹਿ ਗਏ ਹਨ। ਇਹ ਉਹ ਸ਼ਰਮਨਾਕ ਵਿਵਸਥਾ ਹੈ ਜਿਸ ’ਤੇ ਚਲਦਿਆਂ 28 ਸਤੰਬਰ, 2017 ਨੂੰ ਝਾਰਖੰਡ ਵਿੱਚ ਭੁੱਖ ਨਾਲ ਵਿਲਕਦੀ 11 ਸਾਲਾਂ ਦੀ ਸੰਤੋਸ਼ੀ ਦਮ ਤੋੜ ਦਿੰਦੀ ਹੈ । ਕੀ ਇਹ ਵਿਵਸਥਾ ਜਿਸ ਨੂੰ ਲੋਕਾਂ ਦੁਆਰਾ ਲੋਕਾਂ ਤੇ ਰਾਜ ਆਖ ਕੇ ਮਾਣ ਕੀਤਾ ਜਾਂਦਾ ਹੈ, ਅੱਜ ਵੀ 11 ਸਾਲਾਂ ਦੀ ਬੱਚੀ ਲਈ ਭੁੱਖ ਨਾਲ ਮਰਨ ਦੇ ਹਾਲਾਤ ਪੈਦਾ ਕਰਨ ਲਈ ਜ਼ਿੰਮੇਵਾਰ ਨਹੀਂ ? ਇਹੋ ਵਿਵਸਥਾ ਦੂਜੇ ਪਾਸੇ ਏਨੇ ਵੱਡੇ ਅਮੀਰ ਪੈਦਾ ਕਰਦੀ ਹੈ ਜਿਨ੍ਹਾਂ ਦੀ ਦੌਲਤ ਉਦੋਂ ਵੀ ਵਧ ਰਹੀ ਹੁੰਦੀ ਹੈ ਜਦੋਂ ਉਹ ਸੌਂ ਰਹੇ ਹੁੰਦੇ ਹਨ। ਇਹ ਉਹ ਵਿਵਸਥਾ ਹੈ ਜਿਸ ’ਤੇ ਚਲਦਿਆਂ ਦੇਸ਼ ਦੀ ਪੰਜਾਹ ਫ਼ੀਸਦੀ ਦੌਲਤ ਇਕ ਫ਼ੀਸਦੀ ਲੋਕਾਂ ਦੇ ਹੱਥਾਂ ਵਿੱਚ ਚਲੀ ਗਈ ਹੈ। ਇਹ ਉਹ ਵਿਵਸਥਾ ਹੈ ਜਿਸ ਵਿੱਚ ਇਕ ਪਾਸੇ ਸ਼ਖ਼ਸ ਦਾ ਬੁੱਤ ਲਾਉਣ ਲਈ ਸੈਂਕੜੇ ਕਰੋੜ ਖ਼ਰਚ ਕਰ ਦਿੱਤੇ ਜਾਂਦੇ ਹਨ । ਫਿਰ ਉਸ ਦੀ ਇਸ਼ਤਿਹਾਰਬਾਜ਼ੀ ਲਈ ਲੱਖਾਂ ਖ਼ਰਚ ਕਰ ਦਿੱਤੇ ਜਾਂਦੇ ਹਨ, ਦੂਜੇ ਪਾਸੇ ਇਕੋ ਦਿਨ 60 ਬੱਚੇ ਆਕਸੀਜਨ ਸਿਲੰਡਰਾਂ ਦੇ ਨਾ ਹੋਣ ਕਾਰਨ ਮੌਤ ਦੇ ਖੂਹ ਵਿੱਚ ਜਾ ਪੈਂਦੇ ਹਨ । ਇਸ ਵਿਵਸਥਾ ’ਤੇ ਜੇਕਰ ਸਾਨੂੰ ਸ਼ਰਮਿੰਦਗੀ ਮਹਿਸੂਸ ਨਹੀਂ ਹੁੰਦੀ ਤਾਂ ਅਸੀਂ ਸ਼ਾਇਦ ਇਨਸਾਨ ਕਹਾਉਣ ਦੇ ਹੱਕਦਾਰ ਨਹੀਂ ਹਾਂ । ਇਸ ਦੇਸ਼ ਵਿੱਚ ਇਕ ਪਾਸੇ ਵੱਡੇ ਧਨ ਕੁਬੇਰ ਹਨ, ਦੂਜੇ ਪਾਸੇ ਢਾਈ-ਢਾਈ ਸੌ ਰੁਪਏ ਦੀ ਬੁਢਾਪਾ ਅਤੇ ਵਿਧਵਾ ਪੈਨਸ਼ਨ ਨੂੰ ਉਡੀਕਦੇ ਲੱਖਾਂ ਲੋਕ ਹਨ ਜੋ ਲਗਾਤਾਰ ਹਾਸ਼ੀਆਗ੍ਰਸਤ ਹੋ ਰਹੇ ਹਨ । ਇਹੋ ਹੀ ਵਿਵਸਥਾ ਹੈ ਜਿਸ ਨੂੰ ਅਸੀਂ ਲੋਕਾਂ ਦੁਆਰਾ ਲੋਕਾਂ ’ਤੇ ਰਾਜ ਆਖ ਕੇ ਮਾਣ ਕਰਦੇ ਨਹੀਂ ਥੱਕਦੇ। ‘ਲੋਕਰਾਜ ਭਰਮ’ ਦੇ ਨਿਗਾਰਖ਼ਾਨੇ ਵਿੱਚ ਤੂਤੀ ਬਣੇ ਲੋਕਾਂ ਦੀ ਕੀ ਭੂਮਿਕਾ ਹੁੰਦੀ ਹੈ, ਇਸ ਨੂੰ ਪੰਚਾਇਤੀ ਜਾਂ ਨਗਰ ਪਾਲਿਕਾ ਚੋਣਾਂ ਵਿੱਚ ਹੁਣ ਦੇਖ ਸਕਦੇ ਹੋ। ਇੱਥੇ ਆਗੂ ਹਮੇਸ਼ਾ ਉਹ ਚੁਣਿਆ ਜਾਂਦਾ ਹੈ ਜਿਸ ਨੂੰ ਸੰਬੰਧਿਤ ਹਾਕਮ ਦੀ ਸਰਪਰਸਤੀ ਹਾਸਲ ਹੋਵੇ । ਇਨ੍ਹਾਂ ਚੋਣਾਂ ਵਿੱਚ ਹੁਣ ਵੋਟਰ ਵੋਟ ਕਰਦਾ ਨਹੀਂ ਬਲਕਿ ਸੱਤਾਧਾਰੀ ਧਿਰ ਉਸ ਤੋਂ ਆਪਣੀ ਮਰਜ਼ੀ ਅਨੁਸਾਰ ਵੋਟ ਕਰਵਾਉਂਦੀ ਹੈ। ਲੋਕ ਮੱਤ ਜਿੱਧਰ ਮਰਜ਼ੀ ਵੱਧ ਘੱਟ ਹੋਵੇ, ਉਸ ਦਾ ਕੋਈ ਅਰਥ ਨਹੀਂ, ਇਸ ਨੂੰ ਅਸੀਂ ਕੀ ਕਹਾਂਗੇ? ਚੋਣਾਂ ਜਿੱਤੀਆਂ ਨਹੀਂ ਇਕ ਤਰ੍ਹਾਂ ਨਾਲ ਲੁੱਟੀਆਂ ਜਾਂਦੀਆਂ ਹਨ । ਇਕ ਭਰਮ ਸਾਡੇ ਵਿੱਚ ਅੱਜ ਵੀ ਬੜੇ ਸਾਜ਼ਸ਼ੀ ਢੰਗ ਨਾਲ ਫੈਲਾਇਆ ਜਾ ਰਿਹਾ ਹੈ ਕਿ ਲੋਕ ਸਿਆਣੇ ਹੋ ਰਹੇ ਹਨ । ਲੋਕ ਸੱਚ ਝੂਠ ਦਾ ਨਿਤਾਰਾ ਕਰਨ ਦੀ ਤਾਕਤ ਰੱਖਦੇ ਹਨ, ਪਰ ਹਕੀਕਤ ਇਹ ਨਹੀਂ । ਲੋਕਾਂ ਨੂੰ ਕੱਲ੍ਹ ਵੀ ਵਰਗਲਾਇਆ ਜਾਂਦਾ ਸੀ, ਅੱਜ ਵੀ ਵਰਗਲਾਇਆ ਜਾਂਦਾ ਹੈ । ਵੱਡੇ ਜੁਮਲਿਆਂ, ਹਵਾਈ ਵਾਅਦਿਆਂ ਨਾਲ ਲੋਕਾਂ ਨੂੰ ਅੱਜ ਵੀ ਗੁਮਰਾਹ ਕੀਤਾ ਜਾਂਦਾ ਹੈ। ਪਰਤੱਖ ਵਾਪਰ ਰਹੇ ਵਰਤਾਰਿਆਂ ਦੀ ਜਦੋਂ



ਲੋਕਾਂ ਨੂੰ ਸਮਝ ਪੈਂਦੀ ਹੈ ਤਾਂ ਸਮਾਂ ਬਹੁਤ ਅੱਗੇ ਨਿਕਲ ਚੁੱਕਿਆ ਹੁੰਦਾ ਹੈ। ਹੁਣ ਤਾਂ ਇਹ ਕੰਮ ਹੋਰ ਵੀ ਆਸਾਨ ਹੋ ਗਿਆ ਹੈ । ਵਿਕਾਊ ਮੀਡੀਆ ਇਸ ਵਿੱਚ ਬੜੀ ਵੱਡੀ ਭੂਮਿਕਾ ਨਿਭਾਉਂਦਾ ਹੈ। ਵਿਕਾਊ ਮੀਡੀਆ ਟੀ. ਵੀ. ਚੈਨਲਾਂ ਤੋਂ ਇਲਾਵਾ ਸੋਸ਼ਲ ਸਾਈਟਾਂ ’ਤੇ ਵੀ ਕਾਬਜ਼ ਹੋ ਗਿਆ ਹੈ ਜੋ ਸੱਚ ਨੂੰ ਝੂਠ ਅਤੇ ਝੂਠ ਨੂੰ ਸੱਚ ਦਾ ਮੁਲੰਮਾ ਲਾ ਕੇ ਵੇਚਣ ਦਾ ਹੁਨਰ ਰੱਖਦਾ ਹੈ। ਇੱਥੇ ਇਹ ਗੱਲ ਨਹੀਂ ਕਿ ਲੋਕ ਮੁੱਦਿਆਂ ਦੀ ਗੱਲ ਹੀ ਨਹੀਂ ਹੁੰਦੀ । ਹੁੰਦੀ ਹੈ ਚਲਵੀਂ ਜਿਹੀ ਗੱਲ, ਲੋਕ ਮੁੱਦਿਆਂ ਦੀ ਵੀ ਚਲਦੀ ਤਾਂ ਕਿ ਭਰਮ ਬਣਿਆ ਰਹੇ ਕਿ ਇਹ ਮੰਚ, ਲੋਕ ਮੰਚ ਹਨ । ਲੋਕ ਮੰਚ ਦਾ ਮਖੌਟਾ ਲਾ ਕੇ ਆਪਣੇ ਅਸਲ ਮਕਸਦ ਨੂੰ ਹੋਰ ਵੀ ਸੁਚੱਜੇ ਢੰਗ ਨਾਲ ਨੇਪਰੇ ਚਾੜ੍ਹਿਆ ਜਾ ਸਕਦਾ ਹੈ । ਅੱਜ ਅਸੀਂ ਜਿਸ ਦੌਰ ਵਿੱਚ ਵਿਚਰ ਰਹੇ ਹਾਂ ਉਸ ਵਿੱਚ ਲੋਕਰਾਜ ਦੀ ਗੱਲ ਬੀਤੇ ਦੀ ਬਾਤ ਬਣ ਗਈ ਹੈ। ਹਕੀਕਤ ਤਾਂ ਇਹ ਹੈ ਕਿ ਅਸੀਂ ਇਕ ਤਰ੍ਹਾਂ ਨਾਲ ਮਾਫੀਆ ਰਾਜ ਪ੍ਰਬੰਧ ਵੱਲ ਵਧ ਰਹੇ ਹਾਂ । ਦੇਸ਼ ਦੇ ਨਿਆਇਕ ਅਦਾਰਿਆਂ, ਸੀ. ਬੀ. ਆਈ., ਚੋਣ ਕਮਿਸ਼ਨ ਅਤੇ ਮੀਡੀਆ ਵਿੱਚ ਰਾਜਸੀ ਦਖ਼ਲ-ਅੰਦਾਜ਼ੀ ਲਗਾਤਾਰ ਵਧ ਰਹੀ ਹੈ। ਬੇਸ਼ੱਕ ਅੱਜ ਇਹ ਗੱਲ ਕੁਝ ਅਜੀਬ ਲੱਗੇ, ਪਰ ਥੋੜ੍ਹਾ ਜਿਹਾ ਗਹੁ ਨਾਲ ਦੇਖਿਆਂ ਹੀ ਪਤਾ ਚੱਲ ਜਾਵੇਗਾ ਕਿ ਸਾਡੀਆਂ ਸਭ ਤਰ੍ਹਾਂ ਦੀਆਂ ਲੋੜਾਂ ਤੇ ਮਾਫ਼ੀਆ ਗਰੋਹ ਕਾਬਜ਼ ਹੋ ਰਹੇ ਹਨ । ਸਾਡੀਆਂ ਸੜਕਾਂ, ਜ਼ਮੀਨਾਂ, ਜੰਗਲ, ਊਰਜਾ ਦੇ ਸਾਧਨ, ਸਿਹਤ ਸਹੂਲਤਾਂ, ਜਨਤਕ ਅਦਾਰਿਆਂ ਤੇ ਧਨਾਢ ਕਾਰਪੋਰੇਸ਼ਨਾਂ ਕਾਬਜ਼ ਹੋ ਰਹੀਆਂ ਹਨ । ਇਸ ਵਿਵਸਥਾ ’ਚੋਂ ਮਨਫ਼ੀ ਹੋਏ ਲੋਕ ਨਿਆਂ ਇਨਸਾਫ਼ ਅਤੇ ਰੁਜ਼ਗਾਰ ਮੰਗਣ ਲਈ ਰੈਲੀਆਂ, ਧਰਨੇ, ਰੋਸ ਮੁਜ਼ਾਹਰੇ, ਭੁੱਖ ਹੜਤਾਲਾਂ ਕਰ ਰਹੇ ਹਨ । ਦੋ ਹੀ ਅਦਾਰੇ ਹਨ ਜਿਨ੍ਹਾਂ ਵਿੱਚ ਸਰਕਾਰੀ ਨੌਕਰੀਆਂ ਹਨ ਇਕ ਪੁਲਿਸ ਅਤੇ ਦੂਜਾ ਸੁਰੱਖਿਆ ਬਲ । ਪੁਲਿਸ ਦੀ ਨਫ਼ਰੀ ਹੋਰ ਵੀ ਵਧ ਸਕਦੀ ਹੈ, ਇਹ ਇਸ ਲਈ ਜ਼ਰੂਰੀ ਹੈ ਕਿ ਲੋਕਾਂ ਨੂੰ ਠੀਕ ਢੰਗ ਨਾਲ ਸਿੱਧੇ ਕਰਕੇ ਰੱਖਿਆ ਜਾ ਸਕੇ । ਪ੍ਰਾਈਵੇਟ ਟੋਲ ਪਲਾਜ਼ਿਆਂ, ਬੈਂਕਾਂ, ਹਸਪਤਾਲ, ਹੋਟਲਾਂ ਆਦਿ ਨੂੰ ਸੁਚੱਜੇ ਢੰਗ ਨਾਲ ਚਲਾਉਣ ਲਈ ਨਿੱਜੀ ਫੋਰਸਾਂ/ ਬੌਕਸਰ ਰੱਖਣੇ ਆਮ ਵਰਤਾਰਾ ਹੋ ਗਿਆ ਹੈ ।

ਹੁਣ ਸ਼ਾਇਦ ਇਹ ਵਕਤ ਆ ਗਿਆ ਹੈ ਕਿ ਦੇਸ਼ ਦੇ ਲੋਕਾਂ ਨੂੰ ਸੰਵਿਧਾਨਕ ਮਰਿਯਾਦਾਵਾਂ ਦੀ ਰਾਖੀ ਲਈ ਇਕ ਵੱਡੀ ਲੜਾਈ ਲੜਨੀ ਪਵੇਗੀ ।

-ਗੁਰਚਰਨ ਸਿੰਘ ਨੂਰਪੁਰ,
ਨੇੜੇ ਮੌਜਦੀਨ ਜ਼ੀਰਾ, ਫ਼ਿਰੋਜ਼ਪੁਰ, ਪੰਜਾਬ।
ਮੋ: 98550-51099

## ਪਿੰਗਲਵਾੜਾ ਸੰਸਥਾ ਵੱਲੋਂ ਕੀਤੇ ਜਾ ਰਹੇ ਕਾਰਜ

ਪਿੰਗਲਵਾੜਾ ਸੰਸਥਾ ਸਮਾਜ ਵੱਲੋਂ ਦੁਰਕਾਰੇ/ਤ੍ਰਿਸਕਾਰੇ, ਅਪੰਗ, ਲੂਲ੍ਹੇ-ਲੰਗੜੇ ਅਪਾਹਿਜਾਂ, ਅਨਾਥਾਂ ਅਤੇ ਲਾਵਾਰਸਾਂ ਦਾ ਘਰ ਹੈ । ਇਸ ਸੰਸਥਾ ਦੀ ਨੀਂਹ ਮਹਾਨ ਕਰਮਯੋਗੀ ਭਗਤ ਪੂਰਨ ਸਿੰਘ ਜੀ ਨੇ ਸੰਨ 1947 ਵਿੱਚ ਰੱਖੀ ਸੀ। ਉਸ ਵੇਲੇ ਭਗਤ ਜੀ ਕੋਲ ਮਰੀਜ਼ਾਂ ਦੀ ਸੇਵਾ ਵਾਸਤੇ ਨਾ ਕੋਈ ਸੇਵਾਦਾਰ ਸੀ, ਨਾ ਕੋਈ ਰਹਿਣ ਲਈ ਸਹੀ ਇਮਾਰਤ ਸੀ ਅਤੇ ਨਾ ਹੀ ਮਰੀਜ਼ਾਂ ਦੇ ਖਾਣ-ਪੀਣ ਤੇ ਦਵਾਈ ਬੂਟੀ ਕਰਨ ਲਈ ਕਿਸੇ ਤਰ੍ਹਾਂ ਦੀ ਆਰਥਿਕ ਵਿਵਸਥਾ ਹੀ ਸੀ। ਭਗਤ ਪੂਰਨ ਸਿੰਘ ਜੀ ਇਕੱਲੇ ਹੀ ਇਸ ਸੇਵਾ ਦੇ ਕਠਨ ਰਾਹ 'ਤੇ ਚੱਲ ਪਏ, ਲੋਕ ਨਾਲ ਜੁੜਦੇ ਗਏ ਅਤੇ ਕਾਰਵਾਂ ਬਣਦਾ ਗਿਆ । ਉਨ੍ਹਾਂ ਦੇ ਕਦਮ ਚਿੰਨ੍ਹਾਂ 'ਤੇ ਚੱਲਦੇ ਹੋਏ ਅੱਜ ਉਨ੍ਹਾਂ ਦੀ ਸੁਯੋਗ ਉਤਰਾਧਿਕਾਰੀ ਡਾ: ਇੰਦਰਜੀਤ ਕੌਰ ਅਤੇ ਪਿੰਗਲਵਾੜਾ ਟਰਸਟ ਦੇ ਮੈਂਬਰਾਂ ਦੀ ਮਿਹਨਤ, ਲਗਨ ਅਤੇ ਦਿਸ਼ਾ ਨਿਰਦੇਸ਼ ਅਧੀਨ ਪਿੰਗਲਵਾੜਾ ਸੰਸਥਾ ਭਾਰਤ ਵਿੱਚ ਹੀ ਨਹੀਂ ਸਗੋਂ ਦੇਸਾਂ-ਵਿਦੇਸ਼ਾਂ ਵਿੱਚ ਵੀ ਇਕ ਗੌਰਵਪੂਰਣ ਸੰਸਥਾ ਦੇ ਰੂਪ ਵਿੱਚ ਉੱਭਰ ਕੇ ਸਾਹਮਣੇ ਆਈ ਹੈ ।

### ਪਿੰਗਲਵਾੜਾ ਇਕ ਨਜ਼ਰ ...

**ਨਿਵਾਸ ਅਤੇ ਸੰਭਾਲ** :-1807 ਤੋਂ ਵੱਧ ਨਿਵਾਸੀਆਂ ਲਈ ਰਹਿਣ ਦਾ ਪ੍ਰਬੰਧ ਅਤੇ ਬਜ਼ੁਰਗਾਂ ਵਾਸਤੇ ਆਪਣਾ ਘਰ ।

**ਇਲਾਜ ਅਤੇ ਸਹੂਲਤਾਂ** :- *ਦਵਾਈਆਂ, *ਮੈਡੀਕਲ ਲੈਬਾਰਟਰੀ, *ਓਪਰੇਸ਼ਨ ਥਿਏਟਰ, *ਮੁੜ ਵਸੇਬਾ ਕੇਂਦਰ, *ਐਂਬੂਲੈਂਸ, *ਮਸਨੂਈ ਅੰਗ ਕੇਂਦਰ, *ਫਿਜ਼ਿਓਥਰੈਪੀ ਸੈਂਟਰ, *ਡੈਂਟਲ ਕਲੀਨਿਕ, *ਅਲਟਰਾ-ਸਾਊਂਡ ਸੈਂਟਰ, *ਅੱਖਾਂ ਦਾ ਕਲੀਨਿਕ, *ਮੰਦ-ਬੁੱਧੀ ਬੱਚਿਆਂ ਲਈ ਸੰਵੇਦੀ-ਕੇਂਦਰ, *ਭਗਤ ਪੂਰਨ ਸਿੰਘ ਮੁੱਢਲਾ ਕੰਨ ਸੁਣਵਾਈ ਜਾਂਚ ਅਤੇ ਪੁਰਨਵਾਸ ਕੇਂਦਰ, *ਕੰਨਾਂ ਦੇ Cochlear Implant ਵਾਸਤੇ ਸਪੈਸ਼ਲ ਓਪਰੇਸ਼ਨ ਥਿਏਟਰ *ਆਪਣਾ ਘਰ, * ਖੇਡਾਂ ਦੇ ਕਮਰੇ ।

**ਜਾਗਰੂਕਤਾ** :-* ਪ੍ਰਿੰਟਿੰਗ ਪ੍ਰੈਸ, * ਲਾਇਬ੍ਰੇਰੀ, * ਕਿਤਾਬਚੇ ਅਤੇ ਇਸ਼ਤਿਹਾਰ, * ਸੈਮੀਨਾਰ ਅਤੇ ਵਰਕਸ਼ਾਪ ।

**ਵਾਤਾਵਰਨ** : -*ਨਰਸਰੀ, *ਪਾਣੀ ਸਾਫ਼ ਕਰਨ ਵਾਲਾ ਪਲਾਂਟ, *ਦਰੱਖਤ ਲਗਾਉਣਾ, *ਕੁਦਰਤੀ ਖੇਤੀ, *ਜਾਗਰੂਕਤਾ ਮੁਹਿੰਮਾਂ ।



### ਮੁਫ਼ਤ ਵਿਦਿਅਕ ਸਹੂਲਤਾਂ:

* ਭਗਤ ਪੂਰਨ ਸਿੰਘ ਆਦਰਸ਼ ਸੀਨੀ. ਸੈਕੰ: ਸਕੂਲ, ਮਾਨਾਂਵਾਲਾ, ਅੰਮ੍ਰਿਤਸਰ।
* ਭਗਤ ਪੂਰਨ ਸਿੰਘ ਕਿੱਤਾ ਸਿਖਲਾਈ ਕੇਂਦਰ, ਮਾਨਾਂਵਾਲਾ, ਅੰਮ੍ਰਿਤਸਰ ।
* ਭਗਤ ਪੂਰਨ ਸਿੰਘ ਗੂੰਗੇ ਤੇ ਬੋਲਿਆਂ ਲਈ ਸਕੂਲ, ਮਾਨਾਂਵਾਲਾ, ਅੰਮ੍ਰਿਤਸਰ ।
* ਭਗਤ ਪੂਰਨ ਸਿੰਘ ਸਕੂਲ ਆਫ਼ ਸਪੈਸ਼ਲ ਐਜੂਕੇਸ਼ਨ, ਮਾਨਾਂਵਾਲਾ, ਅੰਮ੍ਰਿਤਸਰ।
* ਭਗਤ ਪੂਰਨ ਸਿੰਘ ਇੰਸਟੀਚਿਊਟ ਫਾਰ ਸਪੈਸ਼ਲ ਨੀਡਜ਼, ਮਾਨਾਂਵਾਲਾ, ਅੰਮ੍ਰਿਤਸਰ।
* ਭਗਤ ਪੂਰਨ ਸਿੰਘ ਗੂੰਗੇ ਤੇ ਬੋਲਿਆਂ ਲਈ ਸਕੂਲ, ਅਟਾਰੀ, ਅੰਮ੍ਰਿਤਸਰ।
* ਭਗਤ ਪੂਰਨ ਸਿੰਘ ਆਦਰਸ਼ ਸਕੂਲ, ਬੁੱਟਰ ਕਲਾਂ ਕਾਦੀਆਂ, ਗੁਰਦਾਸਪੁਰ।
* ਭਗਤ ਪੂਰਨ ਸਿੰਘ ਗੂੰਗੇ ਤੇ ਬੋਲਿਆਂ ਲਈ ਸਕੂਲ,ਬੁੱਟਰ ਕਲਾਂ ਕਾਦੀਆਂ, ਗੁਰਦਾਸਪੁਰ।
* ਭਗਤ ਪੂਰਨ ਸਿੰਘ ਗੂੰਗੇ ਤੇ ਬੋਲਿਆਂ ਲਈ ਸਕੂਲ, ਕਟੌਰਾ, ਫਿਰੋਜ਼ਪੁਰ ।
* ਭਗਤ ਪੂਰਨ ਸਿੰਘ ਗੂੰਗੇ ਤੇ ਬੋਲਿਆਂ ਲਈ ਸਕੂਲ, ਸਰਹਾਲੀ, ਤਰਨ ਤਾਰਨ ।
* ਭਗਤ ਪੂਰਨ ਸਿੰਘ ਸਕੂਲ ਆਫ਼ ਸਪੈਸ਼ਲ ਐਜੂਕੇਸ਼ਨ, (ਪਲਸੋਰਾ) ਚੰਡੀਗੜ੍ਹ।
* ਭਗਤ ਪੂਰਨ ਸਿੰਘ ਗੂੰਗੇ ਤੇ ਬੋਲਿਆਂ ਲਈ ਸਕੂਲ, ਪਿੰਡ ਕੱਕੋਂ, ਹੁਸ਼ਿਆਰਪੁਰ।

### ਨਿਵਾਸ ਅਤੇ ਸੰਭਾਲ :

ਪਿੰਗਲਵਾੜਾ ਸੰਸਥਾ ਦੀਆਂ 7 ਅਲੱਗ ਅਲੱਗ ਬ੍ਰਾਂਚਾਂ ਵਿਖੇ *1807 ਤੋਂ ਵੱਧ ਵੱਖ-ਵੱਖ ਬਿਮਾਰੀਆਂ ਨਾਲ ਗ੍ਰਸਤ ਮਰੀਜ਼ਾਂ ਦੇ ਰਹਿਣ ਲਈ ਸੁਚੱਜਾ ਪ੍ਰਬੰਧ ਹੈ। ਸਮੂਹ ਬ੍ਰਾਂਚਾਂ ਵਿੱਚ ਮੌਜੂਦਾ ਰੋਗੀਆਂ ਦੀ ਗਿਣਤੀ :

| ਬਿਮਾਰੀ ਨਾਲ ਗ੍ਰਸਤ | ਗਿਣਤੀ | ਬਿਮਾਰੀ ਨਾਲ ਗ੍ਰਸਤ | ਗਿਣਤੀ |
|---|---|---|---|
| ਮਾਨਸਿਕ ਰੋਗੀ | -365 | ਏਡਜ਼ ਵਾਲੇ | -19 |
| ਅਧਰੰਗ/ ਪੋਲੀਏ ਵਾਲੇ | -159 | ਮਿਰਗੀ ਵਾਲੇ | -198 |
| ਮੰਦ-ਬੁੱਧੀ ਵਾਲੇ | -454 | ਸ਼ੂਗਰ ਵਾਲੇ | -85 |
| ਗੂੰਗੇ ਬੋਲੇ | -168 | ਕੈਂਸਰ ਵਾਲੇ | -01 |
| ਬਜ਼ੁਰਗ | -143 | ਸਕੂਲ ਜਾਣ ਵਾਲੇ ਬੱਚੇ | -88 |
| ਜ਼ਖ਼ਮਾਂ ਵਾਲੇ | -30 | ਲਾਵਾਰਸ ਬੱਚੇ | -03 |
| ਟੀ.ਬੀ. ਵਾਲੇ | -20 | ਠੀਕ ਹੋ ਚੁੱਕੇ ਰੋਗੀ | -31 |
| ਨੇਤਰਹੀਣ | -43 | | |
| **31 ਅਕਤੂਬਰ 2018 ਤਕ ਕੁੱਲ ਗਿਣਤੀ** | | | **1807** |

***ਮਰੀਜ਼ਾਂ ਦੀ ਗਿਣਤੀ ਵਿੱਚ ਹਰ ਸਾਲ ਨਿਰੰਤਰ ਵਾਧਾ ਹੁੰਦਾ ਰਹਿੰਦਾ ਹੈ ਅਤੇ ਇਲਾਜ ਉਪਰੰਤ ਠੀਕ ਹੋਏ ਮਰੀਜ਼ ਕਾਫ਼ੀ ਗਿਣਤੀ ਵਿੱਚ ਘਰਾਂ ਨੂੰ ਭੇਜ ਦਿੱਤੇ ਗਏ/ਜਾਂਦੇ ਹਨ ।**

**ਬ੍ਰਾਂਚਾਂ ਦਾ ਵੇਰਵਾ :**

| **ਬ੍ਰਾਂਚ** | **ਮਰੀਜ਼** |
|---|---|
| 1. ਮੁੱਖ ਬ੍ਰਾਂਚ ਅੰਮ੍ਰਿਤਸਰ (ਬੱਚਾ ਵਾਰਡ, ਮਾਤਾ ਮਹਿਤਾਬ ਕੌਰ ਵਾਰਡ, ਭਾਈ ਪਿਆਰਾ ਸਿੰਘ ਵਾਰਡ ) | 343 |
| 2. ਮਾਨਾਂਵਾਲਾ ਕੰਪਲੈਕਸ | 881 |
| 3. ਪੰਡੋਰੀ ਵੜੈਚ ਸ਼ਾਖਾ | 109 |
| 4. ਗੋਇੰਦਵਾਲ ਸ਼ਾਖਾ | 97 |
| 5. ਜਲੰਧਰ ਸ਼ਾਖਾ | 41 |
| 6. ਸੰਗਰੂਰ ਸ਼ਾਖਾ | 217 |
| 7. ਪਲਸੌਰਾ ਸ਼ਾਖਾ ਚੰਡੀਗੜ੍ਹ | 119 |
| **ਕੁੱਲ ਮਰੀਜ਼** | **1807** |

**ਇਲਾਜ ਅਤੇ ਸਹੂਲਤਾਂ :**

**(ੳ) ਡਿਸਪੈਂਸਰੀ ਅਤੇ ਲੈਬਾਰਟਰੀ ਦੀਆਂ ਸੁਵਿਧਾਵਾਂ**:- ਰੋਗੀਆਂ ਦੇ ਇਲਾਜ ਲਈ ਪਿੰਗਲਵਾੜਾ ਵਿਖੇ ਇਕ ਮੈਡੀਕਲ ਲੈਬਾਰਟਰੀ ਅਤੇ ਡਿਸਪੈਂਸਰੀ ਦੀ ਸੁਵਿਧਾ ਹੈ ਜਿਸ ਦਾ ਖ਼ਰਚ 90 ਲੱਖ ਰੁਪਏ ਸਾਲਾਨਾ ਹੈ।

**(ਅ) ਸਹਾਇਕ ਸਟਾਫ਼** :- ਮਾਨਸਿਕ ਰੋਗੀਆਂ ਦੀ ਸੇਵਾ-ਸੰਭਾਲ ਲਈ ਨਰਸਾਂ, ਲੈਬਾਰਟਰੀ ਟੈਕਨੀਸ਼ਨ, ਅਤੇ ਫਾਰਮਾਸਿਸਟ ਦੀਆਂ ਸੇਵਾਵਾਂ ਦਾ ਪ੍ਰਬੰਧ ਹੈ।

**(ੲ) ਅਲਟਰਾ ਸਾਊਂਡ ਕੇਂਦਰ**:- ਪਿੰਗਲਵਾੜਾ ਦੇ ਮਰੀਜ਼ਾਂ ਅਤੇ ਸੇਵਾਦਾਰਾਂ ਦੇ ਰੋਗਾਂ ਦੀ ਜਾਂਚ ਲਈ ਸੰਨ 2009 ਵਿੱਚ ਅਲਟਰਾ ਸਾਊਂਡ ਕੇਂਦਰ ਦੀ ਸਥਾਪਨਾ ਕੀਤੀ ਗਈ ।

**(ਸ) ਖ਼ੂਨਦਾਨ ਕੈਂਪ** :- ਦੁਰਘਟਨਾ ਗ੍ਰਸਤ ਜ਼ਖ਼ਮੀਆਂ ਦੀ ਸਹਾਇਤਾ ਲਈ ਅਤੇ ਸੰਸਥਾ ਦੇ ਮਰੀਜ਼ਾਂ ਲਈ ਖ਼ੂਨ ਦੀ ਕਮੀ ਨੂੰ ਪੂਰਾ ਕਰਨ ਲਈ ਹਰ ਵਰ੍ਹੇ ਭਗਤ ਜੀ ਦੀ ਬਰਸੀ 'ਤੇ ਖ਼ੂਨਦਾਨ ਕੈਂਪ ਲਗਾਇਆ ਜਾਂਦਾ ਹੈ। ਇਹ ਖ਼ੂਨ ਸੰਸਥਾ ਦੇ ਰੋਗੀਆਂ ਲਈ ਵਰਤਿਆ ਜਾਂਦਾ ਹੈ।

**(ਹ) ਬਣਾਵਟੀ ਅੰਗ ਕੇਂਦਰ** :- ਜ਼ਰੂਰਤਮੰਦ ਅੰਗਹੀਣਾਂ ਲਈ ਭਗਤ ਪੂਰਨ ਸਿੰਘ ਜੀ ਦੀ ਯਾਦ ਨੂੰ ਸਮਰਪਿਤ ਇਕ ਬਣਾਵਟੀ ਅੰਗ ਕੇਂਦਰ ਸਥਾਪਿਤ



ਕੀਤਾ ਗਿਆ ਹੈ, ਜਿੱਥੇ ਬਣਾਵਟੀ ਅੰਗ (ਜਿਵੇਂ ਲੱਤਾਂ ਤੇ ਬਾਹਵਾਂ) ਮੁਫ਼ਤ ਲਗਾਏ ਜਾਂਦੇ ਹਨ। ਨਵੰਬਰ 2003 ਤੋਂ ਹੁਣ ਤਕ 12411 ਲੋੜਵੰਦ ਲਾਭ ਉੱਠਾ ਚੁੱਕੇ ਹਨ ।

**(ਕ) ਐਂਬੂਲੈਂਸਾਂ** :- ਮੁੱਢਲੀਆਂ ਡਾਕਟਰੀ ਸਹੂਲਤਾਂ ਨਾਲ ਲੈਸ ਐਂਬੂਲੈਂਸਾਂ ਸੜਕ ਦੁਰਘਟਨਾਵਾਂ ਦੇ ਪੀੜਿਤਾਂ ਦੀ ਸਹਾਇਤਾ ਲਈ ਹਮੇਸ਼ਾਂ ਉਪਲਭਦ ਰਹਿੰਦੀਆਂ ਹਨ। ਇਹ ਐਂਬੂਲੈਂਸਾਂ ਪਿੰਗਲਵਾੜੇ ਦੇ ਰੋਗੀਆਂ ਨੂੰ ਹਸਪਤਾਲ ਲਿਜਾਣ ਲਈ ਵੀ ਤਿਆਰ ਰਹਿੰਦੀਆਂ ਹਨ ।

**(ਖ) ਭਗਤ ਪੂਰਨ ਸਿੰਘ ਮੁੱਢਲਾ ਬਹਿਰਾਪਣ ਜਾਂਚ ਕੇਂਦਰ** :- ਨਵ-ਜਨਮੇ ਅਤੇ ਵੱਡੇ ਬੱਚਿਆਂ ਦੇ ਕੰਨਾਂ ਦਾ ਮੁੱਢਲਾ ਬਹਿਰਾਪਣ ਜਾਂਚ ਕਲੀਨਿਕ ਕੇਂਦਰ ਮਾਨਾਂਵਾਲਾ ਕੰਪਲੈਕਸ ਵਿੱਚ ਸਥਾਪਿਤ ਕੀਤਾ ਗਿਆ ਹੈ। ਇਸ ਵਿੱਚ ਬੱਚਿਆਂ ਦਾ ਸੁਣਨ ਦਾ ਟੈਸਟ (Bera Test) ਵੀ ਬਿਨਾਂ ਕਿਸੇ ਫ਼ੀਸ ਦੇ ਕੀਤਾ ਜਾਂਦਾ ਹੈ।

**(ਗ) ਸਪੈਸ਼ਲ ਓਪਰੇਸ਼ਨ ਥਿਏਟਰ** :- ਮਾਨਾਂਵਾਲਾ ਕੰਪਲੈਕਸ ਵਿੱਚ ਇਕ ਆਧੁਨਿਕ ਓਪਰੇਸ਼ਨ ਥਿਏਟਰ ਸਥਾਪਿਤ ਕੀਤਾ ਗਿਆ ਹੈ, ਜਿਸ ਵਿੱਚ ਹੱਡੀਆਂ ਦੀ ਜਨਰਲ ਸਰਜਰੀ, ਕੰਨਾਂ ਦੀ ਸਰਜਰੀ ਅਤੇ Cochlear Implant ਕੀਤੇ ਜਾਂਦੇ ਹਨ, ਤਾਂ ਕਿ ਜਨਮ ਤੋਂ ਬਹਿਰੇ ਬੱਚਿਆਂ ਨੂੰ ਸੁਣਨ ਲੱਗ ਪਏ ਤੇ ਇਸ ਉਪਰੰਤ ਉਨ੍ਹਾਂ ਦਾ ਗੂੰਗਾਪਣ ਦੂਰ ਹੋ ਸਕੇ।

**(ਘ) ਦੰਦਾਂ ਦਾ ਕਲੀਨਿਕ** :- ਮਰੀਜ਼ਾਂ ਦੇ ਦੰਦਾਂ ਦੀ ਸੰਭਾਲ ਅਤੇ ਇਲਾਜ ਲਈ ਦੰਦਾਂ ਦਾ ਕਲੀਨਿਕ ਵੀ ਸਥਾਪਿਤ ਕੀਤਾ ਗਿਆ ਹੈ।

**(ਙ) ਫਿਜ਼ਿਓਥਰੈਪੀ ਕੇਂਦਰ** :- ਸੰਨ 2005 ਤੋਂ ਮਾਨਾਂਵਾਲਾ ਕੰਪਲੈਕਸ ਵਿੱਚ ਫਿਜ਼ਿਓਥਰੈਪੀ ਕੇਂਦਰ ਸਥਾਪਿਤ ਕੀਤਾ ਗਿਆ ਹੈ, ਜਿਸ ਵਿੱਚ ਆਧੁਨਿਕ ਮਸ਼ੀਨਾਂ ਤੇ ਸਾਧਨਾਂ ਰਾਹੀਂ ਪਿੰਗਲਵਾੜੇ ਦੇ ਮਰੀਜ਼ ਅਤੇ ਗ਼ਰੀਬ ਜ਼ਰੂਰਤਮੰਦ ਮੁਫ਼ਤ ਲਾਭ ਲੈ ਰਹੇ ਹਨ। ਹਰ ਰੋਜ਼ ਤਕਰੀਬਨ 80 ਮਰੀਜ਼ਾਂ ਦੀ ਫਿਜ਼ਿਓਥਰੈਪੀ ਕੀਤੀ ਜਾਂਦੀ ਹੈ।

**(ਚ) ਮੰਦਬੁੱਧੀ ਬੱਚਿਆਂ ਲਈ ਸੰਵੇਦੀ-ਕੇਂਦਰ (Sensory Room)** :- ਮਾਨਾਂਵਾਲਾ ਕੰਪਲੈਕਸ ਵਿਖੇ ਮੰਦਬੁੱਧੀ ਬੱਚਿਆਂ ਦੇ ਸਹੀ ਵਿਕਾਸ ਲਈ ਇਕ ਆਧੁਨਿਕ Sensory Room ਸਥਾਪਿਤ ਕੀਤਾ ਗਿਆ ਹੈ।

**(ਛ) ਅੱਖਾਂ ਦਾ ਜਾਂਚ ਕੇਂਦਰ** :- ਪਿੰਗਲਵਾੜਾ ਦੇ ਨੇਤਰਹੀਣ ਜਾਂ ਲੋੜਵੰਦ

ਗ਼ਰੀਬ ਵਿਅਕਤੀਆਂ ਲਈ ਅੱਖਾਂ ਦਾ ਜਾਂਚ ਕੇਂਦਰ ਸਥਾਪਿਤ ਕੀਤਾ ਗਿਆ ਹੈ।

**(ਜ) ਪੁਨਰਵਾਸ ਕੇਂਦਰ** :- ਮਰੀਜ਼ਾਂ ਦੇ ਠੀਕ ਹੋਣ ਉਪਰੰਤ ਉਨ੍ਹਾਂ ਦੇ ਮੁੜ ਵਸੇਬੇ (Rehabilitation) ਲਈ ਕੇਂਦਰ ਹੈ।

**(ਝ) ਯੋਗ ਲੜਕੇ ਲੜਕੀਆਂ ਦੀਆਂ ਸ਼ਾਦੀਆਂ ਤੇ ਮੁੜ ਵਸੇਬਾ** :- ਪਿੰਗਲਵਾੜੇ ਵਿਖੇ ਪਲ ਕੇ ਜੁਆਨ ਹੋਏ ਲਾਵਾਰਸ ਲੜਕੇ ਲੜਕੀਆਂ ਦੀਆਂ ਸ਼ਾਦੀਆਂ ਅਤੇ ਉਨ੍ਹਾਂ ਨੂੰ ਕਮਾਉਣ ਜੋਗੇ ਬਣਾ ਕੇ ਆਪਣੇ ਪੈਰਾਂ 'ਤੇ ਖੜ੍ਹਾ ਕੀਤਾ ਜਾਂਦਾ ਹੈ ਤਾਂ ਕਿ ਪਿੰਗਲਵਾੜੇ ਤੋਂ ਬਾਹਰ ਜਾ ਕੇ ਜੇ ਉਹ ਆਮ ਸਮਾਜ ਵਿੱਚ ਵਿਚਰਨ ਤਾਂ ਆਮ ਨਾਗਰਿਕਾਂ ਵਾਲਾ ਜੀਵਨ ਜਿਊਣ ਦੇ ਕਾਬਲ ਹੋਣ।

**ਮੁਫ਼ਤ ਵਿਦਿਅਕ ਅਤੇ ਕਿੱਤਾ ਸਿਖਲਾਈ ਸੁਵਿਧਾਵਾਂ** :-

**(ੳ) ਭਗਤ ਪੂਰਨ ਸਿੰਘ ਆਦਰਸ਼ ਸੀਨੀਅਰ ਸੈਕੰਡਰੀ ਸਕੂਲ ਮਾਨਾਂਵਾਲਾ ਕੰਪਲੈਕਸ, ਅੰਮ੍ਰਿਤਸਰ** :- ਇੱਥੇ ਗ਼ਰੀਬ ਅਤੇ ਆਸ-ਪਾਸ ਦੇ ਪਿੰਡਾਂ ਦੇ ਲੋੜਵੰਦ ਅਤੇ ਝੁੱਗੀ-ਝੌਂਪੜੀ ਵਾਲੇ 768 ਬੱਚਿਆਂ ਨੂੰ ਸਿੱਖਿਆ, ਸਟੇਸ਼ਨਰੀ, ਸਕੂਲ ਦੀ ਵਰਦੀ ਆਦਿ ਮੁਫ਼ਤ ਦਿੱਤੀ ਜਾਂਦੀ ਹੈ। ਸੰਸਥਾ ਦੀ ਇਹ ਸੁਹਿਰਦ ਸੋਚ ਹੈ ਕਿ ਇਹ ਬੱਚੇ ਆਪਣੇ ਆਪ ਨੂੰ ਹੀਣੇ ਨਾ ਸਮਝਣ ਅਤੇ ਇਕ ਅੱਛਾ ਨਾਗਰਿਕ ਬਣਕੇ ਸਮਾਜ ਵਿੱਚ ਵਿਚਰਣ । ਇਨ੍ਹਾਂ ਬੱਚਿਆਂ ਵਿੱਚੋਂ 92 ਬੱਚੇ ਪਿੰਗਲਵਾੜਾ ਸੰਸਥਾ ਵਿੱਚ ਪਲੇ ਹਨ ।

**(ਅ) ਕਿੱਤਾ ਸਿਖਲਾਈ ਕੇਂਦਰ** :- ਬੱਚਿਆਂ ਦੇ ਸੁਨਹਿਰੇ ਭਵਿੱਖ ਲਈ ਸਿਲਾਈ ਕੇਂਦਰ, ਕਢਾਈ ਕੇਂਦਰ, ਮੋਮਬੱਤੀਆਂ ਬਣਾਉਣਾ, ਕੁਰਸੀਆਂ ਬੁਣਨਾ ਸਿਖਾਉਣਾ, ਯੋਗ ਅਧਿਆਪਕਾਂ ਦੁਆਰਾ ਚੱਲ ਰਹੇ ਹਨ। ਇਹ ਸਿਖਲਾਈ ਕੋਰਸ 6 ਮਹੀਨੇ ਦਾ ਹੁੰਦਾ ਹੈ। ਇਹ ਕੇਂਦਰ ਮਾਨਾਂਵਾਲਾ ਕੰਪਲੈਕਸ, ਅੰਮ੍ਰਿਤਸਰ ਵਿਖੇ ਸਥਿਤ ਹੈ। ਮਾਨਾਂਵਾਲਾ ਦੇ ਆਸ-ਪਾਸ ਦੀਆਂ ਗ਼ਰੀਬ ਬੱਚੀਆਂ ਲਈ ਇਹ ਪ੍ਰਬੰਧ ਹੈ।

**(ੲ) ਭਗਤ ਪੂਰਨ ਸਿੰਘ ਗੂੰਗੇ ਬਹਿਰੇ ਬੱਚਿਆਂ ਦਾ ਸਕੂਲ, ਮਾਨਾਂਵਾਲਾ ਕੰਪਲੈਕਸ, ਅੰਮ੍ਰਿਤਸਰ** :- ਇਹ ਸਕੂਲ 2005 ਤੋਂ ਚੱਲ ਰਿਹਾ ਹੈ, ਜਿਸ ਵਿੱਚ 185 ਬੱਚੇ ਆਧੁਨਿਕ ਉਪਕਰਣਾਂ ਰਾਹੀਂ ਸਿੱਖਿਆ ਪ੍ਰਾਪਤ ਕਰ ਰਹੇ ਹਨ।

**(ਸ) ਭਗਤ ਪੂਰਨ ਸਿੰਘ ਸਪੈਸ਼ਲ ਐਜੂਕੇਸ਼ਨ ਸਕੂਲ, ਮਾਨਾਂਵਾਲਾ ਕੰਪਲੈਕਸ, ਅੰਮ੍ਰਿਤਸਰ** :-ਪਿੰਗਲਵਾੜਾ ਦੇ 225 ਮੰਦਬੁੱਧੀ ਬੱਚਿਆਂ ਨੂੰ ਆਪਣੇ



ਪੈਰਾਂ 'ਤੇ ਖੜ੍ਹਾ ਕਰਨ ਹਿੱਤ ਇਸ ਸਕੂਲ ਦੀ ਸਥਾਪਨਾ ਕੀਤੀ ਗਈ ਹੈ। ਸਪੈਸ਼ਲ ਵਿਧੀਆਂ ਤੇ ਉਪਕਰਣਾਂ ਰਾਹੀਂ ਇਨ੍ਹਾਂ ਬੱਚਿਆਂ ਨੂੰ ਟ੍ਰੇਨਿੰਗ ਦਿੱਤੀ ਜਾਂਦੀ ਹੈ।

(ਹ) RCI ਦੇ ਅਧੀਨ

**ਭਗਤ ਪੂਰਨ ਸਿੰਘ ਇੰਸਟੀਚਿਊਟ ਫਾਰ ਸਪੈਸ਼ਲ ਨੀਡਜ਼:**

(i) Diploma Special Education (Hearing Impairment) 25 ਸੀਟਾਂ।

(ii) Diploma Special Education (Mental Retardation) 25 ਸੀਟਾਂ।

**(ਕ) ਭਗਤ ਪੂਰਨ ਸਿੰਘ ਗੂੰਗੇ ਬਹਿਰੇ ਬੱਚਿਆਂ ਦਾ ਸਕੂਲ ਅਟਾਰੀ, ਅੰਮ੍ਰਿਤਸਰ**:- ਇਸ ਵਿੱਚ 13 ਬੱਚੇ ਸਿੱਖਿਆ ਲੈ ਰਹੇ ਹਨ ।

**(ਖ) ਭਗਤ ਪੂਰਨ ਸਿੰਘ ਆਦਰਸ਼ ਸਕੂਲ, ਬੁੱਟਰਕਲਾਂ, (ਕਾਦੀਆਂ) ਜ਼ਿਲ੍ਹਾ ਗੁਰਦਾਸਪੁਰ** :- ਇਹ ਸਕੂਲ ਵੀ ਭਗਤ ਪੂਰਨ ਸਿੰਘ ਜੀ ਦੀ ਯਾਦ ਨੂੰ ਸਮਰਪਿਤ ਹੈ। ਇੱਥੇ ਵੀ ਸੁਯੋਗ, ਸਮਰਪਿਤ ਅਤੇ ਅਨੁਭਵੀ ਅਧਿਆਪਕਾਂ ਦੀ ਛਤਰ-ਛਾਇਆ ਹੇਠ 437 ਬੱਚੇ ਮੁਫ਼ਤ ਵਿਦਿਆ ਪ੍ਰਾਪਤ ਕਰ ਰਹੇ ਹਨ।

**(ਗ) ਭਗਤ ਪੂਰਨ ਸਿੰਘ ਗੂੰਗੇ ਬਹਿਰੇ ਬੱਚਿਆਂ ਦਾ ਸਕੂਲ ਬੁੱਟਰ ਕਲਾਂ ਕਾਦੀਆਂ ਗੁਰਦਾਸਪੁਰ**:- ਇਸ ਵਿੱਚ 11 ਬੱਚੇ ਸਿੱਖਿਆ ਲੈ ਰਹੇ ਹਨ ।

**(ਘ) ਭਗਤ ਪੂਰਨ ਸਿੰਘ ਗੂੰਗੇ ਬਹਿਰੇ ਬੱਚਿਆਂ ਦਾ ਸਕੂਲ, ਕਟੌਰਾ, ਫਿਰੋਜ਼ਪੁਰ** :- ਇਹ ਸਕੂਲ ਸਾਲ 2016 ਤੋਂ ਚਲ ਰਿਹਾ ਹੈ ਜਿਸ ਵਿੱਚ 17 ਬੱਚੇ ਸਿੱਖਿਆ ਲੈ ਰਹੇ ਹਨ ।

**(ਙ) ਭਗਤ ਪੂਰਨ ਸਿੰਘ ਗੂੰਗੇ ਬਹਿਰੇ ਬੱਚਿਆਂ ਦਾ ਸਕੂਲ ਸਰਹਾਲੀ, ਤਰਨ ਤਾਰਨ**:- ਇਸ ਵਿੱਚ 11 ਬੱਚੇ ਸਿੱਖਿਆ ਲੈ ਰਹੇ ਹਨ ।

**(ਚ) ਭਗਤ ਪੂਰਨ ਸਿੰਘ ਸਕੂਲ ਆਫ਼ ਸਪੈਸ਼ਲ ਐਜੂਕੇਸ਼ਨ, ਪਲਸੋਰਾ, (ਚੰਡੀਗੜ੍ਹ)** :- ਇੱਥੇ 35 ਮੰਦਬੁੱਧੀ ਬੱਚਿਆਂ ਨੂੰ ਵਿਸ਼ੇਸ਼ ਵਿਧੀਆਂ ਤੇ ਉਪਕਰਣਾਂ ਰਾਹੀਂ ਸਿੱਖਿਅਤ ਕਰਕੇ ਆਪਣੇ ਪੈਰਾਂ 'ਤੇ ਖੜ੍ਹੇ ਹੋਣ ਯੋਗ ਬਣਾਉਣ ਦਾ ਉਪਰਾਲਾ ਕੀਤਾ ਜਾਂਦਾ ਹੈ।

**(ਛ) ਭਗਤ ਪੂਰਨ ਸਿੰਘ ਗੂੰਗੇ ਬਹਿਰੇ ਬੱਚਿਆਂ ਦਾ ਸਕੂਲ ਪਿੰਡ ਕੱਕੋਂ ਹੁਸ਼ਿਆਰਪੁਰ**:- ਇਸ ਵਿੱਚ 9 ਬੱਚੇ ਸਿੱਖਿਆ ਲੈ ਰਹੇ ਹਨ ।

**(ਜ) ਕੰਪਿਊਟਰ ਸਿੱਖਿਆ** :- ਸੂਚਨਾ ਅਤੇ ਟੈਕਨਾਲੋਜੀ ਦੇ ਵਿਸਥਾਰ ਨੂੰ ਦੇਖਦੇ ਹੋਏ ਅਤੇ ਆਧੁਨਿਕ ਭਾਰਤ ਦੀ ਲੋੜ ਅਨੁਸਾਰ ਸਕੂਲ ਦੇ ਬੱਚਿਆਂ ਲਈ ਪਿੰਗਲਵਾੜਾ ਮਾਨਾਂਵਾਲਾ ਕੰਪਲੈਕਸ ਵਿਖੇ ਕੰਪਿਊਟਰ ਸਿੱਖਿਆ ਦਾ ਵਿਸ਼ੇਸ਼ ਪ੍ਰਬੰਧ ਕੀਤਾ ਗਿਆ ਹੈ।

**(ਝ) ਹੋਸਟਲ ਦਾ ਪ੍ਰਬੰਧ** :- ਪਿੰਗਲਵਾੜਾ ਮਾਨਾਂਵਾਲਾ ਕੰਪਲੈਕਸ, ਅੰਮ੍ਰਿਤਸਰ ਵਿਖੇ ਪੜ੍ਹਨ ਵਾਲੇ ਲਗਭਗ 176 ਲੜਕੇ ਲੜਕੀਆਂ ਲਈ ਵੱਖਰੇ-ਵੱਖਰੇ ਹੋਸਟਲਾਂ ਦਾ ਪ੍ਰਬੰਧ ਕੀਤਾ ਗਿਆ ਹੈ।

**ਵਾਤਾਵਰਣ ਜਾਗਰੂਕਤਾ** :-

ਭਗਤ ਪੂਰਨ ਸਿੰਘ ਜੀ ਵਾਤਾਵਰਣ ਦੀ ਸੰਭਾਲ ਲਈ ਬਹੁਤ ਚਿੰਤਤ ਰਹਿੰਦੇ ਸਨ। ਇਸ ਲਈ, ਧਰਤੀ ਨੂੰ ਮਾਰੂਥਲ ਬਣਨ ਤੋਂ ਰੋਕਣ ਲਈ ਅਤੇ ਮਿੱਟੀ ਖੁਰਨ (Soil Erosion) ਤੋਂ ਬਚਾਉਣ ਲਈ ਪਿੰਗਲਵਾੜਾ ਵੱਲੋਂ ਵਿਸ਼ੇਸ਼ ਉਪਰਾਲੇ ਕੀਤੇ ਜਾ ਰਹੇ ਹਨ। ਹਰ ਸਾਲ ਭਗਤ ਜੀ ਦੀ ਬਰਸੀ (5 ਅਗਸਤ) ਦੇ ਮੌਕੇ 'ਤੇ ਸੰਸਥਾ ਦੇ ਸੇਵਾਦਾਰਾਂ ਵੱਲੋਂ ਰੁੱਖ ਲਾਉਣ ਦੀ ਮੁਹਿੰਮ ਚਲਾਈ ਜਾਂਦੀ ਹੈ। ਇਹ ਰੁੱਖ ਸਕੂਲਾਂ, ਕਾਲਜਾਂ, ਸ਼ਮਸ਼ਾਨ ਘਾਟਾਂ ਅਤੇ ਜਨਤਕ ਥਾਵਾਂ 'ਤੇ ਲਗਾਏ ਜਾਂਦੇ ਹਨ।

**(ੳ) ਨਰਸਰੀ** :- ਪਿੰਗਲਵਾੜੇ ਵੱਲੋਂ ਇਕ ਨਰਸਰੀ ਤਿਆਰ ਕੀਤੀ ਗਈ ਹੈ ਜਿਸ ਵਿੱਚ ਹਰ ਸਾਲ ਲਗਪਗ 60,000 ਪੌਦੇ ਤਿਆਰ ਕੀਤੇ ਜਾਂਦੇ ਹਨ ਅਤੇ ਵੱਖ-ਵੱਖ ਸੰਸਥਾਵਾਂ ਨੂੰ ਮੁਫ਼ਤ ਵੰਡੇ ਜਾਂਦੇ ਹਨ।

**(ਅ) ਕੁਦਰਤੀ ਖੇਤੀ** :- ਜ਼ਹਿਰ ਮੁਕਤ ਫ਼ਸਲਾਂ ਤੇ ਸਬਜ਼ੀਆਂ ਪੈਦਾ ਕਰਨ ਲਈ ਪਿੰਗਲਵਾੜੇ ਵੱਲੋਂ ਕੁਦਰਤੀ ਖੇਤੀ ਦਾ ਫਾਰਮ ਤਿਆਰ ਕੀਤਾ ਗਿਆ ਹੈ। ਇੱਥੇ ਕਣਕ, ਛੋਲੇ, ਗੰਨੇ ਤੋਂ ਇਲਾਵਾ ਹਰ ਪ੍ਰਕਾਰ ਦੀਆਂ ਮੌਸਮੀ ਸਬਜ਼ੀਆਂ ਬੀਜੀਆਂ ਜਾਂਦੀਆਂ ਹਨ ਜੋ ਕਿ ਪਿੰਗਲਵਾੜੇ ਦੇ ਨਿਵਾਸੀਆਂ ਲਈ ਵਰਤੀਆਂ ਜਾਂਦੀਆਂ ਹਨ।

**(ੲ) ਜਾਗਰੂਕਤਾ ਮੁਹਿੰਮ** :- ਇਸ ਮੁਹਿੰਮ ਅਧੀਨ ਵਾਤਾਵਰਣ ਜਾਗਰੂਕਤਾ ਲਈ ਸੈਮੀਨਾਰਾਂ ਤੇ ਵਰਕਸ਼ਾਪਾਂ ਦਾ ਪ੍ਰਬੰਧ ਕੀਤਾ ਜਾਂਦਾ ਹੈ।

**(ਸ) ਪਾਣੀ ਸ਼ੁੱਧੀਕਰਣ ਪਲਾਂਟ**:- ਇਸ ਉਪਕਰਣ ਰਾਹੀਂ ਪਾਣੀ ਸਾਫ਼ ਕਰਕੇ ਪੀਣ ਵਾਲੇ ਤੇ ਰਸੋਈ ਵਿੱਚ ਵਰਤੇ ਜਾਣ ਵਾਲੇ ਪਾਣੀ ਦੀ ਸੁਵਿਧਾ ਪੈਦਾ ਕੀਤੀ ਗਈ ਹੈ। ਇਹ ਪਲਾਂਟ ਮਾਨਾਂਵਾਲਾ ਕੰਪਲੈਕਸ ਵਿੱਚ ਹੈ।



(ਹ) ਮੀਂਹ ਦੇ ਪਾਣੀ ਨੂੰ ਧਰਤੀ ਵਿੱਚ ਭੇਜਣਾ (Water Harvesting)

(ਕ) ਸੋਲਰ ਪਾਵਰ ਊਰਜਾ

**ਪੂਰਨ ਪ੍ਰਿੰਟਿੰਗ ਪ੍ਰੈਸ** :- ਇਹ ਛਾਪਾਖ਼ਾਨਾ ਜੋ ਕਿ ਮਾਨਾਂਵਾਲਾ ਕੰਪਲੈਕਸ ਵਿਖੇ ਸਥਿਤ ਹੈ, ਦੁਆਰਾ ਸਮਾਜਿਕ ਬੁਰਾਈਆਂ ਦੇ ਬਾਰੇ ਲੋਕਾਂ ਵਿੱਚ ਜਾਗਰੂਕਤਾ ਪੈਦਾ ਕਰਨ ਲਈ ਸਾਹਿਤ ਛਾਪਿਆ ਜਾਂਦਾ ਹੈ। ਇੱਥੋਂ ਹਰ ਪ੍ਰਕਾਰ ਦਾ ਧਾਰਮਿਕ, ਸਮਾਜਿਕ, ਆਰਥਿਕ, ਸੱਭਿਆਚਾਰਕ ਅਤੇ ਸਿਹਤ ਸੰਬੰਧੀ ਸਾਹਿਤ ਛਾਪ ਕੇ ਜਨਸਾਧਾਰਣ ਵਿੱਚ ਭਗਤ ਜੀ ਦੇ ਵੇਲੇ ਤੋਂ ਵੰਡਿਆ ਜਾ ਰਿਹਾ ਹੈ। ਹਰ ਤਰ੍ਹਾਂ ਦੀ ਸਮਾਜਿਕ ਚੇਤਨਾ ਪੈਦਾ ਕਰਨ ਵਾਲੇ ਕਿਤਾਬਚੇ, ਕਿਤਾਬਾਂ, ਜੀਵਨੀਆਂ ਅਤੇ ਇਸ਼ਤਿਹਾਰ ਇਸ ਪ੍ਰੈਸ ਰਾਹੀਂ ਲਗਾਤਾਰ ਛਾਪੇ ਜਾਂਦੇ ਹਨ। ਪਿੰਗਲਵਾੜੇ ਦੀ ਪੂਰਨ ਪ੍ਰਿੰਟਿੰਗ ਪ੍ਰੈਸ ਦਾ ਤੇ ਪਬਲੀਸਿਟੀ ਦਾ ਸਾਲਾਨਾ ਖ਼ਰਚਾ 1 ਕਰੋੜ 50 ਲੱਖ ਰੁਪਏ ਹੈ। ਦਾਨੀਆਂ ਦੇ ਸਹਿਯੋਗ ਨਾਲ ਚੱਲਦੇ ਇਸ ਪ੍ਰੈਸ ਦੀ ਸਮਾਜ ਨੂੰ ਬੜੀ ਵੱਡੀ ਦੇਣ ਹੈ।

**ਹੋਰ ਸਮਾਜ ਕਲਿਆਣ ਸੰਬੰਧੀ ਕਾਰਜ**:-

**(ੳ) ਕੁਦਰਤੀ ਆਫ਼ਤਾਂ ਤੋਂ ਪੀੜਿਤ ਲੋਕਾਂ ਦੀ ਸਹਾਇਤਾ** :- ਕੁਦਰਤੀ ਆਫ਼ਤਾਂ ਜਿਵੇਂ ਹੜ੍ਹ, ਭੂਚਾਲ, ਜਵਾਰ ਭਾਟਾ, ਸੁਨਾਮੀ ਲਹਿਰਾਂ ਤੋਂ ਪ੍ਰਭਾਵਿਤ ਲੋਕਾਂ ਦੀ ਪਿੰਗਲਵਾੜਾ ਸੰਸਥਾ ਵੱਲੋਂ ਸਮੇਂ-ਸਮੇਂ 'ਤੇ ਹਰ ਸੰਭਵ ਸਹਾਇਤਾ ਕੀਤੀ ਜਾਂਦੀ ਹੈ। ਸੰਨ 2008 ਵਿੱਚ ਜੁਲਾਈ-ਅਗਸਤ ਵਿੱਚ ਪੰਜਾਬ ਵਿੱਚ ਜਲੰਧਰ ਅਤੇ ਕਪੂਰਥਲਾ ਜ਼ਿਲ੍ਹਿਆਂ ਦੇ ਹੜ੍ਹ-ਪੀੜਿਤ 800 ਪਰਿਵਾਰਾਂ ਨੂੰ ਰਾਸ਼ਨ, ਘਰੇਲੂ ਸਾਮਾਨ ਅਤੇ ਕੰਬਲ ਵੰਡੇ। ਅਗਸਤ 2010 ਵਿੱਚ ਬੱਦਲ ਫੱਟਣ ਨਾਲ ਲੇਹ-ਲਦਾਖ ਵਿੱਚ ਆਏ ਹੜ੍ਹ ਦੇ ਪੀੜਿਤਾਂ ਲਈ ਡਾ. ਇੰਦਰਜੀਤ ਕੌਰ ਜੀ ਦੀ ਅਗਵਾਈ ਵਿੱਚ ਦੋ ਟਰੱਕ ਰਾਹਤ ਸਮੱਗਰੀ-ਰਾਸ਼ਨ, ਕੰਬਲ ਅਤੇ ਊਨੀ ਕੱਪੜੇ ਦੂਰ-ਦੁਰਾਡੇ ਲੇਹ ਦੇ ਇਲਾਕਿਆਂ ਵਿੱਚ ਵੰਡੇ ਗਏ ।

**(ਅ) ਲਾਵਾਰਸ ਲਾਸ਼ਾਂ ਦਾ ਸਸਕਾਰ**:- ਪਿੰਗਲਵਾੜਾ ਵੱਲੋਂ ਲਾਵਾਰਸ ਲਾਸ਼ਾਂ ਦਾ ਅੰਤਮ ਸਸਕਾਰ ਪੂਰੇ ਸਤਿਕਾਰ ਨਾਲ ਕੀਤਾ ਜਾਂਦਾ ਹੈ।

**(ੲ) ਬਿਰਧਾਂ ਦੀ ਦੇਖਭਾਲ**:- ਪਿੰਗਲਵਾੜਾ ਦੀ ਸੰਗਰੂਰ ਸ਼ਾਖਾ ਵਿੱਚ ਇਕ ਬਿਰਧ ਘਰ 2002 ਤੋਂ ਚਲ ਰਿਹਾ ਹੈ ਤੇ ਇਕ ਬਿਰਧ ਘਰ ਮਾਨਾਂਵਾਲਾ ਬ੍ਰਾਂਚ ਅੰਮ੍ਰਿਤਸਰ ਵਿਖੇ ਬਣਾਇਆ ਗਿਆ ਹੈ, ਜਿਸ ਵਿੱਚ 92 ਬਿਰਧ ਰੱਖਣ ਦਾ ਤੇ ਸੇਵਾ-ਸੰਭਾਲ ਦਾ ਵਿਸ਼ੇਸ਼ ਪ੍ਰਬੰਧ ਕੀਤਾ ਗਿਆ ਹੈ।

**(ਸ) ਅਜਾਇਬ ਘਰ ਅਤੇ ਦਸਤਾਵੇਜ਼ੀ ਫ਼ਿਲਮਾਂ**:-ਕਠਿਨ ਮਾਰਗ ਦੇ ਪਾਂਧੀ ਭਗਤ ਪੂਰਨ ਸਿੰਘ ਜੀ ਦੀ ਜੀਵਨੀ 'ਤੇ ਅਧਾਰਤ ਤਸਵੀਰਾਂ ਦਾ ਇਕ ਸੰਗ੍ਰਹਿ ਅਜਾਇਬ ਘਰ ਦੇ ਰੂਪ ਵਿੱਚ ਪਿੰਗਲਵਾੜਾ ਸੰਸਥਾ ਦੀ ਮੁੱਖ-ਬ੍ਰਾਂਚ ਅੰਮ੍ਰਿਤਸਰ ਵਿਖੇ ਸਥਾਪਤ ਕੀਤਾ ਗਿਆ ਹੈ। ਇਸ ਤੋਂ ਇਲਾਵਾ ਭਗਤ ਜੀ ਦੇ ਜੀਵਨ ਸੰਬੰਧੀ ਵੱਖ-ਵੱਖ ਬੁੱਧੀਜੀਵੀਆਂ ਦੁਆਰਾ ਦਸਤਾਵੇਜ਼ੀ ਫ਼ਿਲਮਾਂ ਤਿਆਰ ਕਰਵਾਈਆਂ ਗਈਆਂ ਹਨ; ਜਿਵੇਂ:

(i) ਇਕ ਮਿਸਾਲ (Pingalwara Presentation)

(ii) Pingalwara-Home for Homeless

(iii) Pingalwara-A selfless Home (Documentry by Gurmeet Sodhi a famous American Media personality)

(iv) ਪਿੰਗਲਵਾੜਾ ਦਸਤਾਵੇਜੀ ਫ਼ਿਲਮ 'ਸ਼ੁਭ ਕਰਮਨ' ।

(v) Pingalwara Educational Endeavours

(vi) ਕੁਦਰਤੀ ਖੇਤੀ (Natural Farming)

(vii) ਪਾਣੀ ਦੀ ਸਮੱਸਿਆ

(viii) ਦਰਖ਼ਤ

(ix) **ਏਹੁ ਜਨਮ ਤੁਮ੍ਹਾਰੇ ਲੇਖੇ (ਫ਼ਿਲਮ)**:-ਭਗਤ ਪੂਰਨ ਸਿੰਘ ਜੀ ਦੇ ਸੰਘਰਸ਼ਮਈ ਜੀਵਨ 'ਤੇ ਅਧਾਰਤ ਇਕ ਪੰਜਾਬੀ ਫੀਚਰ ਫ਼ਿਲਮ "ਏਹੁ ਜਨਮ ਤੁਮ੍ਹਾਰੇ ਲੇਖੇ" ਪਿੰਗਲਵਾੜਾ ਸੰਸਥਾ ਦੁਆਰਾ ਬਣਾਈ ਗਈ ਜੋ 30 ਜਨਵਰੀ, 2015 ਨੂੰ ਦੇਸ਼ ਵਿਦੇਸ਼ ਵਿੱਚ ਪ੍ਰਦਰਸ਼ਿਤ ਹੋਈ। ਇਸ ਫ਼ਿਲਮ ਦੇ ਨਿਰਮਾਣ ਦਾ ਉਦੇਸ਼ ਭਗਤ ਜੀ ਦੁਆਰਾ ਦੁਖੀ ਤੇ ਬੇਸਹਾਰਾ ਮਾਨਵਤਾ ਲਈ ਕੀਤੇ ਗਏ ਕੰਮਾਂ ਤੋਂ ਜਾਣੂ ਕਰਵਾਉਣਾ ਸੀ, ਤਾਂ ਕਿ ਭਗਤ ਜੀ ਦਾ ਜੀਵਨ ਆਉਣ ਵਾਲੀਆਂ ਪੀੜ੍ਹੀਆਂ ਲਈ ਪ੍ਰੇਰਨਾਸਰੋਤ ਬਣ ਸਕੇ।

**(x) ਪਿੰਗਲਵਾੜਾ ਦੇ ਬੱਚਿਆਂ ਦੁਆਰਾ ਗੁਰਬਾਣੀ ਕੀਰਤਨ**:-ਇਨ੍ਹਾਂ ਬੱਚਿਆਂ ਦੁਆਰਾ ਕੀਰਤਨ ਦੀ DVD-Video ਡਾ. ਓਮ ਗੌਰੀ ਦੱਤ ਸ਼ਰਮਾ, ਡਿਪਟੀ ਡਾਇਰੈਕਟਰ ਜਲੰਧਰ ਦੂਰਦਰਸ਼ਨ ਦੁਆਰਾ ਮਿਤੀ 09-07-2016 ਨੂੰ ਰਿਲੀਜ਼ ਕੀਤੀ ਗਈ ।

**(xi) ਭਗਤ ਪੂਰਨ ਸਿੰਘ ਸਮਾਰਕ**:- ਭਗਤ ਜੀ ਦੇ ਜਨਮ ਸਥਾਨ ਪਿੰਡ ਰਾਜੇਵਾਲ ਰੋਹਣੋਂ, ਜ਼ਿਲ੍ਹਾ ਲੁਧਿਆਣਾ ਵਿੱਚ "ਭਗਤ ਪੂਰਨ ਸਿੰਘ ਸਮਾਰਕ"



ਬਣਾਇਆ ਗਿਆ ਹੈ ਜਿਹੜਾ ਭਗਤ ਜੀ ਦੀ ਪਹਿਲੀ ਜਨਮ ਸ਼ਤਾਬਦੀ 4 ਜੂਨ 2004 ਨੂੰ ਸਮਰਪਿਤ ਹੈ।

**(xii) ਗਊਸ਼ਾਲਾ** :- ਮਾਨਾਂਵਾਲਾ ਕੰਪਲੈਕਸ, ਅੰਮ੍ਰਿਤਸਰ ਵਿਖੇ ਇਕ ਗਊਸ਼ਾਲਾ ਬਣਾਈ ਗਈ ਹੈ ਜੋ ਲਗਪਗ 165 ਦੁਧਾਰੂ ਪਸ਼ੂਆਂ ਦੀ ਦੇਖ ਰੇਖ ਕਰ ਰਹੀ ਹੈ। ਗਊਆਂ ਦਾ ਤਾਜ਼ਾ ਦੁੱਧ ਪਿੰਗਲਵਾੜੇ ਦੇ ਮਰੀਜ਼ਾਂ ਨੂੰ ਦਿੱਤਾ ਜਾਂਦਾ ਹੈ।

**ਜ਼ਰੂਰੀ ਸੂਚਨਾ**

1. ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੁਸਾਇਟੀ, ਰਜਿਸਟਰਾਰ ਆਫ਼ ਕੰਪਨੀਜ਼ ਪੰਜਾਬ ਅਤੇ ਹਿਮਾਚਲ ਪ੍ਰਦੇਸ਼ ਦੇ ਪੱਤਰ ਨੰ: 130 ਆਫ਼ 1956-57 ਅਤੇ ਸੋਧ ਨੰ. A 28/4540 ਮਿਤੀ 07-07-1998 ਦੁਆਰਾ ਰਜਿਸਟਰਡ ਹੈ।

2. ਪਿੰਗਲਵਾੜੇ ਨੂੰ ਦਿੱਤੀ ਜਾਣ ਵਾਲੀ ਸਹਾਇਤਾ ਇਨਕਮ ਟੈਕਸ ਦੀ ਧਾਰਾ 80 ਜੀ ਅਨੁਸਾਰ ਇਨਕਮ ਟੈਕਸ II ਅੰਮ੍ਰਿਤਸਰ, ਪੱਤਰ ਨੰ. CIT-II/ASR/ITO (Tech.) 2011-12/4730 ਮਿਤੀ 11/12 ਜਨਵਰੀ, 2012 ਅਧੀਨ ਟੈਕਸ ਵਿੱਚ ਛੋਟ ਪ੍ਰਾਪਤ ਹੈ।

3. ਪਿੰਗਲਵਾੜਾ ਸੰਸਥਾ ਦਾ PAN ਨੰਬਰ AAATA 2237R ਹੈ। ਪਿੰਗਲਵਾੜਾ ਦਾ FCRA (Foreign contribution Regulation Act) ਰਜਿਸਟਰਾਰ ਨੰ. 115210002 ਹੈ।

4. ਪਿੰਗਲਵਾੜਾ ਸੰਸਥਾ ਦਾ ਰੋਜ਼ਾਨਾ ਖ਼ਰਚ ਸਾਢੇ ਛੇ ਲੱਖ ਰੁਪਏ ਤੋਂ ਉੱਪਰ ਹੈ ਜੋ ਦਾਨੀ ਸੱਜਣਾਂ ਦੇ ਸਹਿਯੋਗ ਨਾਲ ਭਗਤ ਜੀ ਦੁਆਰਾ ਦਿੱਤੀ ਗਈ ਪ੍ਰੇਰਨਾ ਅਨੁਸਾਰ ਹੁੰਦਾ ਹੈ।

**ਵਾਹਿਗੁਰੂ ਜੀ ਦਾ ਖਾਲਸਾ ॥ ਵਾਹਿਗੁਰੂ ਜੀ ਦੀ ਫ਼ਤਹਿ ॥**

**ਡਾ: ਇੰਦਰਜੀਤ ਕੌਰ**

ਪ੍ਰਧਾਨ

ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੋਸਾਇਟੀ (ਰਜਿ:), ਅੰਮ੍ਰਿਤਸਰ ।

# ਅਪੀਲ

## ਸੇਵਕ ਕਉ ਸੇਵਾ ਬਨਿ ਆਈ ॥
## ਹੁਕਮੁ ਬੂਝਿ ਪਰਮ ਪਦੁ ਪਾਈ ॥

ਗੁਰਦੁਆਰਾ ਡੇਹਰਾ ਸਾਹਿਬ ਲਾਹੌਰ ਦੇ ਮਾਹੌਲ ਵਿੱਚ ਅਤੇ ਗੁਰਬਾਣੀ ਦੀ ਸਿੱਖਿਆ 'ਤੇ ਚੱਲਦਿਆਂ ਭਗਤ ਪੂਰਨ ਸਿੰਘ ਜੀ ਨੇ ਜੋ ਲਾਹੌਰ ਵਿਖੇ ਨਿਸ਼ਕਾਮ ਸੇਵਾ ਦਾ ਕੰਮ ਆਰੰਭ ਕੀਤਾ ਸੀ, ਉਸ ਨੂੰ ਅੰਮ੍ਰਿਤਸਰ ਪਹੁੰਚ ਕੇ ਅਮਲੀ ਜਾਮਾ ਪਹਿਨਾਇਆ ਗਿਆ। ਦੇਸ਼ ਦੀ ਵੰਡ ਸਮੇਂ 18 ਅਗਸਤ 1947 ਨੂੰ ਖ਼ਾਲਸਾ ਕਾਲਜ ਅੰਮ੍ਰਿਤਸਰ ਦੇ ਰਫ਼ਿਊਜੀ ਕੈਂਪ ਵਿੱਚ ਪੁੱਜ ਕੇ ਭਗਤ ਜੀ ਨੇ ਦੁਖੀ ਮਨੁੱਖਤਾ ਦੀ ਸੇਵਾ ਬੜੀ ਸ਼ਿੱਦਤ ਨਾਲ ਆਰੰਭ ਕਰ ਦਿੱਤੀ ਜੋ ਕਿ ਹੈਜ਼ੇ ਦੀ ਵਜ੍ਹਾ ਕਾਰਨ ਉਸ ਵੇਲੇ ਦੀ ਲੋੜ ਬਣ ਗਈ ਸੀ। ਇਸ ਤੋਂ ਪਿੱਛੋਂ ਉਹਨਾਂ ਨੇ ਕਦੀ ਪਿੱਛੇ ਭੌਂ ਕੇ ਨਹੀਂ ਵੇਖਿਆ ਅਤੇ ਮੌਜੂਦਾ ਰੂਪ ਵਿੱਚ ਪਿੰਗਲਵਾੜਾ ਬਣਨ ਤਕ ਇਸ ਦੇ ਬਾਨੀ ਨੂੰ ਦਿਨ ਰਾਤ ਇਕ ਕਰਕੇ ਸਖ਼ਤ ਘਾਲਣਾ ਘਾਲਣੀ ਪਈ। ਪਿੰਗਲਵਾੜਾ ਵਿੱਚ ਇਸ ਵੇਲੇ 1807 ਲਾਚਾਰ ਰੋਗੀ ਹਨ ਜਿਨ੍ਹਾਂ ਦੀ ਬਿਨਾਂ ਧਰਮ, ਜਾਤ, ਨਸਲ ਜਾਂ ਰੰਗ ਦੇ ਵਿਤਕਰੇ ਦੇ ਸੇਵਾ ਸੰਭਾਲ ਕੀਤੀ ਜਾਂਦੀ ਹੈ। ਇਹਨਾਂ ਵਿੱਚ ਲਾਚਾਰ, ਅਪਾਹਿਜ, ਬਿਮਾਰ ਅਤੇ ਪਾਗਲ ਔਰਤਾਂ, ਮਰਦ, ਬੱਚੇ ਅਤੇ ਬੁੱਢੇ ਸ਼ਾਮਲ ਹਨ। ਇਹਨਾਂ ਵਿੱਚੋਂ ਕੁਝ ਨਾ ਠੀਕ ਹੋਣ ਵਾਲੇ ਅਤੇ ਭਿਆਨਕ ਰੋਗਾਂ ਤੋਂ ਗ੍ਰਸਤ ਰੋਗੀ ਸ਼ਾਮਲ ਹਨ।

ਇਸ ਤੋਂ ਇਲਾਵਾ, ਬਹੁਤ ਸਾਰਾ ਸਾਹਿਤ ਛਾਪ ਕੇ ਮੁਫ਼ਤ ਵੰਡਿਆ ਜਾਂਦਾ ਹੈ। ਗ਼ਰੀਬ ਬੱਚਿਆਂ ਨੂੰ ਮੁਫ਼ਤ ਵਿੱਦਿਆ ਦਿੱਤੀ ਜਾਂਦੀ ਹੈ। ਅਪਾਹਿਜਾਂ ਨੂੰ ਮੁਫ਼ਤ ਬਣਾਵਟੀ ਅੰਗ ਲਗਾਏ ਜਾਂਦੇ ਹਨ ਅਤੇ ਵਾਤਾਵਰਣ ਦੀ ਸੰਭਾਲ ਅਤੇ ਸ਼ੁੱਧਤਾ ਲਈ ਸਰਕਾਰੀ ਅਤੇ ਸਾਂਝੀਆਂ ਥਾਵਾਂ 'ਤੇ ਮੁਫ਼ਤ ਰੁੱਖ ਲਗਾਏ ਜਾਂਦੇ ਹਨ, ਇਤਿਆਦਿ।

ਪਿੰਗਲਵਾੜੇ ਦਾ ਰੋਜ਼ ਦਾ ਖ਼ਰਚ ਸਾਢੇ ਛੇ ਲੱਖ ਰੁਪਏ ਤੋਂ ਵੀ ਵੱਧ ਹੈ ਜੋ ਕਿ ਦਾਨੀ ਸੱਜਣਾਂ ਅਤੇ ਪਿੰਗਲਵਾੜੇ ਦੇ ਹਿਤੈਸ਼ੀਆਂ ਵੱਲੋਂ ਦਿੱਤੇ ਦਾਨ ਅਤੇ ਸਹਾਇਤਾ ਨਾਲ ਚਲਦਾ ਹੈ। ਦਾਨੀ ਸੱਜਣਾਂ ਨੂੰ ਸਨਿਮਰ ਅਪੀਲ ਕੀਤੀ ਜਾਂਦੀ ਹੈ ਕਿ ਸੰਸਥਾ ਨੂੰ ਮਨੀਆਰਡਰ, ਬੈਂਕ ਡਰਾਫਟ ਅਤੇ ਚੈੱਕ ਰਾਹੀਂ ਦਾਨ ਭੇਜਣ ਦੀ ਕ੍ਰਿਪਾਲਤਾ ਕਰਨ ਤਾਂ ਜੋ ਇਸ ਸ਼ੁੱਭ ਕੰਮ ਨੂੰ ਜਾਰੀ ਰੱਖਿਆ ਜਾਵੇ।

ਡਾ. ਇੰਦਰਜੀਤ ਕੌਰ, ਪ੍ਰਧਾਨ,

ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੋਸਾਇਟੀ (ਰਜਿ:), ਅੰਮ੍ਰਿਤਸਰ।



**Details of Banks for sending Donation through Online/ Cheque/Draft may be sent in favour of: All India Pingalwara Charitable Society (Regd.), Amritsar' (PAN No.: AAATA 2237R)**

(The donations made to Pingalwara are exempt from Income Tax under Section 80G of I.T. Act. 1961)

| S.No. | Name of Account | Name of the Bank | Account No. | Swift/IFS Code |
|---|---|---|---|---|
| | | **(FOR FOREIGN CONTRIBUTORS)** | | |
| | All India Pingalwara Charitable Society (Regd.), Amritsar. | Oriental Bank of Commerce, Sharifpura, Amritsar. | 01562010002890 | ORBCINBBASR |
| | | **(FOR INLAND CONTRIBUTORS)** | | |
| 1. | All India Pingalwara Charitable Society (Regd.), Amritsar. | Oriental Bank of Commerce, Sharifpura, Amritsar. | 01562010003720 | ORBC 0100156 |
| 2. | All India Pingalwara Charitable Society (Regd.), Amritsar. | State Bank of India,Town Hall, Amritsar. | 10978255668 | SBIN0000609 |
| 3. | All India Pingalwara Charitable Society (Regd.), Amritsar. | Bank of India, City Centre, Amritsar. | 630510100026147 | BKID0006305 |
| 4. | All India Pingalwara Charitable Society (Regd.), Amritsar. | Axis Bank Ltd., City Centre Amritsar. | 685010100009799 | UTIB0000685 |
| 5. | All India Pingalwara Charitable Society (Regd.), Amritsar. | Punjab National Bank, Hall Bazar, Amritsar. | 0018002100097336 | PUNB0001800 |
| 6. | All India Pingalwara Charitable Society (Regd.), Amritsar. | ICICI Bank Ltd., Lawrence Road, Amritsar. | 006601012522 | ICIC0000066 |
| 7. | All India Pingalwara Charitable Society (Regd.), Amritsar. | HDFC Bank Ltd., Mall Road, Amritsar. | 01151000246510 | HDFC0000115 |
| 8. | All India Pingalwara Charitable Society (Regd.), Amritsar. | HDFC Bank Ltd., Ghanta Ghar, Golden Temple, Amritsar. | 13131000082013 | HDFC0001313 |

| | | | | |
|---|---|---|---|---|
| 9. | All India Pingalwara Charitable Society (Regd.), Amritsar. | Punjab & Sind Bank, Hall Bazar, Amritsar. | 00011000096048 | PSIB000A001 |
| 10. | All India Pingalwara Charitable Society (Regd.), Amritsar. | Bank of Baroda, Town Hall, Amritsar. | 01010100015572 | BARBOAMRITS |
| 11. | All India Pingalwara Charitable Society (Regd.), Amritsar. | Oriental Bank of Commerce, Sec-47 C, Chandigarh. | 12332011000560 | ORBC0101233 |
| 12. | All India Pingalwara Charitable Society (Regd.), Amritsar. | Punjab & Sind Bank, Sangrur. | 00671000012150 | PSIB0000067 |
| 13. | All India Pingalwara Charitable Society (Regd.), Amritsar. | State Bank of India, Patiala Gate, Sangrur. | 33530846863 | SBIN0001759 |
| 14. | All India Pingalwara Charitable Society (Regd.), Amritsar. | Punjab & Sind Bank, Gole Market, New Delhi. | 07621000007388 | PSIB0000762 |

| | | |
|---|---|---|
| **Pingalwara Charitable Society UK<br>(UK Charity No. 1178004)<br>756 Bath Road, Cranford, Hounslow, Middlesex<br>TW5 9TY UK<br>Ph. (+44) 203 439 4440 Email: info@pingalwara.org.uk<br>S. GURBAKHSH SINGH<br>63 PEACOCK STREET, GRAVESEND, KENT,<br>DA12 1EG<br>U.K. (PH. 01474-568574)** | **(IN CANADA)<br>BIBI ABNASH KAUR KANG<br>(Pingalwara Soceity of Ontario (Regd.)<br>124 Blackmere Cir,<br>Brampton, ONT., L6W 4CI,<br>Canada<br>Ph: 905-450-9664, 416-674-3341<br>Email-abnash6@yahoo.com** | **(IN USA)<br>JASWANT SAWHNEY CHARITABLE TRUST<br>In Association with<br>All India Pingawara Charitable Society (Regd.)<br>7713 Toburk CT,<br>HANOVER, MD 21076-1643 U.S.A.<br>BIBI JATINDER KAUR DUSAJ<br>Ph. 410-551-8010<br>E-mail-kaurg 2004@yahoo.com** |



## ਦਾਨੀ ਸੱਜਣਾਂ ਲਈ ਭਗਤ ਜੀ ਦੀਆਂ ਅਸੀਸਾਂ

"ਵਾਹਿਗੁਰੂ ਆਪ ਨੂੰ ਅੰਮ੍ਰਿਤ ਵੇਲੇ ਉੱਠ ਕੇ ਇਸ਼ਨਾਨ ਕਰਨ, ਗੁਰਸਿੱਖੀ ਦੇ ਨਿੱਤਨੇਮ ਦਾ ਪਾਠ ਕਰਨ, ਗੁਰਦੁਆਰੇ ਜਾ ਕੇ 'ਆਸਾ ਦੀ ਵਾਰ' ਦਾ ਕੀਰਤਨ ਸੁਣਨ ਦਾ ਬਲ ਬਖ਼ਸ਼ੇ। ਗੁਰੂ ਦੀ ਗੋਲਕ ਦਾ ਦਸਵੇਂ ਹਿੱਸੇ ਦਾ ਦਸਵੰਧ ਕੱਢਣ ਦੀ ਆਦਤ ਪਾਵੇ । ਸਾਂਸ-ਸਾਂਸ ਵਾਹਿਗੁਰੂ ਦਾ ਨਾਮ ਸਿਮਰਨ ਦੀ ਆਦਤ ਪਾਵੇ । "

—ਭਗਤ ਪੂਰਨ ਸਿੰਘ ਸੰਸਥਾਪਕ ਪਿੰਗਲਵਾੜਾ, ਅੰਮ੍ਰਿਤਸਰ